# ਸਾਡਾ ਵਿਰਸਾ
# ਸੱਭਿਆਚਾਰ ਅਤੇ ਸਿਹਤ

ਸੰਪਾਦਕ : ਡਾ. ਇੰਦਰਜੀਤ ਕੌਰ

ਪ੍ਰਕਾਸ਼ਕ :-
ਡਾ.ਇੰਦਰਜੀਤ ਕੌਰ, ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:)
ਅੰਮ੍ਰਿਤਸਰ ।
ਫ਼ੋਨ ਨੰ: **0183-2584586, 2584713,** ਫੈਕਸ: **0183-2584586**

**ਜਨਵਰੀ 2020 ਨੂੰ ਦੂਜੀ ਵਾਰ ਛਪੀ 10,000**
**ਕੁੱਲ ਛਪੀ 20,000**

**ਜ਼ਰੂਰੀ ਸੂਚਨਾ**

1. **ਪਿੰਗਲਵਾੜਾ ਸੰਸਥਾ ਨੂੰ ਭੇਜੇ ਹੋਏ ਦਾਨ ਉੱਪਰ ਇਨਕਮ ਟੈਕਸ ਐਕਟ, 1961 ਦੇ ਸੈਕਸ਼ਨ 80-ਜੀ ਅਧੀਨ ਟੈਕਸ ਤੋਂ ਛੋਟ ਪ੍ਰਾਪਤ ਹੈ।**
2. **ਕੈਸ਼ ਵਿੱਚ ਦਿੱਤੇ ਦਾਨ ਉੱਪਰ ਇਹ ਛੋਟ ਸਿਰਫ਼ 2000/- ਰੁਪਏ ਤਕ ਹੀ ਮਿਲ ਸਕੇਗੀ ।**

1. The donations made to Pingalwara are exempted from Income Tax U/S 80-G, of I.T. Act 1961.
2. In the case of donations made in cash, such exemption would be available on Rs. 2000/- only.

**ਮੁਫ਼ਤ ਭੇਟਾ**

**ਪ੍ਰਕਾਸ਼ਕ: ਡਾ. ਇੰਦਰਜੀਤ ਕੌਰ,**
**ਪ੍ਰਧਾਨ,**
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।
ਟੈਲੀਫ਼ੋਨ: **0183-2584586, 2584713,**
**website:www. pingalwara.org**
**E-mail: pingalwara57@gmail.com**

**ਛਾਪਕ:**
**ਪੂਰਨ ਪ੍ਰਿੰਟਿੰਗ ਪ੍ਰੈਸ,**
ਪਿੰਗਲਵਾੜਾ ਬਿਲਡਿੰਗਜ਼, (ਮਾਨਾਂਵਾਲਾ ਕੰਪਲੈਕਸ) ਜੀ.ਟੀ. ਰੋਡ, ਅੰਮ੍ਰਿਤਸਰ।

# ਤਤਕਰਾ


| ਕ੍ਰਮ ਅੰਕ | ਵਿਸ਼ਾ | ਪੰਨਾ |
|---|---|---|
| * ਮੁੱਖ-ਬੰਦ | -ਡਾ. ਇੰਦਰਜੀਤ ਕੌਰ | 5 |
| 1. ਛੈਲ ਨਵਾਬਾਂ ਦੇ ਘਰ ਢੁੱਕਣਾ | -ਗੁਰਪ੍ਰੀਤ ਸਿੰਘ ਤੂਰ | 8 |
| 2. ਪਰਿਵਾਰਕ ਤੰਦਾਂ ਨੂੰ ਜੋੜਨ ਵਾਲੀਆਂ ਸਾਡੀਆਂ ਲੋਕ ਖੇਡਾਂ | -ਡਾ. ਰਾਜਵੰਤ ਕੌਰ | 13 |
| 3. ਪੰਜਾਬੀ ਸੱਭਿਅਤਾ ਉੱਤੇ ਮੰਡਰਾ ਰਿਹਾ ਖ਼ਤਰਾ | -ਡਾ. ਹਰਸ਼ਿੰਦਰ ਕੌਰ | 17 |
| 4. ਹੁਣ ਨਹੀਂ ਵੱਸਦਾ ਪਿੰਡਾਂ ਵਿੱਚ ਰੱਬ | -ਗੁਰਚਰਨ ਸਿੰਘ ਨੂਰਪੁਰ | 21 |
| 5. ਪੰਜਾਬ ਲਈ ਨੁਕਸਾਨਦੇਹ ਵੀ ਰਿਹਾ ਹਰਾ ਇਨਕਲਾਬ | -ਡਾ. ਸਵਰਾਜ ਸਿੰਘ | 24 |
| 6. ਵਿਆਹਾਂ 'ਤੇ ਪੈਸਾ ਫ਼ਜ਼ੂਲ ਨਾ ਉਡਾਓ | -ਸਰਬਜੀਤ ਸਿੰਘ ਹੇਰਾਂ | 28 |
| 7. ਸਾਡਾ ਵਿਰਸਾ, ਸੱਭਿਆਚਾਰ ਅਤੇ ਸਿਹਤ | -ਅਮਨਦੀਪ ਸਿੰਘ ਟੱਲੇਵਾਲੀਆ | 30 |
| 8. ਸੱਭਿਆਚਾਰਕ ਪ੍ਰਸਥਿਤੀ ਅਤੇ ਆਦਰਸ਼ | -ਸੁਰਜੀਤ ਸਿੰਘ ਢਿੱਲੋਂ | 33 |
| 9. ਸਦਾਚਰਣ ਵੀ ਸਾਡੀ ਸੱਭਿਅਤਾ ਦਾ ਹਿੱਸਾ ਹੈ | -ਭਾਈ ਸਾਹਿਬ ਭਾਈ ਵੀਰ ਸਿੰਘ | 37 |
| 10. ਲੱਚਰ ਗਾਇਕੀ ਬਾਰੇ ਸਰਕਾਰੀ ਖ਼ਾਮੋਸ਼ੀ | | 41 |
| 11. ਅਫ਼ਸੋਸਨਾਕ ਹੈ ਗੁੰਡਾਗਰਦੀ ਵਾਲੇ ਗੀਤਾਂ ਦਾ ਰੁਝਾਨ | -ਸਵਰਨ ਸਿੰਘ ਟਹਿਣਾ | 43 |
| 12. ਵਿਰਸੇ ਦੀਆਂ ਬਾਤਾਂ ਸੀ ਨਲਕੇ ਦਾ ਮਿੱਠਾ-ਮਿੱਠਾ ਪਾਣੀ | -ਸਵਰਨ ਸਿੰਘ ਟਹਿਣਾ | 46 |
| 13. ਸੁੰਦਰਤਾ ਮੁਕਾਬਲੇ ਬਨਾਮ ਸੱਭਿਆਚਾਰ | -ਜਸਦੇਵ ਸਿੰਘ ਲਲਤੋਂ | 48 |
| 14. ਵਧ-ਫੁਲ ਰਹੀ ਹੈ ਗ਼ਲੀਜ਼ ਗਾਇਕੀ | -ਸਵਰਨ ਸਿੰਘ ਟਹਿਣਾ | 51 |
| 15. ਪੰਜਾਬੀ ਗਾਇਕੀ ਨੂੰ ਸਹੀ ਰਾਹ ਪਾਉਣ ਲਈ ਸੁਹਿਰਦ ਯਤਨ ਕੀਤੇ ਜਾਣ | -ਸਵਰਨ ਸਿੰਘ ਟਹਿਣਾ | 54 |
| 16. ਖ਼ਤਮ ਹੋ ਰਿਹਾ ਪੰਜਾਬੀ ਸੱਭਿਆਚਾਰ | -ਬਲਰਾਜ ਸਿੰਘ ਸਿੱਧੂ | 57 |
| 17. ਸਾਂਝੇ ਸੱਭਿਆਚਾਰ ਦਾ ਮੁੱਢ ਬੰਨ੍ਹਿਆ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ | -ਡਾ. ਜਸਪਾਲ ਸਿੰਘ | 61 |
| 18. ਰਸਾਤਲ ਵੱਲ ਜਾ ਰਹੀ ਹੈ ਪੰਜਾਬੀ ਗੀਤਕਾਰੀ ਤੇ ਗਾਇਕੀ | -ਅਮਨਪ੍ਰੀਤ ਪਰਮ ਸਹੋਤਾ | 65 |
| 19. ਜੀਵਨ ਲੱਜ਼ਤਾਂ ਨੂੰ ਨਿਗਲ ਰਹੀ ਦਿਸ਼ਾਹੀਣ ਆਧੁਨਿਕਤਾ | -ਬਲਜਿੰਦਰ 'ਜੌੜਕੀਆ' | 69 |
| 20. ਲੋਪ ਹੋ ਰਹੇ ਗੁੱਤਾਂ ਤੇ ਪਰਾਂਦੇ | -ਗੋਪਾਲ ਸ਼ਰਮਾ ਫ਼ਿਰੋਜ਼ਪੁਰੀ | 72 |





| ਕ੍ਰਮ ਅੰਕ | ਵਿਸ਼ਾ | ਪੰਨਾ |
|---|---|---|
| 21. ਇੰਵ ਬਣਦੇ ਹਨ ਕਾੜ੍ਹਨੀਆਂ, ਚਾਟੀਆਂ, ਘੜੇ ਤੇ ਮੱਟ | | 74 |
| 22. ਸੱਭਿਆਚਾਰ ਦੀ ਬਦਲਦੀ ਤਸਵੀਰ | -ਇੰਦਰਪ੍ਰੀਤ ਕੌਰ | 76 |
| 23. ਸਾਵਣ ਦਾ ਮਹੀਨਾ | -ਸੁਖਮਿੰਦਰ ਸਿੰਘ | 79 |
| 24. ਵਿਰਾਸਤ ਤਲਾਅ, ਟੋਭੇ, ਢਾਬ, ਡਿੱਗੀਆਂ ਅਤੇ ਖੂਹ | -ਵਿਜੈ ਬੰਬੇਲੀ | 81 |
| 25. ਕਿੱਥੇ ਗਈਆਂ ਕੁੜੀਆਂ ਤੇ ਚਿੜੀਆਂ | -ਪ੍ਰੋ: ਹਮਦਰਦਵੀਰ ਨੌਸ਼ਹਿਰਵੀ | 84 |
| 26. ਚਰਿੱਤਰਵਾਨ ਬਣਨ ਦੀ ਲੋੜ | -ਪ੍ਰੋ: ਲਕਸ਼ਮੀ ਕਾਂਤਾ ਚਾਵਲਾ | 87 |
| 27. ਸੱਭਿਆਚਾਰ ਨਾਲੋਂ ਟੁੱਟ ਕੇ ਖ਼ੁਦਕੁਸ਼ੀਆਂ ਦਾ ਕਸ਼ਟ ਭੋਗਦੇ ਕਿਸਾਨ | -ਮਹਿੰਦਰ ਸਿੰਘ ਦੋਸਾਂਝ | 89 |
| 28. ਕੰਮ ਸੱਭਿਆਚਾਰ ਤੋਂ ਟੁੱਟਦਾ ਜਾ ਰਿਹੈ ਜ਼ਿਮੀਂਦਾਰ ਭਾਈਚਾਰਾ | -ਡਾ. ਧਰਮ ਸਿੰਘ | 92 |
| 29. ਲੋਕ ਮਨਾਂ 'ਤੇ ਅਮਿੱਟ ਛਾਪ ਛੱਡਦੀ ਹੈ ਲੋਕਧਾਰਾ | -ਗੁਰਚਰਨ ਸਿੰਘ ਨੂਰਪੁਰ | 97 |
| 30. ਖ਼ਪਤਕਾਰੀ ਸੱਭਿਅਤਾ ਕਾਰਨ ਏ ਖ਼ੁਦਕੁਸ਼ੀਆਂ ਦਾ | -ਪ੍ਰੋ. ਕਰਮਜੀਤ ਕੌਰ ਕਿਸ਼ਾਵਾਲ | 101 |
| 31. ਆਪਣੇ ਅਸਲੇ ਅਤੇ ਆਪੇ ਤੋਂ ਭਟਕਿਆ ਪੰਜਾਬ | -ਸਰਬਜੀਤ ਕੌਰ | 103 |
| 32. ਖ਼ਪਤਵਾਦੀ ਸੱਭਿਆਚਾਰ ਨੇ ਕੀਤਾ ਮਨੁੱਖੀ ਰਿਸ਼ਤਿਆਂ ਦਾ ਮੰਡੀਕਰਨ | -ਡਾ. ਸਵਰਾਜ ਸਿੰਘ | 107 |
| 33. ਪਿੰਡ ਏਨਾ ਬੇਪਰਵਾਹ ਨਹੀਂ ਹੋ ਸਕਦਾ | -ਗੁਰਮੀਤ ਪਲਾਹੀ | 110 |
| 34. ਪੰਜਾਬੀ ਸੱਭਿਆਚਾਰ ਨੂੰ ਢਾਹ ਲਾ ਰਹੀ ਹੈ ਲੱਚਰ ਗਾਇਕੀ | -ਐਸ. ਐਲ. ਵਿਰਦੀ ਐਡਵੋਕੇਟ | 113 |
| 35. ਬੰਜਰ ਤੇ ਖੰਡਰ ਹੁੰਦਾ ਜਾ ਰਿਹਾ ਹੈ ਪੰਜਾਬ | -ਬੁੱਧ ਸਿੰਘ ਨੀਲੋਂ | 117 |
| 36. ਸੱਭਿਆਚਾਰ ਵਿੱਚ ਫੈਲ ਰਿਹਾ ਹੈ ਅੱਤਵਾਦ | -ਬਲਿਹਾਰ ਸਿੰਘ ਗੋਬਿੰਦਗੜ੍ਹੀਆ | 119 |
| 37. ਖ਼ਾਲੀਪਣ ਨਾਲ ਖੜਕਦੇ ਰਿਸ਼ਤੇ | -ਕੁਲਵੰਤ ਸਿੰਘ ਔਜਲਾ | 122 |
| 38. ਸੱਭਿਆਚਾਰਕ ਵਾਵਰੋਲਿਆਂ 'ਚ ਘਿਰਿਆ ਪੰਜਾਬ | -ਡਾ. ਭੀਮ ਇੰਦਰ ਸਿੰਘ | 124 |
| 39. ਉਹ ਜ਼ਮਾਨਾ ਹੋਰ ਸੀ (ਕਵਿਤਾ) | -ਬਲਵਿੰਦਰ ਸਿੰਘ ਜੰਮੂ | 128 |
| 40. ਸੱਭਿਆਚਾਰ (ਕਵਿਤਾ) | -ਜੈ ਸਿੰਘ 'ਜੱਸਾ' | 130 |
| 41. ਗ਼ਜ਼ਲ | | 132 |
| 42. ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ | | 133 |

# ਮੁੱਖ-ਬੰਦ

ਕਿਸੇ ਵੀ ਦੇਸ਼ ਦਾ ਸੱਭਿਆਚਾਰ ਉੱਥੋਂ ਦੇ ਲੋਕਾਂ ਦਾ ਪਹਿਰਾਵਾ, ਖਾਣਾ-ਪੀਣਾ, ਸਭ ਨਾਲ ਵਿਉਹਾਰ ਅਤੇ ਸਿਹਤ ’ਤੇ ਨਿਰਭਰ ਹੈ । ਜਿਸ ਦੇਸ਼ ਅਤੇ ਕੌਮ ਦਾ ਵਿਰਸਾ ਅਮੀਰ ਅਤੇ ਗੁਣਾਂ ਨਾਲ ਭਰਪੂਰ ਹੁੰਦਾ ਹੈ ਉੱਥੋਂ ਦਾ ਸੱਭਿਆਚਾਰ ਵੀ ਸ੍ਰੇਸ਼ਟ ਹੁੰਦਾ ਹੈ ।

ਆਓ ਗੱਲ ਪੰਜਾਬ ਦੀ ਕਰੀਏ । ਸਾਨੂੰ ਪੰਜਾਬੀਆਂ ਨੂੰ ਆਪਣੇ ਵਿਰਸੇ ’ਤੇ ਬਹੁਤ ਮਾਣ ਹੈ । ਸਿੱਖ ਗੁਰੂਆਂ ਦੀ ਬਹੁਤ ਦੇਣ ਹੈ । ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਅਵਤਾਰ ਧਾਰਿਆ ਜਦੋਂ ਭਾਰਤਵਰਸ਼ ਵਿੱਚ ਹਿੰਦੂਆਂ ਦਾ ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਉੱਤੇ ਜ਼ੋਰ ਸੀ । ਦੂਸਰੇ ਪਾਸੇ ਮੁਗ਼ਲਾਂ ਦਾ ਰਾਜ ਹੋਣ ਕਰਕੇ ਕੱਟੜ ਇਸਲਾਮੀ ਸੱਭਿਆਚਾਰ ਆਪਣੇ ਪੈਰ ਪਸਾਰ ਰਿਹਾ ਸੀ ਅਤੇ ਇਸਲਾਮ ਦੇ ਨਾਮ ’ਤੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਖਨਨ ਕਰ ਰਿਹਾ ਸੀ, ਬ੍ਰਾਹਮਣ ਵਰਗ ਸਮਾਜ ਨੂੰ ਵੰਡ ਕੇ ਆਪਣੀ ਸਰਦਾਰੀ ਪੱਕੀ ਕਰ ਰਿਹਾ ਸੀ; ਉਸ ਵੇਲੇ ਗੁਰੂ ਨਾਨਕ ਦੇਵ ਜੀ ਨੇ ਸੱਚ ਦਾ ਹੋਕਾ ਦਿੱਤਾ ਅਤੇ ਕਿਹਾ :

**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥**
**(ਅੰਗ ੯੭)**

**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰ ॥ (ਅੰਗ ੬੨)**

ਬਾਕੀ ਸਭ ਗੁਰੂਆਂ ਨੇ ਇਸ ਦੇ ਪ੍ਰਚਾਰ ’ਤੇ ਜ਼ੋਰ ਦਿੱਤਾ, ਜਿਸ ਕਰਕੇ ਗੁਰੂ ਸਾਹਿਬਾਨਾਂ ਨੂੰ ਸ਼ਹੀਦੀਆਂ ਦੇ ਰੂਪ ਵਿੱਚ ਭਾਰੀ ਕੁਰਬਾਨੀਆਂ ਵੀ ਦੇਣੀਆਂ ਪਈਆਂ; ਪਰ ਉਹ ਆਪਣੇ ਨਿਸ਼ਾਨੇ ’ਤੇ ਅਟੱਲ ਰਹੇ । ਇਸ ਸਾਰੇ ਪਰਿਪੇਖ ਵਿੱਚ ਗੁਰੂ ਸਾਹਿਬਾਨ ਨੇ ਇਕ ਨਵੇਂ ਸੱਭਿਆਚਾਰ ਦੀ ਸਿਰਜਣਾ ਦਾ ਆਗਾਜ਼ ਕੀਤਾ ।

ਪੰਜਾਬੀ ਸੱਭਿਆਚਾਰ ਵਿੱਚ ਨਵੀਂ ਰੂਹ ਫੂਕੀ ਗਈ । ਦਸਾਂ ਨਹੁੰਆਂ ਦੀ ਕਿਰਤ ਕਰਨੀ, ਨਾਮ ਜਪਣਾ ਅਤੇ ਵੰਡ ਛਕਣਾ ਇਸਦਾ ਆਧਾਰ ਬਣ ਗਏ ।

**ਦਸਾਂ ਨਹੁੰਆਂ ਦੀ ਕਿਰਤ** : ਇਸ ਦਾ ਵੱਡਾ ਲਾਭ ਹੋਇਆ, ਲੋਕੀਂ ਮਿਹਨਤਕਸ਼ ਹੋਏ, ਜਿਸ ਕਰਕੇ ਪੰਜਾਬੀਆਂ ਦੀ ਸਿਹਤ ਪ੍ਰਫੁੱਲਿਤ ਹੋਈ। ਗੁਰੂ ਅੰਗਦ ਦੇਵ ਜੀ ਨੇ ਮੱਲ ਅਖਾੜੇ ਬਣਵਾਏ । ਪੰਜਾਬੀ ਕੁਸ਼ਤੀਆਂ ਵੀ ਕਰਨ ਲੱਗੇ । ਮਿਹਨਤ ਨਾਲ ਕੀਤੀ ਕਮਾਈ ਰੰਗ ਲਿਆਉਣ ਲੱਗੀ । ਚੰਗੀ ਖ਼ੁਰਾਕ ਅਤੇ ਕਸਰਤ ਨਾਲ ਪੰਜਾਬੀਆਂ ਦੇ ਜੁੱਸੇ ਵੇਖਣ ਵਾਲੇ ਸਨ । ਅੱਜ ਅਸੀਂ ਦਿਖਾਵੇ ਦੀ ਜ਼ਿੰਦਗੀ ਜੀਅ ਰਹੇ ਹਾਂ । ਮੋਟਰਸਾਈਕਲ ਅਤੇ ਮਹਿੰਗਾ ਮੋਬਾਈਲ ਫ਼ੋਨ ਲੈ ਕੇ ਸ਼ਹਿਰਾਂ ਵਿੱਚ ਬੇਮਤਲਬ ਅਵਾਰਾ ਫਿਰਨ ਵਿੱਚ ਸ਼ਾਨ ਸਮਝ ਰਹੇ ਹਾਂ । ਜੁੱਸੇ ਕਮਜ਼ੋਰ ਹੋ ਗਏ ਹਨ । ਕੀ ਕਦੇ ਸੋਚਿਆ ਹੈ ਕਿੱਧਰ ਨੂੰ ਜਾ ਰਹੇ ਹਾਂ ? ਇਸ ਵਿਖਾਵੇ ਵਾਲੇ ਸੱਭਿਆਚਾਰ ਲਈ ਪੈਸਾ ਚਾਹੀਦਾ ਹੈ । ਉਸ ਲਈ ਭਾਵੇਂ ਰਿਸ਼ਵਤ ਵੀ ਲੈਣੀ ਪਏ ਤਾਂ ਉਸ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਸੀਂ ਪੱਛਮੀ ਸੱਭਿਅਤਾ ਤੋਂ ਖਪਤ ਸੱਭਿਆਚਾਰ ਵੀ ਸਿੱਖ ਲਿਆ ਹੈ । ਸਾਡੇ ਕਾਰੀਗਰ ਵੀਰ ਆਪਣੀਆਂ ਬਣਾਈਆਂ



ਹੋਈਆਂ ਚੀਜ਼ਾਂ ’ਤੇ ਮਾਣ ਕਰਦੇ ਸਨ। ਉਹਨਾਂ ਦੇ ਦਿਲ ਵਿੱਚ ਭੈਅ ਹੁੰਦਾ ਸੀ ਕਿ ਉਹਨਾਂ ਦੀ ਬਣਾਈ ਹੋਈ ਚੀਜ਼ ਵਿੱਚ ਕੋਈ ਨੁਕਸ ਨਾ ਕੱਢ ਸਕੇ, ਕਿਉਂਕਿ ਆਪਸ ਵਿੱਚ ਸਾਂਝਾਂ ਹੁੰਦੀਆਂ ਸਨ, ਪਰ ਹੁਣ ਉਹ ਨਹੀਂ ਰਹੀਆਂ । ਕਾਰਖ਼ਾਨਿਆਂ ਵਾਲੇ ਨਾਲ ਕੋਈ ਸਾਂਝ ਨਹੀਂ ਹੁੰਦੀ। ਉਹ ਇਹੋ ਜਿਹੀਆਂ ਚੀਜ਼ਾਂ ਬਣਾਉਂਦੇ ਹਨ ਜੋ ਜਲਦੀ ਟੁੱਟ ਜਾਣ ਅਤੇ ਉਹਨਾਂ ਦਾ ਕੰਮ ਚੱਲਦਾ ਰਹੇ ।

ਦਸਾਂ ਨਹੁੰਆਂ ਦੀ ਕਿਰਤ ਇਨਸਾਨ ਨੂੰ ਰਿਸ਼ਵਤ ਵਰਗੀਆਂ ਅਲਾਮਤਾਂ ਤੋਂ ਵੀ ਦੂਰ ਰੱਖਦੀ ਹੈ ।

**ਨਾਮ ਜਪਣਾ** : ਨਾਮ ਜਪਣ ਨਾਲ ਅਤੇ ਗੁਰਬਾਣੀ ਪੜ੍ਹਣ ਨਾਲ ਦਇਆ, ਪਿਆਰ, ਪਰਉਪਕਾਰ, ਸਾਂਝੀਵਾਲਤਾ ਅਤੇ ਸੰਜਮ-ਮਈ ਜੀਵਨ ਦੇ ਗੁਣ ਸਹਿਜ ਹੀ ਆ ਜਾਂਦੇ ਹਨ । ਇਨਸਾਨ ਅਣਖ ਨਾਲ ਜਿਊਣਾ ਸਿੱਖ ਜਾਂਦਾ ਹੈ । ਗੁਰੂ ਨਾਨਕ ਦੇਵ ਜੀ ਦਾ ਫ਼ਰਮਾਨ ਹੈ :

**ਸੋ ਜੀਵਿਆ ਜਿਸੁ ਮਨਿ ਵਸਿਆ ਸੋਇ॥**
**ਨਾਨਕ ਅਵਰੁ ਨ ਜੀਵੈ ਕੋਇ॥**
**ਜੇ ਜੀਵੈ ਪਤਿ ਲਥੀ ਜਾਇ॥**
**ਸਭੁ ਹਰਾਮੁ ਜੇਤਾ ਕਿਛੁ ਖਾਇ॥ (ਅੰਗ ੧੪੨)**

ਜਦੋਂ ਇਨਸਾਨਾਂ ਵਿੱਚ ਇਹਨਾਂ ਗੁਣਾਂ ਦਾ ਵਾਸਾ ਹੋ ਜਾਂਦਾ ਹੈ ਤਾਂ ਔਗੁਣ ਆਪੇ ਹੀ ਦੂਰ ਹੋ ਜਾਂਦੇ ਹਨ, ਚੰਗੇ ਮੰਦੇ ਦੀ ਪਛਾਣ ਵੀ ਹੋ ਜਾਂਦੀ ਹੈ । ਇਸ ਪਰਥਾਇ ਗੁਰੂ ਸਾਹਿਬ ਫ਼ਰਮਾਉਂਦੇ ਹਨ :

**ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥**
**ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥ (ਅੰਗ ੨੧੮)**

ਨਾਮ ਜਪਣ ਕਰਕੇ ਭੇਖੀ ਸਾਧੂਆਂ ਅਤੇ ਠੱਗਾਂ ਤੋਂ ਬਚਾਅ ਹੋ ਜਾਂਦਾ ਹੈ । ਨਸ਼ਿਆਂ ਤੋਂ ਵੀ ਇਨਸਾਨ ਦੂਰ ਹੋ ਜਾਂਦਾ ਹੈ । ਗੁਰੂ ਜੀ ਉਪਦੇਸ਼ ਦਿੰਦੇ ਹਨ :

**ਬਾਬਾ ਹੋਰੁ ਖਾਣਾ ਖੁਸੀ ਖੁਆਰੁ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਅੰ: ੧੬)**
**ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥**
**ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥**
**(ਅੰਗ ੫੫੪)**

ਜਦੋਂ ਪੰਜਾਬੀ, ਧਰਮ ਵੱਲੋਂ ਸਿਖਾਈਆਂ ਹੋਈਆਂ ਨੈਤਿਕ ਕਦਰਾਂ-ਕੀਮਤਾਂ ਤੋਂ ਦੂਰ ਚਲੇ ਗਏ ਅਤੇ ਨਿਰੇ ਦਿਖਾਵੇ ਦੇ ਧਾਰਮਿਕ ਰਹਿ ਗਏ ਤਾਂ ਸੱਭਿਆਚਾਰ ਵਿੱਚ ਗਿਰਾਵਟ ਆ ਗਈ । ਆਪੋ-ਧਾਪੀ ਵਧ ਗਈ, ਹਰ ਚੀਜ਼ ਵਿੱਚ ਅਸੀਂ ਦਿਖਾਵੇ ਦੇ ਅਧੀਨ ਹੋ ਗਏ । ਦਸਾਂ ਨਹੁੰਆਂ ਦੀ ਕਿਰਤ ਤੋਂ ਸਾਨੂੰ ਪੰਜਾਬੀਆਂ ਨੂੰ ਰਸਾਇਣਿਕ ਖੇਤੀ ਨੇ ਦੂਰ ਕਰ ਦਿੱਤਾ । ਮਸ਼ੀਨਰੀ ਨੇ ਸਾਨੂੰ ਆਲਸੀ ਬਣਾ ਦਿੱਤਾ। ਗੁਰਪ੍ਰੀਤ ਤੂਰ ਲਿਖਦੇ ਹਨ, **“ਕੰਮ ਦੇ ਖੇਤਾਂ ਨਾਲੋਂ ਟੁੱਟ ਕੇ ਪੰਜਾਬੀ ਗੱਭਰੂ ਵਿਰਸੇ ਤੇ ਸੱਭਿਆਚਾਰ ਦੀਆਂ ਖ਼ੁਸ਼ੀਆਂ ਅਤੇ ਖੇੜਿਆਂ ਤੋਂ ਵਾਂਝੇ ਰਹਿ ਗਏ ਹਨ । ਆਪਣੇ ਵਿਰਸੇ ਅਤੇ**

**ਸੱਭਿਆਚਾਰ ਨਾਲੋਂ ਟੁੱਟ ਜਾਣਾ ਆਪਣੇ ਆਪ ਨਾਲੋਂ ਟੁੱਟ ਜਾਣ ਵਾਂਗੂੰ ਹੈ ।"**

ਇਕੱਠੇ ਕੰਮ ਕਰਨ ਨਾਲ ਅਤੇ ਦੁਖ-ਸੁਖ ਸਾਂਝੇ ਕਰਨ ਨਾਲ ਇਨਸਾਨ ਖ਼ੁਸ਼ੀਆਂ ਅਤੇ ਖੇੜਿਆਂ ਦੇ ਆਨੰਦ ਮਾਣਦਾ ਹੈ । **ਦੁਖ ਸਾਂਝੇ ਕਰਨ ਨਾਲ ਘਟਦੇ ਹਨ ਅਤੇ ਸੁਖ ਸਾਂਝੇ ਕਰਨ ਨਾਲ ਵਧਦੇ ਹਨ ।** ਇਸ ਕਰਕੇ ਲੋਕ ਨਿਰਾਸ਼ਾ ਦੇ ਆਲਮ ਵਿੱਚ ਨਹੀਂ ਜਾਂਦੇ ਅਤੇ ਨਾ ਹੀ ਖ਼ੁਦਕੁਸ਼ੀਆਂ ਕਰਦੇ ਹਨ । ਪਰ ਅੱਜ ਆਪੋ-ਧਾਪੀ ਅਤੇ ਝੂਠੀ ਸ਼ਾਨੋ-ਸ਼ੌਕਤ ਅਤੇ ਦਿਖਾਵੇ ਕਰਕੇ ਜਵਾਨ ਨਿਰਾਸਤਾ ਵਿੱਚ ਜਾਂਦੇ ਹਨ ਅਤੇ ਇਸ ਨਿਰਾਸਤਾ ਨੂੰ ਦੂਰ ਕਰਨ ਲਈ ਨਸ਼ਿਆਂ ਦਾ ਸਹਾਰਾ ਲੈਂਦੇ ਹਨ ਅਤੇ ਕਈ ਵੀਰ ਖ਼ੁਦਕੁਸ਼ੀਆਂ ਦੇ ਰਾਹ ਪਏ ਹਨ ।

ਗੁਰਬਾਣੀ ਤੋਂ ਦੂਰ ਹੋਣ ਕਰਕੇ ਸਾਡੇ ਵਿੱਚੋਂ ਦਇਆ, ਪਿਆਰ, ਨਿਮਰਤਾ ਅਤੇ ਸਹਿਣਸ਼ੀਲਤਾ ਵਰਗੇ ਗੁਣ ਅਲੋਪ ਹੋ ਗਏ ਹਨ ਅਤੇ ਅਸੀਂ ਲੱਚਰ ਗੀਤਾਂ ਵੱਲ ਆਕਰਸ਼ਤ ਹੋ ਗਏ ਹਾਂ, ਜਿਸ ਵਿੱਚ ਇਸ਼ਕ-ਮੁਸ਼ਕ ਅਤੇ ਗੁੰਡਾਗਰਦੀ ਦੀ ਗੱਲ ਹੁੰਦੀ ਹੈ ।

**ਲੈਨਿਨ ਨੇ ਕਿਹਾ ਸੀ "ਮੈਨੂੰ ਦੱਸੋ ਤੁਹਾਡੇ ਦੇਸ਼ ਦੀ ਜਵਾਨੀ ਅਤੇ ਲੋਕਾਂ ਦੇ ਮੂੰਹ 'ਤੇ ਕਿਸ ਤਰ੍ਹਾਂ ਦੇ ਗੀਤ ਹਨ, ਮੈਂ ਤੁਹਾਡੇ ਦੇਸ਼ ਦਾ ਭਵਿੱਖ ਦੱਸ ਸਕਦਾ ਹਾਂ ।"**

ਸਾਡੇ ਦੇਸ਼ ਦੇ ਸੱਭਿਆਚਾਰ ਵਿੱਚ ਕੁਦਰਤੀ ਦਾਤਾਂ ਦੀ ਪੂਜਾ ਹੁੰਦੀ ਸੀ, ਕਿਉਂਕਿ ਇਨ੍ਹਾਂ ਦਾਤਾਂ ਕਰਕੇ ਹੀ ਸਾਡੀ ਹੋਂਦ ਹੈ । ਅਸੀਂ ਇਹਨਾਂ ਦਾਤਾਂ ਲਈ ਅਕਾਲ-ਪੁਰਖ ਦਾ ਧੰਨਵਾਦ ਕਰਦੇ ਸੀ । ਹੁਣ ਇਹਨਾਂ ਦਾਤਾਂ ਨੂੰ ਸਿਰਫ਼ ਵਸਤੂਆਂ ਸਮਝ ਲਿਆ ਜਾਂਦਾ ਹੈ । ਸਾਡਾ ਵਿਹਾਰ ਕੁਦਰਤ ਨਾਲ ਪਿਆਰ ਵਾਲਾ ਨਾ ਰਹਿ ਕੇ ਮਤਲਬ-ਭਰਪੂਰ ਅਤੇ ਦੁਸ਼ਮਣਾਂ ਵਾਲਾ ਹੋ ਗਿਆ ਹੈ । ਦਰੱਖ਼ਤਾਂ ਨੂੰ ਬੜੀ ਬੇਦਰਦੀ ਨਾਲ ਕੱਟਿਆ ਜਾ ਰਿਹਾ ਹੈ । ਦਰਿਆ ਵੀ ਮਲੀਨ ਕਰ ਦਿੱਤੇ ਅਤੇ ਧਰਤੀ ਵਿੱਚ ਵੀ ਜ਼ਹਿਰ ਪਾ-ਪਾ ਕੇ ਉਸ ਨਾਲ ਮਾਂ ਵਾਲਾ ਵਰਤਾਓ ਨਹੀਂ ਕਰ ਰਹੇ ।

ਗੁਰੂ ਨਾਨਕ ਦੇਵ ਜੀ ਇਹ ਉਪਦੇਸ਼ ਦਿੰਦੇ ਹਨ :

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥** (ਅੰ: ੮)

ਇਹ ਅਸੀਂ ਸਾਰੇ ਪੜ੍ਹਦੇ ਤਾਂ ਹਾਂ ਪਰ ਸਾਡਾ ਵਿਹਾਰ ਹਵਾ, ਪਾਣੀ ਅਤੇ ਧਰਤੀ ਨਾਲ ਕਰੂਰਤਾ ਭਰਿਆ ਹੈ, ਜਿਸ ਕਰਕੇ ਅਸੀਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਾਂ ।

ਕਿਰਤ ਸੱਭਿਆਚਾਰ ਤੋਂ ਕੋਹਾਂ ਦੂਰ ਹਾਂ । ਹਸਪਤਾਲ ਅਤੇ ਵਿੱਦਿਅਕ ਅਦਾਰੇ, ਜੋ ਸੇਵਾ ਲਈ ਨਿਰਮਾਣ ਕੀਤੇ ਗਏ ਪੈਸੇ ਕਮਾਉਣ ਵਾਲੇ ਕਾਰਖ਼ਾਨੇ ਬਣ ਗਏ ਹਨ ।

ਆਓ, ਅਸੀਂ ਆਪਣੇ ਵਿਰਸੇ ਅਤੇ ਸੱਭਿਆਚਾਰ ਉੱਤੇ ਮਾਣ ਕਰੀਏ ਅਤੇ ਬਹੁਤ ਸਾਰੀਆਂ ਅਲਾਮਤਾਂ ਤੋਂ ਬਚਣ ਦਾ ਉਪਰਾਲਾ ਕਰੀਏ ।

ਸੰਗਤਾਂ ਨੂੰ ਬੇਨਤੀ ਹੈ ਕਿ ਇਹੋ ਜਿਹਾ ਸਾਹਿਤ ਛਾਪ ਕੇ ਮੁਫ਼ਤ ਵੰਡਣ ਵਿੱਚ ਦਿਲ ਖੋਲ੍ਹ ਕੇ ਪਿੰਗਲਵਾੜਾ ਸੰਸਥਾ ਵਿੱਚ ਦਸਵੰਧ ਭੇਜਣ । ਧੰਨਵਾਦ ਸਹਿਤ !

**ਡਾ: ਇੰਦਰਜੀਤ ਕੌਰ**

**ਮੁੱਖ ਸੇਵਾਦਾਰ,**

**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.) ਅੰਮ੍ਰਿਤਸਰ ।**



# ਛੈਲ ਨਵਾਬਾਂ ਦੇ ਘਰ ਢੁੱਕਣਾ....

**-ਗੁਰਪ੍ਰੀਤ ਸਿੰਘ ਤੂਰ**

ਖੇਤਾਂ ਵਿੱਚ ਹੱਥੀਂ ਕੰਮ ਕਰਦੇ ਮਿਹਨਤ-ਮੁਸ਼ੱਕਤ ਵਿੱਚ ਰੁੱਝੇ ਲੋਕ ਕਿਰਤੀ ਅਖਵਾਏ । ਪਹੁ ਫੁੱਟਦੀ ਨੂੰ ਖੇਤ ਵਾਹੁੰਦੇ ਕਿਸਾਨ, ਹੱਥੀਂ ਕੰਮ ਕਰਦੇ ਕਾਮੇਂ, ਕੰਧਾਂ ਕੋਠੇ ਲਿੱਪਦੀਆਂ ਔਰਤਾਂ, ਪਸ਼ੂ ਚਾਰਦੇ ਬਾਗੀ ਮੁੰਡੇ, ਆਟਾ ਪੀਂਹਦੀ ਮਸ਼ੀਨ ਦੇ ਘੁੱਗੂ ਦੀ ਆਵਾਜ਼, ਫੇਰੀ ਲਾਉਂਦੇ ਸਬਜ਼ੀ ਵੇਚਣ ਵਾਲੇ, ਮੁਹਾਰੇ ਡੁੰਗਦੇ ਪਰਿਵਾਰ, ਇੰਞ ਕੰਮ-ਧੰਦੇ ਲੱਗੇ ਪੰਜਾਬ ਨੇ ਜਵਾਨੀ ਨੂੰ ਜਦੋਂ ਸਟੇਜ 'ਤੇ ਪੇਸ਼ ਕੀਤਾ ਤਾਂ ਉਹ ਸਨ, ਸਾਊ ਅਤੇ ਕਾਮੇ, ਪਤਲੇ ਅਤੇ ਛਾਂਟਵੇਂ ਸਰੀਰਾਂ ਵਾਲੇ, ਕੁੜਤੇ-ਪਜਾਮੇ ਪਹਿਨਣ ਵਾਲੇ, ਸੁਹਜ ਤੇ ਸਲੀਕੇ ਨਾਲ ਭਰਪੂਰ, ਛੋਹਲੇ ਤੇ ਨਾਜ਼ਕ । ਸਮੇਂ ਦੀ ਕਰਵਟ ਵਿੱਚ ਨਵੀਂ ਪੀੜ੍ਹੀ ਖੇਤਾਂ ਨਾਲੋਂ ਟੁੱਟ ਕੇ ਹੱਥੀਂ ਕੰਮ ਕਰਨ ਤੋਂ ਵਾਂਝੀ ਰਹਿ ਗਈ । ਅਜਿਹੇ ਹਾਲਾਤ ਵਿੱਚ ਜਵਾਨੀ ਦੀ ਜੋ ਤਸਵੀਰ ਸਾਹਮਣੇ ਆਈ ਉਹ ਹੈ ਵਿਹਲੜ ਤੇ ਗਵਾਰ, ਬੋਝਲ ਤੇ ਭਾਰੇ, ਸਿਰ ਦੇ ਵਾਲਾਂ ਨੂੰ ਰੰਗ ਤੇ ਕੰਨਾਂ ਵਿੱਚ ਵਾਲੀਆਂ, ਟੈਟੂ ਤੇ ਫਟੀਆਂ ਜੀਨਜ਼, ਮੋਟਰਬਾਈਕ ਤੇ ਖੁੱਲ੍ਹੀਆਂ ਜੀਪਾਂ, ਪੀਜ਼ੇ ਤੇ ਬਰਗਰ । ਇਸ ਅਭਾਗੇ ਸਫ਼ਰ ਦੀ ਦਾਸਤਾਨ ਲੰਬੀ ਹੈ ।

ਕਿਰਤ ਵਿੱਚੋਂ ਸਾਡਾ ਸੱਭਿਆਚਾਰ ਉਪਜਿਆ ਅਤੇ ਕਣਕ, ਮੱਕੀ ਤੇ ਕਪਾਹ ਦੀਆਂ ਫੁੱਟੀਆਂ ਵਾਂਙ ਕਿਰਤੀਆਂ ਤੇ ਸੁਆਣੀਆਂ ਦੇ ਹੱਥਾਂ ਵਿੱਚ ਪਰਵਾਨ ਚੜ੍ਹਿਆ । ਹੱਥੀਂ ਕੰਮ ਕਰਨ ਵਿੱਚ ਰੁੱਝਿਆ ਮਨ ਆਪਣਾ ਆਪ ਭੁੱਲ ਜਾਂਦਾ ਹੈ । ਕੁਦਰਤ ਦੇ ਰੰਗ ਉਸ ਨੂੰ ਅਮੀਰੀ ਬਖ਼ਸ਼ਦੇ ਹਨ । ਕਾਮਿਆਂ ਦੇ ਸਰੀਰਾਂ ਵਿੱਚ ਖੇੜੇ ਬਖ਼ਸ਼ਣ ਵਾਲੇ ਤੰਦਰੁਸਤ ਤੱਤ ਪੈਦਾ ਹੁੰਦੇ ਹਨ । ਇਹੋ ਕਾਰਨ ਹੈ ਕਿ ਕੰਮ ਵਿੱਚ ਰੁੱਝਿਆ ਬੰਦਾ ਰੋਟੀ ਵੇਲਾ ਭੁੱਲ ਜਾਂਦਾ ਹੈ ਤੇ ਉਸ ਕੋਲ ਪਿਆ ਚਾਹ ਦਾ ਗਿਲਾਸ ਠੰਢਾ ਹੋ ਜਾਂਦਾ ਹੈ । ਕੰਮ ਵਿੱਚ ਰੁੱਝੇ ਬੰਦੇ ਨੂੰ ਮਨ-ਪ੍ਰਚਾਵੇ ਅਤੇ ਸੰਗੀਤ ਦੀ ਲੋੜ ਨਹੀਂ ਪੈਂਦੀ । ਇਸ ਅਵਸਥਾ ਵਿੱਚ ਉਹ ਜੋ ਬੋਲੇਗਾ ਉਹ ਗੀਤ ਬਣੇਗਾ; ਸਾਡੇ ਲੋਕ ਗੀਤਾਂ ਦਾ ਜਨਮ ਇੰਞ ਹੀ ਹੋਇਆ ਹੈ । ਉਹ ਗੁਣ-ਗੁਣਾਉਣ ਲੱਗਦਾ ਹੈ ਤੇ ਉਸ ਦੇ ਬੋਲ ਸੰਗੀਤ ਦੀ ਚਾਸ਼ਨੀ ਵਿੱਚ ਡੁੱਬੇ ਹੁੰਦੇ ਹਨ । ਪੋਹ-ਮਾਘ ਦੀ ਰਾਤ ਨੂੰ ਕਣਕ ਦੇ ਖੇਤ ਨੂੰ ਪਾਣੀ ਲਾਉਂਦੇ ਕਿਸਾਨ ਦਾ ਗਾਉਣ ਲੱਗ ਜਾਣਾ ਅਤੇ ਕਪਾਹ ਚੁੱਗਦੀਆਂ ਔਰਤਾਂ ਦੇ ਗੀਤ ਇਸੇ ਅਵਸਥਾ ਦਾ ਪ੍ਰਤੀਕ ਹਨ :

**"ਜਦ ਪੈਣ ਕਪਾਹੀਂ ਫੁੱਲ ਵੇ ਧਰਮੀ ਬਾਬਲਾ,**
**ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ ਧਰਮੀ ਬਾਬਲਾ।"**

ਫ਼ਸਲਾਂ ਵਾਂਙ ਸਾਡੇ ਗੀਤ ਵੀ ਖੇਤਾਂ ਵਿੱਚੋਂ ਹੀ ਉਪਜੇ ਹਨ । ਇਨ੍ਹਾਂ ਗੀਤਾਂ ਨੂੰ ਖੇਤਾਂ ਦੇ ਸੁਹੱਪਣ ਦੀ ਛੁਹ ਅਤੇ ਰਿਸ਼ਤਿਆਂ ਦਾ ਨਿੱਘ ਪ੍ਰਾਪਤ ਹੈ । ਇੰਞ ਹੋਂਦ ਵਿੱਚ ਆਏ ਸੱਭਿਆਚਾਰ ਵਿੱਚ ਮਿੱਟੀ ਦੀ ਮਹਿਕ ਅਤੇ ਸ਼ੱਕਰ ਦੀ ਮਿਠਾਸ ਹੈ । ਕੰਮ ਤੇ ਖੇਤਾਂ ਨਾਲੋਂ ਟੁੱਟ ਕੇ ਪੰਜਾਬੀ ਗੱਭਰੂ ਵਿਰਸੇ ਤੇ ਸੱਭਿਆਚਾਰ ਦੀਆਂ ਖ਼ੁਸ਼ੀਆਂ ਅਤੇ

ਖੇਡਿਆਂ ਤੋਂ ਵਾਂਝੇ ਰਹਿ ਗਏ ਹਨ । ਆਪਣੇ ਵਿਰਸੇ ਅਤੇ ਸੱਭਿਆਚਾਰ ਨਾਲੋਂ ਟੁੱਟ ਜਾਣਾ ਆਪਣੇ ਆਪ ਨਾਲੋਂ ਟੁੱਟ ਜਾਣ ਵਾਂਙ ਹੈ ।

ਸੱਭਿਆਚਾਰ ਨੂੰ ਜਦ ਫੁੱਲ ਪੈਣ ਲੱਗੇ ਤਾਂ ਉਸਦੀ ਖ਼ੁਸ਼ਬੋ ਮੇਲਿਆਂ ਦੇ ਰੂਪ ਵਿੱਚ ਪੰਜਾਬੀਅਤ ਦੇ ਕਣ-ਕਣ ਵਿੱਚ ਫੈਲ ਗਈ । ਮੇਲੇ ਸਾਡੇ ਸੱਭਿਆਚਾਰ ਦੀ ਮਹਿਕ ਹਨ, ਸੱਭਿਆਚਾਰ ਦੀ ਜਵਾਨੀ ਮੇਲਿਆਂ ਦੇ ਰੂਪ ਵਿੱਚ ਪ੍ਰਗਟ ਹੋਈ। ਮਿਹਨਤ ਮੁਸ਼ੱਕਤ ਤੋਂ ਬਾਅਦ ਜਦ ਮਨ ਖ਼ੁਸ਼ੀ ਵਿੱਚ ਖੀਵਾ ਹੋ ਕੇ ਨੱਚਣ-ਟੱਪਣ ਲੱਗਾ ਤਾਂ ਮੇਲਿਆਂ ਦੀ ਹੋਂਦ ਸਾਹਮਣੇ ਆਈ । '**ਚਿੱਟੇ ਚਾਦਰੇ ਗਲਾਂ ਦੇ ਵਿੱਚ ਗਾਨੀਆਂ**', ਮੇਲੇ ਸੁਹੱਪਣ, ਖ਼ੁਸ਼ੀਆਂ ਅਤੇ ਜ਼ਿੰਦਾ-ਦਿਲੀ ਦਾ ਪ੍ਰਤੀਕ ਹਨ । ਵਿਸਾਖੀ, ਪੱਕੀ ਫ਼ਸਲ ਨੂੰ ਵੇਖ ਕੇ ਖ਼ੁਸ਼ੀ ਵਿੱਚ ਖੀਵੇ ਹੋਏ ਮਨ ਦੀ ਮੌਜ ਹੈ ਅਤੇ ਹੋਲਾ-ਮੁਹੱਲਾ ਗੁਰੂ ਸਾਹਿਬ ਵੱਲੋਂ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਹੈ । ਇਨ੍ਹਾਂ ਮੇਲਿਆਂ ਵਿੱਚ ਧਾਰਮਿਕ ਅਤੇ ਇਤਿਹਾਸਿਕ ਵਾਰਾਂ ਦੇ ਗਾਉਣ ਲੱਗਦੇ ਰਹੇ ਹਨ । ਚਿੱਠੀਆਂ ਤੇ ਰਸਾਲਿਆਂ ਦੇ ਰੂਪ ਵਿੱਚ ਸਾਹਿਤ ਦੀ ਵਿਕਰੀ ਇਨ੍ਹਾਂ ਮੇਲਿਆਂ ਦਾ ਵਿਸ਼ੇਸ਼ ਅੰਗ ਰਹੀ ਹੈ । ਇਹ ਮੇਲੇ ਮਨ ਤੇ ਤਨ ਦਾ ਰੱਜ ਹੁੰਦੇ ਸਨ । ਜਿਸ ਨੇ ਇਨ੍ਹਾਂ ਮੇਲਿਆਂ ਵਿੱਚ ਢੋਲ ਵੱਜਦਾ ਨਹੀਂ ਸੁਣਿਆ ਤੇ ਜਲੇਬੀਆਂ ਨਹੀਂ ਖਾਧੀਆਂ, ਸਮਝੋ ਉਹ ਹਾਲੇ ਪੰਜਾਬੀ ਸੱਭਿਆਚਾਰ ਦੇ ਮੀਲ-ਪੱਥਰ ਤੋਂ ਪਿਛਾਂਹ ਖੜ੍ਹਾ ਹੈ। ਪਸ਼ੂਆਂ ਦੀਆਂ ਰੰਗ-ਬਿਰੰਗੀਆਂ ਗਾਨੀਆਂ ਤੇ ਚਮਕਦੇ ਧਲਿਆਰੇ, ਪਸ਼ੂ-ਮੇਲੇ ਕਿਸਾਨਾਂ ਦੀ ਆਰਥਿਕਤਾ ਦੇ ਨਾਪ-ਤੋਲ ਦਾ ਪ੍ਰਤੀਕ ਮੰਨੇ ਜਾਂਦੇ ਰਹੇ ਹਨ । ਸਮੇਂ ਦੀ ਪੈੜ ਵਿੱਚ ਇਨ੍ਹਾਂ ਮੇਲਿਆਂ ਦੇ ਸਰੂਪ ਬਦਲਣ ਲੱਗੇ, ਪਸ਼ੂਆਂ ਦੀ ਥਾਂ ਟਰੈਕਟਰਾਂ ਅਤੇ ਮੋਟਰਸਾਈਕਲਾਂ ਦੀਆਂ ਮੰਡੀਆਂ ਲੱਗਦੀਆਂ ਹਨ । ਪੰਜਾਬ ਦੀ ਜਵਾਨੀ ਮੇਲਿਆਂ ਦੇ ਅਮੀਰ ਖ਼ਜ਼ਾਨੇ ਤੋਂ ਵਾਂਝੀ ਰਹਿ ਗਈ ਹੈ ।

ਪੁਰਾਣੇ ਸਮਿਆਂ ਦੀ ਗੱਲ ਹੈ ਜਦੋਂ ਰਾਜੇ-ਮਹਾਰਾਜੇ ਗਵੰਤਰੀਆਂ ਤੋਂ ਗਾਉਣ ਸੁਣ ਕੇ ਮਨ-ਪ੍ਰਚਾਵਾ ਕਰਦੇ ਸਨ । ਅਹਿਲਕਾਰ ਰਾਜੇ ਨੂੰ ਖ਼ੁਸ਼ ਕਰਨ ਲਈ ਕਿਸੇ ਗਵੰਤਰੀ ਨੂੰ ਸੱਦਣ ਲਈ ਘਰੋਂ ਨਿਕਲੇ, ਪਰ ਉਹ ਮਸ਼ਹੂਰ ਗਵੰਤਰੀ ਪਹਿਲਾਂ ਹੀ ਕਿਤੇ ਗਿਆ ਹੋਇਆ ਸੀ । ਲੋਕਾਂ ਕਿਸੇ ਹੋਰ ਗਵੰਤਰੀ ਦੀ ਦੱਸ ਪਾਈ । ਜੱਕੋ-ਤੱਕੀ ਵਿੱਚ ਅਹਿਲਕਾਰ ਉਸ ਘਰ ਪਹੁੰਚੇ, ਉਹ ਝਟਪਟ ਤਿਆਰ ਹੋ ਗਿਆ । ਪਰ ਉਹ ਦੁਚਿੱਤੀ ਵਿੱਚ ਸਨ, ਜੇ ਰਾਜੇ ਨੂੰ ਗਾਉਣ ਪਸੰਦ ਨਾ ਆਇਆ ਤਾਂ ਸ਼ਾਬਾਸ਼ ਨਾਰਾਜ਼ਗੀ ਵਿੱਚ ਵੀ ਬਦਲ ਸਕਦੀ ਹੈ । ਆਪਣੇ ਸਾਜ਼ਾਂ ਨੂੰ ਠੀਕ ਕਰਦਿਆਂ ਗਵੰਤਰੀ ਨੇ ਅਹਿਲਕਾਰਾਂ ਨੂੰ ਵਿਸ਼ਵਾਸ ਦੁਆਇਆ ਕਿ ਜੇ ਰਾਜਾ ਖ਼ੁਸ਼ ਨਾ ਹੋਇਆ ਤਾਂ ਨਾਰਾਜ਼ ਵੀ ਨਹੀਂ ਹੋਵੇਗਾ । ਤਿੰਨੋਂ ਮਹਿਲਾਂ ਵੱਲ ਚੱਲ ਪਏ । ਰਾਜੇ ਦਾ ਆਸਣ ਵੇਖਦਿਆਂ ਹੀ ਅਹਿਲਕਾਰਾਂ ਦਾ ਵਿਸ਼ਵਾਸ ਫੇਰ ਥਿੜਕਿਆ । ਗਵੰਤਰੀ ਦਾ ਆਤਮ-ਵਿਸ਼ਵਾਸ ਝੰਜੋੜਿਆ ਗਿਆ, ਇੱਥੋਂ ਵਾਪਸ ਮੁੜਨਾ ਉਸ ਨੂੰ ਆਪਣੀ ਤੌਹੀਨ ਜਾਪੀ । ਪਿੰਡ ਵਾਪਸ ਕਿਵੇਂ ਜਾਵਾਂਗਾ, ਇਹ ਸਵਾਲ ਉਸ ਦੇ ਜਿਹਨ ਵਿੱਚ ਆਇਆ ਤੇ ਉਸ ਨੂੰ ਤਹਿਸ-ਨਹਿਸ ਕਰ ਗਿਆ। ਨੀਵੀਂ ਪਾ ਕੇ ਤਰਸ ਭਰੀਆਂ ਨਜ਼ਰਾਂ ਨਾਲ ਉਸ ਨੇ ਆਪਣੇ ਸਾਜ਼ਾਂ ਨੂੰ ਵੇਖਿਆ



ਅਤੇ ਉਸ ਦੀਆਂ ਅੱਖਾਂ ਭਰ ਗਈਆਂ । ਰਾਜੇ ਦੇ ਆਸਣ ਵੱਲ ਝਾਤੀ ਮਾਰ ਕੇ ਉਹ ਕਹਿਣ ਲੱਗਾ, ਤੁਸੀਂ ਰਾਜੇ ਦੇ ਆਸਣ ਦੇ ਆਸੇ-ਪਾਸੇ ਮੁੱਠੀ-ਮੁੱਠੀ ਰੇਤਾ ਵਿਛਾ ਦਿਓ, ਮੈਂ ਸੱਸੀ ਸੁਣਾਵਾਂਗਾ ਤੇ ਉਸ ਰੇਤੇ 'ਤੇ ਡਾਚੀ ਤੇ ਸੱਸੀ ਦੀਆਂ ਪੈੜਾਂ ਵਿਖਾ ਦੇਵਾਂਗਾ । ਸੱਚਮੁੱਚ ਸੰਗੀਤ ਇਸ ਤੋਂ ਵੀ ਵਧੇਰੇ ਤਾਕਤ ਰੱਖਦਾ ਹੈ । ਪਰ ਅਜੋਕੇ ਦੌਰ ਵਿੱਚ ਗੀਤਕਾਰਾਂ ਅਤੇ ਗਵੱਈਆਂ ਨੇ ਜਵਾਨੀ ਅੱਗੇ ਜੋ ਪਰੋਸਿਆ, ਉਸ ਨੇ ਪੰਜਾਬ ਦੀ ਧਰਤੀ 'ਤੇ ਗੈਂਗਸਟਰਾਂ ਦੀਆਂ ਪੈੜਾਂ ਵਿਖਾ ਦਿੱਤੀਆਂ । ਹੁਣ ਗੀਤ ਇੰਡਸਟਰੀ ਬਣ ਗਏ ਨੇ ਜਦੋਂ ਕਿ ਗੀਤਾਂ ਦੀ ਹੋਂਦ ਤਾਂ ਪੁੰਗਰ ਰਹੇ ਬੀਜਾਂ ਵਾਂਙ ਕੋਮਲ ਤੇ ਰੂਹ ਨੂੰ ਖੇੜਾ ਦੇਣ ਵਾਂਙ ਤਾਜ਼ਗੀ ਭਰਪੂਰ ਹੋਣੀ ਚਾਹੀਦੀ ਹੈ ।

ਸਰਕਾਰੀ ਸੇਵਾ ਨਿਭਾਉਂਦਿਆਂ ਨਸ਼ਿਆਂ ਅਤੇ ਜੁਰਮਾਂ ਵਿੱਚ ਫਸੇ ਨੌਜਵਾਨ ਮੇਰਾ ਵੱਡਾ ਫ਼ਿਕਰ ਰਹੇ ਹਨ । ਇਕ ਕਸਬੇ ਵਿੱਚ ਪੰਜ-ਛੇ ਨੌਜਵਾਨਾਂ 'ਤੇ ਲੜਾਈਆਂ ਝਗੜਿਆਂ ਦੇ ਸੱਤ-ਸੱਤ, ਅੱਠ-ਅੱਠ ਮੁਕੱਦਮੇ ਦਰਜ ਹੋ ਗਏ ਸਨ। ਅਦਾਲਤਾਂ ਵਿੱਚ ਤਰੀਕਾਂ 'ਤੇ ਆਉਂਦੇ-ਜਾਂਦੇ ਉਹ ਆਪਸ ਵਿੱਚ ਫੇਰ ਉਲਝ ਜਾਂਦੇ । ਉਨ੍ਹਾਂ ਦੇ ਪਰਿਵਾਰ ਜੇਲ੍ਹ ਵਿੱਚ ਮੁਲਾਕਾਤਾਂ ਕਰਦੇ ਤੇ ਕਚਹਿਰੀ ਤਰੀਕਾਂ 'ਤੇ ਆਉਂਦੇ ਜਾਂਦੇ, ਠੇਡੇ ਖਾਂਦੇ ਫਿਰਦੇ । ਮੈਂ ਨਾਪਣ-ਤੋਲਣ ਦੀ ਕੋਸ਼ਿਸ਼ ਕੀਤੀ ਕਿ ਇਸ ਕਸਬੇ ਵਿੱਚ ਅਜਿਹਾ ਕਿਉਂ ਹੈ? ਪਹਿਲੀ ਲੜਾਈ ਪਿੰਡ ਵਿੱਚ ਹੋ ਰਹੇ ਖੇਡ ਮੇਲੇ ਦੀ ਇਸ਼ਤਿਹਾਰਬਾਜ਼ੀ ਤੋਂ ਸ਼ੁਰੂ ਹੋਈ ਤੇ ਵੱਢਣ-ਟੁੱਕਣ ਦੇ ਸਿਖਰ ਤਕ ਪੁੱਜ ਗਈ । ਖੇਡ ਮੇਲੇ ਦੇ ਇਸ਼ਤਿਹਾਰ, ਬੋਰਡ 'ਤੇ ਫੋਟੋਆਂ ਦੀ ਚੋਣ ਲੜਾਈ ਦਾ ਕਾਰਨ ਬਣੀ । ਇੱਕ ਨੇ ਬਾਹਰੋਂ ਮੁੰਡੇ ਬੁਲਾ ਕੇ ਦੂਜੇ ਨੂੰ ਕੁੱਟਿਆ ਤੇ ਦੂਜੇ ਨੇ ਪਹਿਲੇ ਤੋਂ ਬਦਲਾ ਲਿਆ । ਇੱਕ ਹੋਰ ਨੌਜਵਾਨ ਕੋਈ ਰੁਜ਼ਗਾਰ ਨਾ ਮਿਲਦਾ ਦੇਖ ਕੇ ਸ਼ਰਾਬ ਦੇ ਠੇਕੇਦਾਰਾਂ ਨਾਲ ਜੁੜ ਗਿਆ । ਇੱਕ ਘਟਨਾ ਦੌਰਾਨ ਨਾਜਾਇਜ਼ ਸ਼ਰਾਬ ਵੇਚਣ ਵਾਲਿਆਂ ਨੇ ਉਨ੍ਹਾਂ 'ਤੇ ਗੋਲੀ ਚਲਾ ਦਿੱਤੀ । ਠੇਕੇਦਾਰਾਂ ਨੇ ਸਲਾਹ ਦਿੱਤੀ ਕਿ ਤੁਸੀਂ ਵੀ ਹਥਿਆਰ ਰੱਖ ਲਵੋ । ਇੱਕ-ਦੋ ਲੜਾਈਆਂ ਹੋਈਆਂ ਤੇ ਫੇਰ ਅਚਾਨਕ ਤਕਰਾਰ ਤੋਂ ਬਾਅਦ ਉਨ੍ਹਾਂ ਤੋਂ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ । ਉਸ ਘਟਨਾ ਮੌਕੇ ਉੱਥੇ ਹਾਜ਼ਰ ਚਾਰੋਂ ਨੌਜਵਾਨ ਜੇਲ੍ਹ ਚਲੇ ਗਏ । ਤਿੰਨ-ਚਾਰ ਅਜਿਹੇ ਨੌਜਵਾਨ ਲੜਾਈ ਝਗੜਿਆਂ ਤੋਂ ਸੰਗੀਨ ਜੁਰਮਾਂ ਤਕ ਦਾ ਸਫ਼ਰ ਤੇਜ਼ੀ ਨਾਲ ਤੈਅ ਕਰ ਗਏ। ਜੇਲ੍ਹ ਜਾ ਕੇ ਉਨ੍ਹਾਂ ਦਾ ਮੇਲ-ਮਿਲਾਪ ਹੋਰ ਅਪਰਾਧੀਆਂ ਨਾਲ ਹੋਇਆ ਤੇ ਸਥਿਤੀ ਲਗਾਤਾਰ ਗੰਭੀਰ ਹੁੰਦੀ ਗਈ । ਅਜਿਹੇ ਨੌਜਵਾਨਾਂ ਨੂੰ ਲੜਾਈ ਝਗੜਿਆਂ ਦੇ ਚੱਕਰ ਤੋਂ ਬਾਹਰ ਕੱਢਣ ਲਈ ਵਿਸ਼ੇਸ਼ ਉਪਰਾਲਿਆਂ ਦੀ ਲੋੜ ਹੈ ਜਦੋਂ ਕਿ ਸਮਾਜ ਅਤੇ ਸਿਸਟਮ ਨਾਲ ਜੁੜੇ ਲੋਕ ਆਪਣੇ ਆਪ ਤਕ ਹੀ ਸੀਮਿਤ ਰਹਿ ਜਾਂਦੇ ਹਨ ।

ਦੋ ਔਰਤਾਂ ਦਿਨ ਦੇ ਦੂਜੇ ਪਹਿਰ ਦਫ਼ਤਰ ਆਈਆਂ । ਇੱਕ ਨੇ ਗੱਲ ਸ਼ੁਰੂ ਕੀਤੀ ਕਿ ਇਹਦਾ ਪੁੱਤਰ ਨਸ਼ਿਆਂ ਲਈ ਪੈਸੇ ਲੈਣ ਲਈ ਇਸ ਨੂੰ ਕੁੱਟਦਾ ਮਾਰਦਾ ਹੈ । ਅਗਲੀ ਗੱਲ ਉਸ ਔਰਤ ਨੇ ਆਪਣੇ-ਆਪ ਸ਼ੁਰੂ ਕੀਤੀ । ਘਰ ਦਾ ਸਭ ਕੁਝ ਵੇਚ ਦਿੱਤਾ ਹੈ । ਕਈ ਵਾਰ ਹਸਪਤਾਲ ਭਰਤੀ ਕਰਵਾਇਆ ਪਰ ਫਿਰ ਨਸ਼ਾ ਕਰਨ ਲੱਗ ਜਾਂਦਾ ਹੈ । ਹਫ਼ਤੇ ਬਾਅਦ ਪੰਜ ਹਜ਼ਾਰ ਰੁਪਏ ਮੰਗ ਲੈਂਦਾ ਹੈ ।

ਅੱਜ ਮੈਂ ਅਸਮਰੱਥਾ ਪ੍ਰਗਟਾਈ ਤਾਂ ਉਸ ਨੇ ਮੈਨੂੰ ਕੁੱਟ ਕੇ ਕਮਰੇ ਅੰਦਰ ਬੰਦ ਕਰ ਦਿੱਤਾ । ਤਿੰਨ ਘੰਟੇ ਅੰਦਰੋਂ ਦਰਵਾਜ਼ੇ ਭੰਨਦੀ ਰਹੀ ਤਾਂ ਕਿਤੇ ਇਨ੍ਹਾਂ ਨੂੰ ਪਤਾ ਲੱਗਾ। (ਉਸ ਨੇ ਨਾਲ ਆਈ ਔਰਤ ਵੱਲ ਇਸ਼ਾਰਾ ਕੀਤਾ।) ਹੁਣ ਦੂਜੀ ਔਰਤ ਬੋਲਣ ਲੱਗੀ, ਦਰਵਾਜ਼ਿਆਂ ਦਾ ਖੜਕਾ ਜ਼ਰੂਰ ਹੁੰਦਾ ਰਿਹਾ, ਪਰ ਅਸੀਂ ਸੋਚਿਆ ਹੀ ਨਾ ਕਿ ਅਜਿਹਾ ਹੋਇਆ ਹੋਵੇਗਾ, ਇਸ ਨੂੰ ਕੁੱਟਿਆ ਵੀ ਹੈ । ਉਹ ਔਰਤ ਝੁਕ ਕੇ ਉਸ ਦਾ ਚਿਹਰਾ ਵੇਖਣ ਲੱਗੀ । ਉਸ ਔਰਤ ਦੀ ਇੱਕ ਅੱਖ ਲਾਲ ਤੇ ਮੂੰਹ ਦੇ ਉਸ ਪਾਸੇ ਸੋਜ ਸੀ । ਭਾਵੇਂ ਹਰ ਮਾਂ ਸੋਚਦੀ ਹੈ ਕਿ ਉਸਦੇ ਪੁੱਤ ਉਸ ਦੀ ਅਰਥੀ ਨੂੰ ਮੋਢਾ ਦੇਣ, ਪਰ ਇਸ ਮਾਂ ਨੇ ਜੋ ਅਰਜ਼ੀ ਪੇਸ਼ ਕੀਤੀ ਉਸ ਦੀ ਆਖਰੀ ਲਾਈਨ ਸੀ ਕਿ ਮੇਰਾ ਪੁੱਤ ਨਸ਼ੇ ਦਾ ਗੰਭੀਰ ਆਦੀ ਹੋ ਚੁੱਕਾ ਹੈ, ਇਹ ਆਪਣੀ ਜ਼ਿੰਦਗੀ ਦਾ ਆਪ ਜ਼ਿੰਮੇਵਾਰ ਹੋਵੇਗਾ । ਹਰ ਪਲ ਪੁੱਤਾਂ ਦੀ ਸੁੱਖ ਮੰਗਦੀਆਂ ਮਾਵਾਂ ਜ਼ਿੰਦਗੀ ਦੇ ਕਿਸ ਮੁਕਾਮ ’ਤੇ ਆਣ ਖੜ੍ਹੀਆਂ ਹਨ ।

ਪੰਜਾਬੀ ਫ਼ਿਲਮਾਂ ਜਦ ਹੋਂਦ ਵਿੱਚ ਆਈਆਂ ਤਾਂ ਪੇਂਡੂ ਲੋਕ ਇਕੱਠੇ ਹੋ ਕੇ ਸਿਨਮਾਂ ਘਰਾਂ ਵਿੱਚ ਫ਼ਿਲਮ ਵੇਖਣ ਜਾਂਦੇ ਸਨ । ਸਲਾਹਾਂ ਹੁੰਦੀਆਂ, ਸੁਨੇਹੇ ਦਿੱਤੇ ਜਾਂਦੇ ਅਤੇ ਸਾਲਮ ਟਾਂਗੇ ਬੁੱਕ ਕਰਵਾ ਲਏ ਜਾਂਦੇ । ਪਜਾਮਿਆਂ ਤੇ ਚਾਦਰਿਆਂ ਵਾਲੇ ਕਿਰਤੀ ਲੋਕ ਇਕ ਦੂਜੇ ਤੋਂ ਮੂਹਰੇ ਹੋ-ਹੋ ਸਿਨਮਾ ਘਰਾਂ ਵਿੱਚ ਦਾਖ਼ਲ ਹੁੰਦੇ । ਕੋਈ ਚੰਗਾ ਡਾਇਲਾਗ ਬੋਲਿਆ ਜਾਂਦਾ ਤਾਂ ਤਾੜੀਆਂ ਵੱਜਦੀਆਂ । ਕੋਈ ਧਾਰਮਿਕ ਦ੍ਰਿਸ਼ ਸਾਹਮਣੇ ਆਉਂਦਾ ਤਾਂ ਲੋਕ ਸ਼ਰਧਾ ਨਾਲ ਸਿਰ ਝੁਕਾਉਂਦੇ । ਦਿਲ ਨੂੰ ਛੂਹ ਜਾਣ ਵਾਲਾ ਕੋਈ ਗੀਤ ਆਉਂਦਾ ਤਾਂ ਲੋਕ ਵਾਹ-ਵਾਹ ਕਰਦੇ ਤੇ ਸਤਿਕਾਰ ਵਜੋਂ ਖੜ੍ਹੇ ਹੋ ਕੇ ਆਨੇ ਦੋ ਆਨੇ ਸਕਰੀਨ ਵੱਲ ਵਗ੍ਹਾ-ਵਗ੍ਹਾ ਮਾਰਦੇ । ਫ਼ਿਲਮ ਚਲਾਉਣ ਵਾਲੇ ਅਗਲਾ ਸ਼ੋਅ ਸ਼ੁਰੂ ਹੋਣ ਤੋਂ ਪਹਿਲਾਂ ਦੁਆਨੀਆਂ-ਚੁਆਨੀਆਂ ਇਕੱਠੀਆਂ ਕਰ ਲੈਂਦੇ ਸਨ । ਕੰਮਾਂ-ਧੰਦਿਆਂ ਵਿੱਚ ਥੱਕਿਆ ਸਰੀਰ ਮਨ ਦੀ ਲੋਰ ਵਿੱਚ ਆ ਕੇ ਸਾਵਾਂ ਹੋ ਜਾਂਦਾ ਸੀ । ਇਸ ਵਰ੍ਹੇ ਅਪ੍ਰੈਲ ਮਹੀਨੇ ਮੈਂ ਵੀਹ-ਪੰਝੀ ਸਾਲ ਪੁਰਾਣੇ ਪੰਜਾਬ ਦੀ ਪੇਸ਼ਕਾਰੀ ਕਰਦੀ ਫ਼ਿਲਮ ਵੇਖਣ ਚਲਾ ਗਿਆ । ਰਾਤ ਅੱਠ ਵਜੇ ਸ਼ੋਅ ਸ਼ੁਰੂ ਹੋਇਆ, ਅਗਲੀ ਕਤਾਰ ਵਿੱਚ ਸੱਤ-ਅੱਠ ਮੁੰਡਿਆਂ ਦਾ ਇੱਕ ਗਰੁੱਪ ਬੈਠਾ ਸੀ । ਫ਼ਿਲਮ ਸ਼ੁਰੂ ਹੋਣ ਤੋਂ ਪਹਿਲਾਂ ਉਨ੍ਹਾਂ ਆਪਸ ਵਿੱਚ ਗੱਲਾਂ ਕਰਦਿਆਂ ਅਜਿਹੇ ਸ਼ਬਦ ਵਰਤੇ ਜੋ ਪਰਿਵਾਰ ਦੀ ਮੌਜੂਦਗੀ ਵਿੱਚ ਸੁਣੇ ਨਹੀਂ ਜਾ ਸਕਦੇ ਸਨ । ਕਾਸਟਿੰਗ ਗੀਤ ਸ਼ੁਰੂ ਹੁੰਦਿਆਂ ਹੀ ਉਨ੍ਹਾਂ ਵਿੱਚੋਂ ਦੋ ਨੇ ਬਾਹਾਂ ਉਲਾਰ-ਉਲਾਰ ਕੇ ਕਿਲਕਾਰੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ, ਫੇਰ ਦੋ ਜਣੇ ਚੀਕਾਂ ਮਾਰਨ ਲੱਗੇ । ਦਰਸ਼ਕਾਂ ਨੇ ਰੋਕਣ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਕੁਝ ਖਾਧਾ-ਪੀਤਾ ਹੋਇਆ ਸੀ । ਆਖ਼ਰ ਫ਼ਿਲਮ ਰੋਕ ਕੇ ਪ੍ਰਬੰਧਕਾਂ ਨੇ ਬਾਊਂਸਰਾਂ ਦੀ ਮਦਦ ਨਾਲ ਉਨ੍ਹਾਂ ਨੂੰ ਸਿਨਮਾ ਹਾਲ ਤੋਂ ਬਾਹਰ ਕੱਢਿਆ । ਸੱਤਰ-ਪੰਝੱਤਰ ਵਰ੍ਹਿਆਂ ਵਿੱਚ ਪੰਜਾਬੀਅਤ ਪੱਲਿਉਂ ਬਹੁਤ ਕੁਝ ਕਿਰ ਚੁੱਕਾ ਹੈ ।

ਜ਼ਿੰਦਗੀ ਸਿਖਰ ਦਾ ਸਿਰੜ ਤੇ ਮਿਹਨਤ ਦੀ ਮੰਗ ਕਰਦੀ ਹੈ । ਖੇਡ ਮੁਕਾਬਲਿਆਂ ਵਿੱਚ ਇਸ ਨੂੰ ਅਸਾਨੀ ਨਾਲ ਵੇਖਿਆ ਜਾ ਸਕਦਾ ਹੈ । ਚੈਂਪੀਅਨਜ਼



ਟਰਾਫ਼ੀ ਦੌਰਾਨ ਪਾਕਿਸਤਾਨੀ ਖਿਡਾਰੀਆਂ ਨੇ ਇਸ ਦਾ ਭਰਪੂਰ ਪ੍ਰਗਟਾਵਾ ਕੀਤਾ। ਟੂਰਨਾਮੈਂਟ ਜਿੱਤ ਕੇ ਜਦੋਂ ਉਹ ਵਤਨ ਪਰਤੇ ਤਾਂ ਉਨ੍ਹਾਂ ਦਾ ਹਰ ਕਦਮ ਫੁੱਲ ਪੱਤੀਆਂ ਨਾਲ ਢੱਕ ਲਿਆ ਗਿਆ । ਉਸ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਹਸਨ ਅਲੀ ਗੁਜਰਾਂਵਾਲਾ ਦੇ ਪਿੰਡ ਲੱਧੇ ਵਾਲਾ ਵੜੈਚ ਦਾ ਵਸਨੀਕ ਹੈ । ਦੇਸ਼ ਵੰਡ ਸਮੇਂ ਇਸ ਪਿੰਡ ਵਿੱਚ ਹਿੰਦੂਆਂ ਤੇ ਸਿੱਖਾਂ ਦੇ ਕਈ ਘਰ ਸਨ । **‘ਲੱਧੇ ਵਾਲਾ ਵੜੈਚ’ ਦੇਸ਼ ਵੰਡ ਦਾ ਦੁਖਾਂਤ ਪੇਸ਼ ਕਰਦੀ ‘ਮਹਿੰਦਰ ਸਿੰਘ ਸਰਨਾ’ ਦੀ ਰੌਂਗਟੇ ਖੜ੍ਹੇ ਕਰਨ ਵਾਲੀ ਕਹਾਣੀ ਹੈ ।** ਸੰਸਾਰ ਜਿੱਤ ਕੇ ਜਦੋਂ ਹਸਨ ਅਲੀ ਆਪਣੇ ਘਰ ਵੜਨ ਲੱਗਾ ਤਾਂ ਮੀਡੀਆ ਨੇ ਉਸ ਅੱਗੇ ਸਵਾਲਾਂ ਦੀ ਝੜੀ ਲਗਾ ਦਿੱਤੀ: ਇਹ ਮੁਕਾਮ ਕਿਵੇਂ ਹਾਸਲ ਹੋਇਆ, ਕਈ ਸਵਾਲਾਂ ਵਿੱਚੋਂ ਇਹ ਉੱਚੀ ਆਵਾਜ਼ ਸੀ । ਆਪਣੇ ਨਾਲ ਖੜ੍ਹੀ ਵੱਡੀ ਭੈਣ ਵੱਲ ਇਸ਼ਾਰਾ ਕਰਕੇ ਉਹ ਕਹਿੰਦਾ ਭੈਣਾਂ ਦੀਆਂ ਦੁਆਵਾਂ ਕਰਕੇ, ਵੱਡੀ ਭੈਣ ਮਾਂ ਵਰਗੀ; ਉਹ ਮੁਸਕਰਾਇਆ ਤੇ ਉਸ ਨੇ ਆਪਣਾ ਸਿਰ ਘਰ ਦੀ ਦੇਹਲੀ ’ਤੇ ਰੱਖ ਦਿੱਤਾ । ਭਾਰਤ ਤੇ ਭਾਰਤੀ ਖਿਡਾਰੀਆਂ ਬਾਰੇ ਟਿੱਪਣੀ ਕਰਨ ਤੇ ਮੀਡੀਆ ਵੱਲੋਂ ਉਕਸਾਉਣ ’ਤੇ ਵੀ ਉਹ ਇੱਕ ਵੀ ਸ਼ਬਦ ਵਿਰੋਧ ਵਿੱਚ ਨਹੀਂ ਬੋਲਿਆ । ਉਹ ਕਹਿੰਦਾ ਕਦੇ ਉਹ ਜਿੱਤ ਜਾਂਦੇ ਨੇ ਤੇ ਕਦੇ ਅਸੀਂ ਜਿੱਤ ਜਾਂਦੇ ਹਾਂ। ਉਸ ਸਮੇਂ ਉਸ ਦੇ ਘਰ ਦੇ ਬਾਹਰ ਲੋਕਾਂ ਦੀ ਵੱਡੀ ਭੀੜ ਸੀ, ਉਹ ਕੋਠੇ ਚੜ੍ਹਿਆ ਤੇ ਉਸ ਨੇ ਦੋਵੇਂ ਬਾਹਵਾਂ ਖੋਲ੍ਹੀਆਂ ਤੇ ਇੰਞ ਇਸ਼ਾਰਾ ਕੀਤਾ ਜਿਵੇਂ ਉਹ ਵਿਕਟ ਲੈਣ ਤੋਂ ਬਾਅਦ ਕਰਦਾ ਹੈ । ਮੁੰਡਿਆਂ ਨੂੰ ਸੰਬੋਧਨ ਹੁੰਦਿਆਂ ਉਹ ਇੱਕੋ ਵਾਕ ਬੋਲਿਆ, **‘ਮਿਹਨਤ ਕਰਿਓ, ਤੁਸੀਂ ਸੰਸਾਰ ਜਿੱਤ ਸਕਦੇ ਹੋ ।’**

**ਛੈਲ ਨਵਾਬਾਂ ਦੇ ਘਰ ਢੁੱਕਣਾ,**
**ਸਰਦਾਰਾਂ ਦੇ ਘਰ ਢੁੱਕਣਾ,**
**ਮੈਂ ਬਲਿਹਾਰੀ ਵੇ ਮਾਂ ਦਿਆ ਸੁਰਜਣਾ ।**
**ਸੋਹਣੇ ਤੇ ਚੀਰੇ ਵਾਲਿਆ ਵੇ,**
**ਚੀਰਾ ਕਲ਼ਗੀ ਦੇ ਨਾਲ ਸ਼ਿੰਗਾਰਿਆ ਈ ।**

ਲੋਰੀਆਂ, ਘੋੜੀਆਂ, ਮਾਹੀਆ, ਸੁਹਾਗ, ਲੋਕਧਾਰਾ ਦੇ ਹਰ ਰੂਪ ਵਿੱਚ ਮਨੁੱਖ ਨੂੰ ਅਥਾਹ ਲਾਡ-ਪਿਆਰ ਤੇ ਸਤਿਕਾਰ ਮਿਲਿਆ ਹੈ । ਨੌਜਵਾਨਾਂ ਨੂੰ ਇਸ ਮਾਣ-ਸਨਮਾਨ ਦਾ ਮੁੱਲ ਮੋੜਨਾ ਚਾਹੀਦਾ ਹੈ । ਕੋਈ ਗੱਭਰੂ ਲੋਕਧਾਰਾ ਦੇ ਇਨ੍ਹਾਂ ਬੋਲਾਂ ਨੂੰ ਗੁਣ-ਗੁਣਾਉਂਦਾ ਹੋਇਆ ਜ਼ਿੰਦਗੀ ਦੀ ਸਟੇਜ ਤੋਂ ਲੰਘ ਜਾਵੇ ਇਸ ਲੇਖ ਦਾ ਇਹੋ ਉਦੇਸ਼ ਹੈ ।

**ਸੰਪਰਕ : 98158-00405**

**(ਰੋਜ਼ਾਨਾ ਪੰ: ਟ੍ਰਿ: 09-07-2017 ’ਚੋਂ ਧੰਨਵਾਦ ਸਹਿਤ !)**

# ਪਰਿਵਾਰਕ ਤੰਦਾਂ ਨੂੰ ਜੋੜਨ ਵਾਲੀਆਂ
# ਸਾਡੀਆਂ ਲੋਕ ਖੇਡਾਂ

**-ਡਾ: ਰਾਜਵੰਤ ਕੌਰ**

ਆਨਲਾਈਨ ਰਹਿਣ ਤੇ ਕੰਪਿਊਟਰ ਨਾਲ ਜੁੜੇ ਰਹਿਣ ਵਾਲੀ ਮਸਰੂਫੀਅਤ ਦੇ ਯੁੱਗ ਵਿੱਚ ਕੁਝ ਗੱਲਾਂ ਸਾਂਝੀਆਂ ਕਰਨ ਲੱਗੀ ਹਾਂ । ਸ਼ਾਇਦ ਸ਼ੁਰੂ ਵਿੱਚ ਤੁਹਾਨੂੰ ਗੱਲ ਨਾ ਜਚੇ ਪਰੰਤੂ ਮੈਨੂੰ ਪੂਰਾ ਵਿਸ਼ਵਾਸ ਹੈ ਕਿ ਗੱਲ ਖ਼ਤਮ ਹੋਣ ਤਕ ਤੁਸੀਂ ਮੇਰੇ ਨਾਲ ਸਹਿਮਤ ਹੋ ਜਾਓਗੇ । ਅੱਜ ਸਾਂਝੇ ਪਰਿਵਾਰ ਲਗਭਗ ਇਕਹਿਰੇ ਪਰਿਵਾਰਾਂ ਦਾ ਰੂਪ ਲੈ ਚੁੱਕੇ ਹਨ । ਕਿਸੇ ਕੋਲ, ਕਿਸੇ ਨੂੰ ਦੇਣ ਲਈ ਸਮਾਂ ਨਹੀਂ ਤੇ ਇਸ ਗੱਲ ਦੀ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਸ਼ਿਕਾਇਤ ਵੀ ਹੈ । ਇਸੇ ਤਰ੍ਹਾਂ ਬੱਚਿਆਂ ਕੋਲ ਸਕੂਲ ਦਾ ਕੰਮ ਕਰਨ ਦਾ ਸਮਾਂ ਨਹੀਂ, ਪਰੰਤੂ ਆਨਲਾਈਨ ਖੇਡਾਂ ਖੇਡਣ ਲਈ ਸਮਾਂ ਹੈ । ਜੇ ਉਹ ਖੇਡਦੇ ਹੋਏ ਹਾਰ ਜਾਂਦੇ ਹਨ ਤਾਂ ਮਾਵਾਂ ਨਾਲ ਆਨੇ-ਬਹਾਨੇ ਨਾਰਾਜ਼ ਹੁੰਦੇ ਹਨ । ਖਾਣਾ-ਪੀਣਾ ਵਿਸਾਰ ਦਿੰਦੇ ਹਨ। ਕੰਪਿਊਟਰ, ਟੀ.ਵੀ., ਮੋਬਾਇਲ ਵਿੱਚ ਏਨਾ ਮਸਤ ਹੋ ਜਾਂਦੇ ਹਨ ਕਿ ਮਾਪਿਆਂ ਨੂੰ ਅਣਡਿੱਠ ਤੇ ਅਣਗੌਲਿਆਂ ਕਰਨ ਲੱਗ ਜਾਂਦੇ ਹਨ । ਭਾਵੇਂ ਅਸੀਂ ਸਭ ਕੁਝ ਨੂੰ ਚੰਗਾ ਨਹੀਂ ਸਮਝਦੇ ਪਰੰਤੂ ਹੈ ਇਹ ਸੋਲ੍ਹਾਂ ਆਨੇ ਸੱਚ । ਸਾਡੇ ਬੱਚਿਆਂ ਕੋਲ ਬੇਸ਼ੁਮਾਰ ਆਨਲਾਈਨ ਸੇਵਾਵਾਂ ਖ਼ਾਸਕਰ ਖੇਡਾਂ ਦੀ ਗ਼ੈਰ-ਜ਼ਰੂਰੀ ਸਹੂਲਤ ਹੈ । ਮੇਰੀ ਆਸ਼ਾ ਇਨ੍ਹਾਂ ਖੇਡਾਂ ਦੀ ਮੁਖ਼ਾਲਫ਼ਤ ਕਰਨਾ ਨਹੀਂ ਕਿਉਂਕਿ ਇਨ੍ਹਾਂ ਦੀ ਬੱਚਿਆਂ ਨੂੰ ਰੁਝਾਉਣ ਵਿੱਚ ਕੁਝ ਨਾ ਕੁਝ ਭੂਮਿਕਾ ਜ਼ਰੂਰ ਹੈ । ਭਾਵੇਂ ਬਹੁਤੀਆਂ ਆਨਲਾਈਨ ਖੇਡਾਂ ਬੱਚਿਆਂ ਦੇ ਮਨੋਰੰਜਨ ਲਈ ਬਣੀਆਂ ਹਨ ਤੇ ਕੁਝ ਸਮੇਂ ਬਾਅਦ ਕੁਝ ਬੱਚੇ ਇਨ੍ਹਾਂ ਤੋਂ ਅੱਕ ਵੀ ਜਾਂਦੇ ਹਨ; ਪਰੰਤੂ ਕੁਝ ਬਹੁਤ ਜ਼ਿਆਦਾ ਸਮਾਂ ਦੇਣ ਲੱਗ ਜਾਂਦੇ ਹਨ । ਨਤੀਜਾ—ਘਰਾਂ ਦੀ ਸਥਿਤੀ ਵਿਗੜਨ ਲੱਗਦੀ ਹੈ, ਮਾਪੇ ਘਬਰਾ ਜਾਂਦੇ ਹਨ ਕਿ ਉਹ ਬੱਚਿਆਂ ਨੂੰ ਕਿਵੇਂ ਵਰਜਣ ? ਜੇ ਤੁਹਾਡੇ ਪਰਿਵਾਰ ਵਿੱਚ ਅਜਿਹੀ ਸਥਿਤੀ ਹੈ ਤਾਂ ਉਸ ਵਿੱਚੋਂ ਨਿਕਲਣ ਲਈ ਕੁਝ ਕਰਨਾ ਬਣਦਾ ਹੈ ।

ਹੁਣ ਦੇਖਣਾ ਹੈ ਕਿ ਕੀ ਕਰਨਾ ਬਣਦਾ ਹੈ । ਸਿਆਣੇ ਕਹਿੰਦੇ ਨੇ ਉੱਦਮ ਅੱਗੇ ਲੱਛਮੀ ਤੇ ਪੱਖੇ ਅੱਗੇ ਪੌਣ । ਅਜਿਹੀ ਸਥਿਤੀ ਵਿੱਚੋਂ ਨਿਕਲਣ ਲਈ ਸਿਰਫ਼ ਤੇ ਸਿਰਫ਼ ਤੁਹਾਨੂੰ ਇਕ ਪਹਿਲ-ਕਦਮੀ ਕਰਨੀ ਪਵੇਗੀ । ਕੁਝ ਦਿਮਾਗ਼ ਵਰਤਣਾ ਪਏਗਾ, ਕੁਝ ਸਮਾਂ ਕੱਢਣਾ ਪਏਗਾ ਅਤੇ ਕੁਝ ਹੱਥ-ਪੈਰ ਮਾਰਨੇ ਪੈਣਗੇ । ਹੁਣ ਤੁਸੀਂ ਪੁੱਛ ਸਕਦੇ ਹੋ ਕਿ ਕਾਹਦੇ ਲਈ ਤੇ ਕਿਵੇਂ ? ਤਾਂ ਜਵਾਬ ਹੋਵੇਗਾ ਕਿ ਆਪਣੇ ਤੇ ਪਰਿਵਾਰ ਦੇ ਸੁਰੱਖਿਅਤ ਭਵਿੱਖ ਲਈ ਜਿੱਥੇ ਤੁਹਾਡੇ ਵੱਲੋਂ ਦਿਨ ਦੇ ਚੌਵੀ ਘੰਟਿਆਂ ਵਿੱਚੋਂ ਘੱਟੋ-ਘੱਟ ਅੱਧਾ ਘੰਟਾ ਜਾਂ ਹਫ਼ਤੇ ਦੇ ਸਮੇਂ ਵਿੱਚੋਂ ਕੁਝ ਸਮਾਂ ਬੱਚਿਆਂ ਨੂੰ ਦੇਣਾ ਲਾਜ਼ਮੀ ਬਣਦਾ ਹੈ ਤਾਂ ਉੱਥੇ ਕੁਝ



ਸਮਾਂ ਬਜ਼ੁਰਗਾਂ ਨੂੰ ਦੇਣਾ ਵੀ ਲਾਜ਼ਮੀ ਬਣਦਾ ਹੈ । ਇਹ ਸਮਾਂ ਨਾ ਕੱਢਣ ਦੀ ਰੁਚੀ ਅਧੀਨ ਅਨੇਕ ਬਹਾਨੇ ਘੜੇ ਜਾ ਸਕਦੇ ਹਨ; ਪਰ, ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਫਿਰ ਅੰਜਾਮ ਉਹੀ ਨਿਕਲਦਾ ਹੈ ਜਿਸ ਤੋਂ ਆਪਾਂ ਸਾਰੇ ਅਗਾਊਂ ਖ਼ੌਫ਼ਜ਼ਦਾ ਹੁੰਦੇ ਹਾਂ ।

ਸੋਚਣਾ ਬਣਦਾ ਹੈ ਕਿ ਅਜਿਹੀ ਚਿੰਤਾਜਨਕ ਸਥਿਤੀ ਵਿੱਚ ਕੀ ਕੀਤਾ ਜਾਵੇ ? ਰੋਜ਼ਾਨਾ ਨਹੀਂ ਤਾਂ ਹਫ਼ਤੇ ਦੇ ਛੇ ਦਿਨਾਂ ਨੂੰ ਛੱਡ ਕੇ ਐਤਵਾਰ ਨੂੰ ਕੁਝ ਸਮਾਂ ਕੱਢ ਕੇ ਬੇਹਤਰੀਨ ਤਰੀਕੇ ਨਾਲ ਬਿਤਾਇਆ ਜਾ ਸਕਦਾ ਹੈ । ਇਹ ਸਮਾਂ ਕੱਢਣਾ ਹੈ ਵਿਰਾਸਤੀ ਖੇਡਾਂ ਲਈ, ਕਿਉਂਕਿ ਅਸੀਂ ਵਰਜਿਸ਼ ਵਾਲੇ ਕੰਮ ਕਰਨੇ ਬਿਲਕੁਲ ਛੱਡ ਦਿੱਤੇ ਹਨ ਜੋ ਸਰੀਰ ਨੂੰ ਤੰਦਰੁਸਤ ਰੱਖਣ ਤੇ ਬਿਮਾਰੀਆਂ ਤੋਂ ਬਚੇ ਰਹਿਣ ਲਈ ਅਤਿ ਜ਼ਰੂਰੀ ਹਨ। ਵਿਰਾਸਤੀ ਖੇਡਾਂ ਆਮ ਤੌਰ 'ਤੇ ਖੇਡਣੀਆਂ ਸੌਖੀਆਂ ਹੁੰਦੀਆਂ ਹਨ । ਇਨ੍ਹਾਂ ਦਾ ਅਧਾਰ ਸਰੀਰ ਦੀ ਕੁਦਰਤੀ ਹਿਲਜੁਲ ਬਣਦੀ ਹੈ; ਜਿਵੇਂ ਦੌੜਣਾ, ਕੁੱਦਣਾ, ਨੱਚਣਾ-ਟੱਪਣਾ ਜਾਂ ਤੇਜ਼, ਮਜ਼ਬੂਤ ਤੇ ਲਚਕਦਾਰ ਬਣਨਾ ਜਾਂ ਕਿਸੇ ਚੀਜ਼/ਵਿਅਕਤੀ ਨੂੰ ਗੇਂਦ, ਧੱਫਾ, ਕੋਟਲਾ ਜਾਂ ਕੋਈ ਹੋਰ ਵਸਤੂ ਮਾਰਨਾ । ਇਸ ਪਰਿਪੇਖ ਵਿੱਚ ਵਿਰਾਸਤੀ ਖੇਡਾਂ ਲੋਕ-ਖਿਡਾਰੀਆਂ ਦਾ ਸਰੀਰਕ ਤੇ ਮਾਨਸਿਕ ਵਿਕਾਸ ਕਰਦੀਆਂ ਹਨ ।

ਜੇ ਤੁਸੀਂ ਲੋਕ-ਖੇਡਾਂ ਨੂੰ ਅਣਡਿੱਠ ਨਹੀਂ ਕੀਤਾ ਤਾਂ ਉਨ੍ਹਾਂ 'ਤੇ ਨਜ਼ਰਸਾਨੀ ਜ਼ਰੂਰ ਕਰਿਓ । ਜੇ ਪਰਿਵਾਰ ਦੇ ਕਿਸੇ ਮੈਂਬਰ ਕੋਲ ਇਹ ਸਮਾਂ ਕੱਢਣ ਦੀ ਵਿਹਲ ਨਹੀਂ ਤਾਂ ਉਸ ਦੀ ਮਦਦ ਕਰਨ ਦੀ ਕੋਸ਼ਿਸ਼ ਕਰਿਓ, ਤਾਂ ਕਿ ਉਹ ਤੁਹਾਡੇ ਲਈ ਤੇ ਖ਼ੁਦ ਆਪਣੇ ਲਈ ਇਹ ਸਮਾਂ ਕੱਢ ਸਕੇ । ਬਿਲਕੁਲ ਉਸੇ ਤਰ੍ਹਾਂ ਜਿਵੇਂ ਆਮ ਪਰਿਵਾਰਾਂ ਵਿੱਚ ਕਿਸੇ ਪਸੰਦੀ ਦੇ ਭੋਜਨ ਦੀ ਪਰੰਪਰਾ ਹੁੰਦੀ ਹੈ, ਜਿਸ ਨੂੰ ਕੁਝ ਵਕਫ਼ੇ ਬਾਅਦ ਦੁਹਰਾਇਆ ਜਾਂਦਾ ਹੈ । ਬਿਲਕੁਲ ਉਸੇ ਤਰ੍ਹਾਂ ਜਿਵੇਂ ਰੋਜ਼ਾਨਾ ਦੇ ਕਾਰ-ਵਿਹਾਰ ਤੋਂ ਅੱਕ-ਥੱਕ ਕੇ ਕਦੇ ਨਾ ਕਦੇ ਮੇਲੇ ਜਾਣ ਲਈ ਸਮਾਂ ਕੱਢਿਆ ਜਾਂਦਾ ਹੈ ਜਾਂ ਪਰਿਵਾਰ ਸਮੇਤ ਫ਼ਿਲਮ ਵੇਖਣ ਜਾਇਆ ਜਾਂਦਾ ਹੈ । ਹਾਂ, ਬਿਲਕੁਲ ਉਸੇ ਤਰ੍ਹਾਂ ਜਿਵੇਂ ਭਰ ਸਰਦੀ ਵਿੱਚ ਲੋਹੜੀ ਦੀ ਰਾਤ ਪਰਿਵਾਰ ਸਮੇਤ ਅੱਗ ਦੁਆਲੇ ਬੈਠ ਕੇ ਅਰਾਮ ਤੇ ਸਕੂਨ ਮਹਿਸੂਸ ਕੀਤਾ ਜਾਂਦਾ ਹੈ । ਇਕ ਹੋਰ ਨੁਕਤਾ ਸਾਂਝਾ ਕਰਨਾ ਜ਼ਰੂਰੀ ਹੈ । ਸਾਰੇ ਪਰਿਵਾਰ ਲਈ ਮਨੋਰੰਜਨ ਵਾਸਤੇ ਸਮਾਂ ਕੱਢਣ ਵੇਲੇ ਨਾਨੀ-ਨਾਨਾ ਜਾਂ ਦਾਦੀ-ਦਾਦਾ ਨੂੰ ਸੱਦਾ ਦੇਣਾ ਨਹੀਂ ਭੁੱਲਣਾ । ਘੱਟੋ-ਘੱਟ ਉਦੋਂ ਜ਼ਰੂਰ ਜਦੋਂ ਉਹ ਤੁਹਾਡੇ ਕੋਲ ਰਹਿੰਦੇ ਹੋਣ ਜਾਂ ਤੁਹਾਨੂੰ ਮਿਲਣ ਆਏ ਹੋਣ । ਅਜਿਹੇ ਵੇਲੇ ਹੋਰ ਸੰਬੰਧੀਆਂ ਅਤੇ ਦੋਸਤਾਂ-ਮਿੱਤਰਾਂ ਨੂੰ ਵੀ ਆਪਣੇ ਨਾਲ ਸ਼ਾਮਲ ਕਰ ਲਿਆ ਜਾਵੇ ਤਾਂ ਹੋਰ ਵੀ ਚੰਗਾ ਹੈ ।

ਇੱਥੋਂ ਤਕ ਪੁੱਜ ਕੇ ਏਨੀ ਗੱਲ ਤੁਹਾਨੂੰ ਸਪੱਸ਼ਟ ਹੋ ਗਈ ਹੋਵੇਗੀ ਕਿ ਅਸੀਂ ਹਫ਼ਤੇ ਵਿੱਚ ਘੱਟੋ-ਘੱਟ ਅੱਧਾ ਘੰਟਾ ਕੱਢਣਾ ਹੈ ਅਤੇ ਇਹ ਸਮਾਂ ਕੱਢਣਾ ਹੈ ਲੋਕ-ਖੇਡਾਂ ਲਈ; ਕਿਉਂਕਿ ਇਹ ਬੱਚਿਆਂ, ਪਰਿਵਾਰ ਅਤੇ ਸਮਾਜ ਦੀ ਕਈ ਤਰੀਕਿਆਂ ਨਾਲ ਮਦਦ ਕਰਦੀਆਂ ਹਨ । ਖੇਡਣ ਲਈ ਸਿਰਫ਼ ਸਰੀਰਕ

ਗਤੀਸ਼ੀਲਤਾ ਵਾਲੀਆਂ ਖੇਡਾਂ ਨੂੰ ਹੀ ਨਹੀਂ ਸਗੋਂ ਜ਼ਰੂਰਤ ਪੈਣ 'ਤੇ ਕੈਰਮ, ਲੁੱਡੋ ਤੇ ਚੈੱਸ ਵਰਗੀਆਂ ਬੋਰਡ ਖੇਡਾਂ ਅਤੇ ਤਾਸ਼ ਦੇ ਪੱਤਿਆਂ ਦੀਆਂ ਖੇਡਾਂ ਤੋਂ ਇਲਾਵਾ ਸ਼ਬਦ ਸਿਰਜਣਾ ਜਾਂ ਅੰਤਾਕਸ਼ਰੀ ਆਦਿ ਨੂੰ ਵੀ ਵਿਚਾਰਿਆ ਜਾ ਸਕਦਾ ਹੈ; ਪਰੰਤੂ ਇਸ ਮਕਸਦ ਲਈ ਕੰਪਿਊਟਰ ਜਾਂ ਉੱਚ-ਤਕਨੀਕੀ ਯੰਤਰਾਂ ਦੀ ਵਰਤੋਂ ਨਹੀਂ ਕਰਨੀ ।

ਹੁਣ ਕਿਆਸ ਕਰੋ ਕਿ ਐਤਵਾਰ ਦਾ ਦਿਨ ਹੈ । ਸਾਰੇ ਮੈਂਬਰ ਇਕੱਠੇ ਹੋ ਗਏ ਹਨ ਤੇ ਹੁਣ ਕੋਈ ਪਰੰਪਰਕ ਖੇਡ ਖੇਡਣੀ ਹੈ । ਇੱਥੇ ਫਿਰ ਇਕ ਮਸਲਾ ਖੜ੍ਹਾ ਹੋ ਗਿਐ । ਉਹ ਇਹ ਕਿ ਸਾਡੇ ਸਮੂਹ ਵਿੱਚ ਤਾਂ ਬੱਚੇ ਵੀ ਸ਼ਾਮਲ ਹਨ, ਜਵਾਨ ਵੀ ਅਤੇ ਸਾਡੇ ਬਜ਼ੁਰਗ ਵੀ, ਤਾਂ ਫਿਰ ਸਾਨੂੰ ਕਿਹੜੀ ਲੋਕ-ਖੇਡ ਖੇਡਣ ਵੱਲ ਵਧੇਰੇ ਤਵੱਜੋ ਦੇਣੀ ਬਣਦੀ ਹੈ । ਕੁਝ ਮਸ਼ਵਰੇ ਹਨ । ਪਹਿਲਾ ਇਹ ਕਿ ਅਸੀਂ ਉਹ ਖੇਡ ਖੇਡਣੀ ਸ਼ੁਰੂ ਕਰੀਏ ਜੋ ਸਮੂਹ ਵਿੱਚ ਸ਼ਾਮਲ '**ਘੱਟ ਉਮਰ ਜੁੱਟ**' ਲਈ ਹੋਵੇ । ਕਾਰਨ ਇਹ ਕਿ ਅਸੀਂ ਬੱਚਿਆਂ ਨਾਲ ਬੱਚੇ ਬਣ ਸਕਦੇ ਹਾਂ, ਕਿਉਂਕਿ ਅਸੀਂ ਬਚਪਨ ਹੰਢਾ ਚੁੱਕੇ ਹਾਂ ਤੇ ਬੱਚੇ ਅਜੇ ਬੱਚੇ ਹਨ । ਉਨ੍ਹਾਂ ਦੇ ਤਨ-ਮਨ ਨੇ ਅਜੇ ਓਨਾ ਅਨੁਭਵ ਹਾਸਲ ਨਹੀਂ ਕੀਤਾ । ਹਾਂ, ਇਕ ਗੱਲ ਹੋਰ ਕਿ ਅਸੀਂ ਵੀ ਉਨ੍ਹਾਂ ਨਾਲ ਬੱਚੇ ਬਣ ਜਾਵਾਂਗੇ ਤਾਂ ਉਹ ਬਹੁਤ ਖ਼ੁਸ਼ ਹੋਣਗੇ ਤੇ ਅਸੀਂ ਵੀ ਆਪਣੇ ਝਮੇਲਿਆਂ ਤੋਂ ਕੁਝ ਸਮੇਂ ਲਈ ਨਿਜਾਤ ਜ਼ਰੂਰ ਪਾ ਲਵਾਂਗੇ । ਦੂਜਾ, ਅਸੀਂ ਉਨ੍ਹਾਂ ਖੇਡਾਂ ਵਿੱਚੋਂ ਵੀ ਇਕ ਖੇਡ ਚੁਣ ਸਕਦੇ ਹਾਂ ਜੋ ਇੱਕੋ ਵੇਲੇ ਭਿੰਨ-ਭਿੰਨ ਉਮਰਾਂ ਵਾਲਿਆਂ ਨੂੰ ਇਕੱਠੇ ਖੇਡਣ ਲਈ ਢੁਕਦੀ ਹੋਵੇ; ਜਿਵੇਂ ਲੁਕਣ-ਮੀਟੀ । ਬੱਚਿਆਂ ਲਈ ਕੁਝ ਨਵਾਂ ਤੇ ਹੋਰ ਮਨੋਰੰਜਨ ਸ਼ਾਮਲ ਕਰਕੇ ਇਨ੍ਹਾਂ ਖੇਡਾਂ ਦਾ ਪ੍ਰਸਾਰ ਵੀ ਕੀਤਾ ਜਾ ਸਕਦਾ ਹੈ । ਅਜਿਹੇ ਵੇਲੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਮੂਹ ਦਾ ਹਰ ਮੈਂਬਰ ਉਸ ਖੇਡ ਦੀ ਨੀਤੀ ਅਤੇ ਉਦੇਸ਼ਾਂ ਨੂੰ ਸਮਝਦਾ-ਬੁੱਝਦਾ ਹੋਵੇ ਜੋ ਆਪਾਂ ਖੇਡਣ ਲੱਗੇ ਹਾਂ । ਸਭ ਨੂੰ ਇਹ ਵੀ ਪਹਿਲਾਂ ਹੀ ਸਮਝਾ ਦਿਉ ਕਿ ਆਪਾ ਖੇਡ ਦਾ ਖੇਡ ਵਾਂਗ ਆਨੰਦ ਮਾਣਨਾ ਹੈ ਤੇ ਖੇਡ ਨੂੰ ਨਿਯਮਾਂ ਅਨੁਸਾਰ ਖੇਡਣਾ ਹੈ । ਇਸਦੇ ਨਾਲ ਹੀ ਆਪਣੇ ਸਮੂਹ ਦੇ ਸਾਰੇ ਸਾਥੀਆਂ ਦਾ ਸਤਿਕਾਰ ਕਰਨਾ ਹੈ ਅਤੇ ਖੇਡ ਦੇ ਨਤੀਜੇ ਨੂੰ ਖ਼ੁਸ਼ੀ-ਖ਼ੁਸ਼ੀ ਸਵੀਕਾਰਨਾ ਹੈ । ਕਹਿਣ ਤੋਂ ਭਾਵ ਹੈ ਕਿ ਅਸੀਂ ਸਿਰਫ਼ ਮਨੋਰੰਜਨ ਲਈ ਖੇਡਣਾ ਹੈ । ਸ਼ਾਇਦ ਤੁਹਾਡਾ ਕਦੇ ਇਸ ਪਾਸੇ ਖ਼ਿਆਲ ਨਾ ਗਿਆ ਹੋਵੇ ਕਿ ਸਿਰਫ਼ ਮਨੋਰੰਜਨ ਲਈ ਖੇਡਦੇ ਹੋਏ ਵੀ ਅਸੀਂ ਸਰੀਰਕ ਕਸਰਤ ਦੇ ਨਾਲ-ਨਾਲ ਸਮਾਜਿਕ ਭਾਈਚਾਰੇ ਵਿੱਚ ਸਹਿਯੋਗ ਤੇ ਏਕਤਾ ਦੀਆਂ ਭਾਵਨਾਵਾਂ ਨੂੰ ਹੱਲਾਸ਼ੇਰੀ ਦੇ ਰਹੇ ਹੁੰਦੇ ਹਾਂ । ਇਸ ਸਰਗਰਮੀ ਰਾਹੀਂ ਅਸੀਂ ਉਮਰ, ਧਰਮ ਜਾਂ ਜਾਤ ਦੇ ਵਖਰੇਵੇਂ ਭੁਲਾ ਕੇ ਸਮੁੱਚੀ ਮਾਨਵਤਾ ਨੂੰ ਇਕ ਸੂਤਰ ਵਿੱਚ ਵੀ ਪ੍ਰੋਅ ਰਹੇ ਹੁੰਦੇ ਹਾਂ । ਏਦਾਂ ਅਸੀਂ ਆਪਣੀ ਜੀਵਨ-ਸ਼ੈਲੀ ਨਿਖ਼ਾਰ ਰਹੇ ਹੁੰਦੇ ਹਾਂ, ਕਿਉਂਕਿ ਇਹ ਖੇਡਾਂ ਅਖ਼ੀਰ 'ਤੇ ਅਸਫਲ ਜਾਂ ਅਯੋਗ ਹੋਣ 'ਤੇ ਵੀ ਨਮੋਸ਼ੀ ਪੈਦਾ ਨਹੀਂ ਕਰਦੀਆਂ ਸਗੋਂ ਚੁਣੌਤੀ ਭਰਪੂਰ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਦੱਸਦੀਆਂ ਹਨ ।



ਅੱਜ ਬੱਚਿਆਂ ਦਾ ਬਹੁਤ ਸਮਾਂ ਪੜ੍ਹਾਈ, ਹੋਮ ਵਰਕ ਜਾਂ ਟਿਊਸ਼ਨ ਲੈ ਰਹੀ ਹੈ । ਫਿਰ ਵੀ ਬੱਚੇ ਫੇਲ੍ਹ ਹੋ ਰਹੇ ਹਨ । ਆਤਮ-ਹੱਤਿਆ ਕਰ ਰਹੇ ਹਨ। ਇਹ ਚਿੰਤਾ ਦਾ ਵਿਸ਼ਾ ਹੈ । ਕਾਰਨ ਕੁਝ ਹੋਰ ਨਹੀਂ । ਅਸੀਂ ਬੱਚਿਆਂ ਦੇ ਸਰਬਰਾਹ ਹੁੰਦੇ ਹੋਏ, ਘਰ ਵਿੱਚ ਰਹਿੰਦੇ ਹੋਏ ਵੀ ਨਿੱਜੀ ਤੌਰ 'ਤੇ ਬੱਚਿਆਂ ਨਾਲੋਂ ਨਾਤਾ ਤੋੜ ਜਿਹਾ ਲਿਆ ਹੈ । ਜ਼ਿੰਦਗੀ ਜਿਊਣ ਦਾ ਤਰੀਕਾ ਤਾਂ ਉਨ੍ਹਾਂ ਸਾਡੇ ਕੋਲੋਂ ਸਿੱਖਣਾ ਹੈ ਅਤੇ ਸਾਡੇ ਬਜ਼ੁਰਗਾਂ ਕੋਲੋਂ । ਸਾਡੀਆਂ ਗਤੀਵਿਧੀਆਂ ਰਾਹੀਂ ਵੀ ਉਨ੍ਹਾਂ ਬਹੁਤ ਕੁਝ ਸਿੱਖਣਾ ਹੈ । ਸੋ, ਸਮੇਂ ਦੀ ਪੁਰਜ਼ੋਰ ਮੰਗ ਹੈ ਕਿ ਅਸੀਂ ਕਿਵੇਂ ਨਾ ਕਿਵੇਂ ਉਨ੍ਹਾਂ ਨੂੰ ਸਮਾਂ ਦੇਈਏ । ਭਾਵੇਂ ਥੋੜ੍ਹਾ ਹੀ ਪਰ ਦੇਈਏ ਜ਼ਰੂਰ । ਲੋਕ-ਖੇਡਾਂ ਨੂੰ ਸਮਾਂ ਦੇਣ ਨਾਲ ਧੀਰਜ, ਸਬਰ, ਸੰਤੋਖ, ਸੰਜਮ, ਧਿਆਨ/ਇਕਾਗਰਤਾ, ਜ਼ਿੰਮੇਵਾਰੀ ਓਟਣ, ਹਰ ਕਿਸੇ ਦਾ ਸਤਿਕਾਰ ਕਰਨ, ਚਿੰਤਾਮੁਕਤ ਰਹਿਣ ਅਤੇ ਵਾਰੀ ਲੈਣ ਤੇ ਦੇਣ ਜਿਹੇ ਅਨੇਕ ਗੁਣ ਸਹਿਜੇ ਹੀ ਉਨ੍ਹਾਂ ਦੇ ਆਚਰਨ ਦਾ ਹਿੱਸਾ ਬਣ ਜਾਣਗੇ । ਬੱਚੇ ਤੁਹਾਡੇ ਨਾਲ ਰਾਬਤਾ ਵੀ ਬਣਾਈ ਰੱਖਣਗੇ ਤੇ ਪੜ੍ਹਾਈ ਵੀ ਵਧੀਆ ਕਰਨਗੇ। ਉਨ੍ਹਾਂ ਦੇ ਹੁਨਰ ਦਾ ਵੀ ਵਿਕਾਸ ਹੋਵੇਗਾ । ਆਪਣੇ ਮਨੋਰੰਜਨ ਲਈ ਉਹ ਗ਼ਲਤ ਸਾਥੀਆਂ ਦੀ ਸੰਗਤ ਵਿੱਚ ਵੀ ਨਹੀਂ ਪੈਣਗੇ । ਆਖ਼ਰੀ ਗੱਲ ਕਿ ਜ਼ਿੰਦਗੀ ਵਿੱਚ ਕਦੇ ਨਿਰਾਸ਼ਾ ਦਾ ਪੱਲਾ ਫੜ ਕੇ ਆਤਮਘਾਤ ਨਹੀਂ ਕਰਨਗੇ ।

ਆਓ, ਵਿਰਾਸਤੀ ਖੇਡਾਂ ਵੱਲ ਆਪਣੀ ਦਿਲਚਸਪੀ ਤੇ ਉਤਸ਼ਾਹ ਦਿਖਾ ਕੇ ਆਪਣੇ ਬੱਚਿਆਂ ਲਈ ਰੋਲ ਮਾਡਲ ਬਣੀਏ ਕਿਉਂਕਿ ਇਹ ਜੀਵਨ ਦੇ ਸਬਕ ਸਿਖਾਉਣ ਦਾ ਸਹਿਜ ਤੇ ਉੱਤਮ ਤਰੀਕਾ ਹਨ । ਪੂਰੇ ਵਿਸ਼ਵਾਸ ਨਾਲ ਕਿਹਾ ਜਾ ਸਕਦਾ ਹੈ ਕਿ ਏਦਾਂ ਬੱਚਿਆਂ ਤੇ ਬਜ਼ੁਰਗਾਂ ਨਾਲ ਬਿਤਾਇਆ ਸਮਾਂ ਹੀ ਵਧੀਆ ਤੇ ਸਾਰਥਿਕ ਤਰੀਕੇ ਨਾਲ ਬਿਤਾਇਆ ਸਮਾਂ ਹੈ । ਬੱਚਿਆਂ ਦੇ ਜੀਵਨ ਨੂੰ ਦਿੱਤੇ ਅੱਜ ਦੇ ਅਨਮੋਲ ਪਲ ਉਨ੍ਹਾਂ ਦੇ ਸਮੁੱਚੇ ਜੀਵਨ ਤੇ ਤੁਹਾਡੇ ਭਵਿੱਖ ਦੇ ਅਨਮੋਲ ਪਲ ਹੋ ਨਿੱਬੜਨਗੇ ।

-ਅਸਿਟੈਂਟ ਪ੍ਰੋਫ਼ੈਸਰ, ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ ।

**(ਰੋਜ਼ਾਨਾ ਅਜੀਤ 02-07-2017 'ਚੋਂ ਧੰਨਵਾਦ ਸਹਿਤ !)**

•❋••❋•

# ਪੰਜਾਬੀ ਸੱਭਿਅਤਾ ਉੱਤੇ ਮੰਡਰਾ ਰਿਹਾ ਖ਼ਤਰਾ

**-ਡਾ: ਹਰਸ਼ਿੰਦਰ ਕੌਰ**

ਖ਼ਤਮ ਹੋ ਚੁੱਕੀਆਂ ਕੁਝ ਸੱਭਿਅਤਾਵਾਂ ਵੱਲ ਝਾਤ ਮਾਰੀਏ ਤਾਂ ਬਹੁਤ ਕੁਝ ਪਤਾ ਲੱਗਦਾ ਹੈ । ਨਾਲ ਹੀ ਇਹ ਜਾਣਕਾਰੀ ਮਿਲਦੀ ਹੈ ਕਿ ਉਨ੍ਹਾਂ ਦਾ ਅੰਤ ਕਿਉਂ ਤੇ ਕਿਵੇਂ ਹੋਇਆ । ਪਹਿਲਾਂ ਗੱਲ ਕਰੀਏ ਮਾਇਆ ਸੱਭਿਅਤਾ ਦੀ । ਮੈਕਸਿਕੋ ਤੋਂ ਗੁਟਮਲਾ ਤਕ ਫੈਲੇ ਕਮਾਲ ਦੇ ਪੱਕੇ ਪਿਰਾਮਿਡ ਬਣਾਉਣ ਵਾਲੇ, ਉਸ ਸਮੇਂ ਤੇ ਹਿਸਾਬ ਦੇ ਚੋਟੀ ਦੇ ਮਾਹਰ, ਲਿਖਾਰੀ, ਕੈਲੰਡਰ ਬਣਾਉਣ ਵਿੱਚ ਮਾਹਰ, ਪੌੜੀਦਾਰ ਫਾਰਮ ਬਣਾਉਣ ਵਿੱਚ ਕਮਾਲ ਕਰਨ ਵਾਲੇ, ਸਲੀਕੇ ਨਾਲ ਰਹਿਣ-ਸਹਿਣ ਵਾਲੇ ਅਤੇ ਆਪਣੀ ਮਾਤ-ਭਾਸ਼ਾ ਨੂੰ ਪਿਆਰ ਕਰਨ ਵਾਲੇ ਆਖ਼ਿਰ ਸਾਲ ੯੦੦ ਵਿੱਚ ਪੂਰੀ ਤਰ੍ਹਾਂ ਖਿੰਡ-ਪੁੰਡ ਕਿਉਂ ਗਏ? ਉਸ ਸਮੇਂ ਦੀਆਂ ਲਿਖਤਾਂ ਮੌਜੂਦ ਹਨ ਕਿਉਂਕਿ ਉਸ ਸਮੇਂ ਲੋਕ ਲਿਖਣ ਦਾ ਸ਼ੌਕ ਰੱਖਦੇ ਸਨ । ਗਜ਼ਬ ਦੀ ਗੱਲ ਇਹ ਹੈ ਕਿ ਉਨ੍ਹਾਂ ਦੀ ਬੋਲੀ ਹਾਲੇ ਤਕ ਕਿਤੇ ਨਾ ਕਿਤੇ ਬੋਲੀ ਜਾ ਰਹੀ ਹੈ ਜਿਸ ਸਦਕਾ ਉਨ੍ਹਾਂ ਬਾਰੇ ਕੁਝ ਕੁ ਚਾਨਣਾ ਹਾਲੇ ਤਕ ਪਾਇਆ ਜਾ ਸਕਦਾ ਹੈ । ਜੋ ਸੱਭਿਅਤਾ ਦੇ ਮਰ ਮੁੱਕ ਜਾਣ ਦੇ ਅਨੁਮਾਨ ਲਾਏ ਗਏ, ਉਹ ਸਨ: ੧. ਮੌਸਮ ਵਿੱਚ ਬਹੁਤ ਜ਼ਿਆਦਾ ਤਬਦੀਲੀ ੨. ਲੜਾਈਆਂ ੩. ਸੋਕਾ ਅਤੇ ੪. ਲੋਕਾਂ ਦਾ ਦੂਜੀ ਥਾਂ ਕਮਾਈ ਲਈ ਚਲੇ ਜਾਣਾ ਤੇ ਉੱਥੋਂ ਦਾ ਸੱਭਿਆਚਾਰ ਅਪਣਾ ਕੇ ਉੱਥੇ ਦਾ ਹੀ ਬਣ ਕੇ ਰਹਿ ਜਾਣਾ ।

ਬਹੁਤੇ ਇਤਿਹਾਸਕਾਰ ਇਸ ਤੱਥ ਨਾਲ ਸਹਿਮਤ ਹਨ ਕਿ ਏਨੀ ਅਗਾਂਹ-ਵਧੂ ਸੱਭਿਅਤਾ ਜੋ ਸੋਕਿਆਂ ਨਾਲ ਲੜੀ, ਖ਼ੁਰਾਕ ਦੀ ਕਮੀ ਕਾਰਨ ਬਹੁਤੇ ਲੋਕਾਂ ਦੇ ਹੋਰ ਥਾਵਾਂ ਵੱਲ ਚਲੇ ਜਾਣ ਦੇ ਰੁਝਾਨ ਨੂੰ ਵੀ ਬਰਦਾਸ਼ਤ ਕਰਦੀ ਰਹੀ, ਅਖ਼ੀਰ ਲੜਾਈ-ਝਗੜਿਆਂ ਤੋਂ ਔਖੀ ਹੋ ਕੇ ਪੂਰਨ ਰੂਪ ਵਿੱਚ ਉਸ ਥਾਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਗਈ । ਇੱਕ ਗੱਲ ਜੋ ਖਿੱਚ ਪਾਉਂਦੀ ਹੈ, ਉਹ ਹੈ ਇੰਨੀਆਂ ਸਦੀਆਂ ਬਾਅਦ ਵੀ ਜ਼ਬਾਨ ਦਾ ਬਚੇ ਰਹਿਣਾ । ਕਾਰਨ ਸੀ-ਬਹੁਗਿਣਤੀ ਲੋਕ ਆਪਣੀ ਜ਼ਬਾਨ ਲਿਖਣ ਤੇ ਪੜ੍ਹਨ ਨੂੰ ਤਰਜੀਹ ਦਿੰਦੇ ਰਹੇ । ਪਿੰਡਾਂ ਵਿੱਚ ਇਹ ਜ਼ਬਾਨ ਬੋਲਣ ਵਾਲੇ ਬਚੇ ਰਹਿ ਗਏ । ਸ਼ਹਿਰੀ ਤਾਂ ਦੂਜੀਆਂ ਜ਼ਬਾਨਾਂ ਵਿੱਚ ਰਚ ਮਿਚ ਗਏ ।

ਸਿੰਧ ਘਾਟੀ ਦੀ ਸੱਭਿਅਤਾ ਦੀ ਗੱਲ । ਹਜ਼ਾਰਾਂ ਸਾਲ ਪਹਿਲਾਂ ਹੜੱਪਾ ਸੱਭਿਅਤਾ ਨਾਲ ਜੁੜੇ ੫੦ ਲੱਖ ਬੰਦੇ, ਜੋ ਮੌਜੂਦਾ ਭਾਰਤ, ਪਾਕਿਸਤਾਨ, ਇਰਾਨ ਤੇ ਅਫ਼ਗਾਨਿਸਤਾਨ ਜਿੰਨੀ ਥਾਂ ਉੱਤੇ ਫੈਲੇ ਹੋਏ ਸਨ, ਉਸ ਸਮੇਂ ਦੇ ਕਮਾਲ ਦੇ ਘਰ-ਬਾਰ ਬਣਾ ਕੇ ਅਤੇ ਵੱਡੀਆਂ ਦੁਕਾਨਾਂ ਦੀ ਉਸਾਰੀ ਤੋਂ ਇਲਾਵਾ ਪਾਣੀ ਦੀ ਨਿਕਾਸੀ ਦੇ ਵਧੀਆ ਪ੍ਰਬੰਧ ਕਰਨ ਦੇ ਬਾਵਜੂਦ ਲਗਭਗ ੩੦੦੦ ਸਾਲ ਪਹਿਲਾਂ ਸੋਕੇ ਕਾਰਨ ਢਿੱਡ ਭਰਨ ਤੋਂ ਔਖੇ, ਹੋਰ ਥਾਵਾਂ ਵੱਲ ਤੁਰ ਜਾਣ ਨੂੰ ਮਜਬੂਰ ਹੋ ਗਏ। ਖੇਤੀਬਾੜੀ ਵਿੱਚ ਕਈ ਹੋਰ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ ਜਿਨ੍ਹਾਂ ਲਈ ਘੱਟ ਪਾਣੀ ਲੋੜੀਂਦਾ ਸੀ; ਪਰ ਫਿਰ ਵੀ ਮਿੱਟੀ ਦੇ ਸੈਂਪਲ ਦੱਸਦੇ ਹਨ ਕਿ ਪਾਣੀ ਦੀ ਘਾਟ ਹੀ ਅਖ਼ੀਰ ਏਨੀ ਵੱਡੀ ਸੱਭਿਅਤਾ ਨੂੰ ਖ਼ਾਤਮੇ ਵੱਲ ਲੈ ਗਈ । ਜਦੋਂ ਹੇਠਲੀ ਪੱਧਰ ਦੇ ਲੋਕ ਨਿਕਲੇ ਤਾਂ ਵੱਡੇ ਵਪਾਰੀ ਵੀ ਖਾਣ ਪੀਣ ਨੂੰ ਤਰਸਦੇ ਮਹਿੰਗਾਈ ਤੇ



ਸੋਕੇ ਨੂੰ ਵੇਖਦੇ ਉਹ ਥਾਂ ਛੱਡ ਗਏ । ਫਿਰ ਰਾਜੇ ਕਿਨ੍ਹਾਂ ਉੱਤੇ ਰਾਜ ਕਰਦੇ? ਅਮੀਰ ਤਬਕਾ ਵੀ ਹੌਲੀ-ਹੌਲੀ ਇਹ ਥਾਂ ਤਿਆਗ ਗਿਆ ।

ਈਸਟਰ ਸੱਭਿਅਤਾ ਵੀ ੭੦੦ ਤੋਂ ੧੨੦੦ ਸਾਲ ਤਕ ਵਧਦੀ-ਫੁਲਦੀ ਰਹੀ ਤੇ ਅਖ਼ੀਰ ਸਾਰੇ ਦਰਖ਼ੱਤ ਵੱਢਣ, ਪਾਣੀ ਦਾ ਸੋਮਾ ਮੁਕਾਉਣ ਤੇ ਖੇਤੀਬਾੜੀ ਵਿੱਚ ਪਾਣੀ ਦੀ ਘਾਟ ਕਾਰਨ ਹੌਲੀ-ਹੌਲੀ ਅੰਨ-ਦਾਤਿਆਂ ਵੱਲੋਂ ਇਸ ਥਾਂ ਨੂੰ ਤਿਆਗਣ ਸਦਕਾ ਇਹ ਸੱਭਿਅਤਾ ਵੀ ਹੌਲੀ-ਹੌਲੀ ਖ਼ਤਮ ਹੋ ਗਈ । ਤੁਰਕੀ ਵਿੱਚ ਵੀ ੯੦੦੦ ਸਾਲ ਪਹਿਲਾਂ ਦੀ ਸੱਭਿਅਤਾ ਅਜਿਹੇ ਕਾਰਨਾਂ ਕਰ ਕੇ ਖ਼ਤਮ ਹੋ ਗਈ । ਇਲੀਨੋਇ ਵਿਚਲੇ ਮਿੱਸੀਸਿੱਪੀ ਵੀ ਬਹੁਤ ਵਧੀਆ ਕਾਰੀਗਰ ਸਨ। ਖੇਤੀਬਾੜੀ ਤੋਂ ਇਲਾਵਾ, ਭਾਂਡੇ, ਘਰ ਬਾਰ ਤੇ ਵੱਡੇ ਮਕਾਨ ਵੀ ਸਾਲ ੬੦੦ ਤੋਂ ੧੪੦੦ ਈਸਵੀ ਤਕ ਉਨ੍ਹਾਂ ਨੇ ਸਾਂਭੀ ਰੱਖੇ। ਪਰ, ਅਖ਼ੀਰ ਕੰਮ-ਕਾਰ ਦੀ ਤਲਾਸ਼ ਵਾਸਤੇ ਨੌਜਵਾਨ ਤਬਕਾ ਹੋਰ ਥਾਈਂ ਨਿਕਲ ਗਿਆ । ਪਾਣੀ ਦੀ ਘਾਟ ਤੇ ਬਿਮਾਰੀਆਂ ਕਰਕੇ ੪੦,੦੦੦ ਲੋਕਾਂ ਨੂੰ ਇਹ ਥਾਂ ਹਮੇਸ਼ਾਂ ਲਈ ਛੱਡਣ ਉੱਤੇ ਮਜਬੂਰ ਕਰ ਗਈ ।

ਇਨ੍ਹਾਂ ਤੋਂ ਇਲਾਵਾ ਵੀ ਬਹੁਤ ਹੋਰ ਸੱਭਿਅਤਾਵਾਂ ਹਨ ਜੋ ਖ਼ਤਮ ਹੋਈਆਂ, ਉਨ੍ਹਾਂ ਦੇ ਵੱਡੇ ਕਾਰਨ ਇਹੋ ਲੱਭੇ ਗਏ ਹਨ: ਸੋਕਾ ਤੇ ਧਰਤੀ ਹੇਠਲੇ ਪਾਣੀ ਦੀ ਕਮੀ, ਬਿਮਾਰੀਆਂ, ਹੋਰ ਥਾਵਾਂ ਵੱਲ ਕੰਮ-ਕਾਰ ਦੀ ਭਾਲ ਵਾਸਤੇ ਚਲੇ ਜਾਣਾ, ਮੌਸਮ ਦੀ ਤਬਦੀਲੀ ਅਤੇ ਕੁਦਰਤੀ ਕਹਿਰ ।

ਧਿਆਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਵਿੱਚੋਂ ਸਿਰਫ਼ ਉਸ ਸੱਭਿਅਤਾ ਦੀ ਜ਼ਬਾਨ ਬਚੀ ਹੈ ਜਿਸ ਵਿੱਚ ਹੇਠਲੇ ਪੱਧਰ ਦੇ ਲੋਕ, ਕਾਰੀਗਰ ਜਾਂ ਖੇਤੀਬਾੜੀ ਨਾਲ ਜੁੜੇ ਲੋਕਾਂ ਨੇ ਇਸ ਜ਼ਬਾਨ ਨੂੰ ਬੋਲਣਾ ਜਾਰੀ ਰੱਖਿਆ ਅਤੇ ਥਾਂ ਬਦਲਣ ਤੋਂ ਬਾਅਦ ਵੀ ਇੱਕ ਗੁੱਟ ਵਿੱਚ ਜੁੜੇ ਰਹਿ ਕੇ ਆਪਸੀ ਸਾਂਝ ਬਣਾਈ ਰੱਖੀ । ਯਾਨੀ ਰਹਿਣ-ਸਹਿਣ ਬਦਲਣ ਬਾਅਦ ਵੀ ਬੱਚਿਆਂ ਨਾਲ ਤੇ ਰਿਸ਼ਤੇਦਾਰੀ ਨਾਲ ਸੱਭਿਆਚਾਰ ਤੇ ਜ਼ਬਾਨ ਦੀ ਸਾਂਝ ਦੀ ਤੰਦ ਟੁੱਟਣ ਨਾ ਦਿੱਤੀ । ਅਮੀਰ ਤਬਕਾ ਤੇ ਪੜ੍ਹੇ ਲਿਖੇ ਨੌਜਵਾਨ ਆਪਣੀ ਮਾਂ ਬੋਲੀ ਨੂੰ ਤਿਲਾਂਜਲੀ ਦੇ ਕੇ ਹਮੇਸ਼ਾਂ ਲਈ ਕਿਸੇ ਹੋਰ ਸੱਭਿਅਤਾ ਵਿੱਚ ਗੁੰਮ ਹੋ ਗਏ ।

ਬਾਕੀ ਸਾਰੀਆਂ ਸੱਭਿਅਤਾਵਾਂ ਥਾਂ ਦੀ ਤਬਦੀਲੀ ਨਾਲ ਰਹਿਣ-ਸਹਿਣ ਦਾ ਢੰਗ ਬਦਲ ਕੇ ਦੂਜੀ ਸੱਭਿਅਤਾ ਨੂੰ ਪੂਰੀ ਤਰ੍ਹਾਂ ਅਪਣਾ ਕੇ, ਆਪਣਾ ਅਸਲ ਰੂਪ, ਜ਼ਬਾਨ ਤੇ ਸੱਭਿਆਚਾਰ ਦਾ ਭੋਗ ਪਾ ਗਈਆਂ । ਉਨ੍ਹਾਂ ਸਾਰੇ ਥਾਂ ਤਬਦੀਲ ਕਰ ਕੇ ਜਾਣ ਵਾਲਿਆਂ ਨੇ ਦੂਜਾ ਸੱਭਿਆਚਾਰ ਤੇ ਜ਼ਬਾਨ ਅਪਣਾਈ ਅਤੇ ਉਨ੍ਹਾਂ ਦੇ ਬੱਚਿਆਂ ਨੇ ਅੱਗੋਂ ਆਪਣੀ ਮਾਂ ਬੋਲੀ ਦੇ ਅੱਧੇ ਸ਼ਬਦ ਛੱਡ ਕੇ ਦੂਜੀ ਸੱਭਿਅਤਾ ਦੇ ਸ਼ਾਮਲ ਕੀਤੇ ਤੇ ਤੀਜੀ ਪੁਸ਼ਤ ਤਕ ਜ਼ਬਾਨ ਹੌਲੀ-ਹੌਲੀ ਦਫ਼ਨ ਹੋ ਗਈ । ਉਸ ਵਿੱਚ ਨਾ ਤਾਂ ਅੱਗੋਂ ਸਾਹਿਤ ਰਚਿਆ ਗਿਆ ਤੇ ਨਾ ਹੀ ਕੋਈ ਪੜ੍ਹਨ ਵਾਲਾ ਬਚਿਆ। ਉਨ੍ਹਾਂ ਦੀ ਜ਼ਬਾਨ ਬੋਲਣ ਵਾਲਿਆਂ ਦਾ ਖੁਰਾ ਖੋਜ ਹੁਣ ਇਸ ਧਰਤੀ ਉੱਤੇ ਨਹੀਂ ਮਿਲਦਾ । ਸਿਰਫ਼ ਖੰਡਰ ਹੀ ਬਚੇ ਹਨ ।

ਪੰਜਾਬ ਅੰਦਰ ਝਾਤ ਮਾਰੀਏ ਤਾਂ ਪੁਰਾਣੇ ਸਮੇਂ ਤੋਂ ਹੁਣ ਤਕ ਇਸ ਦੇ ਇੰਨੇ ਟੋਟੇ ਹੋ ਚੁੱਕੇ ਹਨ ਕਿ ਆਕਾਰ ਵਜੋਂ ਇਹ ਬਹੁਤ ਛੋਟਾ ਰਹਿ ਗਿਆ

ਹੈ। ਇਸ ਦੀ ਸੱਭਿਅਤਾ ਉੱਤੇ ਅਸਰ ਪਿਆ ਗੁਰੂਆਂ, ਪੀਰਾਂ, ਪੈਗ਼ੰਬਰਾਂ ਦੀਆਂ ਸਿੱਖਿਆਵਾਂ ਦਾ । ਮਨੁੱਖ ਨੂੰ ਉੱਚਾ ਆਚਰਣ ਰੱਖ ਕੇ, ਹੱਕ ਹਲਾਲ ਦੀ ਕਮਾਈ ਕਰਨ, ਦੂਜਿਆਂ ਦਾ ਹੱਕ ਨਾ ਮਾਰਨ, ਪਿਆਰ ਮੁਹੱਬਤ ਦੀਆਂ ਧੁਨਾਂ, ਔਰਤ ਦਾ ਸਤਿਕਾਰ, ਬੱਚਿਆਂ ਦਾ ਮਾਪਿਆਂ ਦੇ ਆਖੇ ਲੱਗਣਾ, ਖੁੱਲ੍ਹਾ-ਡੁੱਲ੍ਹਾ ਸੁਭਾਅ, ਮਹਿਮਾਨ ਦਾ ਸਤਿਕਾਰ, ਖੁੱਲ੍ਹਾ ਖਾਣਾ, ਵੰਡ ਕੇ ਖਾਣਾ ਤੇ ਕਿਸੇ ਇੱਕ ਦੇ ਘਰ ਦੇ ਵਿਆਹ ਵੇਲੇ ਪੂਰੇ ਪਿੰਡ ਵੱਲੋਂ ਜਸ਼ਨ ਮਨਾਉਣਾ ਆਦਿ ਅੰਗ ਪੰਜਾਬੀ ਸੱਭਿਅਤਾ ਦੇ ਅਹਿਮ ਅੰਸ਼ ਰਹੇ ਹਨ । ਪਰ ਹੁਣ ਪੰਜਾਬੀ ਸੱਭਿਆਚਾਰ ਵਿਚਲੀਆਂ ਤਬਦੀਲੀਆਂ ਕਿਸ ਪਾਸੇ ਵੱਲ ਇਸ਼ਾਰਾ ਕਰ ਰਹੀਆਂ ਹਨ ਤੇ ਕਿਸ ਤਰ੍ਹਾਂ ਦਾ ਨਿਘਾਰ ਪ੍ਰਤੱਖ ਦਿਸਣ ਲੱਗ ਪਿਆ ਹੈ, ਉਸ ਵੱਲ ਧਿਆਨ ਕਰੀਏ: ੧. ਪੰਜਾਬ ਦੇ ਅੰਦਰ ਵੱਸੇ ਪੰਜਾਬੀਆਂ ਨਾਲੋਂ ਪੰਜਾਬੋਂ ਬਾਹਰ ਰੋਜ਼ੀ ਰੋਟੀ ਕਮਾਉਣ ਲਈ ਵੱਧ ਪੰਜਾਬੀ ਵੱਸ ਚੁੱਕੇ ਹਨ; ੨. ਪੰਜਾਬ ਦੀ ਧਰਤੀ ਹੇਠਲਾ ਪਾਣੀ ਦਾ ਪੱਧਰ ਬਹੁਤ ਨੀਵਾਂ ਜਾ ਚੁੱਕਾ ਹੈ; ੩. ਅੰਨ-ਦਾਤੇ ਖ਼ੁਦਕੁਸ਼ੀਆਂ ਕਰਨ ਲੱਗ ਪਏ ਹਨ; ੪. ਪਿਤਾ ਆਪਣੀਆਂ ਧੀਆਂ ਦਾ ਬਲਾਤਕਾਰ ਕਰਨ ਲੱਗ ਪਏ ਹਨ । ਭਰਾ ਆਪਣੀਆਂ ਭੈਣਾਂ ਨੂੰ ਚੱਬ ਰਹੇ ਹਨ; ੫. ਬਾਜ਼ਾਰ ਵਿੱਚ ਪਤੀ ਪਤਨੀ ਸੈਰ ਲਈ ਨਿਕਲਦੇ ਹਨ ਤਾਂ ਕੋਈ ਵੀ ਮਨਚਲਾ ਸ਼ਰਤ ਲਾ ਕੇ ਔਰਤ ਨੂੰ ਸੜਕ ਉੱਤੇ ਨਿਰਵਸਤਰ ਕਰ ਦਿੰਦਾ ਹੈ ਤੇ ਪੁਲਿਸ ਕੇਸ ਦਰਜ ਕਰਨ ਦੀ ਥਾਂ ਗੱਲ ਰਫ਼ਾ-ਦਫ਼ਾ ਕਰਨ ਨੂੰ ਕਹਿੰਦੀ ਹੈ; ੬. ਪਿਤਾ ਆਪਣੇ ਜਵਾਈ ਤੇ ਧੀ ਨੂੰ ਕਤਲ ਕਰ ਦਿੰਦਾ ਹੈ, ਕਿਉਂਕਿ ਧੀ ਨੇ ਆਪਣੀ ਮਰਜ਼ੀ ਨਾਲ ਵਿਆਹ ਕਰਵਾਇਆ; ੭. ਕੋਈ ਵੀ ਬੰਦਾ ਆਪਣਾ ਅਸਰ ਰਸੂਖ਼ ਵਰਤ ਕੇ ਗਰਭਵਤੀ ਔਰਤ ਤਕ ਦਾ ਬਲਾਤਕਾਰ ਕਰ ਕੇ, ਉਸ ਨੂੰ ਮਾਰ ਕੁੱਟ ਕੇ ਜਾਂ ਕਤਲ ਕਰ ਕੇ ਬਚ ਜਾਂਦਾ ਹੈ: ੮. ਇਕਤਰਫ਼ਾ ਪਿਆਰ ਦਾ ਜਵਾਬੀ ਹੁੰਗਾਰਾ ਨਾ ਮਿਲਣ ਉੱਤੇ ਚੱਲਦੀ ਸੜਕ ਉੱਤੇ ਮਨਚਲਾ ਆਸ਼ਿਕ ਕੁੜੀ ਉੱਤੇ ਤੇਜ਼ਾਬ ਸੁੱਟ ਦਿੰਦਾ ਹੈ ਜਾਂ ਉਸਦਾ ਕਤਲ ਕਰ ਦਿੰਦਾ ਹੈ ਤੇ ਰਾਹ ਚੱਲਦੇ ਬਾਕੀ ਲੋਕ ਪਾਸਾ ਵੱਟ ਕੇ ਲੰਘ ਜਾਂਦੇ ਹਨ; ੯. ਨਾਬਾਲਗ ਬੱਚੀਆਂ ਦੇ ਸਮੂਹਿਕ ਬਲਾਤਕਾਰ ਆਮ ਗੱਲ ਬਣ ਕੇ ਰਹਿ ਗਏ ਹਨ; ੧੦. ਗੀਤ-ਸੰਗੀਤ ਵਿੱਚ ਲੱਚਰਤਾ ਪਰੋਸੀ ਜਾ ਰਹੀ ਹੈ । ਕਾਮ ਉਕਸਾਊ ਸਾਹਿਤ ਦੀ ਵਿਕਰੀ ਜ਼ੋਰਾਂ ਉੱਤੇ ਹੈ; ੧੧. ਸਾਹਿਤਕਾਰਾਂ ਨੂੰ ਅਣਗੌਲਿਆ ਜਾ ਰਿਹਾ ਹੈ ਤੇ ਪੰਜਾਬੀ ਵਿੱਚ ਰਚੇ ਵਧੀਆ ਸਾਹਿਤ ਨੂੰ ਪ੍ਰੋਤਸਾਹਿਤ ਨਹੀਂ ਕੀਤਾ ਜਾ ਰਿਹਾ; ੧੨. ਜ਼ਬਾਨ ਰੋਜ਼ੀ ਰੋਟੀ ਕਮਾਉਣ ਯੋਗ ਨਹੀਂ ਰਹੀ ਤੇ ਇਸ ਜ਼ਬਾਨ ਨੂੰ ਤਿਲਾਂਜਲੀ ਦੇਣ ਵਾਲੇ ਅਨੇਕ ਤਿਆਰ ਹੋ ਚੁੱਕੇ ਹਨ; ੧੩. ਹੋਰਨਾਂ ਸੂਬਿਆਂ ਵਿੱਚੋਂ ਹੌਲੀ-ਹੌਲੀ ਏਨੇ ਲੋਕ ਇੱਥੇ ਆ ਕੇ ਵੱਸ ਚੁੱਕੇ ਹਨ ਕਿ ਉਨ੍ਹਾਂ ਦੀ ਜ਼ਬਾਨ ਤੇ ਸੱਭਿਆਚਾਰ ਮੌਜੂਦਾ ਵਸਨੀਕਾਂ ਉੱਤੇ ਹਾਵੀ ਹੋਣ ਲੱਗ ਪਿਆ ਹੈ ਅਤੇ ੧੪. ਬਾਹਰੋਂ ਖ਼ਰੀਦ ਕੇ ਲਿਆਈਆਂ ਜਾ ਰਹੀਆਂ ਨੂੰਹਾਂ ਸਦਕਾ ਅੱਗੋਂ ਜੰਮ ਰਹੇ ਬੱਚਿਆਂ ਵਿਚਲਾ ਪੰਜਾਬੀ ਜੁੱਸਾ ਤੇ ਨੁਹਾਰ ਵੀ ਤਬਦੀਲ ਹੋ ਰਹੇ ਹਨ ।

ਕੀ ਇਹ ਸਾਰੇ ਤੱਤ ਪੰਜਾਬੀ ਸੱਭਿਅਤਾ ਦੇ ਵਿਗਾੜ ਤੇ ਵਿਨਾਸ਼ ਵੱਲ ਇਸ਼ਾਰਾ ਨਹੀਂ ਕਰ ਰਹੇ? ਇਹੋ ਜਿਹੀਆਂ ਅਨੇਕ ਤਬਦੀਲੀਆਂ ਜੋ ਕਾਫ਼ੀ ਸਮੇਂ ਤੋਂ ਲਗਾਤਾਰ ਦਿੱਸ ਰਹੀਆਂ ਹਨ, ਇਹ ਸਪੱਸ਼ਟ ਕਰ ਰਹੀਆਂ ਹਨ ਕਿ ਪੰਜਾਬੀ



ਸੱਭਿਅਤਾ ਨੂੰ ਸੰਭਾਲ ਕੇ ਰੱਖਣ ਵਾਲੇ ਪਾਸੇ ਬਹੁਤਾ ਧਿਆਨ ਨਹੀਂ ਦਿੱਤਾ ਜਾ ਰਿਹਾ। ਜੇ ਇਹੀ ਹਾਲ ਰਿਹਾ ਤਾਂ ਪੰਜਾਬੀਆਂ ਦੀ ਗਿਣਤੀ ਪੰਜਾਬ ਅੰਦਰੋਂ ਘਟ ਕੇ ਹੋਰਨਾਂ ਮੁਲਕਾਂ ਵਿੱਚ ਵੱਧ ਹੋ ਜਾਵੇਗੀ ਤੇ ਪਾਣੀ ਵਿਹੂਣਾ, ਕੈਂਸਰ ਪੀੜਿਤ, ਨਸ਼ੇ ਦੀ ਮਾਰ ਝੱਲਦਾ ਪੰਜਾਬ ਆਪਣੀ ਮਾਤ-ਭਾਸ਼ਾ ਨੂੰ ਤਿਲ-ਤਿਲ ਮਰਦਾ ਵੇਖ ਹੌਲੀ-ਹੌਲੀ ਇਸ ਨਾਲ ਜੁੜੀ ਸੱਭਿਅਤਾ ਦਾ ਅੰਤ ਵੀ ਵੇਖ ਲਵੇਗਾ, ਕਿਉਂਕਿ ਕੁੱਖਾਂ ਖ਼ਤਮ ਕਰ ਕੇ ਪੰਜਾਬੀਆਂ ਦਾ ਜੀਨ ਵੀ ਸਾਬਤ ਨਹੀਂ ਬਚਣ ਲੱਗਿਆ ।

ਉਹ ਸੱਭਿਅਤਾਵਾਂ, ਜੋ ਖ਼ਤਮ ਹੋ ਗਈਆਂ, ਵਿੱਚੋਂ ਲੱਭੇ ਕਾਰਨ ਅੱਜ ਸਾਨੂੰ ਅਗਾਊਂ ਖ਼ਤਰਿਆਂ ਬਾਰੇ ਸਪੱਸ਼ਟ ਕਰ ਰਹੇ ਹਨ । ਮੌਜੂਦਾ ਵਿਗੜੇ ਹਾਲਾਤ ਜੇ ਵੇਲੇ ਸਿਰ ਨਾ ਸੰਭਾਲੇ ਗਏ ਤਾਂ ਅਗਲੇ ੫੦ ਸਾਲ ਪੰਜਾਬੀ ਸੱਭਿਅਤਾ ਤੇ ਜ਼ਬਾਨ ਉੱਤੇ ਭਾਰੇ ਸਾਬਤ ਹੋਣਗੇ । ਜੀਨ (**Gene**)ਨੂੰ ਸਾਬਤ ਸੂਰਤ ਅਗਲੀ ਪੁਸ਼ਤ ਤਕ ਪਹੁੰਚਾਉਣ ਵਾਲੀ ਔਰਤ ਤਾਂ ਸਿਰਫ਼ ਖਿਡੌਣਾ ਬਣਾ ਕੇ ਰੱਖ ਦਿੱਤੀ ਗਈ ਹੈ ਤੇ ਜ਼ਬਾਨ....? ਪੰਜਾਬ ਦੀ ਧਰਤੀ ਛੱਡ ਚੁੱਕਿਆਂ ਦੀ ਦੂਜੀ ਪੁਸ਼ਤ ਵਿੱਚੋਂ ਕਿੰਨੇ ਪੰਜਾਬੀ ਵਿੱਚ ਸਾਹਿਤ ਰਚ ਰਹੇ ਹਨ ਤੇ ਕਿੰਨੇ ਕੁ ਪੰਜਾਬੀ ਪੜ੍ਹ ਸਕਦੇ ਹਨ, ਇਨ੍ਹਾਂ ਸਵਾਲਾਂ ਦਾ ਜਵਾਬ ਅਗਲੇ ਆਉਣ ਵਾਲੇ ਪੰਜਾਹ ਸਾਲਾਂ ਦਾ ਸਮਾਂ ਸਥਿਤੀ ਸਪੱਸ਼ਟ ਕਰ ਦੇਵੇਗਾ ।

ਸੰਪਰਕ : **0175-2216783**

**(ਰੋਜ਼ਾਨਾ ਪੰ: ਟ੍ਰਿ: 09-07-2017 'ਚੋਂ ਧੰਨਵਾਦ ਸਹਿਤ !)**

---

"ਜਦੋਂ ਤਕ ਸਾਡੇ ਸਿਆਸਤਦਾਨ ਵੋਟਾਂ ਲਈ ਬਾਬਿਆਂ ਅੱਗੇ ਮੱਥੇ ਰਗੜਦੇ ਰਹਿਣਗੇ, ਧਰਮ ਦੇ ਉੱਚ ਅਸਥਾਨਾਂ ਨੂੰ ਜੱਫ਼ਾ ਮਾਰ ਕੇ ਬਹਿਣ ਵਾਲੇ ਲੋਕ ਸਿਆਸਤਦਾਨਾਂ ਦੇ ਤਲਵੇ ਚੱਟਦੇ ਰਹਿਣਗੇ, ਗ਼ਰੀਬਾਂ ਨੂੰ ਮਿੱਝਣ ਵਾਲੀ ਸੋਚ ਪਨਪਦੀ ਰਹੇਗੀ, ਲੋੜਵੰਦਾਂ ਨੂੰ ਵਰਤ ਕੇ ਸੁੱਟਣ ਵਾਲੀ ਪ੍ਰਥਾ ਜਾਰੀ ਰਹੇਗੀ, ਬਾਬੇ ਪੈਦਾ ਹੁੰਦੇ ਰਹਿਣਗੇ ਤੇ ਉਨ੍ਹਾਂ ਲਈ ਜਾਨ ਵਾਰਨ ਵਾਲੇ ਵੀ ਪੈਦਾ ਹੁੰਦੇ ਰਹਿਣਗੇ । ਗ਼ਰੀਬਾਂ ਲਈ 'ਪ੍ਰਵਚਨ' ਤੇ ਅਮੀਰਾਂ ਲਈ 'ਮੈਡੀਟੇਸ਼ਨ' ਵਾਲੇ ਬਾਬੇ ਉਦੋਂ ਤਕ ਲੋੜੀਂਦੇ ਹਨ ਜਦੋਂ ਤਕ ਇਨਸਾਨ ਦੀ 'ਭੁੱਖ' ਕਾਇਮ ਹੈ । ਇਹ ਭੁੱਖ ਮਾਨਸਿਕ, ਸਰੀਰਕ ਜਾਂ ਢਿੱਡ ਦੀ ਹੋ ਸਕਦੀ ਹੈ । ਜਿੱਥੇ ਪੂਰਤੀ ਹੁੰਦੀ ਦਿੱਸੇ, ਉਸੇ ਨੂੰ ਆਪਣਾ ਰੱਬ ਬਣਾ ਕੇ ਲੋਕ ਹਮੇਸ਼ਾਂ ਤੋਂ ਆਪਣਾ ਦਿਲ ਹਲਕਾ ਕਰਨ ਲਈ ਪੂਜਦੇ ਆਏ ਹਨ ਤੇ ਅਜਿਹੀ ਅੰਨ੍ਹੀ ਭਗਤੀ 'ਰੱਬ' ਬਣੇ ਬੰਦਿਆਂ ਨੂੰ ਰਾਸ ਆਉਂਦੀ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਐਸ਼ੋ ਅਰਾਮ ਇਸੇ ਜ਼ਿੰਦਗੀ ਵਿੱਚ ਪੂਰੇ ਕਰਨੇ ਹੁੰਦੇ ਹਨ ।"

-ਡਾ. ਹਰਸ਼ਿੰਦਰ ਕੌਰ

# ਹੁਣ ਨਹੀਂ ਵੱਸਦਾ ਪਿੰਡਾਂ ਵਿੱਚ ਰੱਬ

**-ਗੁਰਚਰਨ ਸਿੰਘ ਨੂਰਪੁਰ**

ਸਮਾਜ ਦਾ ਸੱਭਿਆਚਾਰ ਲਗਾਤਾਰ ਤੇਜ਼ੀ ਨਾਲ ਬਦਲਣ ਵਾਲਾ ਵਰਤਾਰਾ ਹੈ । ਤਕਨੀਕੀ ਵਿਕਾਸ ਵਿੱਚ ਹੋਏ ਇਨਕਲਾਬ ਨਾਲ ਮਨੁੱਖ ਦੀ ਵਰਤੋਂ ਦੀਆਂ ਚੀਜ਼ਾਂ ਤੇਜ਼ੀ ਨਾਲ ਬਦਲੀਆਂ ਹਨ । ਵਸਤਾਂ ਦਾ ਬਦਲਾਅ ਮਨੁੱਖੀ ਵਿਹਾਰ ਨੂੰ ਵੀ ਉਨੀ ਹੀ ਤੇਜ਼ੀ ਨਾਲ ਤਬਦੀਲ ਕਰਦਾ ਹੈ । ਤਬਦੀਲੀ ਦੇ ਇਸ ਵਰਤਾਰੇ ਨੂੰ ਜੇਕਰ ਅਸੀਂ ਪੰਜਾਬੀ ਸਮਾਜ ਦੇ ਸੰਦਰਭ ਵਿੱਚ ਵੇਖੀਏ ਤਾਂ ਇੱਥੇ ਹਰੇ, ਚਿੱਟੇ ਇਨਕਲਾਬ ਅਤੇ ਇਸ ਤੋਂ ਬਾਅਦ ਦੇ ਦੌਰ ਨੂੰ ਵੱਡੀਆਂ ਤਬਦੀਲੀਆਂ ਦਾ ਦੌਰ ਕਿਹਾ ਜਾ ਸਕਦਾ ਹੈ ਜਿਸ ਨਾਲ ਪੰਜਾਬੀ ਲੋਕਾਂ ਦਾ ਰਹਿਣ-ਸਹਿਣ, ਸੁਭਾਅ, ਖਾਣ-ਪੀਣ ਅਤੇ ਰਸਮਾਂ ਤੇਜ਼ੀ ਨਾਲ ਤਬਦੀਲ ਹੋਈਆਂ । ਖੇਤੀ ਦੇ ਸੰਦ ਅਤੇ ਇਸ ਨਾਲ ਜੁੜੇ ਕੰਮਕਾਜ, ਆਵਾਜਾਈ ਦੇ ਸਾਧਨ, ਵਿਆਹ-ਸ਼ਾਦੀ ਦੀਆਂ ਰਸਮਾਂ, ਇੱਕ ਕਿਸਾਨ ਅਤੇ ਘਰ ਵਿੱਚ ਕੰਮ ਕਰਦੀ ਸੁਆਣੀ ਦੇ ਰੁਝੇਵੇਂ ਆਦਿ ਸਭ ਭਾਰਤ ਦੇ ਦੂਜੇ ਸੂਬਿਆਂ ਦੇ ਮੁਕਾਬਲੇ ਤੇਜ਼ੀ ਨਾਲ ਤਬਦੀਲ ਹੋਏ ।

ਪੰਜਾਬੀ ਸਮਾਜ ਦੀ ਇਹ ਵਿਸ਼ੇਸ਼ਤਾ ਹੈ ਕਿ ਪੰਜਾਬ ਦੇ ਲੋਕ ਮਿਹਨਤੀ ਲੋਕਾਂ ਵਜੋਂ ਜਾਣੇ ਜਾਂਦੇ ਸਨ ਜੋ ਦੂਜਿਆਂ ਪ੍ਰਤੀ ਸਨੇਹ ਅਤੇ ਸਬਰ ਸੰਤੋਖ ਵਾਲੇ ਜੀਵਨ ਨੂੰ ਤਰਜੀਹ ਦਿੰਦੇ ਰਹੇ ਹਨ; ਪਰ ਅੱਜ ਮੰਡੀ ਦੀਆਂ ਮੁਨਾਫ਼ਾ ਬਟੋਰੂ ਨੀਤੀਆਂ ਨੂੰ ਇਸ ਕਦਰ ਭਾਰੂ ਬਣਾ ਦਿੱਤਾ ਹੈ ਕਿ ਸਮਾਜ ਦੀ ਬਹੁਗਿਣਤੀ ਦਾ ਵਿਵਹਾਰ ਬਾਜ਼ਾਰਮੁਖੀ ਹੋ ਕੇ ਰਹਿ ਗਿਆ ਹੈ । ਸਰਕਾਰਾਂ ਦੀ ਖੇਤੀ ਪ੍ਰਤੀ ਬੇਰੁਖੀ ਨੇ ਕਿਸਾਨਾਂ ਦੀ ਔਲਾਦ ਨੂੰ ਖੇਤੀ ਤੋਂ ਦੂਰ ਕਰ ਦਿੱਤਾ । ਸਹਾਇਕ ਧੰਦਿਆਂ ਅਤੇ ਛੋਟੀਆਂ ਸਨਅਤਾਂ ਪ੍ਰਤੀ ਵੀ ਸਰਕਾਰਾਂ ਦਾ ਰਵੱਈਆ ਵਧੀਆ ਨਹੀਂ ਰਿਹਾ । ਸਰਕਾਰੀ ਨੌਕਰੀਆਂ ਲਈ ਦਰਵਾਜ਼ੇ ਉਂਵ ਹੀ ਲਗਭਗ ਬੰਦ ਕਰ ਦਿੱਤੇ ਹਨ । ਪੰਜਾਬ ਦੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇੱਥੇ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਣ ਕਾਰਨ ਉਹ ਪੜ੍ਹਾਈ ਲਈ ਬਾਹਰਲੇ ਮੁਲਕਾਂ ਵਿੱਚ ਜਾਣ ਅਤੇ ਉੱਥੇ ਵੱਸਣ ਦੀ ਕੋਸ਼ਿਸ਼ ਕਰਨ ਵਿੱਚ ਆਪਣੀ ਭਲਾਈ ਸਮਝਣ ਲੱਗੇ ਹਨ । ਪੜ੍ਹ ਰਹੇ ਅਤੇ ਪੜ੍ਹੇ ਲਿਖੇ ਵਿਦਿਆਰਥੀ/ਨੌਜੁਆਨਾਂ ਲਈ ਵੱਡਾ ਸੰਕਟ ਖੜ੍ਹਾ ਹੋ ਗਿਆ ਕਿ ਉਹਨਾਂ ਦਾ ਭਵਿੱਖ ਕੀ ਹੋਵੇਗਾ? ਅੱਜ ਜਦੋਂ ਹਰ ਖੇਤਰ ਵਿੱਚ ਇਕ ਪਾਸੇ ਬਜ਼ਾਰੂ ਤਾਕਤਾਂ ਨੇ ਆਪਣੇ ਜਾਲ ਵਿਛਾਏ ਹਨ, ਮੁਨਾਫ਼ਾ ਕਮਾਊ ਨੀਤੀਆਂ ਦੇ ਵਰਤਾਰੇ ਕਾਰਨ ਸਮਾਜ ਵਿੱਚ ਵਿਖਾਵਾ ਕਰਨ ਦੀ ਮਨੋਬਿਰਤੀ ਭਾਰੂ ਹੋਈ ਹੈ । ਗ਼ਲਤ ਸਰਕਾਰੀ ਨੀਤੀਆਂ, ਬੱਚਿਆਂ ਦੀ ਮਹਿੰਗੀ ਪੜ੍ਹਾਈ, ਵੱਡੀਆਂ ਗੱਡੀਆਂ, ਉੱਚੀਆਂ ਕੋਠੀਆਂ, ਵਿਆਹਾਂ ਅਤੇ ਮਰਗਾਂ 'ਤੇ ਵਿਖਾਵੇ ਲਈ ਕੀਤੇ ਜਾਂਦੇ ਬੇਤਹਾਸ਼ੇ ਖ਼ਰਚਿਆਂ ਨੇ ਵੀ ਬਹੁਗਿਣਤੀ



ਲੋਕਾਂ ਨੂੰ ਕਰਜ਼ਾਈ ਕਰਨ ਵਿੱਚ ਵੱਡਾ ਰੋਲ ਅਦਾ ਕੀਤਾ ਹੈ । **ਪੰਜਾਬੀ ਸਮਾਜ ਵਿੱਚ ਇਹ ਵੇਖਿਆ ਗਿਆ ਹੈ ਕਿ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਬਾਵਜੂਦ ਵੀ ਲੋਕਾਂ ਵਿੱਚ ਇੱਕ ਦੂਜੇ ਤੋਂ ਵਧ ਕੇ ਵਿਖਾਵੇ ਦੀ ਬਿਰਤੀ ਭਾਰੂ ਹੋ ਰਹੀ ਹੈ ।** ਵਾਤਾਵਰਣ ਦੀਆਂ ਤਬਦੀਲੀਆਂ ਅਤੇ ਕਿਰਤ ਦੇ ਖਾਸੇ ਤੋਂ ਟੁੱਟਣ ਕਾਰਨ ਸਰੀਰਕ ਪੱਖੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਮਾਨਸਿਕ ਵਿਕਾਰਾਂ ਦੇ ਸ਼ਿਕਾਰ ਹੋ ਰਹੇ ਹਨ । ਪੰਜਾਬ ਦੀ ਧਰਤੀ ਦੇ ਅੱਜ ਹਾਲਾਤ ਇਹ ਹਨ ਕਿ ਇੱਥੋਂ ਦੇ ਪੌਣ-ਪਾਣੀ ਨੂੰ ਬਰਬਾਦ ਕਰਕੇ ਇੱਥੋਂ ਜੋ ਕੁਝ ਖੱਟਿਆ ਸੀ ਉਹ ਵੀ ਹੁਣ ਲੋਕਾਂ ਕੋਲ ਨਹੀਂ ਰਿਹਾ; ਸਗੋਂ ਉਲਟਾ ਕਰਜ਼ਾਈ ਹੋ ਗਏ ਹਨ ਅਤੇ ਪ੍ਰਦੂਸ਼ਿਤ ਆਬੋ ਹਵਾ ਹੁਣ ਬਿਮਾਰੀਆਂ ਦੀ ਵਾਹਕ ਬਣ ਰਹੀ ਹੈ । ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਅੱਜ ਰਹਿਣ ਲਈ ਬੇਸ਼ੱਕ ਸਾਡੇ ਕੋਲ ਬਹੁਤ ਸਾਰੇ ਕਮਰਿਆਂ ਵਾਲਾ ਘਰ ਨਾ ਹੋਵੇ, ਪਰ ਜਿਸ ਹਵਾ ਵਿੱਚ ਅਸੀਂ ਸਾਹ ਲੈਣਾ ਹੈ ਜ਼ਰੂਰ ਸਵੱਛ ਹੋਣੀ ਚਾਹੀਦੀ ਹੈ। ਪਲੀਤ ਪਾਣੀ ਅਤੇ ਗੰਦੀ ਹਵਾ ਕਾਰਨ ਇਸ ਖਿੱਤੇ ਵਿੱਚ ਅਨੇਕਾਂ ਬਿਮਾਰੀਆਂ ਪਨਪ ਰਹੀਆਂ ਹਨ ।

ਪੰਜਾਬ ਦੀ ਜ਼ਿਆਦਾ ਵੱਸੋਂ ਪਿੰਡਾਂ ਵਿੱਚ ਵੱਸਦੀ ਹੈ ਅਤੇ ਕੁਝ ਅਰਸੇ ਪਹਿਲਾਂ ਇਹ ਕਿਹਾ ਜਾਂਦਾ ਸੀ ਕਿ 'ਪਿੰਡਾਂ ਵਿੱਚ ਰੱਬ ਵੱਸਦਾ', ਪਰ ਹੁਣ ਪੰਜਾਬ ਦੇ ਪਿੰਡਾਂ ਵਿੱਚ ਰੱਬ ਨਹੀਂ ਵੱਸਦਾ । ਦਿੱਲੀ ਤੋਂ ਸੰਚਾਲਤ ਹੁੰਦੀ ਰਾਜਨੀਤੀ ਨੇ ਹੁਣ ਪਿੰਡ ਨੂੰ ਬੁਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ । ਲਗਭਗ ਹਰ ਪਿੰਡ ਰਾਜਨੀਤਿਕ ਧੜੇਬੰਦੀ ਦਾ ਸ਼ਿਕਾਰ ਹੈ । ਲੋਕ ਆਪਸ ਵਿੱਚ ਲੜ ਝਗੜ ਰਹੇ ਹਨ। ਪਿੰਡਾਂ ਦੇ ਗੁਰਦੁਆਰਿਆਂ ਦੇ ਸਪੀਕਰ ਬੇਸ਼ੱਕ ਹੋਰ ਉੱਚੇ ਹੋ ਗਏ ਹਨ ਪਰ ਗੁਰੂ ਨਾਨਕ ਦੇਵ ਜੀ ਦੇ ਨੀਵਾਂ ਹੋ ਕੇ ਚੱਲਣ ਦੇ ਉਪਦੇਸ਼ ਨੂੰ ਮਨੋ ਵਿਸਾਰ ਦਿੱਤਾ ਹੈ । ਰਾਜਨੀਤਿਕ ਧੜੇਬੰਦੀਆਂ ਨਾਲ ਪਏ ਕਲੇਸ਼ਾਂ ਦੇ ਵੱਡੀ ਗਿਣਤੀ ਵਿੱਚ ਕੇਸ ਅਦਾਲਤਾਂ ਵਿੱਚ ਸਾਲਾਂ ਤੋਂ ਚੱਲ ਰਹੇ ਹਨ । ਕਈ ਕੇਸ ਅਜਿਹੇ ਵੀ ਹਨ ਜਿਨ੍ਹਾਂ ਵਿੱਚ ਪਾਰਟੀ ਦੀ ਧੜੇਬੰਦੀ ਦੀ ਹੋਈ ਲੜਾਈ ਤੋਂ ਬਾਅਦ ਲੀਡਰ ਨੇ ਪਾਰਟੀ ਵੀ ਬਦਲ ਲਈ ਪਰ ਲੋਕ ਅਜੇ ਵੀ ਉਹਨਾਂ ਕੇਸਾਂ ਵਿੱਚ ਉਲਝੇ ਹੋਏ ਹਨ।

ਪਿਛਲੇ ਅਰਸੇ ਤੋਂ ਇਹ ਵੀ ਵੇਖਿਆ ਗਿਆ ਕਿ ਪੰਜਾਬ ਵਿੱਚ ਮੇਲਿਆਂ ਦੀ ਭਰਮਾਰ ਹੋ ਗਈ ਹੈ । ਪੰਜਾਬ ਦੇ ਬਹੁਗਿਣਤੀ ਪਿੰਡਾਂ ਵਿੱਚ ਕੁਝ ਥਾਵਾਂ 'ਤੇ ਮੇਲੇ ਲਾ ਕੇ ਲੱਖਾਂ ਰੁਪਏ ਖ਼ਰਚ ਕਰਨਾ ਆਮ ਹੋ ਗਿਆ ਹੈ । ਕੁਝ ਪਿੰਡ ਜੋ ਧੜੇਬੰਦੀ ਦੇ ਜ਼ਿਆਦਾ ਸ਼ਿਕਾਰ ਹਨ ਉੱਥੇ ਇੱਕੋ ਥਾਂ 'ਤੇ ਪਹਿਲਾਂ ਇੱਕ ਧੜੇ ਵੱਲੋਂ ਮੇਲਾ ਕਰਵਾਇਆ ਜਾਂਦਾ ਹੈ ਤੇ ਫਿਰ ਕੁਝ ਦਿਨਾਂ ਬਾਅਦ ਦੂਜਾ ਧੜਾ ਆਣ ਜੁੱਟਦਾ ਹੈ । ਸੱਭਿਆਚਾਰ ਦੇ ਨਾਮ ਹੇਠ ਲਾਏ ਜਾਂਦੇ ਇਹਨਾਂ ਮੇਲਿਆਂ ਦੌਰਾਨ ਘਟੀਆ ਗੀਤ ਪੇਸ਼ ਕਰਕੇ ਬੱਚਿਆਂ ਨੂੰ ਵਿਖਾਉਣਾ ਅਤੇ ਅਜਿਹੇ ਪ੍ਰੋਗਰਾਮਾਂ ਲਈ ਬੇਤਹਾਸ਼ਾ ਪੈਸਾ ਖ਼ਰਚਣਾ ਸਾਡੇ ਬੌਧਿਕ ਪੱਖੋਂ ਕੰਗਾਲ ਹੋਣ ਦੀ ਗਵਾਹੀ ਹੈ ।

ਜੇ ਇਸ ਪੈਸੇ ਨੂੰ ਕਿਸੇ ਸਾਰਥਿਕ ਢੰਗ ਨਾਲ ਵਰਤਿਆ ਜਾਵੇ ਤਾਂ ਹਰ ਪਿੰਡ ਵਿੱਚ ਵੱਡੇ ਪ੍ਰੋਗਰਾਮ ਕਰਨ ਲਈ ਇਮਾਰਤ ਅਤੇ ਪਾਰਕ ਬਣਾਈ ਜਾ ਸਕਦੀ ਹੈ ।

ਸਮਾਜਿਕ ਕਦਰਾਂ-ਕੀਮਤਾਂ ਅਤੇ ਬੌਧਿਕ ਪੱਖੋਂ ਅਸੀਂ ਲਗਾਤਾਰ ਗਿਰਾਵਟ ਵੱਲ ਜਾ ਰਹੇ ਹਾਂ । ਵਸਤਾਂ ਦੀ ਬਹੁਤਾਤ ਅਤੇ ਮੰਡੀ ਨੇ ਮਨੁੱਖ ਦਾ ਵਸਤਾਂ ਪ੍ਰਤੀ ਵਿਵਹਾਰ ਅਤੇ ਨਜ਼ਰੀਆ ਬਦਲ ਦਿੱਤਾ ਹੈ । ਮਨੁੱਖ ਅਤੇ ਸਮਾਜਿਕ ਕਦਰਾਂ-ਕੀਮਤਾਂ ਪਿੱਛੇ ਹੋ ਗਈਆਂ ਹਨ । ਸਮਾਜ ਵਿੱਚ ਬੇਰੁਜ਼ਗਾਰੀ ਵਿਕਰਾਲ ਰੂਪ ਧਾਰ ਗਈ ਹੈ, ਨਸ਼ਿਆਂ ਦੀ ਸਮੱਸਿਆ ਨਾਲ ਘਰ ਬਰਬਾਦ ਹੋ ਰਹੇ ਹਨ, ਬਿਮਾਰੀਆਂ ਦਾ ਪ੍ਰਕੋਪ ਵਧ ਰਿਹਾ ਹੈ, ਧਰਤੀ ਹੇਠਲਾ ਪਾਣੀ ਹਰ ਸਾਲ ਹੋਰ ਡੂੰਘਾ ਹੋ ਰਿਹਾ ਹੈ । ਲੜਾਈਆਂ ਝਗੜੇ, ਲੁੱਟਮਾਰ ਦੀਆਂ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਮਾੜੀ ਆਰਥਿਕਤਾ ਅਤੇ ਕਰਜ਼ਿਆਂ ਦੇ ਭੰਨੇ ਲੋਕ ਆਤਮ-ਹੱਤਿਆਵਾਂ ਕਰ ਰਹੇ ਹਨ । ਜਿਨ੍ਹਾਂ ਸਮੱਸਿਆਵਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ, ਉਹਨਾਂ ’ਚੋਂ ਬਹੁਤੀਆਂ ਅਜਿਹੀਆਂ ਹਨ ਜੋ ਕੇਵਲ ਸਰਕਾਰਾਂ ਦੇ ਸਾਰਥਿਕ ਉਪਰਾਲੇ ਕਰਨ ਨਾਲ ਹੱਲ ਹੋਣੀਆਂ ਹਨ, ਪਰ ਆਮ ਲੋਕਾਂ ਨੂੰ ਵੀ ਆਪਣੀਆਂ ਮੁਸ਼ਕਲਾਂ ਪ੍ਰਤੀ ਜਾਗਰੂਕ ਹੋਣ ਦੀ ਲੋੜ ਹੈ । ਨਿੱਜੀ ਅਤੇ ਸਮੂਹਿਕ ਤੌਰ ’ਤੇ ਹੋ ਰਹੀ ਪੈਸੇ ਦੀ ਬਰਬਾਦੀ ਅਤੇ ਮਨੁੱਖੀ ਊਰਜਾ ਨੂੰ ਯੋਗ ਕੰਮਾਂ ਲਈ ਖ਼ਰਚਣ ਦੀ ਲੋੜ ਹੈ ।

ਅਸੀਂ ਜ਼ਿੰਦਗੀ ’ਚ ਕੇਵਲ ਪੈਸੇ ਨੂੰ ਹੀ ਸਮਰਪਿਤ ਨਹੀਂ ਹੋਣਾ ਹੁੰਦਾ, ਸਗੋਂ ਆਪਣੇ ਨਿੱਜ ਤੋਂ ਉੱਪਰ ਉੱਠ ਕੇ ਅਜਿਹੇ ਕਾਰਜਾਂ ਲਈ ਕਾਰਜਸ਼ੀਲ ਹੋਣਾ ਹੁੰਦਾ ਹੈ, ਜਿਸ ਨਾਲ ਉਸ ਦੀ ਜਨਮ ਭੂਮੀ ’ਤੇ ਜੀਵਨ ਲਈ ਸਾਜ਼ਗਾਰ ਹਾਲਾਤ ਬਣੇ ਰਹਿਣ । ਸੱਭਿਆਚਾਰ, ਸਿੱਖਿਆ, ਰਾਜਨੀਤੀ ਅਤੇ ਧਾਰਮਿਕ ਪੱਖੋਂ ਸਾਡੀ ਅਗਵਾਈ ਕਰਨ ਵਾਲੇ ਅੱਜ ਆਦਰਸ਼ ਨਹੀਂ ਰਹੇ। ਬਦਲ ਰਹੀ ਦੁਨੀਆਂ ਦੇ ਕਦਮ ਨਾਲ ਕਦਮ ਮਿਲਾ ਕੇ ਚੱਲਣ ਲਈ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਆਲੇ-ਦੁਆਲੇ ਤੋਂ ਚੰਗੀ ਤਰ੍ਹਾਂ ਜਾਣੂ ਹੋਈਏ ।

ਸੰਪਰਕ : **98550-51099**

**(ਰੋਜ਼ਾਨਾ ਪੰ: ਟ੍ਰਿ: 15-11-2016 ’ਚੋਂ ਧੰਨਵਾਦ ਸਹਿਤ !)**



# ਪੰਜਾਬ ਲਈ ਨੁਕਸਾਨਦੇਹ ਵੀ ਰਿਹਾ ਹਰਾ ਇਨਕਲਾਬ

**-ਡਾ. ਸਵਰਾਜ ਸਿੰਘ**

ਪਿਛਲੀ ਇਕ ਸਦੀ ਦੌਰਾਨ ਜਿਨ੍ਹਾਂ ਘਟਨਾਵਾਂ ਨੇ ਪੰਜਾਬ ਤੇ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਦਾ ਸਭ ਤੋਂ ਵੱਧ ਨੁਕਸਾਨ ਕੀਤਾ ਉਹ ਹਨ ੧੯੪੭ ਵਿੱਚ ਪੰਜਾਬ ਦੀ ਵੰਡ ਅਤੇ ਹਰਾ ਇਨਕਲਾਬ । ਇਨ੍ਹਾਂ ਦੋਵਾਂ ਵਿੱਚ ਸਾਂਝੀ ਕੜੀ ਇਹ ਹੈ ਕਿ ਦੋਵੇਂ ਸਾਮਰਾਜੀ ਨੀਤੀਆਂ ਦਾ ਨਤੀਜਾ ਸਨ । ਪੰਜਾਬ ਦੀ ਸੰਤਾਲੀ ਵਾਲੀ ਵੰਡ ਅੰਗਰੇਜ਼ ਸਾਮਰਾਜੀਆਂ ਦੀ ਨੀਤੀ ਦਾ ਸਿੱਟਾ ਸੀ ਅਤੇ ਹਰਾ ਇਨਕਲਾਬ ਅਮਰੀਕੀ ਸਾਮਰਾਜੀਆਂ ਦੀ ਦੇਣ । ਵੰਡ ਦੇ ਦੁਖਾਂਤ ਬਾਰੇ ਤਾਂ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ: ਪ੍ਰੰਤੂ ਹਰੇ ਇਨਕਲਾਬ ਜਿਸ ਨੇ ਸਾਡਾ ਵੰਡ ਨਾਲੋਂ ਵੀ ਜ਼ਿਆਦਾ ਨੁਕਸਾਨ ਕੀਤਾ, ਉਸਨੇ ਸਾਡੇ ਲੇਖਕਾਂ, ਚਿੰਤਕਾਂ, ਕਵੀਆਂ, ਕਹਾਣੀਕਾਰਾਂ ਅਤੇ ਕਲਾਕਾਰਾਂ ਦਾ ਧਿਆਨ ਆਪਣੇ ਵੱਲ ਘੱਟ ਖਿੱਚਿਆ ਹੈ । ਮੈਂ ਹਰੇ ਇਨਕਲਾਬ ਦੇ ਸਾਡੇ ਉੱਪਰ ਪਏ ਸਮਾਜਿਕ, ਆਰਥਿਕ, ਸੱਭਿਆਚਾਰਿਕ, ਨੈਤਿਕ ਅਤੇ ਵਾਤਾਵਰਣਿਕ ਦੁਰ-ਪ੍ਰਭਾਵਾਂ ਬਾਰੇ ਪਹਿਲਾਂ ਵੀ ਲਿਖਣ ਦਾ ਯਤਨ ਕੀਤਾ ਹੈ, ਪ੍ਰੰਤੂ ਮੈਨੂੰ ਮਹਿਸੂਸ ਹੁੰਦਾ ਹੈ ਕਿ ਇਸ ਵਿਸ਼ੇ ਨਾਲ ਸੰਬੰਧਿਤ ਹੋਰ ਵੀ ਪਰਤਾਂ ਖੋਲ੍ਹਣ ਦੀ ਲੋੜ ਹੈ ।

ਹਰੇ ਇਨਕਲਾਬ ਦੇ ਨਤੀਜੇ ਵਜੋਂ ਪੰਜਾਬ ਦੀ ਵੱਸੋਂ ਦੀ ਬਣਤਰ ਵਿੱਚ ਵੱਡੀਆਂ ਤਬਦੀਲੀਆਂ ਆਈਆਂ; ਜਿਵੇਂ ਪੰਜਾਬ ਵਿੱਚੋਂ ਜ਼ਿਆਦਾਤਰ ਜੱਟਾਂ ਦਾ ਉਜਾੜਾ ਅਤੇ ਗ਼ੈਰ-ਪੰਜਾਬੀ ਵੱਸੋਂ ਦਾ ਲਗਾਤਾਰ ਵਾਧਾ । ਇੰਞ ਹੀ ਪੰਜਾਬ ਦੇ ਪਾਣੀ ਦਾ ਪੱਧਰ ਲਗਾਤਾਰ ਡੂੰਘਾ ਹੋਈ ਜਾਣਾ ਜੋ ਇਕ ਦਿਨ ਇੱਥੋਂ ਦੀ ਉਪਜਾਊ-ਧਰਤੀ ਨੂੰ ਬੰਜਰ ਬਣਾ ਸਕਦਾ ਹੈ । ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੇ ਦੁਰਉਪਯੋਗ ਦੀਆਂ ਸਮੱਸਿਆਵਾਂ, ਪੰਜਾਬੀ ਗਾਇਕੀ ਅਤੇ ਸਾਡੀ ਸਭ ਤੋਂ ਪਵਿੱਤਰ ਪ੍ਰਥਾ ਵਿਆਹ ਦਾ ਨਿੱਤ ਨਵੀਆਂ ਸਿਖ਼ਰਾਂ ਛੋਹ ਰਿਹਾ ਨਿਘਾਰ; ਭਾਵ ਇਹ ਸਾਰੇ ਤੱਥ ਸਾਨੂੰ ਹਲੂਣ ਰਹੇ ਹਨ ਕਿ ਅਸੀਂ ਹਰੇ ਇਨਕਲਾਬ ਨਾਲ ਜੁੜੀਆਂ ਸਮੱਸਿਆਵਾਂ ਅਤੇ ਚੁਣੌਤੀਆਂ ਦਾ ਹੋਰ ਡੂੰਘਾਈ ਨਾਲ ਅਧਿਐਨ ਅਤੇ ਵਿਸ਼ਲੇਸ਼ਣ ਕਰਨ ਦਾ ਯਤਨ ਕਰੀਏ । ਮੈਨੂੰ ਲੱਗਦਾ ਹੈ ਕਿ ਹਰਾ ਇਨਕਲਾਬ ਮੁੱਖ ਤੌਰ ’ਤੇ ਸਾਮਰਾਜੀ ਨੀਤੀਆਂ ਅਤੇ ਸਾਜ਼ਿਸ਼ਾਂ ਦਾ ਨਤੀਜਾ ਸੀ । ਇਨ੍ਹਾਂ ਦਾ ਮੰਤਵ ਲੰਬੇ ਸਮੇਂ ਵਿੱਚ ਪੰਜਾਬ ਤੇ ਪੰਜਾਬੀਆਂ ਦੇ ਸਿਰਕੱਢ ਸਥਾਨ ਨੂੰ ਕਮਜ਼ੋਰ ਕਰਨਾ ਸੀ ।

ਹਰਾ ਇਨਕਲਾਬ ਅਸਲ ਵਿੱਚ ਪੰਜਾਬ ਦੀ ਅਮੀਰ ਕਿਸਾਨੀ ਦਾ ਅਮਰੀਕੀ ਸਾਮਰਾਜ ਨਾਲ ਗੱਠਜੋੜ ਸੀ, ਜਿਸ ਦੁਆਰਾ ਇਹ ਜਮਾਤ ਸਰਮਾਏਦਾਰੀ ਵਿੱਚ ਬਦਲ ਕੇ ਵਿਸ਼ਵ ਮੰਡੀ ਦਾ ਹਿੱਸਾ ਬਣ ਗਈ । ਅਮਲੀ ਤੌਰ ’ਤੇ ਇਹ ਆਪਣੇ ਸੱਭਿਆਚਾਰਿਕ ਅਤੇ ਨੈਤਿਕ ਆਧਾਰ ਤੋਂ ਟੁੱਟ ਗਈ ਜੋ ਇਸ ਨੂੰ ਸਿੱਖ ਧਰਮ ਨੇ ਪ੍ਰਦਾਨ ਕੀਤਾ ਸੀ । ਪੰਜਾਬ ਦਾ ਸੱਭਿਆਚਾਰ, ਸਿੱਖ ਸੱਭਿਆਚਾਰ ਦੇ ਤੌਰ ’ਤੇ ਵਿਕਸਿਤ ਹੋਇਆ ਹੈ; ਪ੍ਰੰਤੂ ਸਿੱਖ ਸੱਭਿਆਚਾਰ ਸਿਰਫ਼ ਸਿੱਖਾਂ ਦਾ ਸੱਭਿਆਚਾਰ

ਹੀ ਨਹੀਂ ਸਗੋਂ ਸਾਰੇ ਪੰਜਾਬੀਆਂ ਦਾ ਸੱਭਿਆਚਾਰ ਹੈ । ਪੰਜਾਬ ਖੇਤੀ ਪ੍ਰਧਾਨ ਖਿੱਤਾ ਰਿਹਾ ਹੈ । ਇਸ ਲਈ ਪੰਜਾਬੀ ਸੱਭਿਆਚਾਰ ਦੇ ਖੇਤਰ ਵਿੱਚ ਕਿਸਾਨੀ ਦੀ ਮੁੱਖ ਭੂਮਿਕਾ ਰਹੀ ਹੈ । ਪੰਜਾਬ ਦੀ ਕਿਸਾਨੀ ਮੁੱਖ ਤੌਰ 'ਤੇ ਜੱਟ ਕਿਸਾਨੀ ਹੈ । ਇਸ ਲਈ ਪੰਜਾਬੀ ਸੱਭਿਆਚਾਰ ਵਿੱਚ ਜੱਟਾਂ ਦੀ ਸਿਰਕੱਢ ਭੂਮਿਕਾ ਰਹੀ ਹੈ । ਸਾਰੇ ਇਤਿਹਾਸਿਕ ਪ੍ਰਮਾਣ ਇਸ ਤੱਥ ਦੀ ਪੁਸ਼ਟੀ ਕਰਦੇ ਨਜ਼ਰ ਆਉਂਦੇ ਹਨ ਕਿ ਸਿੱਖ ਧਰਮ ਅਪਨਾਉਣ ਤੋਂ ਪਹਿਲਾਂ ਪੰਜਾਬ ਦੇ ਜੱਟ ਜ਼ਿਆਦਾਤਰ ਕਬੀਲੇ ਦੇ ਪੱਧਰ 'ਤੇ ਵਿਚਰ ਰਹੇ ਸਨ । ਉਹ ਪੂਰੀ ਤਰ੍ਹਾਂ ਭਾਰਤੀ ਮੁੱਖ ਧਾਰਾ ਦਾ ਅੰਗ ਨਹੀਂ ਬਣੇ ਸਨ। ਇਹ ਕਹਿਣਾ ਸ਼ਾਇਦ ਅਤਿਕਥਨੀ ਨਾ ਹੋਵੇ ਕਿ ਸਿੱਖ ਧਰਮ ਨੇ ਹੀ ਜੱਟਾਂ ਦਾ ਭਾਰਤੀ ਮੁੱਖਧਾਰਾ ਵਿੱਚ ਪ੍ਰਵੇਸ਼ ਕਰਵਾਇਆ ਤੇ ਉਨ੍ਹਾਂ ਨੂੰ ਸੱਭਿਆਚਾਰਿਕ ਅਧਾਰ ਅਤੇ ਵਿਆਪਕ ਮਨੁੱਖੀ ਕਦਰਾਂ-ਕੀਮਤਾਂ ਪ੍ਰਦਾਨ ਕੀਤੀਆਂ ਹਨ ।

ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਅਮੀਰ ਕਿਸਾਨੀ ਜੋ ਜ਼ਿਆਦਾਤਰ ਜੱਟ ਭਾਈਚਾਰੇ ਨਾਲ ਸੰਬੰਧਿਤ ਹੈ, ਨੇ ਭਾਵੇਂ ਪੰਜਾਬ 'ਤੇ ਆਪਣੀ ਪਕੜ ਬਣਾਈ ਰੱਖਣ ਅਤੇ ਰਾਜਨੀਤਿਕ ਲਾਹਾ ਲੈਣ ਲਈ ਉੱਪਰੋਂ-ਉੱਪਰੋਂ ਸਿੱਖ ਧਰਮ ਨਾਲ ਆਪਣਾ ਸੰਬੰਧ ਬਣਾਈ ਰੱਖਿਆ ਹੈ ਪ੍ਰੰਤੂ ਅਮਲੀ ਤੌਰ 'ਤੇ ਇਸ ਨੇ ਸਿੱਖ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤਿਆਗ ਕੇ ਸਾਮਰਾਜੀ ਖਪਤਕਾਰੀ ਸੱਭਿਆਚਾਰ ਅਪਨਾਇਆ ਹੈ। ਪੰਜਾਬ ਦੇ ਸੰਦਰਭ ਵਿੱਚ ਸਾਮਰਾਜੀ ਖਪਤਕਾਰ ਸੱਭਿਆਚਾਰ ਹੋਰ ਵੀ ਜ਼ਿਆਦਾ ਖ਼ਤਰਨਾਕ ਸਾਬਤ ਹੋਇਆ ਹੈ ; ਕਿਉਂਕਿ ਪੰਜਾਬੀਆਂ 'ਤੇ ਇਹ ਵਿਗੜੇ ਹੋਏ ਅਤੇ ਬਣਾਉਟੀ ਜੱਟ ਸੱਭਿਆਚਾਰ ਦੇ ਰੂਪ ਵਿੱਚ ਠੋਸਿਆ ਗਿਆ ਹੈ। ਸੱਚਾਈ ਤਾਂ ਇਹ ਹੈ ਕਿ ਇਸ ਅਖੌਤੀ ਜੱਟ ਸੱਭਿਆਚਾਰ ਦਾ ਜੱਟਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ । ਪੰਜਾਬ ਦੀ ਸਥਿਤੀ ਦੀ ਇਕ ਹੋਰ ਵਿਸ਼ੇਸ਼ਤਾ ਇਹ ਵੀ ਹੈ ਕਿ ਭਾਵੇਂ ਆਰਥਿਕ ਤੌਰ 'ਤੇ ਅਮੀਰ ਕਿਸਾਨੀ ਸਰਮਾਏਦਾਰੀ ਅਤੇ ਵਿਸ਼ਵ ਮੰਡੀ ਦਾ ਹਿੱਸਾ ਬਣ ਗਈ ਹੈ, ਪ੍ਰੰਤੂ ਇਸ ਨੇ ਸਰਮਾਏਦਾਰੀ ਜਮਾਤ ਦਾ ਸਦਾਚਾਰ, ਸਲੀਕਾ ਅਤੇ ਨਫੀਸਤਾ ਨਹੀਂ ਅਪਣਾਈ ਸਗੋਂ ਆਪਣਾ ਅਨਘੜਤ, ਉਜੱਡ ਤੇ ਕਰੂਰ ਰੂਪ ਬਣਾ ਲਿਆ ਹੈ । ਇਸ ਦਾ ਇਹ ਕਰੂਰ ਅਤੇ ਉਜੱਡ ਰੂਪ ਅੱਜ ਪੰਜਾਬੀ ਗਾਣਿਆਂ ਵਿੱਚ ਜੱਟ ਦੇ ਵਿਗੜੇ ਹੋਏ ਅਕਸ ਦੇ ਰੂਪ ਵਿੱਚ ਪ੍ਰਗਟ ਹੋ ਰਿਹਾ ਹੈ ।

ਕਿਰਤ ਕਰਨਾ ਸਿੱਖ ਸੱਭਿਆਚਾਰ ਦਾ ਮੂਲ ਅਧਾਰ ਹੈ । ਸਾਮਰਾਜੀ ਖਪਤਕਾਰੀ ਸੱਭਿਆਚਾਰ ਨੇ ਪੰਜਾਬ ਦੀ ਕਿਸਾਨੀ ਨੂੰ ਕਿਰਤ ਨਾਲੋਂ ਤੋੜਿਆ ਹੈ । ਕਿਰਤ ਨਾਲੋਂ ਟੁੱਟਣ ਕਾਰਨ ਹੀ ਪੰਜਾਬ ਦੀ ਕਿਸਾਨੀ ਸਿੱਖ ਸੱਭਿਆਚਾਰ ਤੋਂ ਦੂਰ ਹੋਈ ਹੈ । ਪੰਜਾਬ ਦੀ ਕਿਸਾਨੀ ਅਚਨਚੇਤ ਸਿੱਖ ਸੱਭਿਆਚਾਰ ਤੋਂ ਦੂਰ ਨਹੀਂ ਹੋਈ, ਸਗੋਂ ਇਹ ਸੋਚੀ-ਸਮਝੀ ਸਾਮਰਾਜੀ ਨੀਤੀ ਦਾ ਨਤੀਜਾ ਹੈ । ਪੰਜਾਬ ਨੂੰ ਜਿੱਤਣ ਤੋਂ ਬਾਅਦ ਅੰਗਰੇਜ਼ਾਂ ਨੇ ਇਹ ਸਿੱਟਾ ਕੱਢ ਲਿਆ ਸੀ ਕਿ ਜੇ ਭਾਰਤ 'ਤੇ ਆਪਣਾ ਰਾਜ ਕਾਇਮ ਰੱਖਣਾ ਹੈ ਤਾਂ ਉਨ੍ਹਾਂ ਨੂੰ ਸਭ ਤੋਂ ਵੱਡੇ ਖ਼ਤਰੇ ਸਿੱਖਾਂ ਦੇ ਇਨਕਲਾਬੀ ਜਜ਼ਬੇ ਨੂੰ ਖ਼ਤਮ ਕਰਨ ਦੇ ਨਿਰੰਤਰ ਯਤਨ ਕਰਨੇ ਪੈਣਗੇ । ਇਸ ਮੰਤਵ



ਲਈ ਅੰਗਰੇਜ਼ਾਂ ਨੇ ਕੁਝ ਕਦਮ ਚੁੱਕੇ; ਜਿਵੇਂ ਸਿੱਖ ਸੰਸਥਾਵਾਂ ਨੂੰ ਕਮਜ਼ੋਰ ਕਰਨਾ, ਸਿੱਖਾਂ ਵਿੱਚ ਸ਼ਬਦ ਵਿਚਾਰ ਅਰਥਾਤ ਫ਼ਲਸਫ਼ੇ ਨੂੰ ਕਮਜ਼ੋਰ ਕਰਨਾ ਅਤੇ ਕਰਮ-ਕਾਂਡ ਨੂੰ ਉਤਸ਼ਾਹਿਤ ਕਰਨਾ, ਬਾਬਾ ਬੰਦਾ ਸਿੰਘ ਬਹਾਦਰ ਦੀ ਇਤਿਹਾਸਿਕ ਭੂਮਿਕਾ ਨੂੰ ਢਾਹ ਲਾਉਣੀ ਅਤੇ ਪੰਜਾਬ ਦੀ ਕਿਸਾਨੀ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ । ਅੰਗਰੇਜ਼ਾਂ ਨੇ ਬਹੁਤ ਡੂੰਘਾਈ ਨਾਲ ਪੰਜਾਬ ਵਿੱਚ ਵੱਸਣ ਵਾਲੀਆਂ ਜਾਤਾਂ ਅਤੇ ਕਬੀਲਿਆਂ ਦੀ ਮਾਨਸਿਕਤਾ ਨੂੰ ਸਮਝਣ ਲਈ ਖੋਜ ਕਰਵਾਈ ਤਾਂ ਜੋ ਜਾਤੀਵਾਦ ਅਤੇ ਜਾਤੀ ਵੰਡ ਨੂੰ ਉਤੇਜਿਤ ਅਤੇ ਲੋਕਾਂ ਨੂੰ ਸਿੱਖ ਸਿਧਾਂਤ ਅਤੇ ਸਿੱਖ ਸੱਭਿਆਚਾਰ ਤੋਂ ਦੂਰ ਕੀਤਾ ਜਾ ਸਕੇ । ਸਿੱਖਾਂ, ਪੰਜਾਬੀਆਂ ਅਤੇ ਪੰਜਾਬ ਨੂੰ ਕਮਜ਼ੋਰ ਕਰਨ ਲਈ ਜੱਟ ਭਾਈਚਾਰੇ ਨੂੰ ਆਪਣੀ ਸਿੱਖ ਵਿਰਾਸਤ ਤੋਂ ਦੂਰ ਕਰਨਾ ਜ਼ਰੂਰੀ ਸੀ । ਪ੍ਰੰਤੂ ਬ੍ਰਿਟਿਸ਼ ਸਾਮਰਾਜੀਆਂ ਨੂੰ ਆਪਣੇ ਇਸ ਮੰਤਵ ਵਿੱਚ ਸੀਮਿਤ ਸਫਲਤਾ ਹੀ ਮਿਲ ਸਕੀ । ਉਹ ਜੱਟਾਂ ਵਿੱਚੋਂ ਜ਼ਿਆਦਾਤਰ ਜਗੀਰੂ ਅੰਸ਼ ਨੂੰ ਹੀ ਸਿੱਖ ਵਿਰਾਸਤ ਤੋਂ ਦੂਰ ਕਰਨ ਵਿੱਚ ਸਫਲ ਹੋਏ । ਅਮੀਰ ਕਿਸਾਨੀ ਅਤੇ ਸਧਾਰਨ ਕਿਸਾਨੀ ਸਿੱਖ ਵਿਰਾਸਤ ਨਾਲ ਜੁੜੀ ਰਹੀ ।

ਅਮਰੀਕੀ ਸਾਮਰਾਜ ਬ੍ਰਿਟਿਸ਼ ਸਾਮਰਾਜ ਦੀ ਹੀ ਨਿਰੰਤਰਤਾ ਹੈ । ਇਸ ਕੰਮ ਵਿੱਚ ਵੀ ਬ੍ਰਿਟਿਸ਼ ਸਾਮਰਾਜੀ ਅਧੂਰੇ ਰਹਿ ਗਏ ਤੇ ਉਹ ਕੰਮ ਅਮਰੀਕੀ ਸਾਮਰਾਜੀਆਂ ਨੇ ਪੂਰਾ ਕੀਤਾ । ਅਮਰੀਕੀ ਸਾਮਰਾਜ ਦੀਆਂ ਨੀਤੀਆਂ ਸਦਕਾ ਜੱਟ ਕਿਸਾਨੀ ਦਾ ਇਕ ਵੱਡਾ ਹਿੱਸਾ ਅੱਜ ਆਪਣੀ ਸਿੱਖ ਵਿਰਾਸਤ ਤੋਂ ਦੂਰ ਹੋ ਚੁੱਕਾ ਹੈ । ਇਸ ਪ੍ਰਕਿਰਿਆ ਵਿੱਚ ਹਰੇ ਇਨਕਲਾਬ ਨੇ ਕੇਂਦਰੀ ਭੂਮਿਕਾ ਨਿਭਾਈ ਹੈ। ਹਰੇ ਇਨਕਲਾਬ ਕਾਰਨ ਪੰਜਾਬ ਦੀ ਅਮੀਰ ਕਿਸਾਨੀ ਅਮਰੀਕੀ ਸਾਮਰਾਜ ਦੀ ਪਿਛਲੱਗ ਬਣ ਗਈ । ਇਹ ਜਮਾਤ ਕਿਰਤ, ਸਿੱਖ ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਤੋਂ ਹੀ ਟੁੱਟੀ ਨਹੀਂ ਸਗੋਂ ਸਾਧਾਰਨ ਕਿਸਾਨੀ ਨੂੰ ਵੀ ਇਸ ਤੋਂ ਦੂਰ ਕਰਨ ਲਈ ਯਤਨਸ਼ੀਲ ਹੈ । ਇਨ੍ਹਾਂ ਯਤਨਾਂ ਸਦਕਾ ਹੀ ਇਸ ਨੇ ਸਾਮਰਾਜੀ ਖਪਤਕਾਰੀ ਸੱਭਿਆਚਾਰ ਨੂੰ ਅਖੌਤੀ ਜੱਟ ਸੱਭਿਆਚਾਰ ਵਜੋਂ ਪੇਸ਼ ਕਰਕੇ ਪੰਜਾਬ 'ਤੇ ਠੋਸ ਦਿੱਤਾ ਅਤੇ ਪੰਜਾਬ ਨੂੰ ਉਜੱਡਵਾਦ ਵੱਲ ਧੱਕ ਦਿੱਤਾ ਹੈ । ਇਸ ਅਖੌਤੀ ਜੱਟ ਸੱਭਿਆਚਾਰ ਵਿੱਚ ਜੱਟ ਦਾ ਰੂਪ ਕਿਰਤ ਨਾਲੋਂ ਟੁੱਟੇ ਹੋਏ, ਵਿਗੜੇ ਹੋਏ ਅਤੇ ਉਜੱਡਵਾਦੀ ਰੂਪ ਵਿੱਚ ਪੇਸ਼ ਹੁੰਦਾ ਹੈ ।

ਪੰਜਾਬ ਦੀ ਇਹ ਵੀ ਬਦਕਿਸਮਤੀ ਹੈ ਕਿ ਨਾ ਸਿਰਫ਼ ਸਿਰਕੱਢ ਭਾਈਚਾਰੇ ਨੇ ਆਪਣਾ ਸੱਭਿਆਚਾਰਿਕ ਅਤੇ ਨੈਤਿਕ ਅਧਾਰ ਗੁਆਇਆ, ਸਗੋਂ ਬਾਕੀ ਭਾਈਚਾਰੇ ਵੀ ਉਸ ਦੀ ਰੀਸ ਕਰਦੇ ਨਜ਼ਰ ਆ ਰਹੇ ਹਨ । ਇਹ ਸ਼ਾਇਦ ਅਤਿਕਥਨੀ ਨਾ ਹੋਵੇ ਕਿ ਅੱਜ ਸਮੁੱਚਾ ਪੰਜਾਬ ਸਾਮਰਾਜੀ ਖਪਤਕਾਰੀ ਸੱਭਿਆਚਾਰ ਦੀ ਲਪੇਟ ਵਿੱਚ ਆ ਚੁੱਕਾ ਹੈ । ਪ੍ਰੰਤੂ ਦੁੱਖ ਦੀ ਗੱਲ ਇਹ ਹੈ ਕਿ ਇਸ ਦਾ ਮੌਜੂਦਾ ਰੂਪ ਸਾਡਾ ਰਵਾਇਤੀ, ਕਿਰਤੀ ਅਤੇ ਸਤਿਕਾਰਤ ਜੱਟ ਵਾਲਾ ਨਹੀਂ ਸਗੋਂ ਉਸ ਦਾ ਵਿਗੜਿਆ ਹੋਇਆ, ਬਣਾਉਟੀ ਅਤੇ ਉਜੱਡਵਾਦੀ ਰੂਪ ਹੈ । ਹਰੇ ਇਨਕਲਾਬ ਨੇ

ਪੰਜਾਬ ਨੂੰ ਆਪਣੇ ਸੱਭਿਆਚਾਰਿਕ ਅਤੇ ਨੈਤਿਕ ਅਧਾਰ ਤੋਂ ਦੂਰ ਕਰਕੇ ਬੌਧਿਕ, ਸੱਭਿਆਚਾਰਿਕ ਅਤੇ ਨੈਤਿਕ ਅਗਵਾਈ ਤੋਂ ਸੱਖਣਾ ਕਰ ਦਿੱਤਾ । ਹਰੇ ਇਨਕਲਾਬ ਵਿੱਚੋਂ ਉਪਜੀਆਂ ਸਮੱਸਿਆਵਾਂ ਨੇ ਨਾ ਸਿਰਫ਼ ਪੰਜਾਬ ਦੀ ਉਪਜਾਊ ਧਰਤੀ ਦੇ ਬੰਜਰ ਬਣਨ ਦਾ ਖ਼ਤਰਾ ਪੈਦਾ ਕੀਤਾ ਹੈ ਸਗੋਂ ਰਾਜ ਨੂੰ ਸਮਾਜਿਕ ਅਸਥਿਰਤਾ ਅਤੇ ਸੱਭਿਆਚਰਿਕ ਤੇ ਨੈਤਿਕ ਬੰਜਰਪੁਣੇ ਦੇ ਨੇੜੇ ਵੀ ਪਹੁੰਚਾ ਦਿੱਤਾ ਹੈ ।

ਇਸ ਜਟਿਲ ਸਥਿਤੀ ਵਿੱਚੋਂ ਪੰਜਾਬ ਨੂੰ ਕੱਢਣ ਦੇ ਯਤਨਾਂ ਵਿੱਚ ਇਹ ਵੀ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿ ਪੰਜਾਬ ਦੇ ਜੱਟ ਭਾਈਚਾਰੇ ਨੂੰ ਆਪਣੇ ਸਿੱਖ ਵਿਰਾਸਤ ਨਾਲ ਜੁੜਨ ਲਈ ਉਤਸ਼ਾਹਿਤ ਕੀਤਾ ਜਾਏ । ਪੰਜਾਬ ਦੇ ਜੱਟ ਦੀ ਸਹੀ ਅਤੇ ਮੁਕੰਮਲ ਪਛਾਣ ਜੱਟ ਸਿੱਖ ਹੈ ਜੋ ਕਿ ਹੁਣ ਅਧੂਰੀ ਹੋ ਗਈ ਜਾਪਦੀ ਹੈ । ਸਾਡੀ ਬੋਲ-ਚਾਲ, ਗੀਤਾਂ, ਟੀ.ਵੀ., ਫ਼ਿਲਮਾਂ, ਟਰੱਕਾਂ ਅਤੇ ਕਾਰਾਂ ਆਦਿ 'ਤੇ ਲਿਖੇ ਸ਼ਬਦਾਂ ਵਿੱਚੋਂ ਸਿੱਖ ਸ਼ਬਦ ਲਗਭਗ ਲੋਪ ਹੋ ਗਿਆ ਹੈ । ਜੱਟ ਸਿੱਖ ਸਿਰਫ਼ ਜੱਟ ਤਕ ਹੀ ਸੀਮਿਤ ਹੋ ਗਿਆ ਹੈ । ਅਜਿਹੇ ਪ੍ਰਚਾਰ ਦੀ ਲੋੜ ਹੈ ਕਿ ਜੱਟ ਤੋਂ ਜੱਟ ਸਿੱਖ ਵਿੱਚ ਵਿਕਸਿਤ ਹੋਣ । ਆਪਣੇ ਨਿੱਜੀ ਤਜਰਬੇ ਦੇ ਅਧਾਰ 'ਤੇ ਮੈਂ ਇਹ ਗੱਲ ਕਹਿ ਰਿਹਾ ਹਾਂ ਕਿ ਜੋ ਸਤਿਕਾਰਤ ਸਥਾਨ ਕਿਸਾਨੀ ਨੂੰ ਸਿੱਖ ਧਰਮ ਨੇ ਦਿੱਤਾ ਹੈ, ਉਹ ਦੁਨੀਆਂ ਦੀ ਹੋਰ ਕਿਸੇ ਕਿਸਾਨੀ ਨੂੰ ਨਸੀਬ ਨਹੀਂ ਹੋਇਆ ।

ਬਾਬਾ ਬੰਦਾ ਸਿੰਘ ਬਹਾਦਰ ਦਾ ਇਨਕਲਾਬ ਮੁੱਖ ਤੌਰ 'ਤੇ ਕਿਸਾਨੀ ਦਾ ਇਨਕਲਾਬ ਸੀ । ਸਿੱਖ ਇਨਕਲਾਬ ਨੇ ਹੀ ਪੰਜਾਬ ਦੀ ਕਿਸਾਨੀ ਵਿੱਚ ਸਵੈ-ਮਾਣ ਦੀ ਭਾਵਨਾ ਜਗਾਈ ਹੈ। ਸਾਨੂੰ ਇਸ ਸਵੈ-ਮਾਣ ਨੂੰ 'ਹੰਕਾਰ' ਬਣਨ ਤੋਂ ਰੋਕਣ ਦੇ ਯਤਨ ਕਰਨੇ ਚਾਹੀਦੇ ਹਨ । ਸਵੈ-ਮਾਣ ਹਾਂ-ਪੱਖੀ ਤੱਤ ਹੈ ਅਤੇ ਹੰਕਾਰ ਨਾਂਹ-ਪੱਖੀ ਸਵੈ-ਮਾਣ ਵਿਕਾਸ ਵੱਲ ਲਿਜਾਂਦਾ ਹੈ ਜਦੋਂ ਕਿ ਹੰਕਾਰ ਵਿਨਾਸ਼ ਦਾ ਕਾਰਨ ਬਣਦਾ ਹੈ । ਸਾਡੀ ਜੜ੍ਹ ਹਾਲੇ ਵੀ ਪੰਜਾਬ ਵਿੱਚ ਹੈ ਅਤੇ ਜੋ ਅਸੀਂ ਵਿਦੇਸ਼ਾਂ ਵਿੱਚ ਦੇਖ ਰਹੇ ਹਾਂ, ਉਹ ਟਾਹਣੀਆਂ ਅਤੇ ਪੱਤੇ ਹਨ । ਜੇ ਜੜ੍ਹ ਕਮਜ਼ੋਰ ਹੋ ਗਈ ਤਾਂ ਟਾਹਣੀਆਂ 'ਤੇ ਪੱਤੇ ਹਰੇ ਨਹੀਂ ਰਹਿ ਸਕਦੇ । ਇਸ ਲਈ ਪੰਜਾਬ ਵਿੱਚ ਆਪਣੀ ਜੜ੍ਹ ਬਚਾਉਣ ਦੇ ਯਤਨ ਸਾਡੀ ਸਭ ਤੋਂ ਵੱਡੀ ਪਹਿਲ ਹੋਣੀ ਚਾਹੀਦੀ ਹੈ ।

ਸੰਪਰਕ : **98153-08460**

**(ਰੋਜ਼ਾਨਾ ਪੰ: ਟ੍ਰਿ: 03-08-2017 'ਚੋਂ ਧੰਨਵਾਦ ਸਹਿਤ !)**

•❋••❋•



# ਵਿਆਹਾਂ 'ਤੇ ਪੈਸਾ ਫ਼ਜ਼ੂਲ ਨਾ ਉਡਾਓ

**-ਸਰਬਜੀਤ ਸਿੰਘ ਹੇਰਾਂ**

ਵਿਆਹ ਦੋ ਰੂਹਾਂ ਦਾ ਇੱਕ ਪਵਿੱਤਰ ਬੰਧਨ ਹੁੰਦਾ ਹੈ, ਪਰ ਇਸ ਸਮੇਂ ਹੁੰਦੀ ਫ਼ਜ਼ੂਲ ਖ਼ਰਚੀ ਇਸ ਨੂੰ ਜੀਅ ਦਾ ਜੰਜਾਲ ਬਣਾ ਕੇ ਰੱਖ ਦਿੰਦੀ ਹੈ । ਧੜਾ-ਧੜ ਉੱਸਰ ਰਹੇ ਸੜਕਾਂ ਦੇ ਕੰਢੇ ਮੈਰਿਜ ਪੈਲੇਸ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਵਿਆਹ ਹਰ ਇੱਕ ਲਈ ਹੁਣ ਸੌਖਾ ਨਹੀਂ ਰਿਹਾ । ਇਸ ਸਿਸਟਮ ਵਿੱਚ ਸਭ ਤੋਂ ਜ਼ਿਆਦਾ ਨਪੀੜੀ ਜਾਣ ਵਾਲੀ ਧਿਰ ਹੁੰਦੀ ਹੈ ਲੜਕੀ ਪੱਖ ਦਾ ਪਰਿਵਾਰ। ਉਹ ਦੇਖਾ-ਦੇਖੀ ਤੇ ਮਜਬੂਰੀ ਕਾਰਨ ਵੱਡੇ ਤੇ ਖ਼ਰਚੀਲੇ ਪੈਲੇਸ ਬੁੱਕ ਕਰਵਾਉਣ ਲਈ ਮਜਬੂਰ ਹਨ ।

ਪੰਜਾਬ ਦੇ ਵਿਆਹਾਂ ਵਿੱਚ ਖਾਧਾ ਘੱਟ ਜਾਂਦਾ ਹੈ, ਪਰ ਖ਼ਰਾਬ ਜ਼ਿਆਦਾ ਕੀਤਾ ਜਾਂਦਾ ਹੈ । ਵਿਆਹਾਂ ਵਿੱਚ ਉੱਚੀ ਆਵਾਜ਼ ਵਿੱਚ ਵੱਜਦੇ ਡੀ.ਜੇ. ਕੋਲ ਆਮ ਇਨਸਾਨ ਨਹੀਂ ਬੈਠ ਸਕਦਾ । ਨਿੱਕੀ-ਨਿੱਕੀ ਉਮਰ ਦੀਆਂ ਨੱਚਦੀਆਂ ਡਾਂਸਰਾਂ ਦੇ ਸਿਰ 'ਤੋਂ ਉਨ੍ਹਾਂ ਦੇ ਪਿਓ ਦਾਦੇ ਦੀ ਉਮਰ ਦੇ ਲੋਕ ਪੈਸੇ ਵਾਰਦੇ ਹਨ ਅਤੇ ਬਰਾਬਰ ਡਾਂਸ ਕਰਦੇ ਹਨ । ਅਜਿਹੀ ਫ਼ਜ਼ੂਲ ਖ਼ਰਚੀ ਨੇ ਵਿਆਹ ਨੂੰ ਫੋਕਾ ਸਮਾਜਿਕ ਦਿਖਾਵਾ ਅਤੇ ਪਖੰਡ ਦਾ ਮੌਕਾ ਬਣਾ ਕੇ ਰੱਖ ਦਿੱਤਾ ਹੈ । ਜੇਕਰ ਇਹੀ ਵਿਆਹ ਕਿਸੇ ਧਾਰਮਿਕ ਸਥਾਨ ਉੱਤੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਹੋਵੇ ਅਤੇ ਅਖ਼ੀਰ ਵਿੱਚ ਗੁਰੂ ਕਾ ਲੰਗਰ ਚੱਲੇ ਤਾਂ ਇਸ ਵਿੱਚ ਕੀ ਘਾਟਾ ਹੈ ।

ਜਿਨ੍ਹਾਂ ਨੇ ਸੱਤਰ ਅੱਸੀ ਦੇ ਦਹਾਕਿਆਂ ਦੇ ਵਿਆਹ ਦੇਖੇ ਹਨ, ਉਨ੍ਹਾਂ ਨੂੰ ਯਾਦ ਹੋਵੇਗਾ ਕਿ ਪਹਿਲੇ ਦਿਨ ਮੇਲ ਹੁੰਦਾ ਸੀ, ਜਿਸ ਵਿੱਚ ਨਜ਼ਦੀਕੀ ਰਿਸ਼ਤੇਦਾਰ ਇੱਕ ਦਿਨ ਪਹਿਲਾਂ ਆ ਜਾਂਦੇ ਤੇ ਬੜੇ ਹੀ ਸਾਧਾਰਨ ਖਾਣੇ ਤਿਆਰ ਕੀਤੇ ਜਾਂਦੇ ਸਨ। ਸ਼ਾਮ ਨੂੰ ਸਭ ਰਿਸ਼ਤੇਦਾਰਾਂ ਨੂੰ ਇੱਕ ਪੰਗਤ ਵਿੱਚ ਬਿਠਾ ਕੇ ਖਾਣਾ ਖੁਆਇਆ ਜਾਂਦਾ ਸੀ ਅਤੇ ਕਿਸੇ ਬਹਿਰੇ ਦੀ ਲੋੜ ਹੀ ਮਹਿਸੂਸ ਨਹੀਂ ਹੁੰਦੀ ਸੀ ।

ਅੱਜ ਤਿੰਨ ਘੰਟੇ ਚੱਲਣ ਵਾਲੇ ਵਿਆਹ ਉੱਪਰ ਪਿਛਲੇ ਤੀਹ ਪੈਂਤੀ ਸਾਲ ਦੀ ਕਮਾਈ ਬੜੀ ਬੇਰਹਿਮੀ ਨਾਲ ਰੋੜ੍ਹ ਦਿੱਤੀ ਜਾਂਦੀ ਹੈ । ਅਸੀਂ ਪਹਿਲਾਂ ਰੋਕਾ, ਫਿਰ ਰਿੰਗ ਸੈਰੇਮਨੀ, ਸ਼ਗਨ, ਅਨੰਦ ਕਾਰਜ, ਇਹ ਸਮਾਗਮ ਐਨਾ ਲੰਬਾ ਖਿੱਚਣ ਦੀ ਕੀ ਲੋੜ ਹੈ । ਮੈਰਿਜ ਪੈਲੇਸਾਂ ਵਿੱਚ ਕੁਝ ਘੰਟਿਆਂ ਲਈ ਬਣਿਆ ਖਾਣਾ ਆਮ ਦਿਨਾਂ ਵਿੱਚ ਕਈ ਦਿਨ ਚੱਲ ਸਕਦਾ ਹੈ । ਵਿਆਹ ਵਿੱਚ ਗਿਆ

ਵਿਅਕਤੀ ਦੋ ਦਿਨ ਖਾਣੇ ਦੇ ਬਰਾਬਰ ਕੁਝ ਹੀ ਸਮੇਂ ਵਿੱਚ ਖਾ ਜਾਂਦਾ ਹੈ । ਕਈ ਤਾਂ ਹਮਾਤੜ ਸੌ ਦੋ ਸੌ ਸ਼ਗਨ ਪਾ ਕੇ ਕਈ ਗੁਣਾਂ ਲਾਹਾ ਲੈਣ ਦੀ ਸੋਚਦੇ ਹਨ । ਜਿੰਨਾ ਸਮਾਂ ਉੱਥੇ ਠਹਿਰਦੇ ਹਨ, ਉਹ ਕੇਵਲ ਖਾਂਦੇ ਜਾਂ ਪੀਂਦੇ ਹਨ ।

ਦਿਖਾਵਾ ਤੇ ਪਖੰਡ ਛੱਡ ਕੇ ਸਾਦੇ ਵਿਆਹਾਂ ਵੱਲ ਮੁੜਿਆ ਜਾਵੇ । ਇਸੇ ਵਿੱਚ ਹੀ ਸਭ ਦੀ ਭਲਾਈ ਹੈ । ਸਰਦੇ ਪੁੱਜਦੇ ਲੋਕ ਜੇ ਦਿਖਾਵਿਆਂ ਤੋਂ ਗੁਰੇਜ਼ ਕਰਨ ਤਾਂ ਮੱਧ ਵਰਗ ਤੇ ਗ਼ਰੀਬ ਵਰਗ ਦੇਖਾ-ਦੇਖੀ ਕਰਜ਼ਾ ਚੁੱਕ ਕੇ ਵਿਆਹ ਕਰਨ ਤੋਂ ਬਚ ਜਾਏਗਾ । ਇਸੇ ਤਰ੍ਹਾਂ ਜੇਕਰ ਮੁੰਡੇ ਵਾਲਿਆਂ ਵੱਲੋਂ ਕੁੜੀ ਪੱਖ ਤੋਂ ਦਾਜ ਦੀ ਝਾਕ ਰੱਖਣ ਦੀ ਗੱਲ ਕਰੀਏ ਤਾਂ, ਜੇ ਮੁੰਡੇ ਦਾ ਪਰਿਵਾਰ ਪੰਜਾਹ ਸੱਠ ਲੱਖ ਦੀ ਕੋਠੀ ਬਣਾ ਸਕਦਾ ਹੈ ਤਾਂ ਉਹ ਦੋ ਤਿੰਨ ਲੱਖ ਦਾ ਫ਼ਰਨੀਚਰ ਨਹੀਂ ਲੈ ਸਕਦਾ? ਜੇ ਮਾਪਿਆਂ ਨੇ ਤੀਹ ਚਾਲੀ ਲੱਖ ਲਾ ਕੇ ਕੁੜੀ ਨੂੰ ਸਿੱਖਿਆ ਦਿਵਾਈ ਅਤੇ ਰੁਜ਼ਗਾਰ ਦੇ ਕਾਬਲ ਕੀਤਾ ਹੈ ਤਾਂ ਕੀ ਅਜੇ ਵੀ ਦਾਜ ਦੀ ਗੁੰਜਾਇਸ਼ ਹੈ ? ਜੇ ਤੁਹਾਡੇ ਕੋਲ ਕਾਫ਼ੀ ਧਨ ਹੈ ਅਤੇ ਦਿਖਾਵਾ ਕਰਨਾ ਹੀ ਹੈ ਤਾਂ ਇਸ ਪੈਸੇ ਨਾਲ ਮੁੰਡਾ ਕੁੜੀ ਨੂੰ ਜ਼ਿੰਦਗੀ ਵਿੱਚ ਸੈੱਟ ਕਰਨ ਲਈ ਵਰਤੀਏ ਅਤੇ ਲੋੜਵੰਦ ਲੋਕਾਂ ਦਾ ਸਹਾਰਾ ਬਣੀਏ ।

ਸੰਪਰਕ : **98763-27047**

**(ਰੋਜ਼ਾਨਾ ਪੰ: ਟ੍ਰਿ: 09-05-2017 'ਚੋਂ ਧੰਨਵਾਦ ਸਹਿਤ !)**

•※••※•



# ਸਾਡਾ ਵਿਰਸਾ, ਸੱਭਿਆਚਾਰ ਅਤੇ ਸਿਹਤ

**-ਅਮਨਦੀਪ ਸਿੰਘ ਟੱਲੇਵਾਲੀਆ**

ਕਿਸੇ ਵੀ ਕੌਮ ਜਾਂ ਦੇਸ਼ ਦੀ ਤਰੱਕੀ ਉਦੋਂ ਤਕ ਸੰਭਵ ਨਹੀਂ ਜਦੋਂ ਤਕ ਉਸ ਦੇ ਬਾਸ਼ਿੰਦੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਤੰਦਰੁਸਤ ਨਾ ਹੋਣ । ਬੇਸ਼ੱਕ ਅਸੀਂ ਬਹੁਤ ਤਰੱਕੀ ਕਰ ਲਈ, ਸੁੱਖ-ਸਹੂਲਤਾਂ, ਐਸ਼ੋ-ਅਰਾਮ ਦੇ ਸਾਰੇ ਸਾਧਨ ਪੈਦਾ ਕਰ ਲਏ, ਪਰ ਜੇ ਇਨ੍ਹਾਂ ਨੂੰ ਮਾਣਨ ਤੋਂ ਪਹਿਲਾਂ ਹੀ ਅਸੀਂ ਆਪਣੇ ਸਰੀਰ ਨੂੰ ਨਕਾਰਾ ਕਰ ਲਿਆ ਤਾਂ ਸਾਡੀ ਅਜਿਹੀ ਤਰੱਕੀ ਕਿਸੇ ਕੰਮ ਨਹੀਂ । ਅਸੀਂ ਰਾਈਫ਼ਲਾਂ ਅਤੇ ਤੋਪਾਂ ਵਾਲੇ ਹੋ ਗਏ, ਪਰ ਜੇ ਇਨ੍ਹਾਂ ਨੂੰ ਚਲਾਉਣ ਵਾਲਿਆਂ ਦੇ ਹੱਥ ਥਰ-ਥਰ ਕੰਬਦੇ ਅਤੇ ਜੁੱਸੇ ਕਮਜ਼ੋਰ ਹੋਣ ਤਾਂ ਕੀ ਭਾਅ ਹੈ ਇਨ੍ਹਾਂ ਤੋਪਾਂ ਦਾ। ਕੁਝ ਵੀ ਹੋਵੇ ਸਭ ਤੋਂ ਪਹਿਲਾਂ ਤੰਦਰੁਸਤੀ ਅਤੇ ਬਾਕੀ ਗੱਲਾਂ ਬਾਅਦ ਵਿੱਚ ।

ਸਾਡਾ ਵਿਰਸਾ ਬਹੁਤ ਮਹਾਨ ਹੈ । ਗੁਰੂ ਸਾਹਿਬਾਨ ਨੇ ਸਾਨੂੰ ਗੁਰਬਾਣੀ ਦੇ ਲੜ ਲਾਇਆ, ਜਿਸ ਨਾਲ ਅਸੀਂ ਮਾਨਸਿਕ ਤੌਰ 'ਤੇ ਸੁਚੇਤ ਹੋਏ ਹਾਂ । ਉਨ੍ਹਾਂ ਨੇ ਸਾਨੂੰ ਸਰੀਰਕ ਤੌਰ 'ਤੇ ਤੰਦਰੁਸਤ ਰਹਿਣ ਲਈ ਵੀ ਪ੍ਰੇਰਨਾ ਦਿੱਤੀ ਹੈ । ਬਾਬਾ ਨਾਨਕ ਦੀ ਮੀਲਾਂ ਲੰਬੀ ਪੈਦਲ ਯਾਤਰਾ ਇਸੇ ਗੱਲ ਦੀ ਹਾਮੀ ਭਰਦੀ ਹੈ ਕਿ ਉਹੀ ਮਨੁੱਖ ਲੰਬੀ ਦੂਰੀ ਪੈਦਲ ਤਹਿ ਕਰ ਸਕਦਾ ਹੈ ਜੋ ਸਰੀਰਕ ਤੌਰ 'ਤੇ ਤੰਦਰੁਸਤ ਹੈ, ਨਹੀਂ ਤਾਂ ਪੈਰ ਨਹੀਂ ਪੁੱਟਿਆ ਜਾਂਦਾ । ਇਸੇ ਤਰ੍ਹਾਂ ਗੁਰੂ ਅੰਗਦ ਦੇਵ ਜੀ ਨੇ ਮੱਲ ਅਖਾੜਿਆਂ ਦੀ ਸਥਾਪਨਾ ਕਿਸੇ ਮਕਸਦ ਲਈ ਕੀਤੀ ਸੀ ਕਿ ਇਨ੍ਹਾਂ ਅਖਾੜਿਆਂ ਵਿੱਚ ਆ ਕੇ ਲੋਕ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਰਹਿ ਸਕਣ। ਸਿੱਖੀ ਦਾ ਮੂਲ ਸਿਧਾਂਤ 'ਕਿਰਤ ਕਰਨਾ' ਵੀ ਇਸੇ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਕਿਰਤੀ ਮਨੁੱਖ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਆਪਣੇ ਪਰਿਵਾਰ ਨੂੰ ਪਾਲਦਾ ਹੋਇਆ ਕਿਰਤ ਵਿੱਚ ਖੁੱਭਿਆ ਹੋਰ ਵਿਸ਼ੇ-ਵਿਕਾਰਾਂ ਤੋਂ ਦੂਰ ਰਹਿੰਦਾ ਹੈ । ਉਸ ਦਾ ਮਨ ਕੰਮ ਵਿੱਚ ਜੁੜਿਆ ਰਹਿੰਦਾ ਹੈ ਅਤੇ ਆਪਣੇ ਸਰੀਰ ਦੀ ਸਮਰੱਥਾ ਮੁਤਾਬਕ ਕੰਮ ਕਰਕੇ ਹੱਡ-ਪੈਰ ਚੱਲਦੇ ਰਹਿੰਦੇ ਹਨ ।

ਗੁਰਬਾਣੀ ਵਿਚਲੇ ਆਚਰਣ ਨੂੰ ਉੱਚਾ ਕਰਨ ਦੀਆਂ ਨਸੀਹਤਾਂ ਥਾਂ-ਥਾਂ ਦਿੱਤੀਆਂ ਗਈਆਂ ਹਨ । ਜਿਸ ਮਨੁੱਖ ਦਾ ਆਚਰਣ ਉੱਚਾ ਹੈ ਉਹ ਏਡਜ਼ ਵਰਗੀਆਂ ਨਾਮੁਰਾਦ ਬਿਮਾਰੀਆਂ ਤੋਂ ਬਚ ਸਕਦਾ ਹੈ । ਗੁਰੂ ਸਾਹਿਬਾਨ ਵੱਲੋਂ ਹਰ ਕਿਸੇ ਕਿਸਮ ਦੇ ਨਸ਼ੇ ਖਾਣ ਕਰਕੇ ਤੰਬਾਕੂ ਤੋਂ ਵਰਜਿਆ ਗਿਆ ਹੈ ਜੋ ਅੱਜ ਦੀ ਦੁਨੀਆਂ ਵਿੱਚ ਕੈਂਸਰ ਦਾ ਸਭ ਤੋਂ ਵੱਡਾ ਕਾਰਨ ਹੈ । ਮਨੁੱਖੀ ਮਨ ਨੂੰ ਸਮਝਾਉਣ ਲਈ ਵਿਕਾਰਾਂ ਉੱਪਰ ਕਾਬੂ ਪਾਉਣ ਲਈ ਈਰਖਾ ਅਤੇ ਸਾੜੇ ਤੋਂ ਬਚਣ ਲਈ ਗੁਰਬਾਣੀ ਵਿੱਚੋਂ ਬਹੁਤ ਸਾਰੀਆਂ ਉਦਾਹਰਣਾਂ ਲਈਆਂ ਜਾ ਸਕਦੀਆਂ ਹਨ; ਜਿਵੇਂ:

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥** (ਅੰ: ੪੭੦)

ਇਸੇ ਤਰ੍ਹਾਂ ਖਾਣ-ਪੀਣ ਪ੍ਰਤੀ ਵੀ ਗੁਰਬਾਣੀ ਵਿੱਚ ਹਦਾਇਤਾਂ ਮਿਲਦੀਆਂ ਹਨ:

**ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥**
**ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰ:੧੬)**

ਸਿੱਖ ਨੂੰ ਬਖ਼ਸ਼ੀ ਗਈ ਫ਼ਤਹਿ ਪਿੱਛੇ ਵੀ ਮਨੋਵਿਗਿਆਨਿਕ ਕਾਰਨ ਹਨ । ਹੁਣ ਹੱਥ ਮਿਲਾਉਣ ਦਾ ਰਿਵਾਜ ਜ਼ਿਆਦਾ ਪ੍ਰਚੱਲਿਤ ਹੋ ਗਿਆ ਹੈ । ਕਈ ਲਾਗ ਦੀਆਂ ਬਿਮਾਰੀਆਂ ਇੱਕ-ਦੂਜੇ ਨੂੰ ਹੱਥ ਮਿਲਾਉਣ ਨਾਲ ਹੀ ਹੋ ਜਾਂਦੀਆਂ ਹਨ, ਪਰ ਸਾਨੂੰ ਬਖ਼ਸ਼ੀ ਫ਼ਤਹਿ ਦੀ ਅਸੀਂ ਕਦਰ ਨਹੀਂ ਕਰਦੇ । ਦੋਵੇਂ ਹੱਥ ਜੋੜ ਕੇ ਬੁਲਾਈ ਗਈ ਫ਼ਤਹਿ ਵਿੱਚ ਅਦਬ, ਸਤਿਕਾਰ ਹੁੰਦਾ ਹੀ ਹੈ। ਇਸ ਤੋਂ ਵੀ ਵੱਡੀ ਗੱਲ ਫ਼ਤਹਿ ਬੁਲਾਉਣ ਜਾਂ ਸਤਿ ਸ੍ਰੀ ਅਕਾਲ ਕਹਿਣ ਨਾਲ ਸਰੀਰ ਵਿੱਚ ਜੋਸ਼ ਭਰਦਾ ਹੈ ਅਤੇ ਮਨ ਖਿੜ ਉੱਠਦਾ ਹੈ । ਅੰਮ੍ਰਿਤ ਵੇਲੇ ਜਾਗਣ ਦਾ ਉਪਦੇਸ਼ ਸਾਨੂੰ ਸਾਰਿਆਂ ਨੂੰ ਇਹੀ ਸਿਖਾਉਂਦਾ ਹੈ ਕਿ ਜਲਦੀ ਉੱਠਣ ਨਾਲ ਮਨ ਚੁਸਤ-ਫੁਰਤ ਰਹਿੰਦਾ ਹੈ । ਨਾਲੇ ਕੋਈ ਨਾ ਕੋਈ ਕਸਰਤ ਕਰਨ ਨੂੰ ਆਪ-ਮੁਹਾਰੇ ਦਿਲ ਕਰ ਆਉਂਦਾ ਹੈ, ਭਾਵੇਂ ਉਹ ਸਵੇਰ ਦੀ ਸੈਰ ਹੀ ਕਿਉਂ ਨਾ ਹੋਵੇ। ਰੱਬ ਦੀ ਬੰਦਗੀ ਕਰਨ ਵਾਲੇ ਇਸ ਦਾ ਲਾਹਾ ਲੈ ਲੈਂਦੇ ਹਨ । ਜਿਹੜੇ ਰਾਤ ਨੂੰ ਹੀ ਦੇਰ ਨਾਲ ਸੌਣਗੇ, ਉਹ ਅੰਮ੍ਰਿਤ ਵੇਲੇ ਕਿਵੇਂ ਜਾਗਣਗੇ? ਇਹ ਹੈ ਸਾਡਾ ਅਮੀਰ ਵਿਰਸਾ ।

ਵਿਰਸੇ ਤੋਂ ਇਲਾਵਾ ਸਾਡੇ ਸੱਭਿਆਚਾਰ ਵਿੱਚ ਸਾਨੂੰ ਤੰਦਰੁਸਤ ਰਹਿਣ ਲਈ ਸਾਡੀ ਰਸੋਈ ਨੂੰ ਅਜਿਹੇ ਸਾਮਾਨ ਨਾਲ ਲੈਸ ਕੀਤਾ ਗਿਆ ਸੀ ਕਿ ਉਸ ਵਿੱਚੋਂ ਹੀ ਸਾਡੀਆਂ ਬਿਮਾਰੀਆਂ ਨੂੰ ਦੂਰ ਕਰਨ ਦੇ ਹੱਲ ਲੱਭ ਸਕਣ । ਜਦੋਂ ਕੋਈ ਸੁਆਣੀ ਸਵੇਰੇ ਉੱਠ ਕੇ ਚਾਟੀ ਵਿੱਚ ਮਧਾਣੀ ਚਲਾਉਂਦੀ ਤਾਂ ਮਿੱਟੀ ਦੇ ਤੌਲੇ (ਤੌੜੇ) ਵਿੱਚ ਤਿਆਰ ਕੀਤੀ ਲੱਸੀ ਬਹੁਤ ਸੁਆਦ ਅਤੇ ਗੁਣ ਭਰਪੂਰ ਹੁੰਦੀ ਅਤੇ ਨਾਲ ਹੀ ਅੰਮ੍ਰਿਤ ਵੇਲੇ ਮੋਢਿਆਂ ਦੇ ਜੋੜਾਂ ਦੀ ਕਸਰਤ ਵੀ ਆਪਣੇ-ਆਪ ਹੋ ਜਾਂਦੀ । ਇਸ ਤੋਂ ਬਾਅਦ ਮਿੱਟੀ ਦੇ ਕੂੰਡੇ ਵਿੱਚ ਮਸਾਲਾ ਰਗੜਨਾ ਜਾਂ ਚਟਨੀ ਰਗੜਨੀ, ਉਹ ਵੀ ਨਿੰਮ ਦੇ ਘੋਟਣੇ ਨਾਲ । ਨਿੰਮ ਵੀ ਗੁਣ ਭਰਪੂਰ ਹੈ ਅਤੇ ਮਿੱਟੀ ਦੇ ਕੂੰਡੇ ਨਾਲੋਂ ਥੋੜ੍ਹੀ-ਥੋੜ੍ਹੀ ਮਿੱਟੀ ਭੁਰ ਕੇ ਮਸਾਲੇ ਜਾਂ ਚਟਨੀ ਵਿੱਚ ਰਲਣ ਨਾਲ ਸਰੀਰ ਵਿਚਲੀ ਕੈਲਸ਼ੀਅਮ ਦੀ ਘਾਟ ਆਪਣੇ-ਆਪ ਪੂਰੀ ਹੋ ਜਾਂਦੀ । ਗਿੱਧਾ ਅਤੇ ਭੰਗੜਾ ਵੀ ਸਾਡੇ ਸੱਭਿਆਚਾਰ ਦਾ ਅਹਿਮ ਹਿੱਸਾ ਹੈ । ਜਿੱਥੇ ਗਿੱਧਾ-ਭੰਗੜਾ ਮਨ-ਪ੍ਰਚਾਵੇ ਦਾ ਸਾਧਨ ਹੈ, ਉੱਥੇ ਇਸ ਨਾਲ ਸਰੀਰਕ ਕਸਰਤ ਵੀ ਹੁੰਦੀ ਹੈ ।

ਘੜਿਆਂ ਵਿੱਚ ਪਾਣੀ ਭਰਨਾ, ਜਿੱਥੇ ਪਾਣੀ ਨੂੰ ਸ਼ੁੱਧ ਰੱਖਦਾ ਸੀ, ਉੱਥੇ ਮਿੱਟੀ ਦਾ ਘੜਾ ਵੀ ਕੈਲਸ਼ੀਅਮ ਦਾ ਭਰਪੂਰ ਸਰੋਤ ਹੋ ਨਿੱਬੜਦਾ ਸੀ । ਲੋਹੇ ਦੀ ਕੜਾਹੀ ਵਿੱਚ ਸਬਜ਼ੀ ਬਣਾਉਣਾ, ਤਾਂਬੇ ਦੇ ਜੱਗ ਜਾਂ ਗੜਵੀ ਵਿੱਚ ਪਾਣੀ ਰੱਖਣਾ ਸਾਡੇ ਸਰੀਰ ਵਿੱਚ ਘਟੇ ਤੱਤਾਂ ਨੂੰ ਪੂਰਾ ਕਰਨ ਵਿੱਚ ਅਹਿਮ ਯੋਗਦਾਨ ਪਾਉਂਦਾ ਸੀ । ਹੁਣ ਚਾਟੀਆਂ ਦੀ ਜਗ੍ਹਾ ਮਿਕਸੀ, ਘੜਿਆਂ ਦੀ ਥਾਂ ਫਿਲਟਰ, ਫਰਿੱਜ, ਵਾਟਰ ਕੂਲਰ, ਕੜਾਹੀਆਂ ਜਾਂ ਕੁੱਜਿਆਂ ਦੀ ਥਾਂ ਪ੍ਰੈਸ਼ਰ-ਕੁੱਕਰ; ਉਹ ਵੀ, ਸਿਲਵਰ ਅਤੇ ਸਟੀਲ ਦੀ ਚਮਕ-ਦਮਕ ਨੇ ਸਾਡੀਆਂ ਰਸੋਈਆਂ ਤਾਂ



ਚਮਕਾ ਦਿੱਤੀਆਂ ਪਰ ਜਿਹੜੀ ਤੰਦਰੁਸਤੀ ਸਾਡੇ ਕੋਲੋਂ ਇਹ 'ਚਮਕ-ਦਮਕ' ਵਾਲੇ ਸਟੀਲ ਅਤੇ ਸਿਲਵਰ ਨੇ ਖੋਹ ਲਈ, ਉਹਦੀ ਘਾਟ ਕਿਵੇਂ ਪੂਰੀ ਹੋਵੇਗੀ?

ਵਿਗਿਆਨ ਇਹ ਤੱਥ ਜੱਗ ਜ਼ਾਹਰ ਕਰ ਚੁੱਕਿਆ ਹੈ ਕਿ ਸਿਲਵਰ ਅਤੇ ਸਟੀਲ ਦੀ ਜ਼ਹਿਰ ਸਾਡੇ ਮਿਹਦੇ ਅਤੇ ਅੰਤੜੀਆਂ ਨੂੰ ਨੁਕਸਾਨ ਪਹੁੰਚਾ ਰਹੀ ਹੈ, ਤਾਂ ਫਿਰ ਸਾਨੂੰ ਲੋਹੇ ਦੀਆਂ ਕੜਾਹੀਆਂ ਕਿਉਂ ਬੁਰੀਆਂ ਲੱਗਦੀਆਂ ਹਨ । ਇਹੀ ਕਾਰਨ ਹੈ ਕਿ ਸਾਡੀਆਂ ਸੁਆਣੀਆਂ ਦੇ ਡੌਲਿਆਂ 'ਚ ਕੜਾਹੀਆਂ ਮਾਂਜਣ ਲਈ ਜ਼ੋਰ ਨਹੀਂ ਰਿਹਾ ਤੇ ਇਹ ਵੀ ਸੱਚ ਹੈ ਕਿ ਲੋਹੇ ਦੀ ਕੜਾਹੀ ਰਿਨ ਨਾਲ ਨਹੀਂ ਕੱਕੇ ਰੇਤੇ ਨਾਲ ਹੀ ਮਾਂਜੀ ਜਾਂਦੀ ਹੈ ।

ਧੰਨ ਸਨ ਉਹ ਦਾਦੀਆਂ-ਨਾਨੀਆਂ ਜਿਹੜੀਆਂ ਵੱਡੇ-ਵੱਡੇ ਟੱਬਰ ਪਾਲ ਗਈਆਂ । ਉਹ ਵੀ ਛਟੀਆਂ ਜਾਂ ਪਾਥੀਆਂ ਦੀ ਅੱਗ 'ਤੇ । ਜਿੰਨਾ ਚਿਰ ਸਾਰਾ ਪਰਿਵਾਰ ਰੋਟੀ ਨਹੀਂ ਸੀ ਖਾ ਲੈਂਦਾ, ਸੌਂਦੀਆਂ ਨਹੀਂ ਸਨ । ਅੱਜ ਦੀਆਂ ਬਹੁਤੀਆਂ ਸੁਆਣੀਆਂ ਢਾਈ ਟੋਟਰੂਆਂ ਦੀ ਰੋਟੀ, ਉਹ ਵੀ ਗੈਸੀ ਚੁੱਲ੍ਹੇ 'ਤੇ ਪਕਾਉਣ ਤੋਂ ਆਨਾ-ਕਾਨੀ ਕਰਦੀਆਂ ਹਨ ਜਾਂ ਕਹਿ ਦੇਣਗੀਆਂ ਪਕਾ ਕੇ ਰੱਖ ਦਿੱਤੀਆਂ, ਓਵਨ ਵਿੱਚ ਗਰਮ ਕਰਕੇ ਖਾ ਲਿਓ । ਓਵਨ ਵਿੱਚ ਬਣਿਆ ਅਤੇ ਗਰਮ ਕਰਕੇ ਖਾਧਾ ਖਾਣਾ ਪੇਟ ਦੀਆਂ ਬਿਮਾਰੀਆਂ ਨੂੰ ਵਧਾਉਂਦਾ ਅਤੇ ਭੋਜਨ ਦੇ ਤੱਤਾਂ ਨੂੰ ਵੀ ਨਸ਼ਟ ਕਰਦਾ ਹੈ । ਸਾਡੀਆਂ ਰਸੋਈਆਂ ਵਿੱਚੋਂ ਕਾਲੀ ਮਿਰਚ, ਅਜਵੈਣ, ਹਰੜ, ਸੌਂਫ, ਇਲੈਚੀ, ਲੌਂਗ ਗੁੰਮ ਹਨ ਜੋ ਦਵਾਈਆਂ ਦਾ ਹੀ ਰੂਪ ਸਨ । ਹੁਣ ਸਾਡੀਆਂ ਰਸੋਈਆਂ ਅਤੇ ਫਰਿੱਜਾਂ ਦਵਾਈਆਂ ਨਾਲ ਭਰੀਆਂ ਪਈਆਂ ਹਨ ।

ਸਾਡਾ ਮਹਾਨ ਵਿਰਸਾ ਤੇ ਅਮੀਰ ਸੱਭਿਆਚਾਰ ਪੱਛਮ ਵਾਲੇ ਸਾਥੋਂ ਖੋਹ ਕੇ ਲਿਜਾ ਰਹੇ ਹਨ । ਅਸੀਂ ਉਨ੍ਹਾਂ ਦੀਆਂ ਚੰਗੀਆਂ ਆਦਤਾਂ ਦੀ ਥਾਂ ਮਾੜੀਆਂ ਗੱਲਾਂ ਅਪਣਾ ਰਹੇ ਹਾਂ । ਅਸੀਂ ਕਿਰਤ ਕਰਨੀ ਛੱਡ ਰਹੇ ਹਾਂ । ਇਸ ਦੇ ਸਿੱਟੇ ਵਜੋਂ ਸਾਨੂੰ ਜ਼ਹਿਰਾਂ ਨਾਲ ਲਬਰੇਜ਼ ਸਬਜ਼ੀਆਂ ਅਤੇ ਫਲ ਖਾਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੁੱਧ ਜ਼ਹਿਰੀਲਾ ਹੋ ਰਿਹਾ ਹੈ । ਫਲਾਂ, ਸਬਜ਼ੀਆਂ ਅਤੇ ਦੁੱਧ ਦਾ ਉਤਪਾਦਨ ਘਟ ਰਿਹਾ ਹੈ ਤੇ ਮੰਗ ਵਧ ਰਹੀ ਹੈ । ਇੰਨੀ ਵੱਡੀ ਸਬਜ਼ੀਆਂ ਅਤੇ ਦੁੱਧ ਦੀ ਲੋੜ ਨੂੰ ਪੂਰਾ ਕਰਨ ਲਈ ਜ਼ਹਿਰੀਲੀਆਂ ਕੀਟ-ਨਾਸ਼ਕ ਦਵਾਈਆਂ ਦਾ ਸਹਾਰਾ ਹੀ ਰਹਿ ਗਿਆ ਹੈ ।

ਆਓ, ਆਪਣੇ ਜੋਗੀਆਂ ਸਬਜ਼ੀਆਂ ਆਪਣੇ ਘਰਾਂ ਵਿੱਚ ਉਗਾਈਏ । ਜੋ ਪਸ਼ੂਆਂ ਨੂੰ ਘਰੋਂ ਇਸ ਕਰਕੇ ਕੱਢ ਰਹੇ ਹਨ ਇਨ੍ਹਾਂ ਦਾ ਖ਼ਰਚਾ ਵੱਧ ਹੈ ਤੇ ਆਮਦਨ ਘੱਟ, ਉਹ ਇਸ ਗੱਲ ਨੂੰ ਭੁੱਲ ਜਾਣ । ਸਿਹਤ ਤੋਂ ਵਧ ਕੇ ਹੋਰ ਕੋਈ ਚੀਜ਼ ਨਹੀਂ ਹੈ । ਫਿਰ ਕਿਉਂ ਨਾ ਆਪਣੀਆਂ ਮੱਝਾਂ-ਗਾਵਾਂ ਉੱਤੇ ਪੈਸਾ ਖ਼ਰਚ ਕਰਕੇ ਚੰਗਾ ਦੁੱਧ, ਦਹੀਂ, ਲੱਸੀ ਖਾਧਾ-ਪੀਤਾ ਜਾਵੇ ਤਾਂ ਕਿ ਅਸੀਂ ਤੰਦਰੁਸਤ ਰਹਿ ਸਕੀਏ ।

ਸੰਪਰਕ : **98146-99446**

**(ਰੋਜ਼ਾਨਾ ਪੰ: ਟ੍ਰਿ: 21-11-2015 'ਚੋਂ ਧੰਨਵਾਦ ਸਹਿਤ !)**

# ਸੱਭਿਆਚਾਰਿਕ ਪ੍ਰਸਥਿਤੀ ਅਤੇ ਆਦਰਸ਼

**-ਸੁਰਜੀਤ ਸਿੰਘ ਢਿੱਲੋਂ**

ਉਸ ਮਾਨਸਿਕ ਦੁਰਬਲਤਾ ਨਾਲ ਹਮਦਰਦੀ ਹੋਣੀ ਚਾਹੀਦੀ ਹੈ ਜਿਸਨੂੰ ਦਿਨ-ਕਟੀ ਕਰਨ ਲਈ ਭਰਮਾਂ-ਵਹਿਮਾਂ ਦੀ ਟੇਕ ਲੈਣੀ ਪੈ ਰਹੀ ਹੈ । ਆਪਣੇ ਜਨਮ ਉੱਪਰ ਨਾ ਕਿਸੇ ਦਾ ਅਧਿਕਾਰ ਹੈ, ਨਾ ਇਸ ਉੱਪਰ ਕਿ ਕਦ ਉਹ ਸੰਸਾਰ ਤੋਂ ਵਿਦਾ ਹੋਵੇਗਾ; ਪਰ ਇਨ੍ਹਾਂ ਵਿਚਕਾਰਲਾ ਸਮਾਂ ਕਿਵੇਂ ਬੀਤਦਾ ਹੈ ਇਹ ਬਹੁਤ ਹੱਦ ਤਕ ਹਰ ਇਕ ਦੇ ਆਪਣੇ ਹੱਥ ਹੁੰਦਾ ਹੈ ।

ਕੋਮਲ-ਕਲਾ, ਸਾਹਿਤ, ਵਿਗਿਆਨ ਅਤੇ ਸਿਆਸਤ ਸਾਡੇ ਸੱਭਿਆਚਾਰ ਦੇ ਭਿੰਨ-ਭਿੰਨ ਖੇਤਰ ਹਨ ਅਤੇ ਇਨ੍ਹਾਂ ਸਭਨਾਂ ਦਾ ਮੰਤਵ ਬਿਤਾਏ ਜਾ ਰਹੇ ਜੀਵਨ ਨੂੰ ਸੁਹਿਰਦਤਾ ਅਤੇ ਤਾਜ਼ਗੀ ਅਰਪਣ ਕਰਨਾ ਹੈ । ਇਹ ਜੀਵਨ ਨਾ ਸਵਰਗ ਹੈ ਨਾ ਹੀ ਨੀਰਸ ਅਕੇਵਾਂ । ਇਹ ਉਹੋ ਜਿਹਾ ਹੀ ਬਣ ਜਾਂਦਾ ਹੈ ਜਿਹੋ ਜਿਹੇ ਅਰਥ ਹਰ ਇਕ ਵਿਅਕਤੀ ਇਸਨੂੰ ਅਰਪਣ ਕਰਦਾ ਰਹਿੰਦਾ ਹੈ । ਜੀਵਨ ਅਸਲ ’ਚ ਸਮੱਸਿਆਵਾਂ ਦਾ ਪੁਲੰਦਾ ਹੈ ਜਿਨ੍ਹਾਂ ਨੂੰ ਸੁਲਝਾਉਣ ਦੀ ਕਲਾ ਸਿੱਖਣ ਦੀ ਲੋੜ ਹੈ, ਜਿਹੜੀ ਭਰਮਾਂ-ਵਹਿਮਾਂ ਦੁਆਰਾ ਨਹੀਂ ਹਕੀਕਤ ਆਧਾਰ ਵਾਲੇ ਗਿਆਨ ਨੂੰ ਆਧਾਰ ਬਣਾ ਕੇ ਠਰ੍ਹੰਮੇ ਨਾਲ ਸਿੱਖਣੀ ਪੈਂਦੀ ਹੈ ।

ਆਵੇਗ ਅਤੇ ਇਸ਼ਕ ਜੋਸ਼ ਨਾਲ ਉਬਲਦੇ ਅਨੁਭਵ ਹਨ, ਜਿਨ੍ਹਾਂ ਨਾਲ ਲੰਬੇ ਸਮੇਂ ਤਕ ਨਿਭ ਸਕਣਾ ਸੰਭਵ ਨਹੀਂ । ਬੇਚੈਨ ਅਤੇ ਅਸ਼ਾਂਤ ਕਰਨ ਵਾਲਾ ਇਹ ਸੁਭਾਅ ਕੁਝ ਸਮੇਂ ਉਪਰੰਤ, ਵਿਅਕਤਿਤਵ ਨੂੰ ਝੰਜੋੜ ਕੇ ਝੱਖੜ ਵਾਂਗ ਗੁਜ਼ਰ ਜਾਣ ਵਾਲਾ ਹੁੰਦਾ ਹੈ । ਪਰ ਹਾਂ, ਜਦ ਤਕ ਇਹ ਸਿਰ ਚੜ੍ਹਿਆ ਰਹਿੰਦਾ ਹੈ, ਇਕ ਪ੍ਰਕਾਰ ਦਾ ਖੁਮਾਰ ਅਤੇ ਸਰਫਰਾਜ਼ ਅਹਿਸਾਸ ਨਾਲ ਵਿਅਕਤੀ ਸੰਸਾਰ ਤੋਂ ਬੇਗਾਨਾ ਹੋ ਕੇ ਖੀਵਾ ਹੋਇਆ ਵਿਚਰਦਾ ਹੈ, ਪਰ ਇਸੇ ਅਹਿਸਾਸ ਨਾਲ ਮਾਨਸਿਕਤਾ ਥੱਕ ਹਾਰ ਕੇ ਛੇਕੜ ਆਪਣੇ ਆਪ ’ਚ ਆ ਜਾਣ ਲਈ ਮਜ਼ਬੂਰ ਹੋ ਜਾਂਦੀ ਹੈ । ਆਵੇਸ਼ ਦੇ ਭੁਗਤ ਕੇ ਖ਼ਰਚ ਹੋ ਜਾਣ ਉਪਰੰਤ, ਵਿਅਕਤੀ ਨੂੰ ਆਪਣਾ ਇਹ ਤਜਰਬਾ ਵੀ ਆਪਣੇ ਨਾਲ ਹੋਈ ਵਧੀਕੀ ਜਾਪਣ ਲੱਗਦਾ ਹੈ ।

ਵਿਅਕਤੀ ਜਿਸ ਤਰ੍ਹਾਂ ਵਿਚਰਦਾ ਹੈ ਉਸ ’ਚ ਉਸ ਨੂੰ ਵਿਰਸੇ ’ਚ ਮਿਲੇ ਜੀਨਾਂ ਦਾ ਹੱਥ ਤਾਂ ਹੁੰਦਾ ਹੈ, ਪਰ ਉਸ ’ਚ ਆਲੇ-ਦੁਆਲੇ ਦੀ ਵਿਆਪਕ ਸੱਭਿਆਚਾਰਿਕ ਪ੍ਰਸਥਿਤੀ ਦੀ ਵੀ ਗੰਭੀਰ ਭੂਮਿਕਾ ਹੁੰਦੀ ਹੈ । ਵਿਅਕਤੀ ਦੇ ਕੁਦਰਤੀ ਸੁਭਾਅ ਨੂੰ ਜੀਨਾਂ ਦੀ ਅਗਵਾਈ ਅਧੀਨ ਦਿਮਾਗ਼ ਅੰਦਰ ਰਿਸ ਰਹੇ ਰਸ ਪ੍ਰਭਾਵਿਤ ਕਰਦੇ ਰਹਿੰਦੇ ਹਨ। ਉਦਾਹਰਨ ਵਜੋਂ ਦਿਮਾਗ਼ ਅੰਦਰ ਰਿਸ ਰਿਹਾ ਆਕਸੀਟਾਸਿਨ ਨਾਮ ਦਾ ਹਾਰਮੋਨ ਵਿਅਕਤੀ ਨੂੰ ਹੋਰਨਾਂ ’ਚ ਭਰੋਸਾ ਰੱਖਣ ਦੀ ਰੁਚੀ ਨੂੰ ਉਤੇਜਿਤ ਕਰਨ ਯੋਗ ਹੈ । ਜਿਨ੍ਹਾਂ ਵਿਅਕਤੀਆਂ ’ਚ ਇਹ ਹਾਰਮੋਨ ਘੱਟ ਮਾਤਰਾ ’ਚ ਰਿਸਦਾ ਹੈ, ਉਨ੍ਹਾਂ ਦਾ ਸ਼ੱਕੀ ਸੁਭਾਅ ਹੋਣ ਦੀ ਸੰਭਾਵਨਾ ਹੁੰਦੀ ਹੈ ।



ਹੋਰਨਾਂ ’ਚ ਭਰੋਸਾ ਹੀ ਸਾਨੂੰ ਮੋਹਮਈ ਸੰਬੰਧਾਂ ’ਚ ਅਤੇ ਸਹਿਯੋਗੀ ਰਿਸ਼ਤਿਆਂ ’ਚ ਪਾਲਬੱਧ ਕਰਨ ਦਾ ਸਾਧਨ ਬਣਦਾ ਹੈ ਅਤੇ ਇਸ ਦੀ ਅਣਹੋਂਦ ਸਮਾਜਿਕ ਅਰੋਗਤਾ ਲਈ ਸਰਾਪ ਸਿੱਧ ਹੁੰਦੀ ਹੈ ।

ਅੱਜ ਲੱਗ ਰਿਹਾ ਹੈ ਕਿ ਸਾਡੇ ’ਚੋਂ ਬਹੁਤਿਆਂ ਦੇ ਦਿਮਾਗ਼ ਇਸ ਹਾਰਮੋਨ ਲਈ ਬੇਗਾਨੇ ਹਨ, ਜਾਂ ਤਾਂ ਇਸ ਹਾਰਮੋਨ ਦਾ ਰਿਸਣਾ ਰੁਕ ਜਿਹਾ ਗਿਆ ਹੈ ਅਤੇ ਜਾਂ ਫਿਰ ਇਹ ਮਾਮੂਲੀ ਮਾਤਰਾ ’ਚ ਰਿਸ ਰਿਹਾ ਹੈ । ਇਕ ਦੂਜੇ ’ਚ ਜਿਸ ਵਿਸ਼ਵਾਸ ਆਸਰੇ ਸਾਡਾ ਜੀਵਨ ਬੀਤਣਾ ਚਾਹੀਦਾ ਹੈ ਉਸ ਦੀ ਅੱਜ ਵਿਅਕਤੀਗਤ ਪੱਧਰ ’ਤੇ ਘਾਟ ਹੈ। ਤਨ ਦੀ ਤੰਦਰੁਸਤੀ, ਗਿਆਨ ਨਾਲ ਪ੍ਰਕਾਸ਼ਮਾਨ ਹੋਇਆ ਮਨ ਅਤੇ ਆਕਾਸ਼ੀ ਪ੍ਰਵਾਜ਼ ਕਰ ਰਹੇ ਆਦਰਸ਼ ਬਿਤਾਏ ਜਾ ਰਹੇ ਜੀਵਨ ਦਾ ਮੂਲ ਹੋਣੇ ਚਾਹੀਦੇ ਹਨ । ਪਰ ਸਾਡੇ ਜੀਵਨ ’ਚ ਇਨ੍ਹਾਂ ਦਾ ਸਤਰ, ਹਰ ਬੀਤਦੇ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ । ਤਨ ਦੀ ਅਰੋਗਤਾ ਲਈ ਜਿਨ੍ਹਾਂ ਸਾਧਨਾਂ ਦੀ ਲੋੜ ਹੈ ਉਨ੍ਹਾਂ ਉੱਪਰ ਅੱਜ ਵਪਾਰ ਦਾ ਅਧਿਕਾਰ ਹੈ, ਜਦਕਿ ਮਨ ਨੂੰ ਗਿਆਨ ਨਾਲ ਪ੍ਰਕਾਸ਼ਮਾਨ ਕਰਦੀ ਸਿੱਖਿਆ ਵਪਾਰੀਆਂ ਦੀ ਕਰਮਭੂਮੀ ਬਣਦੀ ਜਾ ਰਹੀ ਹੈ ਅਤੇ ਜੇਕਰ ਗੱਲ ਆਦਰਸ਼ਾਂ ਦੀ ਪ੍ਰਵਾਜ਼ ਦੀ ਕੀਤੀ ਜਾਵੇ, ਇਨ੍ਹਾਂ ਦੇ ਪੰਖ ਵੀ ਸਮਾਜਿਕ ਅਤੇ ਸਿਆਸੀ ਪ੍ਰਸਥਿਤੀਆਂ ਨੇ ਝੰਭ ਛੱਡੇ ਹਨ ।

ਉੱਧਰ ਕੁਦਰਤ ਦਾ ਵੀ ਸਾਡੇ ਲਈ ਨਿੱਘਾ ਵਤੀਰਾ ਠਰਦਾ ਜਾ ਰਿਹਾ ਹੈ। ਕੁਦਰਤ ’ਚ ਸਾਡਾ ਜਿਹੜਾ ਭਰੋਸਾ ਸੀ ਕਿ ਉਹ ਜੋ ਵੀ ਕਰੇਗੀ ਸਾਡੇ ਹਿੱਤ ਨੂੰ ਧਿਆਨ ’ਚ ਰੱਖ ਕੇ ਕਰੇਗੀ, ਉਹ ਵੀ ਵਹਿਮ ਸਿੱਧ ਹੋਇਆ ਹੈ। ਹਕੀਕਤ ਇਹ ਹੈ ਕਿ ਕੁਦਰਤ ਲਈ ਮਾਨਵੀ ਹੋਂਦ ਇੰਵ ਹੀ ਹੈ ਜਿਵੇਂ ਕਿ ਕੀਟ ਜਾਂ ਮਲੱਪ ਜਾਂ ਫਿਰ ਵਗਦੀ ਨਦੀ ਜਾਂ ਰੁਮਕਦੀ ਹਵਾ। ਮਨੁੱਖ ਸੰਸਾਰ ਵਿੱਚ ਪ੍ਰਵੇਸ਼ ਕਰਦਾ ਜਾਂ ਨਾ ਪ੍ਰਵੇਸ਼ ਕਰਦਾ, ਕੁਦਰਤ ਲਈ ਬਰਾਬਰ ਸੀ। ਉਹ ਉਹੋ ਕੁਝ ਕਰਦੀ ਰਹੇਗੀ ਜੋ ਉਸਨੇ ਕਰਨਾ ਹੈ ਅਤੇ ਉਹ ਕੁਝ ਉਸ ਨੇ ਕਦਾਚਿਤ ਨਹੀਂ ਕਰਨਾ ਜੋ ਅਸੀਂ ਚਾਹੁੰਦੇ ਹਾਂ। ਜਿਹੜੀ ਸਥਿਤੀ ਜਾਂ ਜਿਹੜਾ ਜੀਵ ਜਾਂ ਨਿਰਜੀਵ ਉਸ ਦੇ ਨਿਯਮਾਂ ਦੀ ਪਾਲਣਾ ਨਹੀਂ ਕਰਦਾ, ਉਸ ਦਾ ਬਣਿਆ ਰਹਿਣਾ ਵੀ ਉਸਨੂੰ ਕਬੂਲ ਨਹੀਂ । ਉਸ ਦੇ ਨਿਯਮ ਸਰਬਵਿਆਪਕ ਹਨ, ਜਿਹੜੇ ਜੀਵਾਂ ਅਤੇ ਨਿਰਜੀਵਾਂ ਉੱਪਰ ਇਕਸਾਰ ਲਾਗੂ ਹਨ । ਭਾਵੇਂ ਇਹ ਜ਼ਰੂਰ ਹੈ ਕਿ ਸੰਸਾਰ ’ਚ ਅਸੀਂ ਇਕੋ-ਇਕ ਪ੍ਰਾਣੀ ਹਾਂ ਜਿਹੜਾ ਇਨ੍ਹਾਂ ਨਿਯਮਾਂ ਨੂੰ ਸਮਝ ਕੇ, ਇਨ੍ਹਾਂ ਦਾ ਉਪਯੋਗ ਆਪਣੇ ਜੀਵਨ ਨੂੰ ਸੁਖੱਲਾ ਬਿਤਾਉਣ ਲਈ ਕਰ ਰਿਹਾ ਹੈ। ਕੁਦਰਤ ਦਿਆਂ ਨਿਯਮਾਂ ਨੂੰ ਸਮਝ ਸਕਣ ਦੀ ਸੂਝ ਬਿਨਾਂ ਅਸੀਂ ਪਾਣੀ ਉੱਪਰ ਡਿਕੋ-ਡੋਲੇ ਖਾ ਰਹੇ ਕਾਠ ਦੇ ਛਿੱਲੜ ਤੋਂ ਵੱਧ ਹੋਰ ਕੁਝ ਵੀ ਨਹੀਂ ਸੀ ਹੋਣਾ। ਅੱਜ ਇਸੇ ਸੂਝ ਨੂੰ ਪਛਾੜਨ ਦੇ ਯਤਨ ਸਾਡੇ ’ਚੋਂ ਬਹੁਤੇ, ਪਛੜੇ ਹੋਏ ਸੰਸਕਾਰਾਂ ਦੇ ਭਰਮਾਏ ਕਰ ਰਹੇ ਹਨ ।

ਜ਼ਰਾ ਆਲੇ-ਦੁਆਲੇ ਤੱਕੋ, ਸੰਸਕਾਰਾਂ ਦੇ ਜਾਲ ’ਚ ਉਲਝੀ ਸਾਡੀ ਸਿਆਸਤ ਅਤੇ ਸਾਡਾ ਸਮਾਜ ਕਿਹੋ ਜਿਹਾ ਦ੍ਰਿਸ਼ ਪੇਸ਼ ਕਰ ਰਹੇ ਹਨ । ਹਰ ਇਕ ਗਲੀ ਦੀ ਨੁੱਕਰ ’ਚ ਸਿੰਘਾਸਨ ਸਜੇ ਹੋਏ ਹਨ, ਜਿਨ੍ਹਾਂ ਉੱਪਰ ਚੋਲਾ ਪਾਈ

ਧਰਮਾਤਮਾ ਰੂਪੀ ਪੁਰਸ਼ ਬਿਰਾਜਮਾਨ ਹਨ । ਇਨ੍ਹਾਂ ਦੇ ਹੱਥ 'ਚ ਭਾਵੇਂ ਚਿਲਮ ਫੜੀ ਹੋਈ ਹੈ, ਪਰ ਇਨ੍ਹਾਂ ਦੇ ਸਿੰਘਾਸਨ ਪਿੱਛੋਂ ਮੋਟੇ ਅੱਖਰਾਂ 'ਚ ਅੰਕਿਤ ਸਾਫ਼ ਪੜ੍ਹਿਆ ਜਾ ਸਕਦਾ ਹੈ **"ਤੰਬਾਕੂ ਦਾ ਸੇਵਨ ਅਰੋਗਤਾ ਦਾ ਵੈਰੀ ਹੈ ।"** ਤੰਬਾਕੂ ਸ਼ਬਦ ਨੂੰ ਸਹਿਜੇ ਹੀ ਵਿਭਚਾਰ ਅਤੇ ਭ੍ਰਿਸ਼ਟਾਚਾਰ ਨਾਲ ਬਦਲਿਆ ਜਾ ਸਕਦਾ ਹੈ । ਜਦ ਕੋਈ ਇਸ ਸਵੈ-ਵਿਰੋਧੀ ਵਿਵਸਥਾ ਵੱਲ ਧਿਆਨ ਦਿਵਾਉਂਦਾ ਹੈ ਤਦ ਉਸਨੂੰ ਉੱਤਰ ਮਿਲਦਾ ਹੈ :

**"ਇਹ ਭਾਰਤ ਹੈ, ਇੱਥੇ ਬਹੁਤ ਕੁਝ ਮਨ ਆਇਆ ਕਰਨ ਦੀ ਖੁੱਲ੍ਹ ਹੈ, ਇੱਥੇ ਨਾ ਦੰਭ ਭੰਡੇ ਜਾ ਸਕਦੇ ਹਨ, ਨਾ ਪਖੰਡ ਅਤੇ ਨਾ ਹੀ ਇੱਥੇ ਆਦਰਸ਼ਾਂ ਦਾ ਤ੍ਰਿਸਕਾਰ ਕਰਨ ਦੀ ਮਨਾਹੀ ਹੈ ।"**

ਅਸੀਂ ਇਹ ਵੀ ਨਹੀਂ ਜਾਣਦੇ ਅਸੀਂ ਕੌਣ ਹਾਂ ਅਤੇ ਕੀ ਹਾਂ । ਅਸੀਂ ਤਾਂ ਇਹ ਸੋਚਦੇ ਹਾਂ ਕਿ ਅਸੀਂ ਉਹ ਹਾਂ ਜੋ ਹੋਰਨਾਂ ਨੂੰ ਲੱਗਦੇ ਹਾਂ । ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਉਹ ਆਪ ਕੀ ਹੈ, ਪਰ ਹਰ ਇਕ ਨੂੰ ਇਸ ਨਾਲ ਫ਼ਰਕ ਜ਼ਰੂਰ ਪੈਂਦਾ ਹੈ ਕਿ ਹੋਰ ਉਸਨੂੰ ਕੀ ਸਮਝ ਰਹੇ ਹਨ । ਇਹੋ ਕਾਰਨ ਹੈ ਕਿ ਸਾਡੇ ਦੰਭ ਅਤੇ ਪਖੰਡ ਨਾਲ ਵਧੀਆ ਸੰਬੰਧ ਹਨ ਅਤੇ ਇਨ੍ਹਾਂ ਆਸਰੇ ਗਿਆਨ ਵਿਹੂਣੇ ਮਨਾਂ ਦਾ ਵਧੀਆ ਗੁਜ਼ਾਰਾ ਹੋਈ ਜਾ ਰਿਹਾ ਹੈ ।

ਜਾਰਜ ਬਰਨਾਲਡ ਸ਼ਾਅ ਨੇ ਇੰਗਲੈਂਡ ਦੇ ਸਿੱਖਿਆ ਸੰਸਥਾਨਾਂ ਬਾਰੇ ਟਿੱਪਣੀ ਕੀਤੀ ਸੀ ਕਿ ਇਨ੍ਹਾਂ 'ਚ ਉਹ ਕੁਝ ਪੜ੍ਹਾਇਆ ਜਾ ਰਿਹਾ ਹੈ ਜਿਸ ਦੀ ਉਨ੍ਹਾਂ ਨੂੰ ਸਮਝ ਨਹੀਂ ਹੁੰਦੀ, ਜਿਹੜੇ ਪੜ੍ਹਾ ਰਹੇ ਹਨ ਉਨ੍ਹਾਂ ਨੂੰ ਜਿਨ੍ਹਾਂ ਦੀ ਸਿੱਖਣ 'ਚ ਰੁਚੀ ਨਹੀਂ ਹੁੰਦੀ । ਜੇਕਰ ਇਹ ਅਨੁਭਵ ਆਕਸਫੋਰਡ-ਕੈਂਬਰਿਜ ਯੂਨੀਵਰਸਿਟੀ ਦੇ ਮੁਲਕ 'ਚ ਉੱਥੋਂ ਦੀ ਸਿੱਖਿਆ ਬਾਰੇ ਵੀਹਵੀਂ ਸ਼ਤਾਬਦੀ ਦੇ ਆਰੰਭ 'ਚ ਹੈ ਸੀ ਜਿਹੜਾ ਇੱਕੀਵੀਂ ਸ਼ਤਾਬਦੀ ਦੇ ਆਰੰਭ 'ਚ ਭਾਰਤ ਵਿੱਚ ਵਿਆਪਕ ਸਿੱਖਿਆ ਸਥਿਤੀ ਦੇ ਪ੍ਰਸੰਗ 'ਚ ਵੀ ਅਣਉੱਚਿਤ ਨਹੀਂ ਜਾਪਦਾ । ਇਸੇ ਸਿੱਖਿਆ ਬਾਰੇ ਡਾ.ਰਾਧਾਕ੍ਰਿਸ਼ਨਨ ਦਾ ਵਿਚਾਰ ਸੀ ਕਿ ਭਾਰਤ ਵਿੱਚ ਸਿੱਖਿਆ ਸੰਸਥਾਨਾਂ 'ਚ ਸਿੱਖਿਆ ਨਹੀਂ ਦਿੱਤੀ ਜਾਂਦੀ, ਪ੍ਰੀਖਿਆ ਪਾਸ ਕਰਨ ਦੀ ਵਿਧੀ ਸਿਖਾਈ ਜਾਂਦੀ ਹੈ।

ਉਪਚਾਰਿਕ ਸਿੱਖਿਆ ਦੇਣ ਦੀ ਪਰੰਪਰਾ ਅੱਜ ਤੋਂ ਲਗਪਗ ਢਾਈ ਹਜ਼ਾਰ ਵਰ੍ਹੇ ਪਹਿਲਾਂ, ਯੂਨਾਨੀ ਫ਼ਿਲਾਸਫ਼ਰ ਪਲੈਟੋ ਨੇ ਆਰੰਭ ਕੀਤੀ ਸੀ । ਕਲਾਸ 'ਚ ਬੈਠੇ ਵਿਦਿਆਰਥੀਆਂ ਨੂੰ ਜਦ ਉਹ ਹਿਸਾਬ ਦਾ ਵਿਸ਼ਾ ਪੜ੍ਹਾ ਰਿਹਾ ਸੀ ਤਦ ਇਕ ਨੇ ਪਲੈਟੋ ਤੋਂ ਪੁੱਛਿਆ, "ਇਸ ਵਿਸ਼ੇ ਨੂੰ ਜਾਣ ਕੇ ਸਾਨੂੰ ਕੀ ਲਾਭ ਪੁੱਜੇਗਾ ?"

ਉੱਤਰ ਦੇਣ ਦੀ ਬਜਾਏ ਪਲੈਟੋ ਨੇ ਵਿਦਿਆਰਥੀ ਨੂੰ ਕੋਲ ਬੁਲਾਇਆ ਅਤੇ ਉਸਨੂੰ ਅਸ਼ਰਫ਼ੀ ਦੇ ਕੇ ਕਿਹਾ: "ਅੱਜ ਤੋਂ ਬਾਅਦ ਮੈਂ ਤੈਨੂੰ ਕਲਾਸ ਵਿੱਚ ਵੇਖਣਾ ਨਹੀਂ ਚਾਹਾਂਗਾ ।"

ਵਿਦਿਆਰਥੀ ਨੇ ਹੈਰਾਨ ਹੋ ਕੇ ਪਲੈਟੋ ਤੋਂ ਪੁੱਛਿਆ: "ਇਹ ਤਾਂ ਮੈਂ ਜਾਣ ਗਿਆ ਹਾਂ ਕਿ ਤੁਸੀਂ ਨਾਰਾਜ਼ ਹੋ, ਪਰ ਫਿਰ ਇਹ ਸੋਨੇ ਦਾ ਸਿੱਕਾ ਕਿਉਂ ?"

ਉੱਤਰ ਮਿਲਿਆ: "ਇਸ ਲਈ ਤਾਂ ਜੋ ਇਹ ਨਾ ਲੱਗੇ ਕਿ ਇੱਥੇ



ਬਿਤਾਇਆ ਗਿਆ ਸਮਾਂ, ਬਿਨਾਂ ਕਮਾਈ ਕੀਤਿਆਂ ਗੁਜ਼ਰਿਆ ਸੀ ।"

ਅੱਜ ਸਿੱਖਿਆ-ਸੰਸਥਾਵਾਂ 'ਚ ਪੜ੍ਹਾਈ ਕਰ ਰਹੇ ਵਿਦਿਆਰਥੀਆਂ 'ਚ ਟਾਵੀਂ ਗਿਣਤੀ ਹੀ ਅਜਿਹੇ ਵਿਦਿਆਰਥੀਆਂ ਦੀ ਹੈ, ਜਿਹੜੇ ਅਜਿਹੇ ਪ੍ਰਸ਼ਨ ਪੁੱਛਣ ਲਈ ਉਤਸੁਕ ਨਹੀਂ ਹਨ । ਪੜ੍ਹੇ-ਲਿਖਿਆਂ ਦੇ ਅੱਜ ਦੇ ਸੰਸਾਰ 'ਚ ਇਹੋ ਕਾਰਨ ਹੈ ਕਿ ਗਿਆਨ ਦੀ ਲੋਅ ਕਿਧਰੇ ਕਿਧਰੇ ਹੀ ਟਿਮਟਿਮਾ ਰਹੀ ਹੈ ।

ਧਰਮ ਵੀ ਗਿਆਨ ਗ੍ਰਹਿਣ ਕਰਨ ਲਈ ਪ੍ਰੇਰਨਾ ਬਣਦੇ ਰਹੇ ਹਨ । ਧਾਰਮਿਕ ਫ਼ਰਮਾਨ ਹੈ :

**"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥" (ਅੰ: ੪੪੧)**

ਪਰ ਕਿੰਨੇ ਕੁ ਹਨ, ਧਰਮ 'ਚ ਦ੍ਰਿੜ੍ਹ ਵਿਸ਼ਵਾਸ ਰੱਖਣ ਵਾਲੇ, ਜਿਹੜੇ ਇਸ ਫ਼ਰਮਾਨ ਨੂੰ ਅਰਥ ਅਰਪਣ ਕਰ ਰਹੇ ਹਨ । ਫਿਰ ਧਰਮ ਦਾ ਉਪਦੇਸ਼ ਹੈ:

**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥**

**(ਅੰ: ੬੧੧)**

**ਅਤੇ**

**"ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ।"**

ਪਰ ਨਾਸਤਿਕਾਂ ਨਾਲੋਂ ਵੱਧ ਆਸਤਿਕ ਟੋਲੇ ਅਤੇ ਟੋਲੀਆਂ 'ਚ ਵਟੇ ਵਿਚਰ ਰਹੇ ਹਨ ਅਤੇ ਆਪਸ 'ਚ ਲੜ ਝਗੜ ਵੀ ਰਹੇ ਹਨ, ਜਦ ਕਿ ਧਰਮ ਸਦਾ ਹੀ ਸਨੇਹਮਈ ਸ਼ਾਂਤ ਵਾਤਾਵਰਨ ਬਣਾਈ ਰੱਖਣ ਨੂੰ ਮਾਨਵਤਾ ਲਈ ਵੀ ਅਤੀ ਮਹੱਤਵ ਦਰਸਾਉਂਦਾ ਰਿਹਾ ਹੈ । ਲੜਦੇ ਭਿੜਦੇ ਵੀ ਅਸੀਂ ਨਿੱਜੀ ਹਿੱਤਾਂ ਲਈ ਹਾਂ; ਪਰ ਨਾਮ, ਇਸ ਨੂੰ ਕਦੀ ਧਰਮ ਲਈ ਜਹਾਦ ਦਾ, ਕਦੀ ਆਦਰਸ਼ਾਂ ਲਈ ਸੰਘਰਸ਼ ਦਾ ਅਤੇ ਕਦੀ ਵਤਨ-ਪ੍ਰਸਤੀ ਦਾ ਦਿੰਦੇ ਹੋਏ ਵੀ ਹੀਆ ਮਹਿਸੂਸ ਨਹੀਂ ਕਰਦੇ ।

ਅਜਿਹੇ ਸੱਭਿਆਚਾਰਿਕ ਮਾਹੌਲ 'ਚ ਕੀ ਸਾਡੀ ਸੋਚ ਆਦਰਸ਼ ਪਾਲ ਸਕਣ ਯੋਗ ਹੈ ? ਕੀ ਇਹ ਆਕਾਸ਼ 'ਚ ਉੱਡ ਸਕਦੀ ਹੈ ? ਅਜਿਹੇ ਮਾਹੌਲ ਅਧੀਨ ਆਕਾਸ਼ੀ ਪਰਵਾਜ਼ ਤਾਂ ਕੀ, ਇਹ ਤਾਂ ਕੁੱਕੜ ਜਿੰਨੀ ਉਡਾਰੀ ਮਾਰ ਸਕਣ ਯੋਗ ਵੀ ਨਹੀਂ ।

**ਸੰਪਰਕ :0175-2214547**

**(ਰੋਜ਼ਾਨਾ ਪੰ: ਟ੍ਰਿ: 20-09-2015 'ਚੋਂ ਧੰਨਵਾਦ ਸਹਿਤ !)**

# ਸਦਾਚਰਣ ਵੀ ਸਾਡੀ ਸੱਭਿਅਤਾ ਦਾ ਹਿੱਸਾ ਹੈ

## ਭਾਈ ਸਾਹਿਬ ਭਾਈ ਵੀਰ ਸਿੰਘ

ਸੰਸਾਰ ਵਿਚ ਦੋ ਅਮੋਲਕ ਵਸਤਾਂ ਹਨ। ਇਕ ਤਾਂ ਉਹ ਜੋ ਸੰਸਾਰ ਵਿਚ ਸਾਡੇ ਵਾਸੇ ਨੂੰ ਸੁਹੇਲਿਆਂ ਕਰਦੀ ਹੈ, ਤੇ ਦੂਜੀ ਉਹ ਜੋ ਸਾਨੂੰ ਪਰਮੇਸ਼ਰ ਨਾਲ ਮਿਲਾਉਂਦੀ ਹੈ। ਪਹਿਲੀ ਦਾ ਨਾਮ 'ਸਦਾਚਰਣ' ਹੈ ਤੇ ਦੂਸਰੀ ਦਾ ਨਾਮ 'ਧਰਮ' ਜਾਂ 'ਮਜ਼ਹਬ'। ਏਹ ਦੋਵੇਂ ਸਦਾਚਰਣ ਤੇ ਧਰਮ ਇਕ ਦੂਜੇ ਤੋਂ ਅੱਡ ਅੱਡ ਨਹੀਂ ਹਨ, ਸਗੋਂ ਸੰਗਲੀ ਵਾਂਙ ਆਪੋ ਵਿਚ ਪੁਰੋਤੇ ਹੋਏ ਹਨ। ਸਦਾਚਰਣ ਤਾਂ ਸ਼ੁਭ ਗੁਣਾਂ ਨੂੰ ਬੋਲਦੇ ਹਨ, ਜਿਸ ਨੂੰ ਫ਼ਾਰਸੀ ਵਾਲੇ 'ਇਖ਼ਲਾਕ' ਤੇ ਅੰਗ੍ਰੇਜ਼ੀ ਵਾਲੇ 'ਮੁਰੈਲਿਟੀ' ਕਰਕੇ ਸੱਦਦੇ ਹਨ। ਸੱਚ ਬੋਲਣਾ, ਦਯਾ ਕਰਨੀ, ਸ਼ੀਲ ਸੁਭਾਉ ਰੱਖਣਾ, ਕਿਸੇ ਨੂੰ ਅਕਾਰਣ ਦੁਖ ਨਾ ਦੇਣਾ; ਆਪਣੀ ਪਤ ਅਰ ਦੂਜਿਆਂ ਦੀ ਪਤ ਦਾ ਲਿਹਾਜ਼ ਰਖਣਾ, ਮਿੱਠਾ ਬੋਲਣਾ, ਚੋਰੀ, ਯਾਰੀ, ਝੂਠ ਬੋਲਣ ਤੋਂ ਦੂਰ ਰਹਿਣਾ ਆਦਿਕ ਅਨੇਕ ਗੁਣਾਂ ਦੇ ਧਾਰਨ ਦਾ ਨਾਮ ਸਦਾਚਰਣ ਹੈ ਤੇ ਇਨ੍ਹਾਂ ਗੁਣਾਂ ਨੂੰ ਧਾਰਕੇ ਵੈਰਾਗਵਾਨ ਹੋਣਾ, ਅਕਾਲ ਪੁਰਖ ਨਾਲ ਸ਼ਰਧਾ ਤੇ ਪ੍ਰੇਮ ਸਹਿਤ ਭਗਤੀ ਕਰਨੀ ਇਹ 'ਧਰਮ' ਹੈ।

ਹੁਣ ਆਪ ਦੇਖ ਸਕਦੇ ਹੋ ਕਿ ਪਹਿਲੇ ਗੁਣਾਂ ਅਰਥਾਤ ਸਦਾਚਰਣ ਬਿਨਾਂ ਧਰਮ ਨਹੀਂ ਆ ਸਕਦਾ, ਅਰ ਜਦ ਤਕ ਧਰਮ ਪੁਸਤਕਾਂ, ਮਹਾਤਮਾਂ ਤੇ ਧਰਮੀਆਂ ਤੋਂ ਪਤਾ ਨਾ ਲਗੇ ਕਿ ਸਦਾਚਰਣ ਕੀਹ ਹੈ, ਪਰਮੇਸ਼ੁਰ ਦਾ ਭਉ ਨਾ ਪਵੇ ਅਰ ਇਹ ਲੰਮੀ ਨਜ਼ਰ ਨਾ ਉਪਜੇ ਕਿ ਅੰਤ ਸੰਸਾਰ ਸੁਆਰਨਾ ਹੈ, ਤਦ ਤਕ ਸਦਾਚਰਣ ਧਾਰਨ ਨਹੀਂ ਹੋ ਸਕਦਾ । ਜੇ ਕੋਈ ਕਹੇ ਕਿ ਨਹੀਂ, ਕਈ ਨਾਸਤਕ ਭੀ ਸਦਾਚਰਣ ਵਾਲੇ ਹੁੰਦੇ ਹਨ; ਤਦ ਉਤ੍ਰ ਇਹ ਹੈ ਕਿ ਹੁੰਦੇ ਤਾਂ ਹਨ, ਪਰ ਉਹਨਾਂ ਦਾ ਸਦਾਚਰਣ ਇਕ ਪਾਜ ਹੁੰਦਾ ਹੈ, ਸ਼ੋਭਾ ਪ੍ਰਾਪਤ ਕਰਨੇ ਦਾ ਇਕ ਪੜਦਾ ਹੁੰਦਾ ਹੈ; ਉਹਨਾਂ ਦੇ ਮਨ ਨੂੰ ਇਸ ਤੋਂ ਸੁਖ ਨਹੀਂ ਪ੍ਰਾਪਤ ਹੁੰਦਾ । ਜੇਕਰ ਇਕ ਖੇਤ ਦਾ ਮਾਲਕ ਤਾਂ ਵਾਹੀ ਗੋਡੀ ਸ਼ੌਕ ਨਾਲ ਕਰਦਾ ਹੈ ਅਰ ਉਸ ਦੀ ਨਜ਼ਰ ਫਲ ਪਰ ਹੁੰਦੀ ਹੈ ਅਰ ਉਹਨਾਂ ਸੁਖਾਂ ਪਰ ਹੁੰਦੀ ਹੈ ਜੋ ਫ਼ਸਲ ਪੱਕੇ ਤੇ ਉਸ ਨੂੰ ਪ੍ਰਾਪਤ ਹੁੰਦੇ ਹਨ; ਪਰ ਕਾਮੇ ਦਾ ਵਾਹੀ ਗੋਡੀ ਕਰਨਾ ਕੇਵਲ ਇਸ ਲਈ ਹੈ ਕਿ ਕਿਵੇਂ ਸਮਾਂ ਲੰਘ ਜਾਵੇ, ਕੋਈ ਮਾਲਕ ਨੂੰ ਨਾ ਜਾ ਦੱਸੇ ਕਿ ਵਿਹਲਾ ਬੈਠਾ ਹੈ। ਮਤਾਂ ਰਾਤ ਨੂੰ ਪੈਸੇ ਘੱਟ ਮਿਲਣ ਅਰ ਬਦਨਾਮੀ ਹੋ ਜਾਏ ਤੇ ਫੇਰ ਹੋਰ ਕੋਈ ਉਸ ਨੂੰ ਨੌਕਰ ਹੀ ਨਾ ਰਖੇ। ਇਸ ਤੋਂ ਸਿਧ ਹੋਇਆ ਕਿ ਸਦਾਚਰਣ ਅਰ ਧਰਮ ਇਕ ਦੂਜੇ ਦੇ ਆਸਰੇ ਹਨ। ਸਦਾਚਰਣ ਨੂੰ ਪੌੜੀਆਂ ਸਮਝੋ ਅਰ ਧਰਮ ਨੂੰ ਮਹੱਲ ਦੇ ਚੁਬਾਰੇ ਦੀ ਡਿਉਢੀ ਜਾਣੋ, ਜਿਸ ਤੋਂ ਲੰਘ ਕੇ ਅਕਾਲ ਪੁਰਖ ਦੀ ਪ੍ਰਾਪਤੀ ਹੈ ।

ਹੁਣ ਸਾਨੂੰ ਦੇਖਣਾ ਚਾਹੀਦਾ ਹੈ ਕਿ ਸਦਾਚਰਣ ਦੇ ਗੁਣ ਕੀਹ ਹਨ। ਇਹ ਉਹ ਉਤਮ ਵਸਤੂ ਹੈ ਕਿ ਜਿਸ ਕਰਕੇ ਸਾਰੇ ਸੰਸਾਰ ਦਾ ਬਾਨ੍ਹਣੂ ਬੱਧਾ ਪਿਆ ਹੈ, ਨਹੀਂ ਤਾਂ ਲੋਕੀਂ ਇਕ ਦੂਜੇ ਦਾ ਗਲਾ ਕੱਟ ਦੇਣ ਤੇ ਆਪੋ ਵਿਚ ਘੁਲ ਘੁਲ ਕੇ ਹੀ ਮਰ ਜਾਣ। ਕਈ ਸੱਜਣ ਕਹਿਣਗੇ ਕਿ ਨਹੀਂ ਸੰਸਾਰ ਦਾ ਬੰਦੋਬਸਤ ਤਾਂ ਸਰਕਾਰ ਅਰ ਕਾਨੂੰਨ ਨੇ ਕਰ ਰਖਿਆ ਹੈ, ਪਰ ਉਹਨਾਂ ਸਜਣਾਂ ਨੂੰ ਸੋਚਣਾ ਚਾਹੀਦਾ ਹੈ ਕਿ



ਕਾਨੂੰਨ ਕੀ ਵਸਤੂ ਹੈ? ਕਾਨੂੰਨ ਸਦਾਚਰਣ ਵਰਤਾਰਾ ਸਿਖਾਲਦਾ ਹੈ ਅਰ ਸਾਰੇ ਉਹਨਾਂ ਕੰਮਾਂ ਤੋਂ ਹੋੜਦਾ ਹੈ, ਜਿਨ੍ਹਾਂ ਦੇ ਕੀਤਿਆਂ ਮਨ 'ਚ ਬੇਅਰਾਮੀ, ਲੋਕਾਂ ਵਿਚ ਬੇਪਤੀ, ਸੰਸਾਰ ਵਿਚ ਕਲੇਸ਼ ਤੇ ਪਰਲੋਕ ਵਿਚ ਦੁਖ ਹੁੰਦੇ ਹਨ। ਪਰ ਕਾਨੂੰਨ ਸਦਾਚਰਣ ਦੇ ਉਹਨਾਂ ਅੰਗਾਂ ਨੂੰ ਲੈਂਦਾ ਹੈ ਜੋ ਉਗਾਹੀ ਅਰ ਹੋਰ ਸਬੂਤਾਂ ਕਰਕੇ ਸਾਬਤ ਹੋ ਜਾਣ, ਅਰ ਜਿਨ੍ਹਾਂ ਕਰਕੇ ਪ੍ਰਾਣੀ ਦੇ ਅਪਣੇ ਆਪ ਨੂੰ, ਸਰਕਾਰ ਨੂੰ ਜਾਂ ਗੁਆਂਢੀਆਂ ਨੂੰ ਐਸ ਤਰ੍ਹਾਂ ਦਾ ਨੁਕਸਾਨ ਪਹੁੰਚਦਾ ਹੋਵੇ ਕਿ ਜਿਸ ਨੂੰ ਦੂਰ ਕਰਨੇ ਦਾ ਜ਼ਿੰਮਾ ਸਰਕਾਰ ਨੇ ਲੀਤਾ ਹੋਵੇ, ਜਾਂ ਪਰਜਾ ਨੇ ਸਰਕਾਰ ਨੂੰ ਵਸੀਕਾਰ ਦਿੱਤਾ ਹੋਵੇ ।

ਕਾਨੂੰਨ ਦਾ ਡਰ ਉਹਨਾਂ ਡਗ ਪੁਰਖਾਂ ਪਰ ਹੈ ਜੋ ਸਦਾਚਰਣ ਦੇ ਗੁਣਾਂ ਤੋਂ ਲਾਭ ਨਹੀਂ ਉਠਾਉਂਦੇ। ਇਨ੍ਹਾਂ ਦਾ ਫਰਕ ਐਉਂ ਚੰਗਾ ਸਮਝ ਆ ਜਾਏਗਾ: ਸਦਾਚਰਣ ਤਾਂ ਐਉਂ ਹੈ ਜਿੱਕੁਰ ਅਰਾਕੀ ਘੋੜੇ ਨੂੰ ਮਾਲਕ ਦਾ ਖੰਘੂਰਾ, ਜਾਂ ਚਾਬਕ ਦੀ ਆਵਾਜ਼, ਜਾਂ ਵਾਗ ਦਾ ਤਣੁਕਾ ਹੀ ਕਾਫੀ ਹੈ; ਪਰ ਖੋਤੇ ਨੂੰ ਜਦ ਤਕ ਘੁਮਿਆਰ ਦਾ ਸੋਟਾ ਨਾਂ ਵੱਜੇ ਕੁਝ ਅਸਰ ਨਹੀਂ ਹੁੰਦਾ ।

ਜੇ ਸਾਰਾ ਸੰਸਾਰ ਸਦਾਚਰਣ ਨੂੰ ਛਡ ਦੇਵੇ ਅਰ ਕੇਵਲ ਕਾਨੂੰਨ ਦਾ ਡਰ ਹੀ ਆਪੋ ਵਿਚ ਚੰਗੇ ਵਰਤਣੇ ਦਾ ਕਾਰਣ ਰਹਿ ਜਾਵੇ, ਤਦ ਜੇਲਖਾਨੇ ਸਾਰੇ ਭਰ ਜਾਣ ਤੇ ਸਰਕਾਰ ਨੂੰ ਸ਼ਹਿਰਾਂ ਦੇ ਸ਼ਹਿਰ ਕੈਦੀਆਂ ਦੇ ਵਸਾਉਣੇ ਪੈਣ ਤੇ ਅੰਤ ਨੂੰ ਕੋਈ ਬੰਦੋਬਸਤ ਨਾ ਹੋ ਸਕੇ। ਸਦਾਚਰਣ ਹੀ ਸੰਸਾਰ ਰੂਪੀ ਬੁਹਾਰੀ ਦਾ ਬੰਨ੍ਹ ਹੈ, ਪਰ ਕਾਨੂੰਨ ਬਾਹਰ ਨਿਕਲ ਗਏ ਤੀਲਿਆਂ ਨੂੰ ਕੱਠਾ ਕਰਦਾ, ਵਿੰਗੇ ਹੋ ਗਿਆਂ ਨੂੰ ਸਿਧੇ ਕਰਦਾ ਅਰ ਨਿਕਾਰੇ ਹੋ ਗਿਆਂ ਨੂੰ ਅੱਗ ਵਿਚ ਸੁੱਟਦਾ ਹੈ। ਸਦਾਚਰਣ ਆਦਮੀ ਦੀ ਵਿਸ਼ੇਸ਼ ਸਿਫਤ ਹੈ। ਜੋ ਇਸ ਤੋਂ ਖਾਲੀ ਹਨ ਓਹ ਪਸ਼ੂ-ਪੁਣੇ ਵਲ ਰੁਖ਼ ਰਖਦੇ ਹਨ । ਇਸ ਲਈ ਕਾਨੂੰਨ ਦਾ ਡੰਡਾ ਉਹਨਾਂ ਨੂੰ ਜੇਲਖਾਨੇ ਦੇ ਕਾਂਜੀ ਹੌਸ ਵਿਚ ਪਾ ਕੇ ਇਹੋ ਸਿਖਾਲਦਾ ਹੈ ਕਿ ਸਦਾਚਰਣ ਧਾਰਨ ਕਰੋ।

ਹੁਣ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਸਦਾਚਰਣ ਦਾ ਸਾਡੇ ਸੰਸਾਰ ਵਿਚ ਵਸੇਬੇ ਨਾਲ ਕਿਸ ਤਰ੍ਹਾਂ ਦਾ ਸੰਬੰਧ ਹੈ। ਪਲ ਭਰ ਵਾਸਤੇ ਸੋਚੋ ਕਿ ਜੇ ਸਾਰੇ ਆਦਮੀ ਉੱਕਾ ਝੂਠ ਬੋਲਣ ਲੱਗ ਜਾਣ ਅਰ ਸੱਚ ਦੀ ਅੰਸ਼ ਨਾ ਰਹੇ ਤਦ ਸੰਸਾਰ ਦਾ ਕੀ ਹਾਲ ਹੋਵੇ? ਜੇ ਸਾਰੇ ਆਦਮੀ ਜਤ ਸਤ ਨੂੰ ਛੱਡ ਵਿਭਚਾਰੀ ਹੋ ਜਾਣ ਕਿੱਡਾ ਅਨਰਥ ਆ ਜਾਵੇ। ਜੇ ਸਾਰੇ ਹੀ ਚੋਰ ਹੋ ਜਾਣ ਤਾਂ ਕੀ ਹਾਲ ਹੋਵੇ? ਸੰਸਾਰ ਦੇ ਸਾਰੇ ਵਿਹਾਰ ਇਸੇ ਦੇ ਆਸਰੇ ਚਲ ਰਹੇ ਹਨ। ਜੋ ਸਦਾਚਰਣ ਵਿਚ ਤਕੜੇ ਹਨ, ਓਹ ਢਿਲਿਆਂ ਨਾਲੋਂ ਸੁਖੀ ਹਨ, ਦੇਖੋ ਅੰਗ੍ਰੇਜ਼ਾਂ ਵਿਚ ਸੱਚ ਬੋਲਣਾ ਇਕ ਗੁਣ ਹੈ ਅਰ ਉਹਨਾਂ ਦੀ ਕੌਮ ਇਸ ਗਲ ਲਈ ਮਸ਼ਹੂਰ ਹੈ। ਦੇਖੋ ਓਹ ਇਸ ਤੋਂ ਕਿੰਨਾਂ ਲਾਭ ਉਠਾਉਂਦੇ ਹਨ। ਤੁਸੀਂ ਜੇਕਰ ਕੋਈ ਮਾਲ ਖ਼ਰੀਦਣਾ ਚਾਹੋ ਤਦ ਓਹ ਕਦੇ ਨਹੀਂ ਭੇਜਣਗੇ ਜਦ ਤਕ ਕਿ ਪੂਰੀ ਤਸੱਲੀ ਰੁਪੱਯੇ ਦੀ ਨਾਂ ਕਰ ਲੈਣ । ਜੇ ਤੁਸੀਂ ਕੋਈ ਮਾਲ ਵਲੈਤ ਘਲਣਾ ਚਾਹੋ ਤਦ ਐਵੇਂ ਭੇਜਣਾ ਪਵੇਗਾ ਅਰ ਓਹ ਜੋ ਵੱਟਕੇ ਤੁਹਾਨੂੰ ਭੇਜਣ ਤੁਹਾਨੂੰ ਲੈਣਾ ਪਵੇਗਾ। ਕਾਰਨ ਕੀ ਕਿ ਸੱਚੇ ਨਾ ਰਹਿਣ ਕਰਕੇ ਸਾਡੇ ਲੋਕਾਂ ਦਾ ਇਤਬਾਰ ਘਟ ਗਿਆ ਹੈ। ਭਾਵੇਂ ਕਈ ਅੰਗ੍ਰੇਜ਼ ਝੂਠ ਬੋਲਦੇ ਹੋਣ ਪਰ ਉਹਨਾਂ ਦੀ ਕੌਮ ਵਿਚ ਇਹ ਭਾਰੀ ਗੁਣ ਹੈ ਤੇ ਓਥੇ ਕਿਸੇ ਨੂੰ ਝੂਠਾ ਕਹਿਣਾ ਇਕ ਸਖਤ ਗਾਲੀ ਹੈ ।

ਤੁਸੀਂ ਸ਼ਿਮਲੇ ਮਸੂਰੀ ਆਦਿ ਕਿਸੇ ਪਹਾੜ ਤੇ ਚਲੇ ਜਾਓ, ਅਸਬਾਬ

ਪਹਾੜੀਏ ਮਜੂਰ ਨੂੰ ਚੁਕਾ ਕੇ ਘਰ ਦਾ ਪਤਾ ਦੇ ਕੇ ਚਲੇ ਜਾਓ, ਆਪੇ ਤੁਹਾਡੇ ਘਰ ਪੁਚਾ ਦੇਵੇਗਾ, ਇਸੇ ਕਰਕੇ ਲੋਕ ਪਹਾੜੀਆਂ ਦਾ ਇਤਬਾਰ ਕਰਦੇ ਹਨ ਅਰ ਉਹਨਾਂ ਨੂੰ ਖੁਸ਼ ਹੋ ਕੇ ਰਖਦੇ ਹਨ, ਪਰ ਅਪਣੇ ਦੇਸ਼ ਵਿਚ ਦੇਖੋ ਕਿ ਇਤਬਾਰ ਤਾਂ ਕਿਤੇ ਰਿਹਾ, ਅੱਖ ਪਰੇ ਹੋਈ ਨਹੀਂ ਤੇ ਅਸਬਾਬ ਉਡਿਆ ਨਹੀਂ। ਇਸੇ ਪ੍ਰਕਾਰ ਬਾਕੀ ਦੇ ਗੁਣ ਸਮਝ ਲਵੋ ।

ਜਿਸ ਸਮੇਂ ਯੂਨਾਨੀਆਂ ਨੇ ਹਿੰਦੁਸਤਾਨ ਪਰ ਹੱਲਾ ਕੀਤਾ, ਤਦੋਂ ਹਿੰਦੁਸਤਾਨੀਆਂ ਵਰਗਾ ਸਦਾਚਾਰੀ ਕੋਈ ਨਹੀਂ ਸੀ, ਉਹਨਾਂ ਨੇ ਐਨੀ ਉਪਮਾ ਲਿਖੀ ਹੈ ਕਿ ਜੋ ਅਜ ਕਲ ਫ਼ਖ਼ਰ ਦਾ ਕਾਰਣ ਹੋ ਰਹੀ ਹੈ। ਉਸ ਸਮੇਂ ਕਾਨੂੰਨ ਭੀ ਘੱਟ ਸੀ, ਪੁਲਸ ਤੇ ਜੇਲਖਾਨੇ ਭੀ ਬਹੁਤ ਥੋੜ੍ਹੇ, ਪਰ ਜਿਉਂ-ਜਿਉਂ ਸਦਾਚਰਣ ਘਟਿਆ, ਕਾਨੂੰਨ, ਪੁਲਸ ਕਚਹਿਰੀਆਂ ਤੇ ਜੇਲਖਾਨੇ ਵਧੇ। ਹੁਣ ਆਏ ਸਾਲ ਜੋ ਜੁਰਮ ਵਧਦੇ ਜਾਂਦੇ ਹਨ, ਇਸ ਦਾ ਭੀ ਇਹੋ ਕਾਰਨ ਹੈ ਕਿ ਸਦਾਚਰਣ ਘਟਦਾ ਜਾਂਦਾ ਹੈ।

ਕੌਮਾਂ ਦੀ ਕਾਇਮੀ, ਤਰੱਕੀ ਤੇ ਵਾਧਾ ਸਦਾਚਰਣ ਦੇ ਆਸਰੇ ਹੋਇਆ ਕਰਦਾ ਹੈ, ਇਸ ਗਲ ਨੂੰ ਅਸੀਂ ਅਪਣੀ ਕੌਮ ਵਿਚ ਵੇਖਦੇ ਹਾਂ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਆਏ, ਇਹ ਦੇਸ਼ ਮਹਾਂ ਪਤਿਤ ਹੋ ਰਿਹਾ ਸੀ । ਉਹਨਾਂ ਨੇ ਦਸ ਜਾਮੇ ਧਾਰਕੇ ਦੇਸ਼ ਨੂੰ ਸਦਾਚਰਣ ਅਰ ਧਰਮ ਬਖਸ਼ਿਆ। ਜੋ ਲੋਕ ਉਹਨਾਂ ਦੇ ਕਹੇ ਪਰ ਤੁਰੇ ਉਹਨਾਂ ਦੀ ਇੱਜ਼ਤ ਤੇ ਇਤਬਾਰ ਵਧ ਗਿਆ। ਮੁਸਲਮਾਨਾਂ ਦੇ ਸਮੇਂ ਜਦ ਅੱਸੀ ਅੱਸੀ ਰੁਪਏ ਸਿੱਖ ਦੇ ਸਿਰ ਦਾ ਮੁੱਲ ਪੈਂਦਾ ਸੀ, ਅਰ ਪਾਤਸ਼ਾਹਾਂ ਦੀ ਮਰਜ਼ੀ ਇਸ ਕੌਮ ਦਾ ਨਾਸ਼ ਕਰਨੇ ਦੀ ਸੀ, ਉਸ ਸਮੇਂ ਜਦ ਕੋਈ ਮੁਕੱਦਮਾ ਅਦਾਲਤ ਵਿਚ ਆ ਜਾਂਦਾ ਸੀ, ਤਦ ਦੁਹਾਂ ਪਾਸਿਆਂ ਦੀਆਂ ਉਗਾਹੀਆਂ ਲੈ ਕੇ ਇਹ ਡਿੱਠਾ ਜਾਂਦਾ ਸੀ ਕਿ ਕੋਈ ਉਗਾਹ ਸਿਖ ਭੀ ਹੈ। ਜਿਸ ਪਾਸੇ ਇਕ ਸਿਖ ਉਗਾਹ ਹੁੰਦਾ ਸੀ ਅਦਾਲਤ ਉਸੇ ਪਾਸੇ ਫੈਸਲਾ ਦਿੰਦੀ ਸੀ ।

ਭਾਵੇਂ ਮੁਸਲਮਾਨ ਵੈਰੀ ਸਨ, ਪਰ ਸਿਖ ਦੇ ਸਦਾਚਰਣ ਪਰ ਐਡਾ ਭਰੋਸਾ ਸੀ ਕਿ ਸਿਖ ਦਾ ਝੂਠ ਬੋਲਣਾ ਅਸੰਭਵ ਸਮਝਿਆ ਜਾਂਦਾ ਸੀ। ਸਾਡੇ ਕੌਮ ਦੇ ਸਦਾਚਰਣ ਨੇ ਵੈਰੀਆਂ ਦੇ ਦਿਲਾਂ ਪਰ ਭੀ ਅਪਣਾ ਸਿੱਕਾ ਬਿਠਾ ਲਿਆ ਹੋਇਆ ਸੀ ਅਰ ਦੂਰ ਨੇੜੇ ਇਸ ਗਲ ਦੀਆਂ ਧੁੰਮਾਂ ਪੈ ਗਈਆਂ ਸਨ । ਇਸੇ ਕਰਕੇ ਨਿੱਕੀ ਜਿਹੀ ਤੇ ਗਰੀਬ ਕੌਮ ਦੀ ਸ਼ੋਭਾ ਸਾਰੇ ਸੰਸਾਰ ਵਿਚ ਫੈਲ ਗਈ ਸੀ। ਪ੍ਰਤੱਖ ਦੇਖੋ ਕਿ ਜਦ ਸਿੱਖਾਂ ਤੇ ਅੰਗੇਜ਼ਾਂ ਦਾ ਯੁੱਧ ਹੋਇਆ ਤਦ ਸਿਖਾਂ ਨੇ ਉਨ੍ਹਾਂ ਨੂੰ ਓਹ ਵਖਤ ਪਾਇਆ ਸੀ ਕਿ ਅਜ ਤਕ ਯਾਦ ਕਰਦੇ ਹਨ, ਅਰ ਕਈ ਅੰਗ੍ਰੇਜ਼ ਲਿਖਦੇ ਹਨ ਕਿ ਸਿਖ ਜਦ ਸਾਡੇ ਵੈਰੀ ਸਨ, ਬੜੇ ਹੀ ਸਖਤ ਵੈਰੀ ਸਨ, ਜਿਸ ਤੋਂ ਵੱਧ ਕੋਈ ਹੋ ਨਹੀਂ ਸਕਦਾ, ਪਰ ਜਦ ਸਿਖਾਂ ਨੇ ਅੰਗੇਜ਼ਾਂ ਨਾਲ ਸੁਲਹ ਕੀਤੀ ਤੇ ਮਿਤ੍ਰ ਬਣੇ ਤਾਂ ਐਸਾ ਬਚਨ ਪਾਲਿਆ ਕਿ ਜੈਸੇ ਗੂੜੇ ਵੈਰੀ ਸਨ ਵੈਸੇ ਹੀ ਗੂੜੇ ਮਿਤ੍ਰ ਸਾਬਤ ਹੋਏ।

ਅਜ ਕੱਲ (੧੯੦੦ ਈ:) ਦੇ ਵਾਇਸਰਾਏ ਨੇ ਕਲਕੱਤੇ ਵਿਚ ਸਾਡੀ ਕੌਮ ਦੀ ਸਦਾਚਰਣ ਬਾਬਤ ਕਿਹਾ ਹੈ: -"**ਜਿਧਰ ਕਿਧਰ ਸਿਖ ਜਾਂਦੇ ਹਨ, ਹੌਸਲੇ ਦੇ ਧਨੀ, ਪੂਰੇ ਮਰਦ, ਅਰ ਸੱਚੇ (ਅਪਣੇ ਆਪ ਨੂੰ ਸਾਬਤ ਕਰਦੇ) ਹਨ। ਜਿਸ ਸ਼ਹਨਸ਼ਾਹ ਦੀ ਓਹ ਪਰਜਾ ਹਨ ਉਸਦੇ ਪੂਰੇ ਨਿਮਕ ਹਲਾਲ, ਜਿਸ ਫੌਜ ਦਾ ਨਿਸ਼ਾਨ ਓਹ ਪਹਿਨਦੇ ਹਨ, ਉਸ ਫੌਜ ਨਾਲ ਅੰਗ ਪਾਲਣ ਵਾਲੇ, ਉਨ੍ਹਾਂ ਅਫਸਰਾਂ**



**ਉਤੇ ਲਹੂ ਡੋਹਲਦੇ ਜਿਨ੍ਹਾਂ ਦੇ ਕਿ ਓਹ ਤਾਬੇ ਹੁੰਦੇ ਹਨ, ਅਰ ਬੇਖੌਫ ਐਸੇ ਕਿ ਭਾਵੇਂ ਮੌਤ ਦਾ ਸਾਹਮਣਾ ਹੋਵੇ ਪ੍ਰਵਾਹ ਨਹੀਂ ਕਰਦੇ।**"

ਸਾਡਾ ਸਦਾਚਰਣ ਦੂਸਰੀਆਂ ਕੌਮਾਂ ਦੀਆਂ ਕਹਾਵਤਾਂ ਵਿਚ ਵਰਤਿਆ ਜਾਂਦਾ ਹੈ। ਥੋੜੇ ਦਿਨ ਹੋਏ ਸਾਨੂੰ ਇਕ ਮਿਤ੍ਰ ਦੀ ਪ੍ਰਯਾਗ ਤੋਂ ਚਿਠੀ ਆਈ, ਓਹ ਲਿਖਦੇ ਹਨ ਕਿ ਇਕ ਦਿਨ ਮੈਂ ਅਪਣੀ ਕੋਠੀ ਦੇ ਬਾਹਰ ਬੈਠਾ ਕੇਸ ਹਰੇ ਕਰ ਰਿਹਾ ਸਾਂ । ਇਕ ਅੰਗ੍ਰੇਜ਼ ਬਾਲਕ ਮਦਰੱਸੇ ਜਾਂਦਾ ਖੜੋ ਗਿਆ ਤੇ ਮੇਰੇ ਕੇਸਾਂ ਵੱਲ ਤਕਦਾ ਰਿਹਾ। ਪਲ ਮਗਰੋਂ ਓਹ ਹੋਰ ਸਾਥੀਆਂ ਨੂੰ ਸੱਦ ਲਿਆਇਆ। ਇਕ ਨੇ ਮੈਨੂੰ ਪੁੱਛਿਆ ਕਿ ਕੀ ਤੁਸੀਂ ਜਪਾਨੀ ਹੋ? ਮੈਂ ਕਿਹਾ: ਨਹੀਂ, ਮੈਂ ਸਿਖ ਹਾਂ। ਤਦ ਉਸ ਨੇ ਕਿਹਾ, ਹਾਂ ਮੈਂ ਜਾਣਦਾ ਹਾਂ, ਮੈਂ ਪੁਛਿਆ ਤੁਸੀਂ ਸਿਖਾਂ ਬਾਬਤ ਕੀ ਜਾਣਦੇ ਹੋ, ਤਾਂ ਉਹ ਬਾਲਕ ਬੋਲਿਆ : **Yes, the honest people**, ਅਰਥਾਤ, ਹਾਂ ਦਿਆਨਤਦਾਰ (ਸੱਚੇ) ਲੋਕ' । ਭਾਵ ਇਹ ਕਿ ਮੈਂ ਜਾਣਦਾ ਹਾਂ ਕਿ ਸਿਖ ਓਹ ਹਨ ਜੋ ਦਯਾਨਤਦਾਰੀ ਵਿਚ ਉਜਾਗਰ ਹਨ। ਪਯਾਰੇ ਸਜਣੋ ! ਦੇਖੋ ਸਾਡੇ ਸਿੱਖ ਨਾਮ ਨੇ ਕਿੱਡੀ ਉਜਾਗਰੀ ਪਾਈ ਹੈ ਕਿ ਸਾਡੇ ਕੌਮ ਦੀ ਪਛਾਣ ਹੀ ਦਿਆਨਤਦਾਰੀ ਹੈ।

ਪਰ ਹੁਣ ਬੁੱਕਲ ਵਿਚ ਮੂੰਹ ਪਾਕੇ ਸੋਚੀਏ ਕਿ ਸਾਨੂੰ ਦਿਨੋ ਦਿਨ ਕੀਹ ਹੁੰਦਾ ਜਾਂਦਾ ਹੈ? ਸ਼ੋਕ ਹੈ ਕਿ ਸਦਾਚਰਣ ਵਿਚ ਅਸੀਂ ਢਿੱਲੇ ਹੋਣ ਲਗ ਪਏ ਹਾਂ । ਭਾਵੇਂ ਅਜੇ ਓਹੋ ਸੋਭਾ ਹੈ ਪਰ ਇਹ ਸਾਡੀ ਪਿਛਲੀ ਕਮਾਈ ਦਾ ਫਲ ਹੈ। ਅਗੋਂ ਵਾਸਤੇ ਇਹ ਤਦੇ ਕਾਇਮ ਰਹਿ ਸਕਦੀ ਹੈ ਜੇ ਅਸੀਂ ਸਦਾਚਰਣ ਵਿਚ ਪੱਕੇ ਰਹੀਏ, ਨਹੀਂ ਤਾਂ ਇਕ ਦਿਨ ਬਦਨਾਮੀ ਹੋ ਜਾਏਗੀ । ਜਿਵੇਂ ਧੁੱਪ ਸੂਰਜ ਦੇ ਆਸਰੇ ਹੁੰਦੀ ਹੈ, ਸੂਰਜ ਨਾ ਰਹੇ ਤਾਂ ਧੁੱਪ ਭੀ ਨਹੀਂ ਰਹਿੰਦੀ, ਤਿਵੇਂ ਸ਼ੋਭਾ, ਨੇਕ ਨਾਮੀ ਤੇ ਉੱਨਤੀ ਸਦਾਚਰਣ ਦੇ ਆਸਰੇ ਹੈ।

ਹਾਂ, ਕੌਮੀ ਤਰੱਕੀ ਜਿਸ ਲਈ ਅਸੀਂ ਯਤਨ ਕਰ ਰਹੇ ਹਾਂ, ਸਦਾਚਰਣ ਦੇ ਸਿਰ ਤੇ ਹੀ ਆਸਰਾ ਰਖਦੀ ਹੈ। ਜਿਸ ਕੌਮ ਵਿਚ ਭਲਿਆਈ ਹੁੰਦੀ ਹੈ ਉਸੇ ਵਿਚ ਭਲਿਆਈ ਦੇ ਭੁੱਖੇ ਆਕੇ ਰਲਦੇ ਹਨ, ਪਿਛੇ ਜੋ ਸਾਡੀ ਤਰੱਕੀ ਹੁੰਦੀ ਰਹੀ ਹੈ, ਕੀ ਇਹ ਤਲਵਾਰ ਦੇ ਆਸਰੇ ਸੀ ਕਿ ਫੋਕੇ ਉਪਦੇਸ਼ਕਾਂ ਤੇ ਅਖ਼ਬਾਰ ਨਵੀਸਾਂ ਦੇ ਸਿਰ ਤੇ ਸੀ ? ਇਹ ਕੇਵਲ ਸਿਖਾਂ ਦੇ ਸਦਾਚਰਣ ਕਰਕੇ ਸੀ। ਜਿਥੇ ਇਕ ਸ੍ਰੇਸ਼ਟ ਪੁਰਖ ਜਾ ਬੈਠਦਾ ਸੀ ਹਜ਼ਾਰਾਂ ਉਸਦੇ ਮਗਰ ਹੋ ਤੁਰਦੇ ਸਨ । ਕੀ ਕਾਰਣ ਸੀ ਕਿ ਜਦੋਂ ਸਰਕਾਰ ਹੀ ਸਿਖਾਂ ਦੇ ਸਿਰ ਵਵਦੀ ਸੀ ਓਦੋਂ ਸਿਖ ਵਧਦੇ ਸਨ ਤੇ ਅਜ ਕਲ ਅਮਨ ਅਮਾਨ ਹੈ ਤੇ ਸਿਖ ਵਧਣੇ ਦੀ ਥਾਂ ਘਟ ਰਹੇ ਹਨ। ਕਾਰਣ ਇਹੋ ਹੈ ਕਿ ਕੌਮ ਸਦਾਚਰਣ ਵਿਚ ਪਿਛੇ ਪੈ ਰਹੀ ਹੈ।

ਜਿਥੇ ਜਲ ਹੁੰਦਾ ਹੈ, ਠੰਡ ਹੁੰਦੀ ਹੈ, ਗਰਮੀ ਤੋਂ ਅੱਗੇ ਜੀਵ ਉਥੇ ਆ ਠਹਿਰਦੇ ਹਨ। ਤਿਵੇਂ ਸਦਾਚਰਣ ਵਾਲੇ ਪੁਰਖ ਵਿਚ ਖਿੱਚ ਹੁੰਦੀ ਹੈ, ਸੱਚ ਦੇ ਢੂੰਡਾਊ ਉਸ ਪਾਸ ਆਉਂਦੇ ਤੇ ਉਸਦੀ ਸੁਮੱਤ ਲੈਂਦੇ ਹਨ। ਜਦ ਐਸੇ ਪੁਰਖ ਸਾਡੇ ਵਿਚ ਵਧਣਗੇ ਅਸੀਂ ਆਪ ਤੋਂ ਆਪ ਵਧਾਂਗੇ ।

(ਖ਼ਾਲਸਾ ਸਮਾਚਾਰ ੭ ਅਗਸਤ ੧੯੫੯ 'ਚੋਂ ਧੰਨਵਾਦ ਸਹਿਤ !)

# ਲੱਚਰ ਗਾਇਕੀ ਬਾਰੇ ਸਰਕਾਰੀ ਖ਼ਾਮੋਸ਼ੀ

ਪੰਜਾਬ ਵਿੱਚ ਸ਼ਰਾਬ-ਬੰਦੀ ਤੋਂ ਇਨਕਾਰੀ ਹੋਈ ਸਰਕਾਰ ਹੁਣ ਲੱਚਰ ਗਾਇਕੀ ਰੋਕਣ ਤੋਂ ਵੀ ਪੱਲਾ ਝਾੜਦੀ ਨਜ਼ਰ ਆ ਰਹੀ ਹੈ। ਪੰਜਾਬ ਨੂੰ ਇਸ ਸਮੇਂ ਜਿਵੇਂ ਸ਼ਰਾਬ ਅਤੇ ਨਸ਼ਿਆਂ ਦਾ ਘੁਣ ਲੱਗਿਆ ਹੋਇਆ ਵਿਖਾਈ ਦਿੰਦਾ ਹੈ ਉਵੇਂ ਹੀ ਅਸ਼ਲੀਲ ਗਾਇਕੀ ਦਾ ਪ੍ਰਵਾਹ ਵੀ ਪ੍ਰਭਾਵੀ ਹੁੰਦਾ ਜਾ ਰਿਹਾ ਹੈ। ਤੇਜ਼ੀ ਨਾਲ ਪੈਰ ਪਸਾਰ ਰਹੇ ਆਧੁਨਿਕ ਸੰਚਾਰ ਸਾਧਨ ਇਸ ਰੁਝਾਨ ਨੂੰ ਹੋਰ ਪ੍ਰਫੁੱਲਿਤ ਕਰਨ ਵਿੱਚ ਹਿੱਸਾ ਪਾ ਰਹੇ ਹਨ। ਸਿੱਟੇ ਵਜੋਂ ਸਾਡਾ ਨਰੋਆ ਸੱਭਿਆਚਾਰ ਰਸਾਤਲ ਵੱਲ ਤੁਰ ਪਿਆ ਹੈ। ਗਾਇਕੀ, ਪੰਜਾਬੀ ਸੱਭਿਆਚਾਰ ਦਾ ਇੱਕ ਮਹਤੱਵਪੂਰਨ ਹਿੱਸਾ ਹੈ, ਪਰ ਹੁਣ ਵਧ-ਫੁੱਲ ਰਹੀ ਗਾਇਕੀ ਪੰਜਾਬੀ ਸੱਭਿਆਚਾਰ 'ਤੇ ਸੁਆਲੀਆ ਨਿਸ਼ਾਨ ਲਗਾ ਰਹੀ ਹੈ। ਗਾਇਕੀ ਵਿੱਚ ਲੱਚਰਪੁਣਾ, ਔਰਤਾਂ ਨੂੰ ਵਿਲਾਸ ਦੀ ਵਸਤੂ ਮੰਨਣ, ਕਿਰਦਾਰਕੁਸ਼ੀ ਅਤੇ ਹਥਿਆਰਾਂ ਨੂੰ ਵਡਿਆਉਣ ਵਾਲੀਆਂ ਪੇਸ਼ਕਾਰੀਆਂ ਸਾਰੀਆਂ ਹੱਦਾਂ ਪਾਰ ਕਰ ਚੁੱਕੀਆਂ ਹਨ।

ਗਾਇਕੀ ਵਿੱਚ ਆਈ ਇਸ ਗਿਰਾਵਟ ਨੂੰ ਸਮਾਜਿਕ, ਆਰਥਿਕ ਅਤੇ ਸਿਆਸੀ ਵਰਤਾਰੇ ਤੋਂ ਵੱਖਰੇ ਤੌਰ 'ਤੇ ਨਹੀਂ ਦੇਖਿਆ ਜਾ ਸਕਦਾ। ਵਿਸ਼ਵ ਸੁੰਦਰੀ ਅਤੇ ਬ੍ਰਹਿਮੰਡ ਸੁੰਦਰੀ ਵਰਗੇ ਮੁਕਾਬਲੇ, ਫ਼ਿਲਮਾਂ ਵਿੱਚ ਔਰਤਾਂ ਦੀ ਕਿਰਦਾਰਕੁਸ਼ੀ ਅਤੇ ਖ਼ਪਤਕਾਰੀ ਦੌਰ ਦੇ ਇਸ਼ਤਿਹਾਰੀ ਵਰਤਾਰੇ ਨੇ ਕਦਰਾਂ ਕੀਮਤਾਂ ਦੀ ਬਜਾਏ ਪੈਸੇ ਨੂੰ ਹੀ ਸਭ ਕੁਝ ਸਮਝਣ ਦੀ ਮਾਨਸਿਕਤਾ ਵਧਾਈ ਹੈ। ਸਿਆਸੀ ਮਾਹੌਲ ਵਿੱਚ ਧਨ, ਨਸ਼ਾ ਅਤੇ ਬਾਹੂਬਲ ਦਾ ਦਬਦਬਾ ਆਮ ਵਰਤਾਰਾ ਬਣ ਗਿਆ ਹੈ। ਧਾਰਮਿਕ ਵਿਚਾਰਧਾਰਾ ਨਾਲ ਜੁੜੀ ਪਾਰਟੀ ਅਕਾਲੀ ਦਲ ਕਦੇ ਬੀਰ-ਰਸੀ ਢਾਡੀਆਂ ਦੀਆਂ ਵਾਰਾਂ ਨਾਲ ਸਟੇਜ ਸ਼ੁਰੂ ਕਰਦੀ ਸੀ, ਪਰ ਹੁਣ ਇੱਥੇ ਵੀ ਅਖੌਤੀ ਲੋਕ ਗਾਇਕਾਂ ਦੀ 'ਛਹਿਬਰ' ਲਗਾਈ ਜਾਂਦੀ ਹੈ। ਪੰਜਾਬ ਦੀ ਟਰਾਂਸਪੋਰਟ ਉੱਤੇ ਜ਼ਿਆਦਾਤਰ ਸਿਆਸੀ ਆਗੂਆਂ ਦਾ ਕਬਜ਼ਾ ਹੈ। ਸੁਪਰੀਮ ਕੋਰਟ ਦੇ ਹੁਕਮ ਦੇ ਬਾਵਜੂਦ ਪੰਜਾਬ ਬੱਸਾਂ ਵਿੱਚ ਲੱਚਰ ਗੀਤਾਂ ਦਾ ਬੋਲਬਾਲਾ ਕੋਈ ਲੁਕੀ ਛਿਪੀ ਗੱਲ ਨਹੀਂ ਹੈ। ਸਾਡੀਆਂ ਵਿਆਹ ਸ਼ਾਦੀਆਂ ਦਾ ਮਾਹੌਲ ਵੀ ਹੁਣ ਨਿੱਘਰਦਾ ਜਾ ਰਿਹਾ ਹੈ। ਅਜਿਹੇ ਮੌਕਿਆਂ ਤੇ ਆਰਕੈਸਟਰਾ ਦੀ ਮੌਜੂਦਗੀ ਅਤੇ ਰੋਜ਼ੀ ਰੋਟੀ ਲਈ ਅਧਨੰਗੇ ਵਸਤਰ ਪਹਿਨ ਕੇ ਲੋਕਾਂ ਦਾ ਮਨ-ਪ੍ਰਚਾਵਾ ਕਰਨ ਲਈ ਮਜਬੂਰ ਕੁੜੀਆਂ ਸਾਡੇ ਸਮਾਜਿਕ ਕਿਰਦਾਰ ਵਿੱਚ ਨਿਘਾਰ ਦਾ ਨਮੂਨਾ ਪੇਸ਼ ਕਰਦੀਆਂ ਹਨ। ਇਹ ਮਾਹੌਲ ਉਨ੍ਹਾਂ ਸਭ ਆਗੂਆਂ, ਅਫ਼ਸਰਾਂ ਅਤੇ ਮੋਹਤਬਰਾਂ ਦੇ ਸਮਾਜਿਕ ਪ੍ਰੋਗਰਾਮਾਂ ਵਿੱਚ ਹੁੰਦਾ ਹੈ ਜਿਨ੍ਹਾਂ ਦੀ ਜ਼ਿੰਮੇਵਾਰੀ ਸਮਾਜ ਨੂੰ ਦਿਸ਼ਾ ਦੇਣ ਦੀ ਹੁੰਦੀ ਹੈ। ਸਰਕਾਰ ਦੇ ਆਪਣੇ ਪ੍ਰੋਗਰਾਮਾਂ ਵਿੱਚ ਸੱਭਿਆਚਾਰ ਦੀ ਜੋ ਵੰਨਗੀ ਪੇਸ਼ ਕੀਤੀ ਜਾਂਦੀ ਹੈ, ਉਸ ਤੋਂ ਹੀ ਉਸਦੀ ਸੋਚ ਦਾ ਅਨੁਮਾਨ ਲੱਗ ਜਾਂਦਾ ਹੈ। ਵਿਸ਼ਵ ਕਬੱਡੀ ਕੱਪ ਉੱਤੇ



ਮੁੰਬਈ ਫ਼ਿਲਮ ਨਗਰੀ ਦੀਆਂ ਹੀਰੋਇਨਾਂ 'ਤੇ ਕਰੋੜਾਂ ਰੁਪਏ ਖ਼ਰਚ ਕਰਕੇ ਕੁਝ ਮਿੰਟਾਂ ਦੇ ਲਗਾਏ ਜਾਂਦੇ ਠੁਮਕੇ ਹੇਠ ਮਾਂ ਖੇਡ ਦਾ ਹਉਕਾ ਦੱਬ ਕੇ ਰਹਿ ਜਾਂਦਾ ਹੈ।

ਪੰਜਾਬ ਸਰਕਾਰ ਦੀ ਸ਼ਰਾਬ ਨੀਤੀ ਤਹਿਤ ਹਰ ਸਾਲ ਲੋਕਾਂ ਨੂੰ ਵੱਧ ਸ਼ਰਾਬ ਪਿਆ ਕੇ ਵੱਧ ਪੈਸਾ ਵਸੂਲ ਕਰਨ ਦੀ ਤਜਵੀਜ਼ ਬਣਾਈ ਜਾਂਦੀ ਹੈ। ਪੰਜਾਬ ਖੇਤੀ ਪ੍ਰਧਾਨ ਸੂਬਾ ਹੈ ਪਰ ਅਜੇ ਤਕ ਵਿਧਾਨ ਸਭਾ ਤੋਂ ਮਨਜ਼ੂਰਸ਼ੁਦਾ ਕੋਈ ਖੇਤੀ ਨੀਤੀ ਨਹੀਂ ਹੈ।ਸੂਬੇ ਨੂੰ ਆਪਣੇ ਸੱਭਿਆਚਾਰ ਉੱਤੇ ਫਖ਼ਰ ਹੈ ਪਰ ਕੋਈ ਸੱਭਿਆਚਾਰ ਨੀਤੀ ਨਹੀਂ ਹੈ। ਪੰਦਰਾਂ ਸਾਲਾਂ ਤੋਂ ਸੱਭਿਆਚਾਰ ਨੀਤੀ ਦੇ ਵਾਰ-ਵਾਰ ਦਾਅਵੇ ਕੀਤੇ ਜਾ ਰਹੇ ਹਨ ਪਰ ਇਹ ਵੀ ਬਾਕੀ ਦੇ ਵਾਅਦਿਆਂ ਵਾਂਗ ਬਿਆਨਬਾਜ਼ੀ ਤਕ ਹੀ ਸੀਮਿਤ ਰਹਿ ਗਏ। ਸੱਭਿਆਚਾਰ ਵਿਭਾਗ ਅੰਤਿਮ ਸਾਹਾਂ 'ਤੇ ਹੈ ਅਤੇ ਕੁਝ ਗਿਣਤੀ ਦੇ ਮੁਲਾਜ਼ਮ ਹੀ ਇਸ ਵਿੱਚ ਰਹਿ ਗਏ ਹਨ। ਗਾਇਕਾਂ ਦਾ ਸਿੱਧਾ ਜਵਾਬ ਹੁੰਦਾ ਹੈ ਕਿ ਲੋਕ ਸੁਣਨਾ ਪਸੰਦ ਕਰਦੇ ਹਨ ਤਾਂ ਗਾਉਂਦੇ ਹਨ। ਵੋਟਾਂ ਵਿੱਚ ਸ਼ਰਾਬ ਅਤੇ ਹੋਰ ਨਸ਼ਿਆਂ ਦਾ ਦੌਰ ਚਲਾਉਣ ਪਿੱਛੇ ਸਿਆਸਤਦਾਨ ਵੀ ਗ਼ੈਰ-ਰਸਮੀ ਤੌਰ ਉੱਤੇ ਇਹੀ ਤਰਕ ਦਿੰਦੇ ਹਨ ਕਿ ਲੋਕ ਮੰਗਦੇ ਹਨ ਤਾਂ ਦੇਣਾ ਪੈਂਦਾ ਹੈ। ਇਸ ਸੁਆਲ ਦਾ ਜਵਾਬ ਵੀ ਨਾਲ ਹੀ ਦੇ ਦੇਣਾ ਚਾਹੀਦਾ ਹੈ ਕਿ ਫਿਰ ਤੁਸੀਂ ਆਪਣੇ ਆਪ ਨੂੰ ਮਜਬੂਰ ਕਾਮੇ ਕਿਉਂ ਨਹੀਂ ਕਹਾਉਂਦੇ? ਆਗੂ ਜਾਂ ਸੱਭਿਆਚਾਰ ਦੂਤ ਕਹਾਉਣ ਲਈ ਸਟੇਜੀ ਬੜ੍ਹਕਾਂ ਮਾਰਨ ਦੀ ਆਦਤ ਕਿਉਂ ਪਾ ਰੱਖੀ ਹੈ? ਆਗੂ ਦੀ ਭੂਮਿਕਾ ਮਹਤੱਵਪੂਰਨ ਹੁੰਦੀ ਹੈ ਅਤੇ ਇਸ ਜ਼ਿੰਮੇਵਾਰੀ ਤੋਂ ਸਰਕਾਰ ਭੱਜ ਨਹੀਂ ਸਕਦੀ। ਇਸ ਲਈ ਕੋਈ ਠੋਸ ਸੱਭਿਆਚਾਰ ਨੀਤੀ ਤੁਰੰਤ ਬਣਾਏ ਜਾਣ ਦੀ ਲੋੜ ਹੈ। ਕੇਵਲ ਸਰਕਾਰ ਹੀ ਨਹੀਂ ਜੇਕਰ ਲੋਕ ਜਿਹਨੀ ਤੌਰ 'ਤੇ ਲੱਚਰਤਾ ਨੂੰ ਸਵੀਕਾਰ ਕਰਨ ਲਈ ਤਿਆਰ ਹੋਣਗੇ ਤਾਂ ਇਕੱਲੀ ਨੀਤੀ ਜਾਂ ਕਾਨੂੰਨ ਵੀ ਕੁਝ ਨਹੀਂ ਕਰ ਸਕੇਗਾ। ਸਮਾਜ ਅਤੇ ਖ਼ਾਸ ਤੌਰ 'ਤੇ ਔਰਤਾਂ ਨੂੰ ਸ਼ਰਾਬ ਦੇ ਠੇਕਿਆਂ ਦੇ ਨਾਲ ਲੱਚਰ ਗਾਇਕੀ ਦੇ ਖ਼ਿਲਾਫ਼ ਵੀ ਵਿਆਪਕ ਅੰਦੋਲਨ ਲਈ ਅੱਗੇ ਆਉਣਾ ਪਵੇਗਾ।

(ਪੰ: ਟ੍ਰਿ: **9-4-15** 'ਚੋਂ ਧੰਨਵਾਦ ਸਹਿਤ !)

# ਅਫ਼ਸੋਸਨਾਕ ਹੈ ਗੁੰਡਾਗਰਦੀ ਵਾਲੇ ਗੀਤਾਂ ਦਾ ਰੁਝਾਨ

**-ਸਵਰਨ ਸਿੰਘ ਟਹਿਣਾ**

ਪਿਛਲੇ ਮਹੀਨੇ ਮੈਨੂੰ ਦੋ ਸਕੂਲਾਂ ਤੇ ਦੋ ਹੀ ਕਾਲਜਾਂ ਵਿੱਚ ਜਾਣ ਦਾ ਮੌਕਾ ਮਿਲਿਆ । ਜਾਣਕਾਰੀ ਲਈ ਮੈਂ ਕੁਝ ਵਿਦਿਆਰਥੀਆਂ ਤੋਂ ਉਨ੍ਹਾਂ ਦੀ ਪੜ੍ਹਾਈ, ਸ਼ੌਕ, ਭਵਿੱਖੀ ਯੋਜਨਾਵਾਂ, ਫ਼ਿਲਮਾਂ ਤੇ ਗੀਤ-ਸੰਗੀਤ ਬਾਬਤ ਪੁੱਛਣਾ ਸ਼ੁਰੂ ਕਰ ਦਿੱਤਾ । ਬਹੁਤਿਆਂ ਦੇ ਹੱਥ ਵਿੱਚ ਜਿਉਮੈਟਰੀ ਬਾਕਸ ਵਰਗੇ ਸਮਾਰਟ ਫ਼ੋਨ ਸਨ, ਜਿਨ੍ਹਾਂ ’ਤੇ ਉਂਗਲਾਂ ਮਾਰਦੇ-ਮਾਰਦੇ ਉਹ ਜਵਾਬ ਦੇ ਰਹੇ ਸਨ । ਕੁਝ ਆਪਣਾ ਭਵਿੱਖ ਵਿਦੇਸ਼ ਜਾ ਕੇ ਬਣਾਉਣ ਦੇ ਚਾਹਵਾਨ ਸਨ ਤੇ ਕਈਆਂ ਦਾ ਕਹਿਣਾ ਸੀ ਕਿ ਉਹ ਗਾਇਕੀ, ਗੀਤਕਾਰੀ ਜਾਂ ਅਦਾਕਾਰੀ ਵੱਲ ਜਾਣ ਦੇ ਚਾਹਵਾਨ ਸਨ । ਮੈਂ ਕਿਹਾ, ‘ਤੁਹਾਨੂੰ ਗਾਇਕੀ ਜਾਂ ਅਦਾਕਾਰੀ ਲਈ ਕੀਤੀ ਜਾਣ ਵਾਲੀ ਮਿਹਨਤ ਬਾਰੇ ਵੀ ਪਤਾ ਹੋਣਾ ਚਾਹੀਦੈ ।’

ਉਨ੍ਹਾਂ ਦਾ ਜਵਾਬ ਸੀ, ‘ਫ਼ਲਾਣੇ ਫ਼ਲਾਣੇ ਨੂੰ ਕਿੰਨਾ ਕੁ ਗਾਣਾ ਆਉਂਦੈ, ਉਨ੍ਹਾਂ ਨਾਲੋਂ ਤਾਂ ਅਸੀਂ ਚੰਗਾ ਹੀ ਗਾ ਸਕਦੇ ਹਾਂ ।’

ਖ਼ੈਰ, ਜਦੋਂ ਪਸੰਦੀਦੇ ਗਾਣਿਆਂ ਬਾਰੇ ਪੁੱਛਿਆ ਤਾਂ ਕੁਝ ਕੁ ਨੇ ਸਾਫ਼ ਸੁਥਰੇ ਤੇ ਸੰਜੀਦਾ ਗੀਤਾਂ ਦੀ ਗੱਲ ਕੀਤੀ, ਪਰ ਬਹੁਤਿਆਂ ਨੇ ਉਨ੍ਹਾਂ ਗਾਣਿਆਂ ਦੇ ਨਾਂ ਲਏ, ਜਿਨ੍ਹਾਂ ’ਚ ਵੱਢਣ-ਟੁੱਕਣ ਦੀਆਂ ਗੱਲਾਂ ਕੀਤੀਆਂ ਜਾਂਦੀਆਂ ਨੇ ਤੇ ਜਿਨ੍ਹਾਂ ਦੇ ਵਿਸ਼ੇ ਸ਼ਰਾਫ਼ਤ ਦੀ ਥਾਂ ਬਦਮਾਸ਼ੀ ਦੀ ਵਕਾਲਤ ਕਰਦੇ ਹਨ ।

ਇਕ ਨੇ ਕਿਹਾ, “ਸਰ ਤੁਸੀਂ ‘ਗੁੰਡੇ ਰਿਟਰਨਜ਼’ ਗਾਣਾ ਸੁਣਿਐ., ਕਿੰਨਾ ਜ਼ਬਰਦਸਤ ਹੈ ਇਹ ਗੀਤ ?”

ਮੈਂ ਇਹ ਸੁਣਿਆ ਨਹੀਂ ਸੀ, ਪਰ ਵਾਪਸ ਆ ਕੇ ਸੁਣਿਆ ਜ਼ਰੂਰ । ਸੁਣਨਸਾਰ ਮੈਨੂੰ ਅਫ਼ਸੋਸ ਹੋਇਆ ਕਿ ਜਿਹੜਾ ਵਿਦਿਆਰਥੀ ਵਰਗ ਇਸ ਕਲਾਕਾਰ ਨੂੰ ‘ਮਾਣ’ ਦੇ ਰਿਹਾ ਸੀ ਉਸ ਦੀ ਸੋਚਣੀ ਕੀ ਹੈ, ਉਹ ਪੇਸ਼ ਕੀ ਕਰ ਰਿਹਾ ਹੈ ।

ਗਾ ਰਿਹਾ ਹੈ, ‘ਥੋਡੇ ਪਿੰਡ ਮੁੰਡਿਆਂ ਦਾ ਕਾਲ ਪੈ ਜਾਊ, ਜੇ ਵੈਲੀਆਂ ਦੇ ਮੁੰਡੇ ਨੂੰ ਪਿਆਰ ਹੋ ਗਿਆ ।’ ਵੀਡੀਓ ਵਿੱਚ ਬਦਮਾਸ਼ ਕੁੜੀ ਨੂੰ ਲੈ ਜਾਂਦੇ ਹਨ ਤੇ ਬਾਅਦ ਵਿੱਚ ਆਸ਼ਕ ਆਧੁਨਿਕ ਹਥਿਆਰਾਂ ਨਾਲ ਉਨ੍ਹਾਂ ਦੇ ਸਾਰੇ ਕੈਂਪ ਨੂੰ ਤਬਾਹ ਕਰ ਦਿੰਦਾ ਹੈ । ਮਾਡਲ ਕੁੜੀ ਲਈ ਵੀ ਬਦਮਾਸ਼ਾਂ ਨਾਲ ਜਾਣਾ ਕੋਈ ਦੁੱਖ ਵਾਲੀ ਗੱਲ ਨਹੀਂ ਸੀ, ਉਹ ਛਾਲ ਮਾਰ ਕੇ ਆਪ ਹੀ ਉਨ੍ਹਾਂ ਨਾਲ ਇੰਵ ਤੁਰ ਪੈਂਦੀ ਹੈ ਜਿਵੇਂ ਇਹ ਉਸ ਦਾ ਰੋਜ਼ ਦਾ ਕੰਮ ਹੋਵੇ ।

ਮੈਂ ਉਸ ਕਲਾਕਾਰ ਦੀ ਤੁਲਨਾ ਲੰਘੇ ਵੇਲੇ ਦੇ ਕਲਾਕਾਰਾਂ ਨਾਲ ਕਰਨ



ਲਈ ਮਜ਼ਬੂਰ ਹੋ ਗਿਆ। ਜਦੋਂ ਸਾਊ ਜਿਹੇ ਕਲਾਕਾਰ ਮੁਹੱਬਤ ਦੀ ਗੱਲ ਕਰਦੇ ਹੱਦ ਕਦੇ ਨਹੀਂ ਟੱਪਦੇ ਸਨ, ਗਾਣਿਆਂ ਵਿੱਚੋਂ ਸੰਗ ਝਲਕਦੀ ਸੀ, ਗੱਲ ਕਹਿਣ ਦੀ ਨਜ਼ਾਕਤ ਸੀ ਤੇ ਸਭ ਤੋਂ ਵੱਡੀ ਗੱਲ ਨਾ ਉਹ ਗਾਣਿਆਂ ਵਿੱਚ ਸ਼ਰਾਫ਼ਤ ਦਾ ਪੱਲਾ ਛੱਡਦੇ ਸਨ ਤੇ ਨਾ ਹੀ ਨਿੱਜੀ ਜ਼ਿੰਦਗੀ ਵਿੱਚ। ‘ਬਦਮਾਸ਼ੀ’ ਸ਼ਬਦ ਉਨ੍ਹਾਂ ਦੀ ਜ਼ਬਾਨ ’ਤੇ ਨਹੀਂ ਸੀ ਆਉਂਦਾ । ਇਸ ਨੂੰ ਤਾਂ ਉਹ ਗਾਲ੍ਹ ਵਾਂਗ ਸਮਝਦੇ ਸਨ। ਉਨ੍ਹਾਂ ਦੀ ਸੋਚਣੀ ਸੀ ਕਿ ਜੇ ਰੋਜ਼ੀ-ਰੋਟੀ ਸ਼ਰੀਫ਼ ਸਰੋਤਿਆਂ ਸਿਰ ਚੱਲਦੀ ਹੈ ਤਾਂ ਇਨ੍ਹਾਂ ਵਰਗੇ ਹੀ ਕਿਉਂ ਨਾ ਬਣ ਕੇ ਰਿਹਾ ਜਾਵੇ ।

ਪਰ ਨਵਾਂ ਦੌਰ ਕੇਹਾ ਹੈ ? ਨਵੇਂ ਪੂਰ ਦੇ ਬਹੁਤੇ ਕਲਾਕਾਰਾਂ ਨੂੰ ‘ਸ਼ਰੀਫ਼ੀ’ ਤੋਂ ਨਫ਼ਰਤ ਕਿਉਂ ਹੈ ? ਇਹ ਸਾਊ ਦਿੱਸਣ ਨੂੰ ਗੁਨਾਹ ਕਿਉਂ ਸਮਝਦੇ ਹਨ ? ਇਹ ‘ਗੁੰਡੇ’ ਕਹਾਉਣ ਵਿੱਚ ਮਾਣ ਕਿਉਂ ਮਹਿਸੂਸ ਕਰਦੇ ਹਨ ? ਇਹਨਾਂ ਨੂੰ ਗੁੜ੍ਹਤੀ ਕਿਸੇ ਗ਼ਲਤ ਕੋਲੋਂ ਮਿਲ ਗਈ ਜਾਂ ਇਨ੍ਹਾਂ ਦਾ ਪਾਲਣ-ਪੋਸ਼ਣ ਗ਼ਲਤ ਹੱਥਾਂ ਵਿੱਚ ਹੋਇਐ ?

ਅਸਲ ’ਚ ਪਿਛਲੇ ਚਾਰ ਕੁ ਸਾਲਾਂ ਤੋਂ ਨਵੀਂ ਪੀੜ੍ਹੀ ਦੇ ਕਲਾਕਾਰਾਂ ਨੇ ‘ਗੁੰਡਿਆਂ’ ਦੀ ਪੇਸ਼ਕਾਰੀ ਜ਼ਿਆਦਾ ਸ਼ੁਰੂ ਕਰ ਦਿੱਤੀ ਹੈ । ਇਹ ਸਭ ਤਾਂ ਹੋਇਆ, ਕਿਉਂਕਿ ਇਕ ਗਾਣਾ ਕਾਮਯਾਬ ਹੋ ਗਿਆ ਤਾਂ ਦੇਖਾ-ਦੇਖੀ ਬਾਕੀਆਂ ਨੇ ਵੀ ਵਗਦੀ ਗੰਗਾ ਵਿੱਚ ਹੱਥ ਧੋਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ । ਜਿਹੜੇ ਕਲਾਕਾਰ ਨੇ ਹੁਣ ‘ਗੁੰਡੇ ਰਿਟਰਨਜ਼’ ਗਾਇਐ, ਉਸ ਦਾ ਕੁਝ ਸਮਾਂ ਪਹਿਲਾਂ ‘ਗੁੰਡੇ ਨੰਬਰ ਵੰਨ’ ਗਾਣਾ ਆਇਆ, ਜਿਸ ਨੂੰ ਲੱਖਾਂ ਲੋਕਾਂ ਨੇ ‘ਯੂ ਟਿਊਬ’ ’ਤੇ ਦੇਖਿਆ। ਉਸੇ ਦਾ ਨਤੀਜਾ ਹੈ ਕਿ ਹੁਣ ਉਸ ਦਾ ਹੌਸਲਾ ਪਹਿਲਾਂ ਨਾਲੋਂ ਬੁਲੰਦ ਹੈ। ਇਕ ਹੋਰ ਕਲਾਕਾਰ ਜੇਲ੍ਹ ਦੀਆਂ ਸੀਖਾਂ ਪਿੱਛੇ ਬੈਠਾ ਗਾ ਰਿਹੈ, **‘ਜਿਹੜੇ ਮਾਰਦੇ ਸੀ ਤੇਰੇ ਪਿੱਛੇ ਗੇੜੀਆਂ ਮੈਂ ਕੱਲਾ ਕੱਲਾ ਠੋਕਦਾ ਰਿਹਾ।’** ਉਹ ਜੇਲ੍ਹ ’ਚ ਬੈਠਾ ਹੀ ਮਾਣ ਮਹਿਸੂਸ ਕਰ ਰਿਹੈ। ਜਾਪਦਾ ਹੀ ਨਹੀਂ ਉਸਨੂੰ ਅਦਾਲਤੀ ਚੱਕਰਾਂ, ਜੇਲ੍ਹ ਦੀ ਜ਼ਿੰਦਗੀ ਅਤੇ ਸਮਾਜ ਨਾਲੋਂ ਕੱਟੇ ਜਾਣ ਦਾ ਅਹਿਸਾਸ ਹੋਵੇਗਾ ।

ਭਾਵੇਂ ਇਕ ਖ਼ਾਸ ਉਮਰ ਵਰਗ ਦਾ ਸਰੋਤਾ ਇਹੋ ਜਿਹੇ ਵਿਸ਼ੇ ਵਾਲੇ ਗਾਣਿਆਂ ਨਾਲ ਜੁੜਿਆ ਹੋਵੇ, ਪਰ ਜਿਸ ਦਿਨ ਦੀਨਾਨਗਰ ਦੇ ਪੁਲਿਸ ਥਾਣੇ ’ਤੇ ਅੱਤਵਾਦੀ ਹਮਲਾ ਹੋਇਆ, ਉਸ ਦਿਨ ਭੜਕੀਲਾ ਗਾਉਣ ਵਾਲੇ ਕਲਾਕਾਰਾਂ ਦੀਆਂ ਸੋਸ਼ਲ ਸਾਈਟਾਂ ਉੱਤੇ ਫੋਟੋ ਪਾ ਕੇ ਸੂਝਵਾਨ ਸਰੋਤਿਆਂ ਵੱਲੋਂ ਇਨ੍ਹਾਂ ਨੂੰ ਬਹੁਤ ਸਾਰੇ ਸਵਾਲ ਕੀਤੇ ਗਏ । ਉਨ੍ਹਾਂ ਦੇ ਸਵਾਲ ਆਪਣੀ ਥਾਏਂ ਬਿਲਕੁਲ ਸਹੀ ਸਨ ਕਿ ਗਾਣਿਆਂ ਵਿੱਚ ਤੁਸੀਂ ਵੀਹ ਵੀਹ ਬੰਦੇ ਅੱਖ ਝਪਕਦਿਆਂ ਮਾਰ ਮੁਕਾਉਂਦੇ ਹੋ, ਬੰਦੂਕਾਂ ਮੋਢਿਆਂ ’ਤੇ ਚੁੱਕੀ ਫਿਰਦੇ ਹੋ, ਡੱਬ ’ਚ ਰਿਵਾਲਵਰ ਰੱਖਦੇ ਹੋ, ਨਿਸ਼ਾਨੇ ਲਾਉਣੇ ਖ਼ਾਨਦਾਨੀ ਸੁਭਾਅ ਦੱਸਦੇ ਹੋ, ਅੱਜ ਤੁਸੀਂ ਆਪਣੀ ਬਹਾਦਰੀ ਦੀ ਪੇਸ਼ਕਾਰੀ

ਕਰਨ ਲਈ ਅੱਗੇ ਕਿਉਂ ਨਹੀਂ ਆਉਂਦੇ ? ਅੱਜ ਤੁਹਾਡੀ ਸੂਰਮਗਤੀ ਪਰਖਣ ਦਾ ਵੇਲਾ ਆ ਗਿਆ ਹੈ ।

ਅਸੀਂ ਅੱਗੇ ਵੀ ਕਈ ਵਾਰ ਗੱਲ ਕੀਤੀ ਹੈ ਕਿ ਗਾਇਕੀ ਉਹ ਹੈ, ਜੋ ਸਮੂਹਿਕ ਪਸੰਦ ਬਣੇ; ਜਿਸਨੂੰ ਜਵਾਨ, ਅਧਖੜ, ਬਜ਼ੁਰਗ ਸਾਰੇ ਇਕ ਸਮਾਨ ਪਸੰਦ ਕਰਨ । ਵਿਦੇਸ਼ਾਂ ਵਿਚਲੇ ਪੰਜਾਬੀ ਉਨ੍ਹਾਂ ਕਲਾਕਾਰਾਂ ਨੂੰ ਜ਼ਿਆਦਾ ਪਸੰਦ ਕਰਦੇ ਹਨ, ਜਿਨ੍ਹਾਂ ਦੇ ਗਾਣਿਆਂ ਵਿੱਚ ਲੱਚਰਤਾ ਜਾਂ ਭੜਕੀਲਾਪਣ ਨਾ ਹੋਵੇ । ਉਹ ਜ਼ਿਆਦਾਤਰ ਉਨ੍ਹਾਂ ਫ਼ਿਲਮਾਂ ਨੂੰ ਹੀ ਪਸੰਦ ਕਰਦੇ ਹਨ ਜਿਨ੍ਹਾਂ ਵਿੱਚ ਪੰਜਾਬ ਦੀ ਅਸਲ ਵਿਰਾਸਤ ਪੇਸ਼ ਕੀਤੀ ਹੋਵੇ, ਪਰ ਪੰਜਾਬ 'ਚ ਵੱਸਦੇ ਬਹੁਤੇ ਸਰੋਤੇ, ਦਰਸ਼ਕ ਇਸ ਗੱਲ ਤੋਂ ਹਾਲ ਦੀ ਘੜੀ ਪਰ੍ਹੇ ਹਨ ।

ਵਿਗੜਦੇ ਮਨੁੱਖੀ ਰਿਸ਼ਤਿਆਂ, ਗੁਮਰਾਹ ਹੁੰਦੀ ਨਵੀਂ ਪੀੜ੍ਹੀ ਤੇ ਕਤਲੋ-ਗਾਰਦ ਦੀਆਂ ਖ਼ਬਰਾਂ ਹਰ ਰੋਜ਼ ਅਸੀਂ ਅਖ਼ਬਾਰਾਂ ਵਿੱਚ ਪੜ੍ਹ ਕੇ ਦੁਖੀ ਹੁੰਦੇ ਹਾਂ ਕਿ ਰੰਗਲੇ ਪੰਜਾਬ ਵਿੱਚ ਇਹ ਸਭ ਕੁਝ ਕਿਉਂ ਹੋ ਰਿਹਾ ਹੈ, ਪਰ ਜੇ ਅਸੀਂ ਮਨੋਰੰਜਨ ਦੇ ਨਾਂ 'ਤੇ ਇਹੋ ਜਿਹੀਆਂ ਘਟਨਾਵਾਂ ਦੀ ਵਕਾਲਤ ਕਰਦੇ ਰਹਾਂਗੇ, ਤਾਂ ਅਰਥ ਇਹੀ ਨਿਕਲੇਗਾ ਕਿ ਅਸੀਂ ਪੰਜਾਬ ਦੇ 'ਚੰਗੇ' ਦੇ ਉਲਟ ਹਾਂ, ਅਸੀਂ ਨਹੀਂ ਚਾਹੁੰਦੇ ਕਿ ਇੱਥੇ ਅਮਨ- ਸ਼ਾਂਤੀ ਹੋਵੇ, ਅਸੀਂ ਨਹੀਂ ਚਾਹੁੰਦੇ ਇੱਥੇ ਭਾਈਚਾਰਿਕ ਏਕਤਾ ਬਰਕਰਾਰ ਰਹੇ ।

**(ਰੋਜ਼ਾਨਾ ਅਜੀਤ 5-10-2015 'ਚੋਂ ਧੰਨਵਾਦ ਸਹਿਤ !)**



## ਵਿਰਸੇ ਦੀਆਂ ਬਾਤਾਂ

# ਸੀ ਨਲਕੇ ਦਾ ਮਿੱਠਾ-ਮਿੱਠਾ ਪਾਣੀ

**-ਸਵਰਨ ਸਿੰਘ ਟਹਿਣਾ**

ਮਾਸਟਰ ਜੀ ਕਿਹਾ ਕਰਦੇ ਸਨ, 'ਜ਼ਮੀਨ ਨਾਲ ਜੁੜ ਕੇ ਸੇਵਾ ਕਰਨ ਦਾ ਢੰਗ ਬੰਦੇ ਨੂੰ ਨਲਕੇ ਤੋਂ ਸਿੱਖਣਾ ਚਾਹੀਦੈ । ਨਲਕਾ ਧਰਤੀ ਤੋਂ ਉੱਪਰ ਥੋੜ੍ਹਾ ਜਿਹਾ ਹੁੰਦੈ, ਪਰ ਅੰਦਰ ਦਰਜਨਾਂ ਫੁੱਟ । ਉਹ ਨੀਵਾਂ ਰਹਿ ਕੇ, ਜ਼ਮੀਨ ਨਾਲ ਜੁੜ ਕੇ ਲੋਕ ਸੇਵਾ ਕਰਦਾ ਹੈ । ਮਿੱਠੇ ਪਾਣੀ ਨਾਲ ਲੋਕਾਂ ਨੂੰ ਠਾਰਦਾ ਹੈ । ਕਿਸੇ ਨਾਲ ਵਿਤਕਰਾ ਨਹੀਂ ਕਰਦਾ । ਕੋਈ ਵੀ ਉਸ ਨੂੰ ਗੇੜ ਕੇ ਆਪਣੀ ਪਿਆਸ ਬੁਝਾ ਸਕਦਾ ਹੈ।'



ਉਨ੍ਹਾਂ ਦੀ ਇਹ ਗੱਲ ਮੈਂ ਅਕਸਰ ਸੋਚਦਾ ਹਾਂ ਕਿ ਕਿੰਨੀ ਖ਼ੂਬਸੂਰਤੀ ਨਾਲ ਉਨ੍ਹਾਂ ਨੇ ਸਾਨੂੰ ਜ਼ਮੀਨ ਨਾਲ ਜੁੜੇ ਰਹਿਣ ਦਾ ਸਬਕ ਪੜ੍ਹਾਇਆ ਤੇ ਅੱਜ ਇਸ ਫੋਟੋ ਨੂੰ ਦੇਖ ਸਭ ਕੁਝ ਮੁੜ ਚੇਤੇ ਹੋ ਗਿਆ ਹੈ । ਗਰਮੀ ਰੁੱਤੇ ਤਪਦੇ ਰਾਹੀ ਨੂੰ ਇਸ ਨਲਕੇ ਨੇ ਜਿਹੜੀ ਰਾਹਤ ਦਿੱਤੀ ਹੋਵੇਗੀ, ਉਹ ਸ਼ਾਇਦ ਵੱਡਾ ਮੁੱਲ ਤਾਰ ਕੇ ਨਾ ਮਿਲ ਸਕੇ । ਜਦੋਂ ਗਲਾ ਸੁੱਕ ਰਿਹਾ ਹੋਵੇ ਉਦੋਂ ਇਹ ਠੰਢਾ ਪਾਣੀ ਹੀ ਜੀਵਨ ਦਾਨ ਦਿੰਦਾ ਹੈ । ਇਹ ਪਾਣੀ ਸਾਡੇ ਅੰਦਰਲਾ ਸੋਕਾ ਖ਼ਤਮ ਕਰਦਾ ਹੈ । ਸਾਨੂੰ ਗੱਲ ਕਰਨ ਦੇ ਕਾਬਲ ਬਣਾ ਦਿੰਦਾ ਹੈ ਤੇ ਅਸੀਂ ਕੁਦਰਤ ਦੇ ਬਲਿਹਾਰੇ ਜਾਂਦੇ ਹਾਂ, ਜਿਸ ਨੇ ਸਾਨੂੰ ਜ਼ਿੰਦਗੀ ਜਿਊਣ ਲਈ ਪਾਣੀ ਦਿੱਤਾ ਹੈ ।

ਪਿੰਡਾਂ, ਕਸਬਿਆਂ ਵਿੱਚ ਥਾਂ-ਥਾਂ ਸਾਂਝੀਆਂ ਥਾਵਾਂ 'ਤੇ ਲੱਗੇ ਨਲਕੇ ਇਨਸਾਨੀਅਤ ਦਾ ਸਬੂਤ ਦਿੰਦੇ ਰਹੇ ਹਨ ਕਿ ਦੂਜਿਆਂ ਬਾਰੇ ਸੋਚਣਾ ਵੀ ਸਾਡਾ ਫ਼ਰਜ਼ ਹੈ । ਇਹਨਾਂ ਤੋਂ ਪਾਣੀ ਪੀ-ਪੀ ਲੋਕ ਦੁਆਵਾਂ ਦਿੰਦੇ ਸਨ । ਜਦੋਂ ਸੂਰਜ

ਅੱਗ ਵਰ੍ਹਾਉਂਦਾ ਹੋਵੇ, ਫੇਰ ਨਲਕੇ ਤੋਂ ਬਿਨਾਂ ਚੇਤੇ ਵੀ ਕੀ ਆ ਸਕਦਾ ਸੀ ।

ਪਰ ਅਫ਼ਸੋਸ, ਅੱਜ ਸਾਡੀਆਂ ਗ਼ਲਤੀਆਂ ਕਾਰਨ ਪਾਣੀ ਦਾ ਪੱਧਰ ਏਨਾ ਡੂੰਘਾ ਚਲਾ ਗਿਆ ਹੈ ਕਿ ਨਲਕੇ ਵਿਰਲੇ ਟਾਵੇਂ ਦਿੱਸਦੇ ਹਨ । ਜਿੱਥੇ ਕਿਤੇ ਦਿੱਸਦੇ ਹਨ, ਉਹ ਚੱਲਦੇ ਨਹੀਂ । ਕਿਸੇ ਦੇ ਅੱਧੇ ਪੁਰਜੇ ਕੋਈ ਲਾਹ ਕੇ ਲੈ ਗਿਆ ਤੇ ਕੋਈ ਵਿਚਾਰਾ ਪਾਣੀ ਦੇਣ ਤੋਂ ਵਾਂਝਾ ਹੈ । ਧਰਤੀ ਹੇਠਲੇ ਪਾਣੀ ਦੀ ਅਸੀਂ ਏਨੀ ਕੁ ਦੁਰਵਰਤੋਂ ਕਰ ਲਈ ਕਿ ਨਲਕੇ ਜਵਾਬ ਦੇ ਗਏ । ਹਰ ਸਾਲ ਕਈ-ਕਈ ਫੁੱਟ ਪਾਣੀ ਹੇਠਾਂ ਵੱਲ ਜਾ ਰਿਹਾ ਹੈ, ਪਰ ਅਸੀਂ ਸਾਰੇ ਜਾਣਦੇ ਹੋਏ ਵੀ ਅਣਜਾਣ ਬਣੇ ਬੈਠੇ ਹਾਂ ।

ਅੱਜ ਸਾਡੇ ਕੋਲ ਤਪਦੇ ਅੰਦਰ ਨੂੰ ਠਾਰਨ ਲਈ ਜੂਸ, ਕੋਲਡ ਡਰਿੰਕ, ਲੱਸੀ ਸਮੇਤ ਸੌ ਚੀਜ਼ਾਂ ਹਨ, ਪਰ ਜੇ ਪਾਣੀ ਹੀ ਨਾ ਰਿਹਾ ਤਾਂ ਇਹ ਚੀਜ਼ਾਂ ਵੀ ਕਿਵੇਂ ਬਣਨਗੀਆਂ। ਡੱਬਾਬੰਦ ਬਣਾਉਟੀ ਚੀਜ਼ਾਂ ਨੂੰ ਤਾਂ ਸਾਡਾ ਨਲਕੇ ਦਾ ਸ਼ਰਬਤ ਵਰਗਾ ਠੰਡਾ ਮਿੱਠਾ ਪਾਣੀ ਮਾਤ ਪਾ ਦਿੰਦਾ ਸੀ । ਮਾਹਰ ਚਿੰਤਾ ਪ੍ਰਗਟ ਕਰ ਰਹੇ ਹਨ, ਪਰ ਸਾਡੇ 'ਤੇ ਕੋਈ ਅਸਰ ਨਹੀਂ ਹੋ ਰਿਹਾ । ਅਸੀਂ ਪੈਰ 'ਤੇ ਕੁਹਾੜੀ ਨਹੀਂ, ਕੁਹਾੜੀ 'ਤੇ ਪੈਰ ਮਾਰ ਰਹੇ ਹਾਂ । ਸਾਡੀਆਂ ਨਾਦਾਨੀਆਂ ਦਾ ਖ਼ਮਿਆਜ਼ਾ ਅਸੀਂ ਨਹੀਂ ਤਾਂ ਸਾਡੀਆਂ ਅਗਲੀਆਂ ਪੀੜ੍ਹੀਆਂ ਭੁਗਤਣਗੀਆਂ । ਅਸੀਂ ਕੁਦਰਤ ਪ੍ਰੇਮੀ ਬਣਾਂਗੇ ਤਾਂ ਧਰਤੀ 'ਤੇ ਸਾਹ ਲੈਣ ਵਾਲੇ ਸਾਰੇ ਪ੍ਰਾਣੀ ਬਚੇ ਰਹਿਣਗੇ । ਨਲਕਾ ਤਾਂ ਇਕ ਉਦਾਹਰਨ ਹੈ ਕਿ ਅਸੀਂ ਆਪਣੀਆਂ ਗ਼ਲਤੀਆਂ ਨਾਲ ਕੀ ਕੀ ਖ਼ਤਮ ਕਰ ਰਹੇ ਹਾਂ, ਵੈਸੇ ਅਸੀਂ ਰੁੱਖ ਵੱਢਣ, ਪਾਣੀ ਨੂੰ ਗੰਧਲਾ ਕਰਨ, ਧਰਤੀ ਦੀ ਹਿੱਕ 'ਚ ਜ਼ਹਿਰਾਂ ਘੋਲਣ 'ਤੇ ਸਾਰਾ ਜ਼ੋਰ ਲਾਇਆ ਹੋਇਐ । ਕਦੋਂ ਸੁਧਰਾਂਗੇ ਅਸੀਂ, ਕਦੋਂ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਹੋਵੇਗਾ ।

ਆਓ ! ਸੰਵੇਦਨਸ਼ੀਲ ਬਣੀਏ । ਰੋਬੋਟ ਬਣ ਕੇ ਅਸੀਂ ਆਪਣੇ-ਆਪ ਨੂੰ ਖ਼ਤਮ ਨਾ ਕਰੀਏ । 'ਜਲ ਹੈ ਤਾਂ ਕੱਲ੍ਹ ਹੈ' ਦੀ ਮਹੱਤਤਾ ਨੂੰ ਸਮਝੀਏ ।

**ਮੋਬਾਇਲ : 98141-78883**

**37, ਪ੍ਰੀਤ ਇਨਕਲੇਵ ਯੂਨੀਵਰਸਿਟੀ ਰੋਡ, ਜਲੰਧਰ।**

**ਰੋਜ਼ਾਨਾ ਅਜੀਤ 31-05-16 'ਚੋਂ ਧੰਨਵਾਦ ਸਹਿਤ !**



# ਸੁੰਦਰਤਾ ਮੁਕਾਬਲੇ ਬਨਾਮ ਸੱਭਿਆਚਾਰ

**-ਜਸਦੇਵ ਸਿੰਘ ਲਲਤੋਂ**

ਸੰਸਾਰੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਅਧੀਨ ਸੰਨ ੧੯੯੧ ਤੋਂ ਬਾਅਦ ਘੱਟ ਵਿਕਸਿਤ ਅਤੇ ਪਛੜੇ ਹੋਏ ਏਸ਼ਿਆਈ, ਅਫਰੀਕੀ ਲਾਤੀਨੀ, ਅਮਰੀਕੀ ਮੁਲਕਾਂ ਵਿੱਚ ਬਿਲੀਅਨ-ਟ੍ਰਿਲੀਅਨ ਡਾਲਰਾਂ ਦੇ ਮਹਾਂ ਬਜਟਾਂ ਵਾਲੀਆਂ ਬਹੁਕੌਮੀ ਕਾਰਪੋਰੇਸ਼ਨਾਂ ਤੇਜ਼ੀ ਨਾਲ ਆਪਣੇ ਪੈਰ ਪਸਾਰ ਰਹੀਆਂ ਹਨ । ਸਿਆਸੀ ਅਤੇ ਆਰਥਿਕਤਾ ਦੀ ਥੋੜ੍ਹੀ ਜਿਹੀ ਆਮ ਸੂਝ ਰੱਖਣ ਵਾਲਾ ਹਰ ਬੁੱਧੀਜੀਵੀ ਇਸ ਵਰਤਾਰੇ ਤੋਂ ਭਲੀ-ਭਾਂਤ ਜਾਣੂ ਹੋ ਚੁੱਕਾ ਹੈ । ਵਿਦੇਸ਼ੀ ਵਿੱਤੀ ਸਰਮਾਏ ਦਾ ਇਹ ਹੜ੍ਹ ਪੁਰਾਣੀਆਂ/ਨਵੀਆਂ ਮੰਡੀਆਂ ਅੰਦਰ ਲਗਾਤਾਰ ਤਿੱਖਾ ਵੇਗ ਫੜਦਾ ਜਾ ਰਿਹਾ ਹੈ । ਇਨ੍ਹਾਂ ਮਹਾਂਦੀਪਾਂ ਵਿੱਚ ਆਪਣੇ ਪ੍ਰਭਾਵ ਹੇਠਲੇ ਮੁਲਕਾਂ ਨੂੰ ਨਵ-ਬਸਤੀਆਂ ਦੇ ਤੌਰ 'ਤੇ ਪੱਕਾ ਕਰਨ ਲਈ ਸਾਮਰਾਜੀ ਪ੍ਰਬੰਧ ਦੀ ਵੱਡੀ ਲੋੜ ਹੈ ਕਿ ਉਹ ਆਰਥਿਕ ਹੱਲੇ ਦੇ ਨਾਲ ਸੱਭਿਆਚਾਰਿਕ ਹਮਲੇ ਵੀ ਤੇਜ਼ ਕਰੇ । ਪੂਰਬੀ ਸੱਭਿਆਚਾਰ ਦੇ ਸਦੀਆਂ ਪੁਰਾਣੇ ਘਣਛਾਵੇਂ ਦਰੱਖ਼ਤ ਵੀ ਵੱਢ-ਟੁੱਕ ਕਰ ਕੇ ਇਸ ਉੱਪਰ ਬਾਕਾਇਦਾ ਤੌਰ 'ਤੇ ਪੱਛਮੀ ਸੱਭਿਆਚਾਰ ਦੀ ਪਿਉਂਦ ਚੜ੍ਹਾਉਣ ਤਾਂ ਕਿ ਮਨਇੱਛਤ ਨਤੀਜੇ ਪ੍ਰਾਪਤ ਕੀਤੇ ਜਾ ਸਕਣ । ਸੁੰਦਰਤਾ ਮੁਕਾਬਲਿਆਂ ਦੇ ਵਰਤਾਰੇ ਨੂੰ ਇਸ ਪ੍ਰਸੰਗ ਵਿੱਚੋਂ ਹੀ ਸਮਝਿਆ ਜਾ ਸਕਦਾ ਹੈ ।

ਪੱਛਮੀ ਸੱਭਿਆਚਾਰ ਦੀ ਨਿੱਘਰੀ ਹੋਈ ਮੁੱਖ ਧਾਰਾ ਦਾ ਅਧਾਰ ਹੈ ਕਿ ਮਨੁੱਖੀ ਜ਼ਿੰਦਗੀ ਦਾ ਮੁੱਖ ਮਕਸਦ '**ਖਾਓ, ਪੀਓ ਅਤੇ ਐਸ਼ ਕਰੋ**' ਹੈ । ਮਨੁੱਖਾਂ ਵਿੱਚੋਂ ਵਿਸ਼ੇਸ਼ ਕਰਕੇ ਮਰਦਾਂ ਦੇ ਜੀਵਨ ਦਾ ਧੁਰਾ ਤਿਨ ਡਬਲਯੂ ਭਾਵ ਵੂਮੈਨ, ਵੈਲਥ ਅਤੇ ਵਾਈਨ-ਭਾਵ ਔਰਤ, ਪੈਸਾ ਤੇ ਸ਼ਰਾਬ ਹਨ । ਇਸੇ ਪ੍ਰਸੰਗ ਵਿੱਚ ਔਰਤ ਨੂੰ ਮਾਣਨ ਅਤੇ ਭੋਗਣ ਵਾਲੀ ਵਸਤੂ ਸਮਝਿਆ ਜਾਂਦਾ ਹੈ । ਉਸ ਨੂੰ ਇੱਕ ਦਿਲਕਸ਼ ਖਿਡੌਣੇ ਦੇ ਰੂਪ ਵਿੱਚ ਕਲਪਿਤ ਕੀਤਾ ਜਾਂਦਾ ਹੈ । ਉਸ ਦੀ ਸ਼ਖ਼ਸੀਅਤ ਵਿੱਚ ਸਰੀਰਕ ਸੁੰਦਰਤਾ ਨੂੰ ਕੇਂਦਰ-ਬਿੰਦੂ ਮੰਨਿਆ ਜਾਂਦਾ ਹੈ । ਦੂਜੇ ਪਾਸੇ ਪੂਰਬੀ ਸੱਭਿਆਚਾਰ ਵਿੱਚ ਮਨੁੱਖ ਦੀ ਭੂਮਿਕਾ ਮਾਤਾ-ਪਿਤਾ ਅਤੇ ਵੱਡਿਆਂ ਦੇ ਆਗਿਆਕਾਰ, ਪਰਿਵਾਰ ਦੇ ਪਾਲਣਹਾਰ ਤੇ ਰਾਖੇ ਦੇ ਤੌਰ 'ਤੇ ਚੱਲਦੀ ਆ ਰਹੀ ਹੈ । ਪੂਰਬੀ ਅਤੇ ਵਿਸ਼ੇਸ਼ ਕਰਕੇ ਪੰਜਾਬ-ਭਾਰਤੀ ਸੱਭਿਆਚਾਰ ਦੀ ਨਰੋਈ ਮੁੱਖ ਧਾਰਾ (ਬੇਸ਼ੱਕ ਪਿਛਲੇ ੨੦ ਸਾਲਾਂ ਵਿੱਚ ਪੱਛਮੀ ਧਾਰਾ ਨੇ ਇਸ ਨੂੰ ਕਾਫ਼ੀ ਖੋਰਾ ਲਾਇਆ ਹੈ) ਵਿੱਚ ਬਿਗਾਨੀ ਔਰਤ ਨੂੰ ਉਮਰ ਦੇ ਹਿਸਾਬ ਨਾਲ ਧੀ, ਭੈਣ ਅਤੇ ਮਾਂ ਦੇ ਰੂਪ ਵਿੱਚ ਸਵੀਕਾਰਿਆ ਜਾਂਦਾ ਹੈ । ਜੱਗ-ਜਣਨੀ ਦੇ ਰੂਪ ਵਿੱਚ ਔਰਤ ਦੇ ਸਮਾਜਿਕ ਸਥਾਨ ਨੂੰ ਉੱਚਾ ਮੰਨਿਆ ਜਾਂਦਾ ਹੈ । ਸਰੀਰਕ ਰੰਗ-ਰੂਪ ਦੀ ਪ੍ਰਮੁੱਖਤਾ ਦੀ ਬਜਾਏ 'ਧੀ ਘਰਾਣੇ ਦੀ' ਨੂੰ ਪਹਿਲ ਦਿੱਤੀ ਜਾਂਦੀ ਰਹੀ ਹੈ ਭਾਵ ਔਰਤ ਦੇ ਚੰਗੇ

ਗੁਣਾਂ ਅਤੇ ਨੇਕ ਕੰਮਾਂ ਵਾਲੀ ਵਿਰਾਸਤ ਨੂੰ ਦੇਖਿਆ ਜਾਂਦਾ ਹੈ ।

ਬਹੁ-ਕੌਮੀ ਕਾਰਪੋਰੇਸ਼ਨਾਂ ਸਿੱਧੇ-ਅਸਿੱਧੇ ਰੂਪ ਵਿੱਚ ਸਰਪ੍ਰਸਤੀ ਦੇ ਕੇ 'ਮਿਸ ਇੰਡੀਆ' 'ਮਿਸ ਵਰਲਡ' 'ਮਿਸ ਯੂਨੀਵਰਸ' (ਪੂਰੇ ਬ੍ਰਹਿਮੰਡ ਦੀ !) 'ਮਿਸ ਪੰਜਾਬਣ' ਅਤੇ ਹੋਰ ਮੁਲਕਾਂ ਦੇ ਨਾਵਾਂ ਹੇਠ ਵੱਖ-ਵੱਖ ਸੁੰਦਰਤਾ ਮੁਕਾਬਲੇ ਕਰਵਾਉਂਦੀਆਂ ਹਨ । ਇਸ ਤੋਂ ਇਲਾਵਾ ਦੇਸ਼ੀ-ਵਿਦੇਸ਼ੀ ਸਨਅਤਕਾਰ, ਵਪਾਰੀ ਅਤੇ ਕਈ ਅਮੀਰਜ਼ਾਦੇ ਵੀ ਇਨ੍ਹਾਂ ਮੁਕਾਬਲਿਆਂ ਲਈ ਫੰਡ ਮੁਹੱਈਆ ਕਰਵਾਉਂਦੇ ਹਨ, ਤਾਂ ਕਿ ਮਸ਼ਹੂਰੀਆਂ ਰਾਹੀਂ ਉਨ੍ਹਾਂ ਦੇ ਵਪਾਰਕ ਹਿੱਤ ਵੀ ਅੱਗੇ ਵਧਣ । ਮੁਕਾਬਲਿਆਂ ਦੇ ਪ੍ਰਬੰਧਕ ਵੀ ਇਨ੍ਹਾਂ ਸ਼ਕਤੀਆਂ ਦੇ ਮੋਹਰੇ ਹੀ ਹੁੰਦੇ ਹਨ । ਇਕ ਸੁੰਦਰਤਾ ਮੁਕਾਬਲਾ ਆਪਣੇ ਆਪ ਵਿੱਚ ਕਰੋੜਾਂ ਰੁਪਏ ਦਾ ਕਾਰੋਬਾਰ ਹੁੰਦਾ ਹੈ। ਪ੍ਰੈਸ, ਮੀਡੀਆ ਅਤੇ ਟੀ.ਵੀ. ਚੈਨਲਾਂ ਰਾਹੀਂ ਕੀਤੇ ਜਾਂਦੇ ਪ੍ਰਚਾਰ-ਪਸਾਰ ਦੀ ਚਕਾਚੌਂਧ ਨਾਲ ਗੁਮਰਾਹ ਅਤੇ ਸੁੰਦਰਤਾ ਦਾ ਤਾਜ ਸਿਰ ਧਰਨ ਦੀ ਦੌੜ ਵਿੱਚ ਪਈਆਂ ਸੈਂਕੜੇ ਲੜਕੀਆਂ ਮਹੀਨਿਆਂ-ਬੱਧੀ ਖ਼ੁਰਾਕ ਘੱਟ ਕਰਨ, ਬਣਾਵਟੀ ਸੁੰਦਰੀਕਰਨ, ਕੱਪੜਿਆਂ ਦੀ ਡਿਜ਼ਾਈਨਿੰਗ ਅਤੇ ਕਈ ਰਿਹਰਸਲਾਂ (Rehearsals) ਕਰਨ ਦੇ ਦੌਰਾਂ ਵਿੱਚੋਂ ਲੰਘ ਕੇ ਸੁੰਦਰਤਾ ਮੁਕਾਬਲੇ ਦੇ ਕੈਂਪ ਵਿੱਚ ਪੁੱਜਦੀਆਂ ਹਨ ਜਿੱਥੇ ਉਨ੍ਹਾਂ ਨੂੰ ਜੱਜਾਂ ਮੂਹਰੇ ਸੱਜ-ਧੱਜ ਕੇ ਨੁਮਾਇਸ਼ ਵਾਂਝ ਪੇਸ਼ ਕੀਤਾ ਜਾਂਦਾ ਹੈ । ਲੱਖਾਂ-ਕਰੋੜਾਂ ਲੋਕ ਟੀ.ਵੀ. ਚੈਨਲਾਂ ਦੇ ਸਿੱਧੇ ਪ੍ਰਸਾਰਨ ਰਾਹੀਂ ਇਸ ਨੁਮਾਇਸ਼ ਨੂੰ ਦੇਖਦੇ ਹਨ । ਇਹ ਪੱਛਮੀ ਵਰਤਾਰਾ ਕਦੇ ਵੀ ਪੰਜਾਬੀ ਭਾਰਤੀ ਸੱਭਿਆਚਾਰ ਦਾ ਅੰਗ ਨਹੀਂ ਰਿਹਾ ਹੈ ਅਤੇ ਹੁਣ ਕੁਝ ਲੋਕ ਦੋਖੀ ਤਾਕਤਾਂ ਵੱਲੋਂ ਇਸਨੂੰ ਠੋਸਿਆ ਜਾ ਰਿਹਾ ਹੈ। ਇਸ ਕਾਰਜ ਦੇ ਵੱਖ-ਵੱਖ ਦੌਰ ਹੁੰਦੇ ਹਨ । ਮੁੱਖ ਤੌਰ 'ਤੇ ਸਰੀਰਕ-ਸੁੰਦਰਤਾ ਨੂੰ ਹੀ ਮੁਕਾਬਲੇ ਦਾ ਅਧਾਰ ਬਣਾਇਆ ਜਾਂਦਾ ਹੈ ਪਰ ਸੀਰਤ ਨੂੰ ਵਜ਼ਨ ਦੇਣ ਦਾ ਬੁਰਕਾ ਪਾਉਣ ਲਈ ਹਾਊਸ ਹੋਲਡ, ਟੈਲੇਂਟ ਅਤੇ ਕੁਇੱਜ਼ ਰਾਊਂਡ ਵੀ ਰੱਖੇ ਜਾਂਦੇ ਹਨ । ਅਖ਼ੀਰ, ਸਿਰੇ ਦੇ ਸ਼ਰਮਨਾਕ ਢੰਗ ਨਾਲ ਕੁਆਰੀਆਂ ਧੀਆਂ ਨੂੰ ਸੱਜ-ਵਿਆਹੀਆਂ ਦੁਲਹਨਾਂ ਦਾ ਰੂਪ ਧਾਰ ਕੇ ਜੱਜਾਂ ਮੂਹਰੇ ਤੋਰਿਆ ਜਾਂਦਾ ਹੈ । ਪ੍ਰੈਸ/ਟੀ.ਵੀ. ਚੈਨਲਾਂ ਨਾਲ ਇੰਟਰਵਿਊ ਵਿੱਚ ਇਹ 'ਸੁੰਦਰੀਆਂ' ਹਾਰ ਸ਼ਿੰਗਾਰ, ਗਹਿਣੇ, ਪਹਿਰਾਵੇ, ਕੰਪਨੀਆਂ, ਬਿਊਟੀਸ਼ਨਾਂ ਅਤੇ ਡਿਜ਼ਾਈਨਰਾਂ ਦੇ ਵੇਰਵੇ ਪੇਸ਼ ਕਰਦੀਆਂ ਹਨ । ਸਿੱਟੇ ਵਜੋਂ ਉਨ੍ਹਾਂ ਦੀ ਵੱਡੇ ਪੈਮਾਨੇ 'ਤੇ ਮਸ਼ਹੂਰੀ ਹੁੰਦੀ ਹੈ ।

ਤਕਰੀਬਨ ਪਿਛਲੇ ੨੦ ਸਾਲਾਂ ਤੋਂ ਘੱਟ ਵਿਕਸਿਤ ਮੁਲਕਾਂ ਦੇ ਮੁਲਕ ਪੱਧਰੀ ਮੁਕਾਬਲਿਆਂ ਤੋਂ ਇਲਾਵਾ ਇਨ੍ਹਾਂ ਮੁਲਕਾਂ ਦੀਆਂ 'ਸੁੰਦਰੀਆਂ' ਨੂੰ ਹੀ ਲਗਾਤਾਰ ਮਿਸ ਵਰਲਡ ਜਾਂ ਮਿਸ ਯੂਨੀਵਰਸ ਐਲਾਨਿਆ ਜਾ ਰਿਹਾ ਹੈ, ਨਾ ਕਿ ਅਮਰੀਕਾ, ਕੈਨੇਡਾ, ਇੰਗਲੈਂਡ ਜਾਂ ਯੂਰਪ ਦੀਆਂ 'ਸੁੰਦਰੀਆਂ' ਨੂੰ। ਸੋਚਣ ਵਾਲੀ ਗੱਲ ਹੈ ਕਿ ਕੀ ਇਨ੍ਹਾਂ ਦੇਸ਼ਾਂ ਵਿੱਚ ਕੋਈ ਲੜਕੀ ਵੀ ਇੰਨੀ ਖ਼ੂਬਸੂਰਤ ਨਹੀਂ ਕਿ ਉਹ 'ਸੁੰਦਰੀ' ਦਾ ਖ਼ਿਤਾਬ ਆਪਣੇ ਨਾਮ ਕਰ ਸਕੇ? ਇਸ ਦਾ ਕਾਰਨ ਬਿਲਕੁਲ



ਸਾਫ਼ ਅਤੇ ਸਪੱਸ਼ਟ ਹੈ ਕਿ ਪੱਛਮੀ ਮੁਲਕਾਂ ਦੀਆਂ ਮੁਟਿਆਰਾਂ ਅਤੇ ਨੌਜਵਾਨ ਤਾਂ ਪਹਿਲਾਂ ਹੀ ਪੱਛਮੀ ਸੱਭਿਆਚਾਰ ਦੇ ਧਾਰਨੀ ਹਨ । ਮੰਡੀਆਂ ਦੇ ਪਸਾਰੇ ਦਾ ਸਾਮਰਾਜੀ ਹਿੱਤ ਮੰਗ ਕਰਦਾ ਹੈ ਕਿ ਪੂਰਬ ਦਾ ਪੱਛਮੀਕਰਨ ਕੀਤਾ ਜਾਵੇ, ਇੱਥੇ ਆਪਣਾ ਸਮਾਜਿਕ-ਅਧਾਰ ਮਜਬੂਤ ਕੀਤਾ ਜਾਵੇ, ਜਿਸ ਲਈ ਪੂਰਬ ਦੀ 'ਸੁੰਦਰੀ' ਨੂੰ ਪਹਿਲ ਦਿੱਤੀ ਜਾ ਰਹੀ ਹੈ । ਪੂਰਬ ਨੂੰ ਦਰਸਾਇਆ ਜਾ ਰਿਹਾ ਹੈ ਕਿ ਪੱਛਮ ਵਾਲੇ ਤੁਹਾਨੂੰ ਤੰਗ-ਵਲਗਣਾਂ ਵਿੱਚੋਂ ਬਾਹਰ ਕੱਢ ਕੇ ਸੰਸਾਰ ਪੱਧਰ 'ਤੇ ਲਿਆ ਰਹੇ ਹਨ। ਉਹ ਤੁਹਾਡੀ ਸੁੰਦਰਤਾ ਦੇ ਪ੍ਰਸ਼ੰਸਕ ਹਨ ਅਤੇ ਇਸ ਨੂੰ ਮਾਨਤਾ ਦੇ ਰਹੇ ਹਨ । ਪੰਜਾਬ ਅਤੇ ਭਾਰਤ ਦੇ ਇਤਿਹਾਸ ਵਿੱਚ ਇਹ ਫ਼ੈਸਲਾ ਹੋ ਚੁੱਕਾ ਹੈ ਕਿ ਸਾਡੀਆਂ ਨਾਇਕਾਵਾਂ ਵਿਦੇਸ਼ੀ ਮੁਗ਼ਲ ਧਾੜਵੀ ਜਾਬਰਾਂ ਵਿਰੁੱਧ ਜੂਝਣ ਵਾਲੀ ਮਾਈ ਭਾਗੋ, ਅੰਗਰੇਜ਼ੀ ਸਾਮਰਾਜਵਾਦ ਅਤੇ ਉਸ ਦੇ ਦਲਾਲਾਂ ਨਾਲ ਲੋਹਾ ਲੈਣ ਵਾਲੀ ਰਾਣੀ ਝਾਂਸੀ, ਬੀਬੀ ਗ਼ਦਰੀ ਗੁਲਾਬ ਕੌਰ, ਦੁਰਗਾ ਭਾਬੀ ਭੈਣ ਅਜੀਤਾ (ਕੇਰਲਾ) ਜਿਹੀਆਂ ਵੀਰਾਂਗਣਾਂ ਹਨ ਜੋ ਹਮੇਸ਼ਾਂ ਲਈ ਰਹਿਣਗੀਆਂ, ਨਾ ਕਿ ਨਿੱਘਰੇ ਸਰਮਾਏਦਾਰੀ ਸੱਭਿਆਚਾਰ ਦੀਆਂ ਪ੍ਰਤੀਕ ਫ਼ਿਲਮੀ ਨਾਇਕਾਵਾਂ ਤੇ ਕਥਿਤ ਸੁੰਦਰਤਾ ਮੁਕਾਬਲਿਆਂ ਦੀਆਂ ਸੁੰਦਰੀਆਂ । ਅਸਲੀ ਨਾਇਕਾਵਾਂ ਦੇ ਲੜ ਲੱਗ ਕੇ ਉਨ੍ਹਾਂ ਦੀ ਸੋਚ ਅਤੇ ਸੁਪਨਿਆਂ ਦੇ ਧਾਰਨੀ ਬਣ ਕੇ ਪੰਜਾਬੀ ਸੱਭਿਆਚਾਰ ਦੀਆਂ ਮਹਾਨ ਕਦਰਾਂ-ਕੀਮਤਾਂ ਅਤੇ ਵਿਰਾਸਤ ਨੂੰ ਸਾਂਭਦੇ ਹੋਇਆਂ ਸਾਨੂੰ ਆਪਣੇ ਪਿਆਰੇ ਪੰਜਾਬ ਤੇ ਭਾਰਤ ਦੀ ਹੋਣੀ ਨੂੰ ਬਦਲਦਿਆਂ ਹੋਇਆਂ ਇਸ ਦੇ ਮਿਹਨਤੀ ਲੋਕਾਂ ਲਈ ਨਵਾਂ-ਨਰੋਆ ਰਾਜ-ਪ੍ਰਬੰਧ ਸਿਰਜਣ ਲਈ ਅੱਗੇ ਵਧਣ ਦੇ ਯਤਨ ਕਰਨੇ ਚਾਹੀਦੇ ਹਨ । ਮਹਾਨ ਨਾਇਕਾਵਾਂ ਦੇ ਖ਼ੂਨ ਨਾਲ ਰੰਗਿਆ ਇਹੀ ਸ਼ਾਹ ਰਾਹ ਦਰੁਸਤ ਹੈ ਜਦੋਂ ਕਿ ਬਾਕੀ ਰਾਹ ਸੱਭਿਆਚਾਰ ਅਤੇ ਜੀਵਨ ਦੀ ਬਰਬਾਰੀ ਵੱਲ ਜਾਂਦੇ ਹਨ ।

ਆਓ, ਸਮੁੱਚੀ ਨੌਜਵਾਨ ਪੀੜ੍ਹੀ ਨੂੰ ਪੱਛਮੀ ਸੱਭਿਆਚਾਰ ਦੇ ਨਿਘਾਰ ਤੋਂ ਬਚਾਉਣ ਅਤੇ ਜੀਵਨ ਦੇ ਵੱਖ-ਵੱਖ ਉਸਾਰੂ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰਨ ਲਈ ਰਾਹ ਪੱਧਰਾ ਕਰਨ ਵਾਸਤੇ ਅੱਗੇ ਆਈਏ । ਪੱਛਮੀ ਸੱਭਿਆਚਾਰ ਦੀ ਇਸ ਚੁਣੌਤੀ ਦਾ ਡਟ ਕੇ ਟਾਕਰਾ ਕਰੀਏ ਅਤੇ ਆਪਣੇ ਸੱਭਿਆਚਾਰ ਦੇ ਰਾਖੇ ਬਣ ਕੇ ਮੈਦਾਨ ਵਿੱਚ ਨਿੱਤਰੀਏ ।

**(ਪੰਜਾਬੀ ਟ੍ਰਿਬਿਊਨ 19 ਜਨਵਰੀ 2013 ਵਿੱਚੋਂ ਧੰਨਵਾਦ ਸਹਿਤ !)**

# ਵਧ-ਫੁਲ ਰਹੀ ਹੈ ਗ਼ਲੀਜ਼ ਗਾਇਕੀ

**-ਸਵਰਨ ਸਿੰਘ ਟਹਿਣਾ**

ਪਿਛਲੇ ਦਸ ਸਾਲਾਂ ਵੱਲ ਝਾਤ ਮਾਰ ਕੇ ਵੇਖੋ, ਕਿੰਨੇ ਕਲਾਕਾਰਾਂ ਮਾੜਾ ਗਾਇਆ ਤੇ ਅਸੀਂ ਉਨ੍ਹਾਂ ਦੀ ਕਿੰਨੀ ਕੁ ਖ਼ਿਲਾਫ਼ਤ ਕੀਤੀ । ਜਾਪਦੈ ਜਿਵੇਂ ਪੂਰਾ ਪੰਜਾਬ ਹੀ 'ਦੜ ਵੱਟ ਜ਼ਮਾਨਾ ਕੱਟ' 'ਤੇ ਅਮਲ ਕਰ ਮੂੰਹ ਭੁਆਂ ਖਲੋ ਗਿਆ ਹੋਵੇ। ਕਿਸੇ ਨੂੰ ਫ਼ਿਕਰ ਨਹੀਂ ਕਿ ਸਾਡੇ ਰੰਗਲੇ ਸੱਭਿਆਚਾਰ ਦੇ ਮੂੰਹ 'ਤੇ ਕਾਲਖ਼ ਮਲੀ ਜਾ ਰਹੀ ਏ, ਕੋਈ ਚਿੰਤਾ ਨਹੀਂ ਕਰਦਾ ਕਿ ਗਾਇਕੀ ਦੇ ਨਾਂ 'ਤੇ ਕਾਮੁਕਤਾ ਦੀ ਜਿਹੜੀ ਖੇਡ ਖੇਡੀ ਜਾ ਰਹੀ ਏ, ਇਸ ਦਾ ਅਸਰ ਸਾਡੀਆਂ ਧੀਆਂ-ਭੈਣਾਂ 'ਤੇ ਵੀ ਪੈ ਰਿਹਾ ਹੈ । ਕਦੇ ਕੋਈ ਇਸ ਗੱਲ ਪ੍ਰਤੀ ਗੰਭੀਰ ਨਹੀਂ ਦਿੱਸਿਆ ਕਿ ਜਿਹੜੇ ਕਲਾਕਾਰਾਂ ਦੀ ਸਾਨੂੰ ਭੁਗਤ ਸਵਾਰਨੀ ਚਾਹੀਦੀ ਏ, ਉਨ੍ਹਾਂ ਨੂੰ ਲੱਖਾਂ ਰੁਪਿਆ ਦੇ ਕੇ ਅਸੀਂ ਆਪਣੇ ਧੀਆਂ-ਪੁੱਤਾਂ ਦੇ ਵਿਆਹਾਂ 'ਤੇ ਕਿਉਂ ਸੱਦਦੇ ਹਾਂ ?

ਪੰਜਾਬੀਆਂ ਨੇ ਜਦੋਂ ਤੋਂ ਮੰਦੇ ਨੂੰ ਮੰਦਾ ਕਹਿਣਾ ਛੱਡ ਨੀਵੀਂ ਪਾਉਣੀ ਸ਼ੁਰੂ ਕੀਤੀ ਏ, ਉਦੋਂ ਤੋਂ ਉਨ੍ਹਾਂ ਲੋਕਾਂ ਦੀ ਚਾਂਦੀ ਬਣ ਗਈ, ਜਿਹੜੇ ਆਖਦੇ ਨੇ ਕਿ ਸਾਡੇ ਵਪਾਰ ਦਾ ਧੁਰਾ ੧੯ ਤੋਂ ੨੧ ਸਾਲ ਦੀ ਜਵਾਨੀ ਏ । ਜ਼ਰਾ ਅੱਜ ਦੇ ਗੀਤਾਂ ਵੱਲ ਝਾਤ ਮਾਰੋ, ਇਨ੍ਹਾਂ ਵਿੱਚੋਂ ਤੁਹਾਨੂੰ ਕੀ ਕੁਝ ਲੱਭਦੈ ? ਸਾਡੀਆਂ ਧੀਆਂ-ਭੈਣਾਂ ਬਾਰੇ ਕੇਹੀ ਸੋਚ ਰੱਖਦੇ ਨੇ ਲਿਖਣ-ਗਾਉਣ ਵਾਲੇ, ਕੇਹੀਆਂ ਟਿੱਚਰਾਂ ਕਰ ਰਹੇ ਨੇ ਸਾਨੂੰ ਸਭ ਨੂੰ, ਪਰ ਅਸੀਂ ਹਾਂ ਕਿ 'ਸਾਨੂੰ ਕੀ' ਵਾਲੇ ਫਾਰਮੂਲੇ 'ਤੇ ਅੜੇ ਹੋਏ ਹਾਂ ।

ਇਤਿਹਾਸ ਵੱਲ ਝਾਤ ਮਾਰ ਕੇ ਵੇਖੋ, "ਜਿਹੜੀ ਕੌਮ ਦੀ ਗ਼ੈਰਤ ਮਰ ਗਈ, ਉਸ 'ਤੇ ਹਰ ਤਰ੍ਹਾਂ ਦੇ ਹਮਲੇ ਹੋਏ ਤੇ ਇਨ੍ਹਾਂ ਹਮਲਿਆਂ ਅੱਗੇ ਹਥਿਆਰ ਸੁੱਟਣ ਵਾਲਿਆਂ ਨੂੰ ਘਾਹ ਵਾਂਙ ਲਿਤਾੜਿਆ ਗਿਆ ।" ਬਿਲਕੁਲ ਇਵੇਂ ਅਖੌਤੀ ਕਲਾਕਾਰਾਂ ਵੱਲੋਂ ਲੰਮੇ ਸਮੇਂ ਤੋਂ ਪੰਜਾਬੀਆਂ ਦੀ ਗ਼ੈਰਤ ਨੂੰ ਲਲਕਾਰਿਆ ਜਾ ਰਿਹੈ, ਪਰ ਇਹ ਜਾਗਣ ਦੀ ਥਾਂ ਲਗਾਤਾਰ ਕੌਮਾਂ ਵਿੱਚ ਜਾ ਰਹੀ ਏ । ਅਸੀਂ ਦੇਖਣ ਨੂੰ ਜਿਉਂਦੇ ਹਾਂ ਪਰ ਅੰਦਰੋਂ ਮਰ ਚੁੱਕੇ ਹਾਂ ਤੇ ਜਦੋਂ ਅਣਖਾਂ ਦੇ ਸਿਰਨਾਵੇਂ ਮਰ ਗਏ ਹੋਣ, ਉਦੋਂ ਲਾਸ਼ਾਂ 'ਤੇ ਕੋਈ ਨੱਚੇ ਜਾਂ ਟੱਪੇ ਕਿਹੜਾ ਪਤਾ ਲੱਗਦੈ ?

ਕਈ ਸਾਲ ਪਹਿਲਾਂ ਫਗਵਾੜੇ 'ਚ ਅਸ਼ਲੀਲ ਦੋਗਾਣਾ ਜੋੜੀ ਬੱਗਾ ਸਫ਼ਰੀ ਤੇ ਕਿਰਨਜੋਤੀ ਖ਼ਿਲਾਫ਼ ਗ਼ੈਰਤ-ਮੰਦਾਂ ਨੇ ਆਵਾਜ਼ ਚੁੱਕੀ ਸੀ । ਕਈ ਜਣਿਆਂ ਇਕੱਠੇ ਹੋ ਕੇ ਜੋੜੀ ਦੇ ਪੁਤਲੇ ਸਾੜੇ ਸਨ । ਅਗਲੇ ਦਿਨ ਅਖ਼ਬਾਰਾਂ ਵਿੱਚ ਇਸ ਬਾਬਤ ਖ਼ਬਰ ਛਪੀ ਤਾਂ ਮਰੀ ਗ਼ੈਰਤ ਵਾਲੇ ਜਾਣ ਗਏ ਕਿ ਪੰਜਾਬ ਵਿੱਚ ਇਕ ਅਜਿਹੀ ਜੋੜੀ ਏ, ਜਿਹੜੀ ਤੱਤੇ ਗੀਤ ਗਾਉਂਦੀ ਏ । ਸੋ ਕੈਸੇਟ ਦੀ ਵਿਕਰੀ ਪਹਿਲਾਂ ਨਾਲੋਂ ਕਈ ਗੁਣਾਂ ਤੇਜ਼ ਹੋ ਗਈ । ਜੀਹਨੂੰ ਸੋਧਣਾ ਸੀ, ਉਹਦੀ ਬੱਲੇ-ਬੱਲੇ ਕਰਾ ਛੱਡੀ ਤੇ ਉਦੋਂ ਤੋਂ ਅੱਜ ਤਕ ਨਾ ਕਿਸੇ ਨੂੰ ਦੁਬਾਰਾ ਉਸ ਜੋੜੀ ਦੇ ਦੋਗਾਣੇ ਚੁੱਭੇ ਨੇ ਤੇ ਨਾ ਹੀ ਕਿਸੇ ਨੇ ਉਨ੍ਹਾਂ ਨੂੰ ਮਾੜਾ ਆਖਣ ਦੀ ਜੁਰਅਤ ਕੀਤੀ ।

ਟੀ.ਵੀ. 'ਤੇ ਗੀਤ ਚੱਲਦੈ, 'ਸਾਹਮਣੇ ਚੁਬਾਰੇ ਵਾਲੀ ਬਾਰੀ'। ਇਸ ਗੀਤ ਨੂੰ ਆਹਮੋ-ਸਾਹਮਣੇ ਘਰਾਂ ਵਾਲੇ ਉੱਚੀ ਅਵਾਜ਼ ਵਿੱਚ ਸੁਣਦੇ ਨੇ। ਇਕ ਸਮਝ ਰਿਹੈ ਕਿ ਇਹ ਤਾਂ ਸਾਹਮਣੇ ਵਾਲਿਆਂ ਦੀ ਬਾਰੀ ਬਾਰੇ ਏ ਤੇ ਦੂਜਾ ਸਮਝਦੈ ਕਿ ਸਾਡੀ ਕੁੜੀ



ਤਾਂ ਵਿਆਹੀ ਏ, ਸਾਨੂੰ ਕੀ...ਇਨ੍ਹਾਂ ਦੀ ਵਿਆਹੁਣ ਵਾਲੀ ਏ, ਵਧੀਆ ਗੱਲ ਏ....।'

ਪਿਛਲੇ ਦਿਨੀਂ ਇਕ ਕਲਾਕਾਰ ਨੂੰ ਅਸੀਂ ਲੋੜੋਂ ਵੱਧ ਮੰਦਾ-ਚੰਗਾ ਬੋਲ ਬੈਠੇ ਤੇ ਹੁਣ ਉਹ ਮੂੰਹ ਨੂੰ ਭੁਕਾਨੇ ਵਾਂਙ ਫੁਲਾਈ ਫਿਰਦੈ । ਉਹ ਕਹਿੰਦਾ, 'ਜਿਹੜੇ ਪੰਜਾਬੀ ਗੀਤ ਥੋੜ੍ਹੇ ਕੁ ਨੰਗੇ ਹੁੰਦੇ ਨੇ, ਉਹ ਜ਼ਿਆਦਾ ਕਾਮਯਾਬ ਹੁੰਦੇ ਨੇ...ਉਹਨੇ ਪੰਜ-ਸੱਤ ਇਹੋ ਜਿਹੇ ਗੀਤਾਂ ਦੇ ਨਾਂ ਲਏ, ਜਿਨ੍ਹਾਂ ਵਿੱਚ ਕਾਮੁਕਤਾ ਉਭਾਰੀ ਗਈ ਸੀ...ਨਾਲ ਹੀ ਉਹਨੇ ਆਖਿਆ, ਜਦੋਂ ਬੰਦੇ 'ਤੇ ਜਵਾਨੀ ਆਉਂਦੀ ਏ, ਉਦੋਂ ਆਪਣੀ ਭੈਣ ਕਿਸੇ ਨੂੰ ਨਹੀਂ ਦਿੱਸਦੀ, ਦੂਜਿਆਂ ਦੀਆਂ ਵਧੀਆ ਲੱਗਦੀਆਂ ਨੇ, ਏਸ ਕਰਕੇ ਇਹੋ ਜਿਹੇ ਗੀਤ ਹੀ ਗਾਉਣੇ ਚਾਹੀਦੇ ਨੇ, ਜਿਨ੍ਹਾਂ ਵਿੱਚ ਕੁੜੀਆਂ ਨੂੰ ਗੋਲ-ਮੋਲ ਢੰਗ ਨਾਲ ਕੁਝ ਕਿਹਾ ਗਿਆ ਹੋਵੇ...।'

ਅਸੀਂ ਉਹਨੂੰ ਪੁੱਛਿਆ, 'ਤੇਰੀ ਉਮਰ ਕਿੰਨੀ ਏ...?' ਜਦੋਂ ਉਹਨੇ ਦੱਸ ਦਿੱਤਾ ਤਾਂ ਸਵਾਲ ਕੀਤਾ ਕਿ ਤੈਨੂੰ ਤਾਂ ਪਤੈ ਕਿ ਕੁੜੀ ਸਿਰਫ਼ ਮਾਸ਼ੂਕ ਹੀ ਨਹੀਂ ਹੁੰਦੀ, ਭੈਣ ਵੀ ਹੁੰਦੀ ਏ...ਆਪਣੀ ਭੈਣ ਵੱਲ ਵੀ ਵੇਖ, ਦੂਜਿਆਂ ਦੀਆਂ ਵੱਲ ਝਾਕਣ ਦੀਆਂ ਕਰਤੂਤਾਂ ਤੋਂ ਬਾਜ਼ ਆ...।'

ਏਨੇ ਨਾਲ ਉਹ ਗੁੱਸੇ ਹੋ ਗਿਆ । ਪਰ ਉਹਦੇ ਵਿਚਾਰਾਂ 'ਚੋਂ ਜਿਹੜੀ ਗੱਲ ਸਾਹਮਣੇ ਆਈ ਕਿ ਮਾੜਾ ਗਾਉਣ ਵਾਲੇ ਕਲਾਕਾਰ ਭੇਤ ਪਾ ਚੁੱਕੇ ਨੇ ਕਿ ਕੋਈ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਕਰ ਸਕਦਾ, ਲੋਕ ਬੇਵਕੂਫ਼ ਨੇ, ਇਨ੍ਹਾਂ ਦੀਆਂ ਮਰੀਆਂ ਜ਼ਮੀਰਾਂ ਦਾ ਜਿੰਨਾ ਫ਼ਾਇਦਾ ਲਿਆ ਜਾ ਸਕਦੈ, ਲੈ ਲਵੋ ।

ਹੈਰਾਨੀ ਦੀ ਗੱਲ ਹੈ ਜਿਸ ਨੇ 'ਯੂ ਟਿਊਬ' 'ਤੇ ਗਾਣਾ ਪਾ ਲੱਚਰਪੁਣੇ ਦੀਆਂ ਸਿਖਰਾਂ ਛੋਹੀਆਂ, ਉਹਦੀ ਕਰਤੂਤ 'ਤੇ ਕਿੰਤੂ ਕਰਨ ਦੀ ਥਾਂ ਲੋਕਾਂ ਗੀਤ ਥੱਲੇ ਕੁਮੈਂਟ ਦਿੱਤੇ, 'ਨਾਈਸ ਬ੍ਰਦਰ', 'ਵੈਰੀ ਗੁੱਡ', 'ਏਦਾਂ ਦੇ ਹੋਰ ਵੀ ਗਾਓ', 'ਸਵਾਦ ਆ ਗਿਆ' ।

ਕਿਸੇ ਨੇ ਨਹੀਂ ਸੋਚਿਆ ਕਿ ਇਹ ਗੀਤ ਉਨ੍ਹਾਂ ਦੀਆਂ ਭੈਣਾਂ ਤਕ ਵੀ ਪਹੁੰਚ ਸਕਦੈ । ਉਹੀ ਸਟੇਜ 'ਤੇ ਚੜ੍ਹ ਆਖ ਰਿਹਾ ਸੀ, 'ਮੈਂ ਵਾਅਦਾ ਕਰਦਾ ਹਾਂ ਕਿ ਅੱਗੇ ਤੋਂ ਵੀ ਯੰਗ ਜਨਰੇਸ਼ਨ ਨੂੰ ਨਿਰਾਸ਼ ਨਹੀਂ ਹੋਣ ਦੇਵਾਂਗਾ...ਤੁਸੀਂ ਮੇਰੇ 'ਤੇ ਭਰੋਸਾ ਰੱਖਿਓ ਮੈਂ ਹੋਰ ਨਵੀਆਂ ਚੀਜ਼ਾਂ ਪੇਸ਼ ਕਰਾਂਗਾ...।' ਪਤਾ ਨਹੀਂ ਕਿਉਂ ਕਿਸੇ ਨੂੰ ਸਨਮਾਨ ਦੇਣ ਵੇਲੇ ਅਸੀਂ ਉਸ ਦੇ ਪਹਿਲਾਂ ਕੀਤੇ ਕਰਾਏ ਵੱਲ ਝਾਤ ਕਿਉਂ ਨਹੀਂ ਮਾਰਦੇ ।

ਜਦੋਂ ਮੇਰਾ ਨਾਨਾ ਆਖਦਾ ਹੁੰਦਾ ਸੀ ਕਿ ਕਲਾਕਾਰਾਂ ਦਾ ਕੋਈ ਈਮਾਨ ਨਹੀਂ ਹੁੰਦਾ, ਤਾਂ ਮੈਨੂੰ ਗੱਲ ਸਮਝ ਨਹੀਂ ਸੀ ਪੈਂਦੀ, ਕਿਉਂਕਿ ਮੈਂ ਛੋਟਾ ਸਾਂ । ਹੁਣ ਜਦੋਂ ਨਾਨਾ ਨਹੀਂ ਰਿਹਾ ਤਾਂ ਉਨ੍ਹਾਂ ਦੀਆਂ ਗੱਲਾਂ ਸੋਲਾਂ ਆਨੇ ਸੱਚ ਲੱਗਦੀਆਂ ਨੇ । 'ਤੂੰ ਮੇਰੀ ਬੁੱਕਲ ਵਿੱਚ ਹੋਵੇਂ' ਗੀਤ ਵਿੱਚੋਂ ਲਿਖਣ ਜਾਂ ਗਾਉਣ ਵਾਲੇ ਦਾ ਈਮਾਨ ਝਲਕਦਾ ਹੋਵੇਗਾ, ਮੈਨੂੰ ਕਦੇ ਨਹੀਂ ਜਾਪਿਆ । 'ਛਾਲ ਮਾਰ ਕੇ ਕੰਧ ਓਹਲੇ ਹੋਜਾ ਨਹੀਂ ਰੰਗੇ ਹੱਥੀਂ ਫੜੇ ਜਾਵਾਂਗੇ' ਗੀਤ ਵਿੱਚੋਂ ਕਿਸੇ ਦਾ ਦੀਨ-ਈਮਾਨ ਨਹੀਂ ਝਲਕਦਾ, 'ਗੋਦੀ ਚੱਕ ਲੈ ਜਿਗਰੀਆ ਯਾਰਾ ਵੇ ਨੱਚਦੀ ਦੇ ਪੈਰ ਥੱਕ ਗਏ' ਗੀਤ ਲਿਖਣ-ਗਾਉਣ ਵਾਲਿਆਂ ਕਦੇ ਨਹੀਂ ਸੋਚਿਆ ਕਿ ਗੋਦੀ ਚੁੱਕਣ ਦਾ ਕੀ ਅਰਥ ਹੁੰਦਾ ਏ ।

ਅਸੀਂ ਪੰਜਾਬੀ ਇਕੋ ਗੱਲ 'ਤੇ ਮਾਣ ਕਰਦੇ ਨਹੀਂ ਥੱਕਦੇ ਕਿ ਅਸੀਂ ਗ਼ੈਰਤ-ਮੰਦ ਹਾਂ, ਮੁੱਛ ਖੜ੍ਹੀ ਰੱਖਣੀ ਜਾਣਦੇ ਹਾਂ ਤੇ ਧੀਆਂ-ਭੈਣਾਂ ਵੱਲ ਮਾੜੀ ਅੱਖ ਰੱਖਣ ਵਾਲੇ ਨੂੰ ਛੱਡਾਂਗੇ ਨਹੀਂ । ਪਰ ਹੁਣ ਸਾਡੀ ਗ਼ੈਰਤ ਨੂੰ ਕੀ ਹੋ ਗਿਆ? ਸਾਡੀ

ਗ਼ੈਰਤ ਦੀਆਂ ਮਿਸਾਲਾਂ ਤਾਂ ਦੂਰ-ਦੂਰ ਤਕ ਸੁਣੀਂਦੀਆਂ ਸਨ, ਪਰ ਹੁਣ ਕੀ ਸੱਪ ਸੁੰਘ ਗਿਆ? ਕਲਾਕਾਰ ਗਾ ਰਿਹਾ ਹੁੰਦੈ, 'ਨੀਂਦ ਦੀਆਂ ਗੋਲੀਆਂ ਮੈਂ ਦੁੱਧ ਵਿੱਚ ਪਾ ਕੇ ਸਾਰੇ ਟੱਬਰ ਨੂੰ ਤੇਰੇ ਲਈ ਪਿਆਉਂਦੀ ਆਂ' ਤੇ ਅਸੀਂ ਕਿੰਤੂ ਕਰਨ ਦੀ ਥਾਂ ਡੀ.ਜੇ. 'ਤੇ ਵੱਜਦੇ ਏਸ ਗੀਤ 'ਤੇ ਆਪਣੀਆਂ ਧੀਆਂ-ਭੈਣਾਂ ਦੇ ਹੱਥ ਫੜ ਭੰਗੜੇ ਪਾਉਂਦੇ ਹਾਂ ।

ਪਿਛਲੇ ਦਿਨੀਂ ਇਕ ਕਲਾਕਾਰ ਸਟੇਜ 'ਤੇ ਘੁੰਮਣ-ਘੁਮਾਉਣ ਬਹਾਨੇ ਕੁੜੀ ਨੂੰ ਮਿੱਤਰਾਂ ਦੇ ਚੁਬਾਰੇ ਵੱਲ ਫੇਰਾ ਪਾਉਣ ਦੀ ਰਾਇ ਦੇਣ ਵਾਲਾ ਗੀਤ ਗਾ ਰਿਹਾ ਸੀ ਤਾਂ ਲੋਕ ਬੇਸੁਧੀ ਵਿੱਚ ਨੱਚਦੇ ਰਹੇ । ਭੀੜ ਵਿੱਚੋਂ ਇਕ ਵੱਟਾ ਕਲਾਕਾਰ ਵੱਲ ਗਿਆ। ਕਲਾਕਾਰ ਤਾਂ ਬਚ ਗਿਆ, ਪਰ ਢੋਲਕੀ ਵਾਲੇ ਦਾ ਮੱਥਾ ਫੁੱਲ ਗਿਆ । ਚਲੋ ਸ਼ੁੱਕਰ ਹੈ ਬੇ-ਗ਼ੈਰਤ ਭੀੜ ਵਿੱਚੋਂ ਇਕ ਜਣੇ ਦੀ ਗ਼ੈਰਤ ਤਾਂ ਜਾਗੀ, ਜਿਸ ਨੂੰ ਲੱਗਾ ਕਿ ਇਹੋ ਜਿਹੀ ਗਾਇਕੀ ਸਾਡੀਆਂ ਭੈਣਾਂ ਨੂੰ ਸਾਡੇ ਨਾਲ ਧੋਖਾ ਦੇਣ ਦਾ ਢੰਗ ਸਿਖਾ ਰਹੀ ਏ ।

ਹੁਣ ਸਾਡੇ ਚਿੰਤਕਾਂ ਨੇ ਨਵਾਂ ਫਾਰਮੂਲਾ ਸੋਚਿਐ ਕਿ ਮਾੜੇ ਗੀਤ ਨੂੰ ਮਾੜਾ ਨਹੀਂ ਕਹਿਣਾ, ਕਿਉਂਕਿ ਜੀਹਨੂੰ ਮਾੜਾ ਕਿਹਾ, ਉਹ ਹਿੱਟ ਹੋ ਜਾਵੇਗਾ । ਉਨ੍ਹਾਂ ਇਹ ਫਾਰਮੂਲਾ ਅਪਣਾਉਣ ਤੋਂ ਪਹਿਲਾਂ ਮਾੜਿਆਂ ਨੂੰ ਕਿੰਨਾ ਕੁ ਮਾੜਾ ਕਿਹਾ ਤੇ ਚੰਗਿਆਂ ਨੂੰ ਕਿੰਨੀ ਕੁ ਸ਼ਾਬਾਸ਼ ਦਿੱਤੀ, ਇਸ ਤੋਂ ਪਰਦਾ ਚੁੱਕਿਆ ਜਾਵੇ ਤਾਂ ਕਈ ਨਵੇਂ ਖੁਲਾਸੇ ਹੋ ਸਕਦੇ ਨੇ ।

ਪੰਜਾਬ 'ਚ ਪੰਜ-ਸੱਤ ਕਲਾਕਾਰ ਅਜਿਹੇ ਨੇ, ਜਿਹੜੇ ਜਾਣਦੇ ਕਿ ਮੰਦੀ ਦੇ ਇਸ ਦੌਰ ਵਿੱਚ ਅਲੋਕਾਰੀ ਗੱਲ ਕਰਾਂਗੇ ਤਾਂ ਲੋਕਾਂ ਦੀ ਨਜ਼ਰ 'ਚ ਛੇਤੀ ਆਵਾਂਗੇ। ਉਨ੍ਹਾਂ ਤਿੰਨ-ਚਾਰ ਪਹਿਲਾਂ ਗੀਤ ਦੇ ਇਕ ਅੰਤਰੇ ਵਿੱਚ ਇਤਰਾਜ਼-ਯੋਗ ਗੱਲ ਆਰੰਭੀ ਸੀ ।

ਇਕ ਕਲਾਕਾਰ ਨੇ ਸਾਨੂੰ ਪਿਛਲੇ ਦਿਨੀਂ ਕਿਹਾ, 'ਸਾਡਾ ਪੂਰਾ ਗੀਤ ਸੁਣ ਕੇ ਦੇਖੋ, ਉਹਦੇ ਅਰਥ ਮੀਆਂ ਵੱਲੋਂ ਬੀਵੀ ਨੂੰ ਕਹੀ ਜਾਂਦੀ ਗੱਲ ਦੇ ਰੂਪ ਵਿੱਚ ਨਿਕਲਦੇ ਨੇ...।' ਪਰ ਜਦੋਂ ਉਹਨੂੰ ਆਖਿਆ ਕਿ ਤੁਹਾਡੇ ਵੀਹ ਸੈਕਿੰਡ ਦੇ ਪ੍ਰੋਮੋ ਵਿੱਚ ਤਾਂ ਇਹ ਸਪੱਸ਼ਟ ਨਹੀਂ ਹੁੰਦਾ ਤਾਂ ਉਹ ਖਿਝ ਗਿਆ ।

ਸਰੋਤਿਆਂ ਦਾ ਇਕ ਹਿੱਸਾ ਸਿਆਣਪ ਝਾੜਦਾ ਕਹਿੰਦੈ ਕਿ ਅਮਰ ਸਿਓਂ ਚਮਕੀਲੇ ਨੂੰ ਮਾਰਨਾ ਜ਼ਰੂਰੀ ਹੋ ਗਿਆ ਸੀ ਕਿਉਂਕਿ ਉਹ ਦੋ ਅਰਥੀ ਗੱਲਾਂ ਕਰਦਾ ਸੀ, ਪਰ ਉਨ੍ਹਾਂ ਨੂੰ ਅੱਜ ਕਿਉਂ ਨਹੀਂ ਦਿਸਦਾ ਜਦੋਂ ਕਲਾਕਾਰਾਂ ਦੇ ਇਕ ਹਿੱਸੇ ਨੇ ਕੁੜੀਆਂ-ਚਿੜੀਆਂ ਨਿਲਾਮੀ 'ਤੇ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਨੇ, ਜਦੋਂ ਕੁੜੀਆਂ ਨੂੰ ਸਿਰਫ਼ ਮੌਜ-ਮਸਤੀ ਦੀਆਂ ਚੀਜ਼ਾਂ ਬਣਾ ਕੇ ਪੇਸ਼ ਕੀਤਾ ਜਾ ਰਿਹੈ, ਜਦੋਂ ਕੁੜੀਆਂ ਬਾਰੇ ਕਿਹਾ ਜਾਂਦੈ, 'ਬਸ ਦੋ ਹੀ ਸ਼ੌਕ ਨੇ ਮਿੱਤਰਾਂ ਦੇ ਇਕ ਗੱਡੀਆਂ ਦਾ, ਦੂਜਾ ਨੱਢੀਆਂ ਦਾ...।'

ਲਿਖਣ-ਗਾਉਣ ਵਾਲਿਆਂ ਦੀ ਸੋਚ ਤਾਂ ਕਲੰਕਿਤ ਹੋ ਹੀ ਚੁੱਕੀ ਏ, ਪਰ ਸੁਣਨ ਵਾਲਿਆਂ ਦੀ ਸੋਚ ਨੂੰ ਕੈਂਸਰ ਹੋ ਚੁੱਕੈ । ਉਨ੍ਹਾਂ ਪੱਲੇ ਇਹ ਗੱਲ ਕਦੇ ਨਹੀਂ ਪਈ ਕਿ ਜੇ ਅਸੀਂ ਮਾੜਾ ਗਾਉਣ ਵਾਲੇ ਦੀ ਵਿਰੋਧਤਾ ਕਰਾਂਗੇ ਤਾਂ ਹੀ ਬਾਕੀ ਗਾਉਣ ਵਾਲਿਆਂ ਨੂੰ ਕੰਨ ਹੋਣਗੇ । ਕਿਹੜੀ ਗੱਲ ਦਾ ਮਾਣ ਕਰਦੇ ਹਾਂ ਅਸੀਂ, ਕਿਹੜੇ ਸੱਭਿਆਚਾਰ ਦੇ ਰਾਖੇ ਬਣੇ ਫਿਰਦੇ ਹਾਂ ਅਸੀਂ, ਕਿਹੜੀਆਂ ਹਵਾਵਾਂ ਵਿੱਚ ਸੁਰਾਂ ਦੀਆਂ ਸੁਗੰਧਾਂ ਘੋਲਣ ਦੀ ਗੱਲ ਕਰਦੇ ਹਾਂ ਅਸੀਂ ?' ਜੇ ਅਸੀਂ ਮਾੜੇ ਨੂੰ ਮਾੜਾ ਨਹੀਂ ਕਹਿ ਸਕਦੇ ਤਾਂ ਸਾਡਾ ਧਰਤੀ 'ਤੇ ਹੋਣਾ ਜਾਂ ਨਾ ਹੋਣਾ ਇਕ ਬਰਾਬਰ ਹੀ ਤਾਂ ਹੈ ।

ਮੋਬਾਇਲ : **98141-78883**

**(ਰੋ: ਪੰ: ਟ੍ਰਿ: 14-5-2011 'ਚੋਂ ਧੰਨਵਾਦ ਸਹਿਤ !)**



# ਪੰਜਾਬੀ ਗਾਇਕੀ ਨੂੰ ਸਹੀ ਰਾਹ ਪਾਉਣ ਲਈ ਸੁਹਿਰਦ ਯਤਨ ਕੀਤੇ ਜਾਣ

**-ਸਵਰਨ ਸਿੰਘ ਟਹਿਣਾ**

ਗਾਹੇ-ਬਗਾਹੇ ਮਿਲਣ ਵਾਲੇ ਕਲਾਕਾਰ ਜਦੋਂ ਮੈਨੂੰ ਕਹਿੰਦੇ ਨੇ, 'ਸਾਡਾ ਗਾਣਾ ਆਇਐ...ਸੁਣ ਕੇ ਦੱਸਣਾ' ਤਾਂ ਅੰਦਰੋਂ-ਅੰਦਰ ਸੋਚਣ ਲੱਗਦਾ ਹਾਂ ਕਿ 'ਇਨ੍ਹਾਂ ਵੀ ਤਾਂ ਝੱਲ ਹੀ ਖਿਲਾਰਿਆ ਹੋਣੈ।' ਜਦੋਂ ਉਹ ਕਹਿੰਦੇ ਨੇ, 'ਮਾਹੌਲ ਮੁਤਾਬਕ ਗਾਇਐ, ਕਮਰਸ਼ੀਅਲ ਸੋਚ ਵਾਲਾ' ਤਾਂ ਗੱਲ ਪੱਕੀ ਹੋ ਜਾਂਦੀ ਹੈ ਕਿ ਇਨ੍ਹਾਂ ਗਾਣੇ ਦੇ ਨਾਂ 'ਤੇ ਕੀ-ਕੀ ਕੀਤਾ ਹੋਣੈ।ਬਹੁਤ ਵਾਰ ਹੁੰਦਾ ਵੀ ਸੋਚ ਮੁਤਾਬਕ ਹੀ ਹੈ। ਗਾਣੇ ਦਾ ਕੋਈ ਅਰਥ ਨਹੀਂ ਹੁੰਦਾ, ਸ਼ਬਦ ਚੋਣ ਦੀ ਕੋਈ ਸਮਝ ਨਹੀਂ, ਸੁਰ ਗਿਆਨ ਨਾਲ ਕੋਈ ਤਅੱਲਕ ਨਹੀਂ। ਜਿਵੇਂ ਢਾਣੀ 'ਚ ਬੈਠਿਆਂ ਸ਼ੁਗ਼ਲ ਕਰਦਿਆਂ, ਜੋ ਮੂੰਹ ਵਿੱਚ ਆਇਆ, ਯੱਭਲੀਆਂ ਮਾਰੀਆਂ ਜਾਂਦੀਆਂ ਨੇ,ਬਿਲਕੁੱਲ ਉਹੋ ਜਿਹਾ ਗਾਣਾ ਹੁੰਦੈ। ਪਿਛਲੇ ਹਫ਼ਤੇ ਤਾਂ ਹੱਦ ਹੀ ਹੋ ਗਈ। ਕਲਾਕਾਰ ਕਹਿੰਦਾ, 'ਮੈਂ ਕੁਝ ਵੱਖਰਾ ਪੇਸ਼ ਕੀਤੈ ਹਟਵਾਂ ਜਿਹਾ' ਤੇ ਜਦੋਂ ਸੁਣਿਆ ਤਾਂ ਬੋਲ ਸਨ, 'ਹੋਰ ਮੈਨੂੰ ਕੋਈ ਦੁੱਖ ਨਾ, ਬਸ ਇੱਕ ਵੀਰਾ-ਵੀਰਾ ਕਹਿਣਾ ਮੈਨੂੰ ਬੰਦ ਕਰ ਦੇ...।'

ਇਸ ਸਿਰਫਿਰੇ ਦੌਰ ਵਿੱਚ ਜਦੋਂ ਮਾਪਿਆਂ ਦੇ ਸਤਿਕਾਰ, ਸਮਾਜਿਕ ਕਦਰਾਂ-ਕੀਮਤਾਂ ਨੂੰ ਚੇਤੇ ਕਰਾਉਣ, ਨੈਤਿਕਤਾ ਦਾ ਪਾਠ ਪੜ੍ਹਾਉਣ, ਬਜ਼ੁਰਗਾਂ ਨੂੰ ਸਰਮਾਇਆ ਸਮਝਣ ਤੇ ਪੰਜਾਬ ਦੇ ਚਲੰਤ ਮਾਮਲਿਆਂ 'ਤੇ ਟਿੱਪਣੀ ਕਰਦੇ ਵਿਰਲੇ-ਟਾਂਵੇ ਗੀਤ ਸੁਣਨ ਨੂੰ ਮਿਲਦੇ ਨੇ ਤਾਂ ਸੱਚ ਜਾਣਿਓ ਮੇਰਾ ਅੰਦਰ ਕੁਰਲਾ ਉੱਠਦਾ ਹੈ।ਗਾਣਿਆਂ ਵਿੱਚ ਜਦੋਂ ਮੈਂ ਚਿਤਾ ਬਲਦੀ ਦੇਖਦਾ ਹਾਂ, ਮਾਪਿਆਂ ਵੱਲੋਂ ਔਲਾਦ ਲਈ ਕੀਤੀ ਜਾਂਦੀ ਮਿਹਨਤ ਦਾ ਦ੍ਰਿਸ਼ ਦੇਖਦਾ ਹਾਂ, ਆਪਣੀਆਂ ਸੱਧਰਾਂ ਮਾਰ ਕੇ ਔਲਾਦ ਦੀਆਂ ਸੱਧਰਾਂ ਪੂਰਦੇ ਮਾਪਿਆਂ ਦੀ ਮਿਹਨਤ ਵੱਲ ਝਾਕਦਾ ਹਾਂ, ਤਾਂ ਆਪ-ਮੁਹਾਰੇ ਮੇਰੀਆਂ ਅੱਖਾਂ ਵਿੱਚੋਂ ਅੱਥਰੂ ਵਗ ਤੁਰਦੇ ਨੇ। ਸਾਰਿਆਂ ਵਿਚਾਲਿਓਂ ਉੱਠ ਮੈਂ ਉਰੇ-ਪਰ੍ਹੇ ਹੋ ਕੇ ਕਿੰਨਾ ਹੀ ਚਿਰ ਬਾਪੂ ਦੇ ਸਾਥ ਤੋਂ ਵਾਂਝਾ ਹੋਣ ਕਰਕੇ ਹਟਕੋਰੇ ਭਰਦਾ ਹਾਂ। ਜੇ ਮਾਂ ਨੂੰ ਪਤਾ ਲੱਗੇਗਾ ਤਾਂ ਉਹ ਪ੍ਰੇਸ਼ਾਨ ਹੋਏਗੀ, ਇਹ ਸੋਚ ਸਭ ਕੁਝ ਅੰਦਰੇ ਪੀ ਜਾਂਦਾ ਹਾਂ। ਜਦੋਂ ਵੀ 'ਉਹ ਮੌਜਾਂ ਭੁੱਲਣੀਆਂ ਨਹੀਂ, ਜੋ ਬਾਪ ਦੇ ਸਿਰ 'ਤੇ ਕਰੀਆਂ' ਗੀਤ ਸੁਣਦਾ ਹਾਂ ਤਾਂ ਖ਼ੁਦ ਨੂੰ ਗੀਤ ਦੇ ਨਾਇਕ ਵਰਗਾ ਸਮਝਦਾ ਹਾਂ। ਸੋਚਦਾ ਹਾਂ ਕਿ ਇਹ ਮੇਰੀ ਗੱਲ ਕੀਤੀ ਜਾ ਰਹੀ ਹੈ। ਗ਼ਰੀਬੀ 'ਚ ਕੱਟੇ ਉਹ ਦਿਨ, ਬਾਪ ਦੀ ਬਿਮਾਰੀ, ਇਲਾਜ ਦੀਆਂ ਕੋਸ਼ਿਸ਼ਾਂ, ਕਾਲਾ ਪੈਂਦਾ ਚਿਹਰਾ, ਆਖ਼ਰੀ ਬੋਲ ਅਤੇ ਲੰਮੇ ਹੌਕੇ ਮਗਰੋਂ ਸਦਾ ਲਈ ਮੀਟੀਆਂ ਅੱਖਾਂ ਦੇ ਦ੍ਰਿਸ਼ ਮੇਰੀਆਂ ਅੱਖਾਂ ਮੂਹਰੇ ਆ ਜਾਂਦੇ ਹਨ। ਚੀਕਾਂ ਮੇਰੇ ਕੰਨਾਂ ਵਿੱਚ ਗੂੰਜਣ ਲੱਗ ਜਾਂਦੀਆਂ ਨੇ, ਬਲਦੀ ਚਿਤਾ ਮੇਰੇ ਮੂਹਰੇ ਘੁੰਮਦੀ ਹੈ ਤੇ ਮੈਂ ਆਪਣੇ ਵਰਗੇ ਉਨ੍ਹਾਂ ਲੱਖਾਂ-ਕਰੋੜਾਂ ਪੁੱਤਾਂ-ਧੀਆਂ ਬਾਰੇ ਸੋਚਣ ਲੱਗਦਾ ਹਾਂ ਜਿਹੜੇ ਮਾਪਿਆਂ ਵਿਹੂਣੇ ਨੇ।

ਇਹ ਸੱਚ ਹੈ ਕਿ ਇਸ ਜਹਾਨ 'ਤੇ ਸਦਾ ਕਿਸੇ ਬੈਠੇ ਨਹੀਂ ਰਹਿਣਾ, ਪਰ ਖ਼ੂਨ ਦੀ ਖਿੱਚ ਤੜਫਾਉਂਦੀ ਤਾਂ ਹੈ ਹੀ, ਰਿਸ਼ਤੇ ਦਾ ਮੋਹ ਖਿੱਚਦਾ ਤਾਂ ਹੈ ਹੀ। ਮੇਰੇ

ਮੂੰਹੋਂ ਦੁਆਵਾਂ ਨਿਕਲਦੀਆਂ ਹਨ ਇਹੋ ਜਿਹੇ ਗਾਣੇ ਲਿਖਣ, ਗਾਉਣ, ਫ਼ਿਲਮਾਉਣ ਵਾਲਿਆਂ ਲਈ ਜਿਹੜੇ ਹਰ ਮਨ ਨਾਲ ਜੁੜੀ ਇਹੋ ਜਿਹੀ ਗੱਲ ਕਰਦੇ ਹਨ। ਪਿਛਲੇ ਹਫ਼ਤੇ ਪੰਜਾਬ ਦੇ ਇੱਕ ਗਾਇਕ ਨਾਲ ਮੁਲਾਕਾਤ ਹੋਈ। ਉਸ ਨੇ ਕਈ ਸੱਭਿਅਕ ਗੀਤ ਵੀ ਗਾਏ ਅਤੇ ਕਈ ਤੱਤੇ ਵੀ। ਮੈਂ ਪੁੱਛਿਆ, 'ਜਦੋਂ ਚੰਗਾ ਗਾਉਂਦੇ ਹੋ ਤਾਂ ਹੁੱਬ ਕੇ ਕਹਿੰਦੇ ਹੋ, ਸਾਨੂੰ ਪਰਿਵਾਰ 'ਚੋਂ ਹੀ ਇਹ ਸਭ ਕੁਝ ਗਾਉਣ ਦੀ ਸਿੱਖਿਆ ਮਿਲੀ ਹੈ, ਪਰ ਜਦੋਂ ਮਾੜਾ ਗਾਉਂਦੇ ਹੋ ਉਦੋਂ ਕਿਸ ਦੀ ਸੇਧ ਹੁੰਦੀ ਹੈ? ਉਦੋਂ ਕਿਸਨੂੰ ਮਾਰਗ-ਦਰਸ਼ਕ ਮੰਨ ਬੈਠਦੇ ਹੋ?' ਉਹ ਕਹਿੰਦਾ, 'ਚੰਗਾ ਕਰਨ ਦੀ ਸੇਧ ਦਿੱਤੀ ਤਾਂ ਮਾਪਿਆਂ ਨੇ ਹੀ ਹੈ, ਪਰ ਮੈਂ ਜਦੋਂ-ਜਦੋਂ ਵੀ ਚੰਗਾ ਗਾਇਆ ਸਿਵਾਏ ਪੰਜ-ਸੱਤ ਫ਼ੀ ਸਦੀ ਲੋਕਾਂ ਦੀ ਸ਼ਾਬਾਸ਼ ਦੇ ਕੁਝ ਨਹੀਂ ਮਿਲਿਆ। ਗੀਤ 'ਤੇ ਕੀਤਾ ਖ਼ਰਚ ਵੀ ਪੂਰਾ ਨਹੀਂ ਹੋਇਆ। ਪਰ ਜਦੋਂ-ਜਦੋਂ ਮੈਂ ਮਾੜਾ ਗਾਇਆ, ਪੰਜ-ਸੱਤ ਫ਼ੀ ਸਦੀ ਲੋਕਾਂ ਨੇ ਵਿਰੋਧਤਾ ਕੀਤੀ, ਬਾਕੀਆਂ ਨੇ ਮੈਨੂੰ ਪਰਿਵਾਰ ਪਾਲਣ ਲਈ ਪ੍ਰੋਗਰਾਮ ਦਿੱਤੇ, ਮੇਰੀ ਰੋਟੀ ਤੁਰੀ, ਪੈਸੇ ਆਏ। ਹੁਣ ਤੁਸੀਂ ਹੀ ਦੱਸੋ ਮੈਂ ਚੰਗਾ ਕਰਦਾ-ਕਰਦਾ ਪਰਿਵਾਰ ਭੁੱਖਾ ਮਾਰ ਲਵਾਂ। ਕੀ ਇਹ ਸਿਰਫ਼ ਮੇਰੀ ਹੀ ਡਿਊਟੀ ਹੈ ਕਿ ਚੰਗਾ ਸੋਚਾਂ, ਸਮਾਜ ਦਾ ਕੋਈ ਫ਼ਰਜ਼ ਨਹੀਂ। ਕਿੰਨੇ ਕੁ ਚੰਗੇ ਕਲਾਕਾਰਾਂ ਨੂੰ ਸਮਾਜ ਰੋਟੀ ਦੇ ਰਿਹੈ...?'

ਉਸ ਦੀਆਂ ਗੱਲਾਂ ਨੇ ਕਿੰਨੀ ਹੀ ਦੇਰ ਸੋਚਣ ਲਈ ਮਜਬੂਰ ਕਰ ਦਿੱਤਾ। ਗ਼ਲਤ ਉਹ ਵੀ ਨਹੀਂ ਸੀ। ਉਸਦਾ ਦਰਦ ਆਪਣੀ ਥਾਏਂ ਸਹੀ ਸੀ। ਇਕ ਦਰਜਨ ਤੋਂ ਵੱਧ ਕਲਾਕਾਰਾਂ ਦੇ ਨਾਂ ਮੇਰੇ ਸਾਹਮਣੇ ਆ ਗਏ ਜਿਨ੍ਹਾਂ ਚੰਗਾ ਹੀ ਗਾਇਐ।

ਇਹ ਸੱਚ ਹੈ ਕਿ ਮਾੜਾ ਗਾਉਣ ਵਾਲੇ ਕਲਾਕਾਰਾਂ ਜਿੰਨੇ ਹੀ ਦੋਸ਼ੀ ਮਾੜੇ ਨੂੰ ਉਤਸ਼ਾਹਿਤ ਕਰਨ ਵਾਲੇ ਸਰੋਤੇ ਹਨ। ਜਦੋਂ ਅਸੀਂ ਕਿਸੇ ਚੀਜ਼ ਨੂੰ ਨਿੰਦਣ ਦੇ ਬਾਵਜੂਦ ਉਸਨੂੰ ਆਰਥਿਕ ਪੱਖੋਂ ਖੁਸ਼ਹਾਲ ਕਰਾਂਗੇ ਤਾਂ ਉਸਨੂੰ ਠੱਲ੍ਹ ਪਵੇਗੀ ਕਿਵੇਂ? ਕੀ ਇਹ ਹੈਰਾਨੀ ਦੀ ਗੱਲ ਨਹੀਂ ਕਿ ਹਰ ਰੋਜ਼ ਬੱਸਾਂ ਵਿੱਚ ਗੰਦੇ ਗਾਣੇ ਵੱਜਦੇ ਨੇ, ਪਰ ਬਵੰਜਾ ਸੀਟਾਂ ਤੋਂ ਇੱਕ ਸਵਾਰੀ ਵੀ ਉੱਠ ਕੇ ਇਸ ਸਭ ਦੀ ਵਿਰੋਧਤਾ ਨਹੀਂ ਕਰਦੀ। ਬੱਸ 'ਚੋਂ ਉਤਰਨ ਸਾਰ ਸਾਰੇ ਘੁਸਰ-ਮੁਸਰ ਕਰਦੇ ਨੇ ਕਿ ਕਿੰਨਾ ਗੰਦ ਪਾਇਆ ਸੀ, ਪਰ ਜਦੋਂ ਬੋਲਣਾ ਹੁੰਦੈ ਉਦੋਂ ਕੋਈ ਨਹੀਂ ਬੋਲਦਾ।

ਜਦੋਂ ਵਿਆਹਾਂ ਦੇ ਡੀ.ਜੇ. ਵਿੱਚ ਗੰਦ ਘੋਲਦੇ ਗਾਣੇ ਕੰਨ ਪਾੜਵੀਂ ਆਵਾਜ਼ ਵਿੱਚ ਵੱਜਦੇ ਨੇ ਤਾਂ ਨਾ ਮੇਲ-ਗੇਲ ਵਿੱਚੋਂ, ਨਾ ਆਲੇ ਦੁਆਲੇ ਵਿੱਚੋਂ ਕੋਈ ਨਿੱਤਰਦਾ ਹੈ ਜਿਹੜਾ ਇਸ ਸਭ ਦੀ ਥਾਂ ਚੰਗੇ ਗਾਣੇ ਵਜਾਉਣ ਲਈ ਕਹੇ; ਪਰ ਜਦੋਂ ਡੀ.ਜੇ. ਵਾਲਾ ਤੁਰ ਜਾਂਦਾ ਹੈ ਤਾਂ ਘੁਸਰ-ਮੁਸਰ ਛਿੜਦੀ ਹੈ ਕਿ ਸਮਾਜ ਦਾ ਬੁਰਾ ਹਾਲ ਹੋਇਆ ਪਿਆ ਹੈ।

ਸਮਾਜ ਤਾਂ ਸਾਡੇ ਨਾਲ ਹੀ ਬਣਿਆ ਹੈ ਤੇ ਜੇ ਅਸੀਂ ਬੋਲਾਂਗੇ ਹੀ ਨਹੀਂ ਤਾਂ ਇਸ ਵਿੱਚ ਕਿਸੇ ਦਾ ਕੀ ਕਸੂਰ? ਸੋ, ਵੱਡੀ ਜ਼ਰੂਰਤ ਸਿਰਫ਼ ਇਸ ਗੱਲ ਦੀ ਹੈ ਕਿ ਅਸੀਂ ਆਪਣੀ ਜ਼ਬਾਨ ਦੀ ਸਹੀ ਮੌਕੇ 'ਤੇ ਵਰਤੋਂ ਕਰਨੀ ਸਿੱਖੀਏ। ਜੇ ਇਕ ਜਣਾ ਖੜ੍ਹਾ ਹੋਏਗਾ ਤਾਂ ਚਾਰ ਜਣੇ ਉਸ ਮਗਰ ਹੋਰ ਬੋਲਣਗੇ। ਇਹ ਮਨੁੱਖੀ ਸੁਭਾਅ ਦੀ ਫ਼ਿਤਰਤ ਹੈ ਕਿ ਦੂਜੇ ਦੀ ਉਡੀਕ ਕੀਤੀ ਜਾਂਦੀ ਹੈ ਕਿ ਉਹ ਬੋਲੇਗਾ ਤਾਂ ਪਿੱਛੇ ਹੁੰਗਾਰਾ ਭਰ ਦਿਆਂਗੇ, ਨਹੀਂ ਤਾਂ ਸਾਨੂੰ ਕੀ ਜ਼ਰੂਰਤ ਹੈ। ਚੰਗੇ ਗੀਤ-ਸੰਗੀਤ ਦੀ ਇੱਛਾ ਪਾਲਣ ਵਾਲੇ ਬਹੁਤ ਸਾਰੇ ਲੋਕਾਂ ਨੂੰ ਸੂਬਾ ਸਰਕਾਰ ਤੋਂ ਉਮੀਦਾਂ ਰਹੀਆਂ ਹਨ ਕਿ ਇਸ ਵੱਲੋਂ ਕੋਈ ਸੱਭਿਆਚਾਰਿਕ ਨੀਤੀ ਬਣਾਈ ਜਾਵੇਗੀ, ਕਲਾਕਾਰਾਂ ਨੂੰ ਨੱਥ



ਪਾਉਣ ਵਾਲੀ ਕੋਈ ਯੋਜਨਾ ਘੜੀ ਜਾਵੇਗੀ। ਪਰ ਅੱਜ ਤਕ ਹੋਇਆ ਕੁਝ ਨਹੀਂ। ਪਿਛਲੇ ਦਿਨੀਂ ਖ਼ਬਰਾਂ ਆਈਆਂ ਕਿ ਸੱਭਿਆਚਾਰਿਕ ਵਿਭਾਗ ਨੇ ਨਵੀਂ ਨੀਤੀ ਬਣਾਉਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ, ਕਿਉਂਕਿ ਤਕਨੀਕ ਦੇ ਇਸ ਦੌਰ ਵਿੱਚ ਸੋਸ਼ਲ ਮੀਡੀਆ 'ਤੇ ਗਾਣਿਆਂ ਦਾ ਪ੍ਰਸਾਰਨ ਜ਼ਿਆਦਾ ਹੁੰਦਾ ਹੈ। ਸੋ, ਇਸ ਸਭ ਨੂੰ ਕਾਬੂ ਕਰਨ ਲਈ ਕੁਝ ਨਹੀਂ ਕੀਤਾ ਜਾ ਸਕਦਾ।

ਜੇ ਹੋਰ ਕੁਝ ਵੀ ਨਹੀਂ ਹੋ ਸਕਦਾ ਤਾਂ ਸੱਭਿਆਚਾਰਿਕ ਵਿਭਾਗ ਪੰਜ ਮੈਂਬਰਾਂ 'ਤੇ ਆਧਾਰਤ ਇੱਕ ਕਮੇਟੀ ਦਾ ਗਠਨ ਕਰ ਸਕਦਾ ਹੈ, ਜਿਸ ਵਿੱਚ ਗੀਤ-ਸੰਗੀਤ ਨਾਲ ਨੇੜਿਓਂ ਜੁੜੇ ਲੋਕ ਲਏ ਜਾਣ। ਉਹ ਹਰ ਮਹੀਨੇ ਜਾਂ ਤਿੰਨ ਮਹੀਨਿਆਂ ਵਿੱਚ ਰਿਲੀਜ਼ ਹੋਏ ਗੀਤਾਂ, ਫ਼ਿਲਮਾਂ ਦੀ ਰਿਪੋਰਟ ਵਿਭਾਗ ਨੂੰ ਆਡੀਓ, ਵੀਡੀਓ ਸਬੂਤਾਂ 'ਤੇ ਆਧਾਰਤ ਸੌਂਪ ਸਕਦੇ ਹਨ ਤੇ ਜਿਹੜਾ ਕਲਾਕਾਰ ਗ਼ਲਤ ਹੋਵੇ ਉਸਨੂੰ ਸਖ਼ਤੀ ਨਾਲ ਤਾੜਨਾ ਦਿੱਤੀ ਜਾਵੇ। ਜੇ ਮਾੜੇ ਗਾਣਿਆਂ ਦੀ ਪੇਸ਼ਕਾਰੀ ਕਰਨ ਵਾਲੇ ਇਕ-ਦੋ ਕਲਾਕਾਰਾਂ ਨਾਲ ਵੀ ਸਖ਼ਤੀ ਵਰਤੀ ਗਈ ਤਾਂ ਗਾਰੰਟੀ ਹੈ ਬਾਕੀ ਸਾਰੇ ਚੰਗਾ ਗਾਉਣ ਦੀ ਆਦਤ ਪਾਉਣਗੇ।

ਮੇਰੇ ਪਿਤਾ ਜੀ ਕਹਿੰਦੇ ਹੁੰਦੇ ਸਨ ਕਿ ਗੁਆਂਢੀ ਪਿੰਡ ਵਿੱਚ ਅਸੀਂ ਇਕ ਵਾਰ ਕੁਲਦੀਪ ਮਾਣਕ ਦਾ ਅਖਾੜਾ ਦੇਖਣ ਗਏ। ਜਾਂਦਿਆਂ ਨੂੰ ਅਖਾੜਾ ਖ਼ਤਮ ਹੋ ਗਿਆ ਤਾਂ ਲੋਕ ਵਾਪਸ ਮੁੜੇ ਆਉਣ। ਅਸੀਂ ਮਾਣਕ ਨੂੰ ਕਦੇ ਦੇਖਿਆ ਨਹੀਂ ਸੀ, ਬਸ ਸੁਣਿਆ ਹੀ ਸੀ।

ਸਾਹਮਣਿਓਂ ਆਉਂਦੇ ਇੱਕ ਬੰਦੇ ਨੂੰ ਪੁੱਛਿਆ, 'ਬਾਈ ਮਾਣਕ ਦੇਖ ਕੇ ਆਏ ਓ, ਕਿਹੋ ਜਿਹਾ ਹੈ ਉਹ'। ਬੰਦਾ ਅੱਗੋਂ ਕਹਿੰਦਾ, 'ਮੈਂ ਮਾਣਕ ਹੀ ਹਾਂ, ਦੇਖ ਲਓ ਚੰਗੀ ਤਰ੍ਹਾਂ'। ਇਹ ਗੱਲ ਉਨ੍ਹਾਂ ਨੇ ਸਾਨੂੰ ਜਿਊਂਦੇ ਜੀਅ ਕਿੰਨੀ ਵਾਰ ਇਸ ਕਰਕੇ ਸੁਣਾਈ, ਕਿਉਂਕਿ ਉਦੋਂ ਕਲਾਕਾਰਾਂ ਦੀ ਅਸਲ ਚੜ੍ਹਤ ਹੁੰਦੀ ਸੀ, ਕਲਾਕਾਰ ਲੋਕ ਦਿਲਾਂ ਦੇ ਮਹਿਰਮ ਹੁੰਦੇ ਸਨ, ਕਲਾਕਾਰਾਂ ਨੂੰ ਲੋਕ ਤੇ ਲੋਕਾਂ ਨੂੰ ਕਲਾਕਾਰ ਆਪਣਾ ਸਮਝਦੇ ਸਨ।

ਅੱਜ ਜਦੋਂ ਕਲਾਕਾਰ ਲੱਭਣ ਲਈ ਇੱਟ ਪੁੱਟਣ ਦੀ ਲੋੜ ਨਹੀਂ, ਸਗੋਂ ਇਕ-ਇਕ ਇੱਟ 'ਤੇ ਕਈ-ਕਈ ਕਲਾਕਾਰ ਬੈਠੇ ਨੇ, ਤਾਂ ਕੋਈ ਕਲਾਕਾਰ ਪੁਰਾਣਿਆਂ ਵਰਗਾ ਨਿਮਰ ਨਹੀਂ ਲੱਭਦਾ, ਕੋਈ ਇੰਝ ਨਹੀਂ ਸੋਚਦਾ ਕਿ ਮੈਂ ਇਨ੍ਹਾਂ ਦੀ ਬਦੌਲਤ ਹੀ ਇੱਥੋਂ ਤਕ ਅੱਪੜਿਆ ਹਾਂ। ਕਲਾਕਾਰ ਲੀਡਰਾਂ ਵਰਗੇ ਬਣ ਗਏ ਨੇ, ਜਿਨ੍ਹਾਂ ਦੁਆਲੇ ਸੁਰੱਖਿਆ ਘੇਰਾ ਰਹਿੰਦਾ ਹੈ ਤੇ ਅਕਸਰ ਮੈਂ ਸੋਚਦਾ ਹਾਂ ਕਿ ਲੀਡਰਾਂ ਨੂੰ ਉਨ੍ਹਾਂ ਲੋਕਾਂ ਤੋਂ ਹੀ ਕਿਹੜਾ ਖ਼ਤਰਾ ਪੈਦਾ ਹੋ ਜਾਂਦੈ, ਜਿਹੜੇ ਲੋਕਾਂ ਨੇ ਇਨ੍ਹਾਂ ਨੂੰ ਇਕ-ਇਕ ਕੀਮਤੀ ਵੋਟ ਪਾਈ ਹੁੰਦੀ ਹੈ, ਉਸੇ ਤਰ੍ਹਾਂ ਗਾਇਕਾਂ ਨੂੰ ਉਨ੍ਹਾਂ ਲੋਕਾਂ ਤੋਂ ਹੀ ਕਿਹੜਾ ਖ਼ਤਰਾ ਹੋ ਜਾਂਦੈ ਜਿਨ੍ਹਾਂ 'ਚ ਪਹਿਚਾਣ ਬਣਾਉਣ ਲਈ ਇਹ ਪਹਿਲਾਂ ਮਣਾਂਮੂੰਹੀਂ ਪੈਸਾ ਖ਼ਰਚਦੇ ਹਨ ਤੇ ਜਦੋਂ ਲੋਕ ਪਛਾਣਨ ਲੱਗ ਜਾਂਦੇ ਹਨ ਤਾਂ ਆਪਣੇ ਨਾਲ ਬਾਊਂਸਰਾਂ ਦੇ ਟੋਲੇ ਰੱਖਣੇ ਸ਼ੁਰੂ ਕਰ ਦਿੰਦੇ ਹਨ।

ਸੰਪਰਕ : 98141-78883

**37, ਪ੍ਰੀਤ ਇਨਕਲੇਵ ਯੂਨੀਵਰਸਿਟੀ ਰੋਡ, ਜਲੰਧਰ ।**

**(ਰੋਜ਼ਾਨਾ ਅਜੀਤ 10-06-2015 'ਚੋਂ ਧੰਨਵਾਦ ਸਹਿਤ !)**

# ਖ਼ਤਮ ਹੋ ਰਿਹਾ ਪੰਜਾਬੀ ਸੱਭਿਆਚਾਰ

**-ਬਲਰਾਜ ਸਿੰਘ ਸਿੱਧੂ**

ਪੰਜਾਬ ਦੇ ਸੱਭਿਆਚਾਰ ਬਾਰੇ ਕਿਸੇ ਕਵੀ ਦੇ ਦਿਲ ਵਿੱਚੋਂ ਇਸ ਤਰ੍ਹਾਂ ਕੂਕ ਨਿਕਲੀ ਹੈ:

**ਉਹ ਮੋਹਲਾ ਉਹ ਉੱਖਲੀ, ਉਹ ਚੱਕੀ ਉਹ ਦਾਣੇ।**
**ਵਿਆਹਾਂ ਦੀ ਭਾਜੀ ਪਤਾਸੇ, ਮਖਾਣੇ।**
**ਆਟੇ ਨਾ ਰਹੇ, ਪਰਾਤਾਂ ਨਾ ਰਹੀਆਂ।**
**ਉਹ ਡੋਲੀ, ਉਹ ਤੰਬੂ ਕਨਾਤਾਂ ਨਾ ਰਹੀਆਂ।**
**ਉਹ ਗੱਲਾਂ ਨਾ ਰਹੀਆਂ, ਉਹ ਬਾਤਾਂ ਨਾ ਰਹੀਆਂ।**

ਪੰਜਾਬੀ ਸੱਭਿਆਚਾਰ ਦੇ ਦਰਸ਼ਨ ਹੁਣ ਸਿਰਫ਼ ਪੁਰਾਣੀਆਂ ਪੰਜਾਬੀ ਫ਼ਿਲਮਾਂ ਜਾਂ ਮਿਊਜ਼ੀਅਮਾਂ ਵਿੱਚ ਹੀ ਹੁੰਦੇ ਹਨ। ਖੁੱਲ੍ਹਾ ਕੁੜਤਾ ਅਤੇ ਧੂੰਹਵਾਂ ਚਾਦਰਾ ਬੰਨ੍ਹ ਕੇ ਜੇ ਅੱਜ ਵੀ ਕੋਈ ਬਾਜ਼ਾਰ ਵਿੱਚ ਦੀ ਲੰਘ ਜਾਵੇ ਤਾਂ ਲੋਕ ਮੁੜ-ਮੁੜ ਕੇ ਦੇਖਦੇ ਹਨ। ਖੁੱਲ੍ਹੀਆਂ ਖੁਰਾਕਾਂ, ਖੁੱਲ੍ਹੇ ਪਹਿਰਾਵੇ, ਖੁੱਲ੍ਹਾ ਸੁਭਾਅ ਅਤੇ ਖੁੱਲ੍ਹੇ ਮਕਾਨਾਂ ਵਾਲੇ ਪੰਜਾਬੀਆਂ ਦੀਆਂ ਸ਼ਕਲਾਂ ਵੀ ਹੁਣ ਪੂਰਬੀਆਂ ਵਰਗੀਆਂ ਹੁੰਦੀਆਂ ਜਾ ਰਹੀਆਂ ਹਨ ਅਤੇ ਲਿਬਾਸ ਤੇ ਖ਼ੁਰਾਕ ਵੀ। ਪੰਜਾਬ ਦੇ ਇੱਕ ਫ਼ੀ ਸਦੀ ਘਰਾਂ ਵਿੱਚ ਵੀ ਹੁਣ ਚਾਟੀ ਵਿੱਚ ਮਧਾਣੀ ਨਹੀਂ ਖੜਕਦੀ। ਘਰ ਦੇ ਦਹੀਂ ਲੱਸੀ ਦਾ ਲੋਕਾਂ ਨੂੰ ਸਵਾਦ ਭੁੱਲਦਾ ਜਾ ਰਿਹਾ ਹੈ। ਸ਼ਹਿਰੀਆਂ ਨੂੰ ਛੱਡੋ, ਕੋਈ ਪੇਂਡੂ ਬੱਚਾ ਵੀ ਲੱਸੀ ਨੂੰ ਮੂੰਹ ਨਹੀਂ ਲਾਉਂਦਾ। ਕੁੱਜੇ ਵਿੱਚ ਰਿੱਝਦਾ ਸਾਗ, ਦਾਣੇ ਭੁੰਨਣ ਵਾਲੀ ਭੱਠੀ, ਕਮਾਦ ਪੀੜਨ ਵਾਲਾ ਵੇਲਣਾ, ਗੁੜ ਬਣਾਉਣ ਵਾਲੇ ਕੜਾਹੇ ਦਾ ਨਾਮੋ-ਨਿਸ਼ਾਨ ਖ਼ਤਮ ਹੋ ਗਿਆ ਹੈ। ਸਾਡੇ ਕਮਾਦ ਤੋਂ ਬਿਹਾਰੀ ਮਜ਼ਦੂਰ ਗੁੜ-ਸ਼ੱਕਰ ਬਣਾ ਕੇ ਸਾਨੂੰ ਹੀ ਵੇਚ ਕੇ ਲੱਖਾਂ ਕਮਾ ਰਹੇ ਹਨ।

ਸੱਭਿਆਚਾਰ ਨਿਘਾਰ ਕਾਰਨ ਪੰਜਾਬ ਵਿੱਚੋਂ ਕਈ ਚੀਜ਼ਾਂ ਵਸਤਾਂ ਲੋਪ ਹੋ ਗਈਆਂ ਹਨ। ਨਵੀਂ ਪੀੜ੍ਹੀ ਨੂੰ ਤਾਂ ਸੈਂਕੜੇ ਪੁਰਾਣੀਆਂ ਚੀਜ਼ਾਂ ਦੇ ਨਾਮ ਵੀ ਨਹੀਂ ਆਉਂਦੇ। ਸਾਡੇ ਵੇਲੇ ਬੰਟਿਆਂ (ਕੱਚ ਦੀਆਂ ਗੋਲੀਆਂ) ਦੇ ਝੋਲੇ ਭਰੀ ਫਿਰੀਦੇ ਸੀ। ਹੁਣ ਬੱਚਿਆਂ ਨੂੰ ਪਤਾ ਹੀ ਨਹੀਂ ਕਿ ਗੁੱਲੀ ਡੰਡਾ, ਬੰਟੇ, ਲਿਖਣ ਵਾਲੀਆਂ ਫੱਟੀਆਂ, ਲਾਟੂ, ਲੁਕਣ-ਮੀਟੀ, ਬਾਂਦਰ-ਕਿੱਲਾ, ਸ਼ਟਾਪੂ, ਪਿੱਠੂ-ਗਰਮ, ਛੂਹਣ-ਛਪਾਈ, ਬੰਟੇ ਖੇਡਣ ਵਾਲੀ ਖੁੱਤੀ ਤੇ ਗੁੱਲੀ-ਡੰਡਾ ਖੇਡਣ ਵਾਲੀ ਰਾਬ ਕੀ ਹੁੰਦੀ ਹੈ? ਸਾਉਣ ਮਹੀਨੇ ਲੱਗਦੀਆਂ ਤੀਆਂ ਹੁਣ ਸਿਰਫ਼ ਗਾਣਿਆਂ ਜਾਂ ਫ਼ਿਲਮਾਂ ਵਿੱਚ ਹੀ ਰਹਿ ਗਈਆਂ ਹਨ। ਪਿੱਪਲ ਬੋਹੜ ਥੱਲੇ ਸੱਥ ਵਿੱਚ ਕੋਈ ਨਹੀਂ ਬੈਠਦਾ। ਉਨ੍ਹਾਂ ਦੀ ਜਗ੍ਹਾ ਸੀਮਿੰਟ ਦੇ ਪੰਚਾਇਤ ਘਰਾਂ ਨੇ ਲੈ ਲਈ ਹੈ। ਤਾਂਗਾ ਕਿਤੇ ਵਿਰਲਾ ਟਾਂਵਾ



ਹੀ ਦਿੱਸਦਾ ਹੈ। ਪਹਿਲਾਂ ਸ਼ਹਿਰਾਂ ਵਿੱਚ ਤਾਂਗਾ ਖੜ੍ਹਾ ਕਰਨ ਲਈ ਖਾਸ ਤੌਰ 'ਤੇ ਤਾਂਗਾ ਸਟੈਂਡ ਬਣੇ ਹੁੰਦੇ ਸਨ। ਪਿੰਡਾਂ ਵਿੱਚ ਵਿਕਣ ਵਾਲੀ ਮਲਾਈ ਬਰਫ਼ ਦੀ ਜਗ੍ਹਾ ਕੁਲਫ਼ੀਆਂ ਅਤੇ ਆਈਸ-ਕ੍ਰੀਮ ਨੇ ਲੈ ਲਈ ਹੈ।ਪਹਿਲਾਂ ਜਦੋਂ ਮਲਾਈ ਬਰਫ਼ ਵਾਲਾ ਪਤਲੀ ਜਿਹੀ ਕਾਤਰ ਲਾਹ ਕਾਗ਼ਜ਼ 'ਤੇ ਪਾ ਕੇ ਦਿੰਦਾ ਸੀ ਤਾਂ ਅਮੂਲ ਦੀ ਪਿਸਤਾ ਕੁਲਫ਼ੀ ਨਾਲੋਂ ਜ਼ਿਆਦਾ ਮਜ਼ਾ ਦਿੰਦੀ ਸੀ।

ਹੁਣ ਕੋਈ ਕਿਸਾਨ ਖੇਤੀਬਾੜੀ ਲਈ ਬਲਦ ਜਾਂ ਊਠ ਨਹੀਂ ਪਾਲਦਾ। ਖੇਤੀ ਦੇ ਕਈ ਸੰਦ ਜਿਵੇਂ ਗੱਡੇ, ਹੱਲ, ਪੰਜਾਲੀਆਂ, ਅਰਲੀ, ਹੱਥ ਤੇ ਡੰਗਰਾਂ ਨਾਲ ਚੱਲਣ ਵਾਲੇ ਟੋਕੇ, ਵੇਲਣੇ, ਵੱਟਾਂ ਪਾਉਣ ਵਾਲੇ ਜਿੰਦਰੇ, ਤੂੜੀ ਦੇ ਮੂਸਲ, ਫਲ੍ਹੇ, ਤੱਕੜੀਆਂ, ਪੁਰਾਣੇ ਵੱਟੇ ਆਦਿ ਸਭ ਹੁਣ ਅਜਾਇਬ ਘਰਾਂ ਦਾ ਸ਼ਿੰਗਾਰ ਬਣ ਚੁੱਕੇ ਹਨ। ਘਰਾਂ ਵਿੱਚ ਵਰਤਣ ਵਾਲਾ ਸਮਾਨ ਹੱਥ ਵਾਲੀਆਂ ਚੱਕੀਆਂ, ਮਧਾਣੀਆਂ, ਸੇਵੀਆਂ ਵੱਟਣ ਵਾਲੀ ਬਿੱਲੀ, ਕਾੜ੍ਹਨੀ, ਚਾਟੀ, ਚੱਕਵੇਂ ਚੁੱਲ੍ਹੇ, ਨਾਲੇ ਅਤੇ ਖੇਸ ਬੁਣਨ ਵਾਲੀ ਖੱਡੀ, ਕਿੱਲੀਆਂ, ਚਰਖੇ, ਮਿੱਟੀ ਤੇ ਸਰ੍ਹੋਂ ਦੇ ਤੇਲ ਦੇ ਦੀਵੇ, ਗੁੜ ਦੀ ਚਾਹ, ਆਟੇ ਦੀਆਂ ਚਿੜੀਆਂ, ਘਰਾਂ ਦਾ ਗੁੜ-ਸ਼ੱਕਰ ਆਦਿ ਵੀ ਗ਼ਾਇਬ ਹੁੰਦੇ ਜਾ ਰਹੇ ਹਨ। ਹੁਣ ਕੁੜੀਆਂ ਪਹਿਲਾਂ ਵਾਂਗ ਤ੍ਰਿੰਵਣਾਂ ਵਿੱਚ ਬੈਠ ਕੇ ਸੂਤ ਨਹੀਂ ਕੱਤਦੀਆਂ। ਪਹਿਲਾਂ ਦੁੱਧ ਨੂੰ ਜਾਗ ਲਾ ਕੇ ਮੱਖਣ ਬਣਾਉਂਦੇ ਸਨ ਜਿਸ ਨਾਲ ਲੱਸੀ ਵੀ ਮਿਲ ਜਾਂਦੀ ਸੀ, ਪਰ ਹੁਣ ਮਲਾਈ ਲਾਹ ਕੇ ਬਿਜਲੀ ਦੀ ਮਧਾਣੀ ਨਾਲ ਰਿੜਕ ਲੈਣ ਨਾਲ ਸਿਰਫ਼ ਮੱਖਣ ਹੀ ਮਿਲਦਾ ਹੈ, ਲੱਸੀ ਤਿਆਰ ਨਹੀਂ ਹੁੰਦੀ। ਪਿੱਤਲ-ਕਾਂਸੀ ਦੀ ਜਗ੍ਹਾ ਸਟੀਲ ਦੇ ਭਾਂਡੇ ਵਰਤੇ ਜਾਣ ਕਾਰਨ ਹੁਣ ਭਾਂਡੇ ਕਲੀ ਕਰਨ ਵਾਲਿਆਂ ਦੇ ਹੋਕੇ ਵੀ ਪਿੰਡਾਂ ਵਿੱਚ ਸੁਣਾਈ ਨਹੀਂ ਦਿੰਦੇ। ਆਧੁਨਿਕ ਜ਼ਨਾਨੀਆਂ ਹੁਣ ਘੁੰਡ ਨਹੀਂ ਕੱਢਦੀਆਂ ਤੇ ਨਾ ਹੀ ਕੋਈ ਲੜਕੀ ਵਿਦਾਈ ਵੇਲੇ ਰੋਂਦੀ ਹੈ। ਪਹਿਲਾਂ ਸਕੂਲ ਜਾਣ ਲਈ ਬੋਰੀ ਵਾਲੇ ਬਸਤੇ ਹੁੰਦੇ ਸਨ। ਜਮਾਤ ਵਿੱਚ ਬੈਠਣ ਲਈ ਬੋਰੀ ਜਾਂ ਇੱਟ ਨਾਲ ਸਾਰ ਲਿਆ ਜਾਂਦਾ ਸੀ। ਜਿਸ ਵਿਦਿਆਰਥੀ ਦਾ ਬਸਤਾ ਚਿੱਟੀ ਖਾਦ ਦੀ ਬੋਰੀ ਦਾ ਬਣਿਆ ਹੁੰਦਾ ਸੀ, ਉਸਦੀ ਸਾਰੀ ਕਲਾਸ ਵਿੱਚ ਟੌਹਰ ਹੁੰਦੀ ਸੀ। ਗੰਨੇ ਹੁਣ ਕੋਈ ਨਹੀਂ ਚੂਪਦਾ, ਕਮਾਦ ਈ ਹੈ ਨ੍ਹੀਂ। ਜੱਟ ਵੀ ਸ਼ਹਿਰ ਜਾ ਕੇ ਬੜੇ ਸ਼ੌਕ ਨਾਲ ਗੰਨੇ ਦਾ 'ਜੂਸ' ਪੀਂਦੇ ਹਨ।

ਵਿਆਹਾਂ ਦੀ ਸ਼ਾਨ ਅਤੇ ਮੋਹ ਪਿਆਰ ਖ਼ਤਮ ਹੋ ਗਿਆ ਹੈ। ਵਿਆਹ ਵਿੱਚ ਪੈਸੇ ਫੂਕਣ ਦੀ ਦੌੜ ਲੱਗੀ ਹੋਈ ਹੈ। ਪਹਿਲਾਂ ਜੰਞ ੨-੩ ਦਿਨ ਰਹਿੰਦੀ ਸੀ। ਜਿੰਨੇ ਦਿਨ ਕੋਈ ਜੰਞ ਰੱਖਦਾ ਸੀ, ਓਨੀ ਹੀ ਇਲਾਕੇ ਵਿੱਚ ਬੱਲੇ-ਬੱਲੇ ਹੁੰਦੀ। ਸਾਰਾ ਪਿੰਡ ਰਲ ਮਿਲ ਕੇ ਬਰਾਤ ਦੀ ਸੇਵਾ ਕਰਦਾ ਸੀ। ਪਿੰਡ ਦੇ ਨਾਈ-ਲਾਗੀ ਸਾਰਾ ਖਾਣਾ ਤਿਆਰ ਕਰਦੇ ਸਨ। ਨਾ ਮੈਰਿਜ ਪੈਲਸਾਂ ਦਾ ਖ਼ਰਚਾ ਤੇ ਨਾ ਕੈਟਰਿੰਗ ਦਾ। ਜਾਂਞੀਆਂ ਵਾਸਤੇ ਖੁੱਲ੍ਹੀਆਂ ਮਿਠਿਆਈਆਂ, ਮਿੱਠੇ-ਨਮਕੀਨ ਚੌਲ, ਮੁਰਗਾ-ਬੱਕਰਾ

ਅਤੇ ਘੋੜੀਆਂ ਵਾਸਤੇ ਵਧੀਆ ਦਾਣਾ ਵਰਤਾਇਆ ਜਾਂਦਾ ਸੀ। ਸ਼ਰੀਕੇ ਬਰਾਦਰੀ ਵਾਲੇ ਇੱਕ-ਇੱਕ ਘੋੜੀ ਸੰਭਾਲਣ ਲਈ ਆਪਣੇ ਘਰ ਬੰਨ੍ਹ ਲੈਂਦੇ ਸਨ ਕਿ ਕੁੜੀ ਵਾਲਿਆਂ ’ਤੇ ਬਹੁਤਾ ਬੋਝ ਨਾ ਪਵੇ। ਬਹੁਤ ਮਜ਼ਾ ਆਉਂਦਾ ਸੀ ਜਦੋਂ ਲਾਗੀ ਸਵੇਰੇ ਨਾਨਕਾ ਮੇਲ ਨੂੰ ਮੰਜੀਆਂ ’ਤੇ ਪਿੱਤਲ ਦਾ ਡੱਕਵਾਂ ਚਾਹ ਦਾ ਗਿਲਾਸ ਤੇ ਨਾਲ ਮਿੱਠੀ ਬੂੰਦੀ ਅਤੇ ਮੱਠੀਆਂ ਦੇ ਥਾਲ ਵਰਤਾਉਂਦਾ ਸੀ। ਕਈ ਵਾਰ ਤਾਂ ਬਰਾਤੀ ਤਰਲੇ ਕੱਢ ਕੇ ਵਾਪਸ ਜਾਂਦੇ ਸਨ ਕਿ ਹੁਣ ਸਾਨੂੰ ਘਰ ਦੇ ਕੰਮ ਵੀ ਕਰ ਲੈਣ ਦਿਓ। ਲੜਕੇ ਦਾ ਛੁਹਾਰਾ ਪਾਉਣ ਵੇਲੇ ਚਾਬੀ ਖੂਹ ਵਿੱਚ ਸੁੱਟਣ ਦੀ ਰਸਮ ਹੁੰਦੀ ਸੀ। ਸਾਰੇ ਪਿੰਡ ਨੂੰ ੫-੫ ਰੁਪਏ ਤੇ ੫-੫ ਲੱਡੂ ਦੇ ਕੇ ਕਹਿੰਦੇ ਸਨ ਕਿ ਚਾਬੀ ਖੂਹ ਵਿੱਚ ਸੁੱਟ ਦਿੱਤੀ ਹੈ। ਜੇ ਕੋਈ ਇਸ ਤੋਂ ਵੱਧ ਖ਼ਰਚਾ ਕਰਦਾ ਸੀ ਤਾਂ ਕਿਹਾ ਜਾਂਦਾ ਸੀ ਕਿ ਫਲਾਣੇ ਨੇ ਚਾਬੀ ਖੂਹ ਵਿੱਚੋਂ ਕੱਢੀ ਹੈ। ਮਿੱਟੀ ਦੇ ਮਕਾਨ, ਸਿਰਕੀ ਅਤੇ ਕਾਨਿਆਂ ਦੀਆਂ ਛੱਤਾਂ ਹੁਣ ਕੋਈ ਨਹੀਂ ਪਾਉਂਦਾ। ਬਿਜਲੀ ਦੀਆਂ ਮੋਟਰਾਂ ਕਾਰਨ ਖੂਹਾਂ ਦਾ ਵਜੂਦ ਖ਼ਤਮ ਹੋ ਗਿਆ ਹੈ। ਜੇ ਕਿਸੇ ਪਿੰਡ ਵਿੱਚ ਖੂਹ ਹੈ ਵੀ ਤਾਂ ਕੂੜਾ ਸੁੱਟਣ ਦੇ ਕੰਮ ਆਉਂਦਾ ਹੈ। ਪਹਿਲਾਂ ਪਿੰਡਾਂ ਵਿੱਚ ਡੰਗਰ ਚਾਰਨ ਲਈ ਚਰਾਂਦਾਂ ਅਤੇ ਰੌੜਾਂ ਹੁੰਦੀਆਂ ਸਨ। ਹਰੀ-ਕ੍ਰਾਂਤੀ ਕਾਰਨ ਉਹ ਵੀ ਖ਼ਤਮ ਹੋ ਗਏ। ਪਾਣੀ ਦੀ ਵਾਰੀ ਸਹੀ ਸਮੇਂ ’ਤੇ ਲਾਉਣ ਲਈ ਪਿੰਡ ਵਿੱਚ ਇੱਕ ਘੜੀ ਵਾਲਾ ਰਾਖਾ ਹੁੰਦਾ ਸੀ। ਉਸ ਨੂੰ ਹਾੜ੍ਹੀ-ਸਾਉਣੀ ਸਾਰੇ ਪਿੰਡ ਵਾਲੇ ਥੋੜ੍ਹੇ-ਥੋੜ੍ਹੇ ਪੈਸੇ ਇਕੱਠੇ ਕਰਕੇ ਦਿੰਦੇ ਸਨ। ਉਹੀ ਹਰੇਕ ਦੇ ਪਾਣੀ ਦੀ ਵਾਰੀ ਦਾ ਸਹੀ ਸਮਾਂ ਦੱਸਦਾ ਸੀ।

ਮੈਸੇਜ ਅਤੇ ਈਮੇਲਾਂ ਕਾਰਨ ਹੁਣ ਕੋਈ ਚਿੱਠੀਆਂ ਨਹੀਂ ਪਾਉਂਦਾ। ਬੱਚਿਆਂ ਦੇ ਬਸਤਿਆਂ ਵਿੱਚੋਂ ਕਲਮ-ਦਵਾਤ, ਫੱਟੀ, ਕੈਦਾ, ਪਹਾੜੇ ਅਤੇ ਸਲੇਟਾਂ ਖ਼ਤਮ ਹੋ ਗਏ ਹਨ। ਲੀਰਾਂ ਨਾਲ ਬਣਾਈਆਂ ਗੁੱਡੀਆਂ-ਪਟੋਲੇ ਤੇ ਖਿੱਦੋ-ਖੂੰਡੀ ਦੀ ਜਗ੍ਹਾ ਚੀਨੀ ਮਾਲ ਨੇ ਲੈ ਲਈ ਹੈ। ਬਿਜਲੀ ਦੀਆਂ ਚੱਕੀਆਂ ਨੇ ਖਰਾਸ ਅਤੇ ਘਰਾਟ ਖਾ ਲਏ । ਘਰਾਟਾਂ, ਖਰਾਸਾਂ ਦਾ ਆਟਾ ਹੌਲੀ-ਹੌਲੀ ਪੀਸਿਆ ਹੋਣ ਕਾਰਨ ਬਹੁਤ ਗੁਣਕਾਰੀ ਤੇ ਮਿੱਠਾ ਹੁੰਦਾ ਸੀ। ਕਈ ਪੁਰਾਣੇ ਪੰਜਾਬੀ ਸ਼ਬਦ ਜਿਵੇਂ ਫੰਡੇ, ਝੰਡ ਕਰਨੀ, ਇਕੋਤਰ ਸੌ, ਬੂਥਾ, ਗੁੱਗੇ ਦੀ ਥੜ੍ਹੀ, ਧੌਲ, ਹੂਰਾ, ਛਾਹ-ਵੇਲਾ, ਲੌਢਾ-ਵੇਲਾ, ਮੜਾਸਾ, ਮੜ੍ਹੰਗਾ, ਮਛੋਹਰ, ਲਾਪਰਨਾ, ਤੜਾਗੀ ਆਦਿ ਤਾਂ ਨਵੀਂ ਪੀੜ੍ਹੀ ਨੂੰ ਏਲੀਅਨ ਲੱਗਦੇ ਹਨ। ਪਾਣੀ ਗੰਦਾ ਹੋਣ ਕਾਰਨ ਅੱਜਕੱਲ੍ਹ ਕੋਈ ਵੀ ਟੋਬਿਆਂ ਵਿੱਚ ਨਹਾਉਣ ਨਹੀਂ ਜਾਂਦਾ। ਹੁਣ ਵਿਆਹ ਵੇਲੇ ਕੋਈ ਪਿੰਡਾਂ ਵਿੱਚੋਂ ਮੰਜੇ ਬਿਸਤਰੇ ਇਕੱਠੇ ਨਹੀਂ ਕਰਦਾ। ਪੱਕੀ ਰੰਗਣ ਵਾਲੇ ਲਲਾਰੀ ਅਤੇ ਪੰਜਾਬੀ ਗਾਣਿਆਂ ਦੇ ਮਸ਼ਹੂਰ ਕਿਰਦਾਰ ਛੜੇ ਵੀ ਖ਼ਤਮ ਹੋ ਗਏ ਹਨ। ਪੱਕੀਆਂ ਫ਼ਰਸ਼ਾਂ ਕਾਰਨ ਘਰਾਂ ਵਿੱਚ ਗੋਹੇ-ਮਿੱਟੀ ਦਾ ਪੋਚਾ ਫੇਰਨਾ ਬੰਦ ਹੋ ਗਿਆ ਹੈ ਤੇ ਨਾ ਹੀ ਕੋਈ ਸੁਆਣੀ ਕੰਧਾਂ ’ਤੇ ਕਾਂ-ਚਿੜੀਆਂ ਬਣਾਉਂਦੀ ਹੈ।



ਪੰਜਾਬ ਵਿੱਚ ਪਰਿਵਾਰਕ ਕਦਰਾਂ ਕੀਮਤਾਂ ਅਤੇ ਸਾਂਝ ਖ਼ਤਮ ਹੋਣ ਦਾ ਮੁੱਢ ੧੯੭੦ਵਿਆਂ ਵਿੱਚ ਟੈਲੀਵਿਜ਼ਨ ਦੇ ਪ੍ਰਵੇਸ਼ ਨਾਲ ਬੱਝਣਾ ਸ਼ੁਰੂ ਹੋਇਆ ਸੀ। ਇਸ ਕਾਰਨ ਘਰਾਂ ਵਿੱਚ ਇਕੱਠੇ ਬੈਠ ਕੇ ਰਾਤ ਦੀ ਰੋਟੀ ਖਾਂਦਿਆਂ ਨਿੱਕੀਆਂ-ਨਿੱਕੀਆਂ ਗੱਲਾਂ ਕਰਨ ਦਾ ਰਿਵਾਜ ਖ਼ਤਮ ਹੋ ਗਿਆ। ਸਾਰਾ ਟੱਬਰ ਘੜੀ ਵੱਲ ਵੇਖਦਾ ਰਹਿੰਦਾ ਸੀ ਕਿ ਕਿਸ ਵੇਲੇ ੬ ਵੱਜਣ ਤੇ ਜਲੰਧਰ ਸਟੇਸ਼ਨ ਸ਼ੁਰੂ ਹੋਵੇ। ਹੁਣ ਇਹ ਜ਼ਮਾਨਾ ਆ ਗਿਆ ਹੈ ਕਿ ਜਿੰਨੇ ਕਮਰੇ ਉਨੇ ਟੀ. ਵੀ. ਤੇ ਉਹ ਵੀ ੨੪ ਘੰਟੇ ਚੱਲਦੇ ਹਨ। ਪਹਿਲਾਂ ਪਿੰਡਾਂ ਵਿੱਚ ਰੋਟੀ ਖਾ ਕੇ ਲੋਕ ਅੱਠ ਵਜੇ ਤਕ ਸੌਂ ਜਾਂਦੇ ਸਨ, ਪਰ ਹੁਣ ਅੱਧੀ ਰਾਤ ਤਕ ਟੀ. ਵੀ. ਨੂੰ ਚਿੰਬੜੇ ਰਹਿੰਦੇ ਹਨ। ਇੱਕ ਘਰ ਵਿੱਚ ਰਹਿਣ ਵਾਲੇ ਵੀ ਕਈ-ਕਈ ਦਿਨ ਆਪਸ ਵਿੱਚ ਗੱਲ ਨਹੀਂ ਕਰਦੇ। ਫਿਰ, ਰਹੀ ਸਹੀ ਕਸਰ ਹੁਣ ਇੰਟਰਨੈੱਟ ਤੇ ਮੋਬਾਈਲ ਨੇ ਪੂਰੀ ਕਰ ਦਿੱਤੀ ਹੈ। ਘਰ ਦੇ ਸਾਰੇ ਮੈਂਬਰ—ਕੀ ਬੁੱਢੇ, ਕੀ ਬੱਚੇ ਤੇ ਕੀ ਜਵਾਨ, ਸਾਰਾ ਦਿਨ ਸਕਰੀਨ ’ਤੇ ਉਂਗਲਾਂ ਮਾਰਦੇ ਰਹਿੰਦੇ ਹਨ। ਕਿਸੇ ਕੋਲ ਆਪਸ ਵਿੱਚ ਗੱਲ ਕਰਨ ਦਾ ਵਕਤ ਨਹੀਂ ਹੈ। ਜੇ ਘਰ ਵਿੱਚ ਕਿਸੇ ਨਾਲ ਗੱਲ ਕਰਨੀ ਹੋਵੇ ਤਾਂ ਉਸ ਦੇ ਕਮਰੇ ਵੱਲ ਜਾਣ ਦੀ ਬਜਾਏ ਫ਼ੋਨ ’ਤੇ ਗੱਲ ਕਰ ਲਈ ਜਾਂਦੀ ਹੈ। ਮੋਬਾਈਲ ਆਉਣ ਤੋਂ ਪਹਿਲਾਂ ਸਾਰੇ ਪਰਿਵਾਰ ਕੋਲ ਇੱਕ ਹੀ ਟੈਲੀਫ਼ੋਨ ਹੁੰਦਾ ਸੀ। ਉਸ ਨੂੰ ਸ਼ਾਨ ਨਾਲ ਘਰ ਦੇ ਸਭ ਤੋਂ ਖ਼ਾਸ ਕੋਨੇ ਵਿੱਚ ਸਜਾ ਕੇ ਰੱਖਿਆ ਜਾਂਦਾ ਸੀ ਕਿ ਆਏ ਗਏ ਨੂੰ ਸਾੜਿਆ ਜਾ ਸਕੇ। ਗਲੀ ਮੁਹੱਲੇ ਵਾਲੇ ਵੀ ਟੈਲੀਫ਼ੋਨ ਵਾਲੇ ਗੁਆਂਢੀ ਦਾ ਨੰਬਰ ਆਪਣੇ ਰਿਸ਼ਤੇਦਾਰਾਂ ਨੂੰ ਦੇ ਛੱਡਦੇ ਸਨ। ਇਸ ਗੱਲ ਦਾ ਕੋਈ ਗੁੱਸਾ ਨਹੀਂ ਸੀ ਕਰਦਾ। ਜਦੋਂ ਕਿਸੇ ਦੀ ਕਾਲ ਆਉਣੀ ਤਾਂ ਬਹੁਤ ਚਾਅ ਨਾਲ ਦੌੜ ਕੇ ਬੁਲਾ ਕੇ ਲਿਆਉਣਾ।

ਤਰੱਕੀ ਹਰ ਸਮਾਜ ਲਈ ਜ਼ਰੂਰੀ ਹੈ। ਸਾਨੂੰ ਦੁਨੀਆਂ ਦੇ ਨਾਲ ਕਦਮ ਮਿਲਾ ਕੇ ਚੱਲਣਾ ਹੀ ਪਵੇਗਾ, ਪਰ ਨਾਲ ਹੀ ਆਪਣਾ ਸੱਭਿਆਚਾਰ ਸੰਭਾਲ ਕੇ ਰੱਖਣਾ ਵੀ ਜ਼ਰੂਰੀ ਹੈ। ਕੈਨੇਡਾ-ਅਮਰੀਕਾ ਵਿੱਚ ਵੱਸ ਰਹੇ ਪਰਵਾਸੀਆਂ ਦੇ ਬੱਚਿਆਂ ਦੇ ਰਿਸ਼ਤੇ ਕਰਨ ਵੇਲੇ ਵੀ ਕੁੜੀ ਮੁੰਡੇ ਵਾਲੇ ਪਿਛਲਾ ਪਿੰਡ ਜ਼ਰੂਰ ਪੁੱਛਦੇ ਹਨ। ਸਿਆਣੇ ਸਹੀ ਕਹਿੰਦੇ ਹਨ ਕਿ ਕੋਈ ਦਰੱਖਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ। ਇਸ ਲਈ ਆਪਣੇ ਸੱਭਿਆਚਾਰ ਤੇ ਵਿਰਸੇ ਨੂੰ ਨਾਲ ਲੈ ਕੇ ਚੱਲਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ।

**(ਪੰਜਾਬੀ ਟ੍ਰਿਬਿਊਨ 12-3-2016 ’ਚੋਂ ਧੰਨਵਾਦ ਸਹਿਤ !)**

# ਸਾਂਝੇ ਸੱਭਿਆਚਾਰ ਦਾ ਮੁੱਢ ਬੰਨ੍ਹਿਆ ਸੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ

**-ਡਾ: ਜਸਪਾਲ ਸਿੰਘ**

'ਉਸ ਸਦੀਵੀ ਸੱਚ ਦੀ ਅਵਾਜ਼, ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵੇਦਨਾ ਦੀ ਨਿਰਮਲਤਾ ਅਤੇ ਸ਼ਰਧਾ ਦੀ ਤੀਬਰਤਾ ਨੇ ਸ਼ਿੰਗਾਰਿਆ ਹੋਵੇ, ਅੱਗੇ ਸਾਗਰਾਂ ਅਤੇ ਪਹਾੜਾਂ ਦੀਆਂ ਰੋਕਾਂ ਰਾਹ ਖੋਲ੍ਹ ਦੇਣਗੀਆਂ।' ਇਹ ਸ਼ਬਦ ਹਨ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਲੱਖਣਤਾ ਅਤੇ ਉਸ ਵਿੱਚ ਸਮੋਈ ਲਾਸਾਨੀ ਸਾਂਝੀਵਾਲਤਾ ਤੋਂ ਉਹ ਬਹੁਤ ਪ੍ਰਭਾਵਿਤ ਸਨ । ਹਕੀਕਤ ਹੈ ਕਿ ਮਜ਼ਹਬਾਂ ਦੇ ਤਫਰਕਿਆਂ, ਫਿਰਕਾਦਾਰੀ ਅਤੇ ਮਨੁੱਖ ਮਨੁੱਖ ਵਿਚਕਾਰ ਭੇਦ ਕਰਨ ਵਾਲੇ ਹਰ ਬੰਧਨ ਤੋਂ ਮੁਕਤ, ਸਮੁੱਚੀ ਮਨੁੱਖਤਾ ਦੀ ਸਰਬਸਾਂਝੀ ਵਿਰਾਸਤ ਹੈ—ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ । ਵਿਸ਼ਵ ਦਾ ਅਦੁੱਤੀ ਧਰਮ ਗ੍ਰੰਥ ਹੈ—ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ।

ਗੁਰੂ ਗ੍ਰੰਥ ਸਾਹਿਬ ਦੀ ਗੱਲ ਕਰਦਿਆਂ, ਸਭ ਤੋਂ ਪਹਿਲੀ ਗੱਲ ਬਾਣੀ ਦੇ ਸੰਕਲਨ ਤੇ ਸੰਪਾਦਨ ਬਾਰੇ ਕਰਨਾ ਚਾਹੁੰਦਾ ਹਾਂ । ਕਿਸੇ ਕੌਮ ਦੇ ਪੈਰੋਕਾਰਾਂ ਵਿਚਕਾਰ ਖ਼ਿਆਲਾਂ ਦੀ ਸਾਂਝ ਪੈਦਾ ਕਰਨ ਅਤੇ ਉਸਨੂੰ ਬਰਕਰਾਰ ਰੱਖਣ ਅਤੇ ਫਿਰ ਉਸ ਸਾਂਝ ਨੂੰ ਸਦੀਵੀ ਤੌਰ 'ਤੇ ਸਾਂਭੀ ਰੱਖਣ ਲਈ ਇਕ ਧਰਮ ਗ੍ਰੰਥ ਦੀ ਲੋੜ ਹੁੰਦੀ ਹੈ । ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਸੰਕਲਨ ਤੇ ਸੰਪਾਦਨ ਕਰਕੇ ਇਹੋ ਮਹਾਨ ਕਾਰਜ ਕੀਤਾ ਸੀ । ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਨਾਲ ਇਕ ਪਾਸੇ ਸਮੁੱਚੀ ਮਾਨਵਤਾ ਨੂੰ ਚਾਨਣ ਮੁਨਾਰਾ ਮਿਲ ਗਿਆ ਸੀ ਅਤੇ ਦੂਜੇ ਪਾਸੇ, ਸਿੱਖ ਪੰਥ ਦੇ ਮਹਾਨ ਧਰਮ ਗ੍ਰੰਥ ਦਾ ਵਾਰਸ ਬਣ ਗਿਆ ਸੀ ।

ਮਹਿਮਾ ਪ੍ਰਕਾਸ਼ ਵਿੱਚ ਇਕ ਥਾਂ 'ਤੇ ਜ਼ਿਕਰ ਮਿਲਦਾ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਗੁਰਿਆਈ ਦੀ ਗੱਦੀ 'ਤੇ ਬਿਰਾਜਮਾਨ ਹੋਣ ਤੋਂ ਬਾਅਦ ਬੜੀ ਸ਼ਿੱਦਤ ਨਾਲ ਇਸ ਹਕੀਕਤ ਨੂੰ ਮਹਿਸੂਸ ਕੀਤਾ ਸੀ ਕਿ ਗੁਰੂ ਨਾਨਕ ਦੇ ਪੈਰੋਕਾਰਾਂ ਦਾ ਦਾਇਰਾ ਬਹੁਤ ਵਧ ਗਿਆ ਹੈ ਅਤੇ ਹੁਣ ਇਸ ਪੰਥ ਲਈ ਬਾਣੀ ਦਾ ਸੰਕਲਨ ਕਰਕੇ ਗ੍ਰੰਥ ਦੀ ਰਚਨਾ ਕੀਤੀ ਜਾਣੀ ਜ਼ਰੂਰੀ ਹੈ।

**ਯਹ ਮਨ ਉਪਜੀ ਪ੍ਰਗਟਿਓ ਜਗ ਪੰਥ ।**
**ਤਿਹ ਕਾਰਨ ਕੀਜੈ ਅਬ ਗ੍ਰੰਥ ।**

ਇਤਿਹਾਸ ਇਸ ਤੱਥ ਦੀ ਗਵਾਹੀ ਭਰਦਾ ਹੈ ਕਿ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਸਾਰੇ ਗੁਰੂ ਸਾਹਿਬਾਨ ਆਪਣੇ-ਆਪਣੇ ਸਮੇਂ ਬਾਣੀ ਸਿਰਜਣ ਦੇ ਨਾਲ-ਨਾਲ, ਬਾਣੀ ਨੂੰ ਇਕੱਤਰ ਕਰਨ ਲਈ ਭਰਪੂਰ ਯਤਨ ਕਰਦੇ ਆ ਰਹੇ ਸਨ ਅਤੇ ਇਹ ਕਾਰਜ ਗੁਰੂ ਨਾਨਕ ਪਾਤਿਸ਼ਾਹ ਦੇ ਵੇਲੇ ਤੋਂ ਹੀ ਸ਼ੁਰੂ ਹੋ ਗਿਆ ਸੀ।



ਇਤਿਹਾਸਿਕ ਲਿਖਤਾਂ ਵਿੱਚ ਇਹ ਹਵਾਲੇ ਵੀ ਮਿਲਦੇ ਹਨ ਕਿ ਗੁਰਗੱਦੀ ਦੇਣ ਸਮੇਂ ਹਰ ਗੁਰੂ ਆਪਣੇ ਵਾਰਸ ਨੂੰ ਆਪਣੀ ਬਾਣੀ ਅਤੇ ਪਹਿਲੇ ਗੁਰੂ ਸਾਹਿਬਾਨ ਤੋਂ ਪ੍ਰਾਪਤ ਬਾਣੀ ਸੰਗ੍ਰਹਿ ਸੌਂਪਦਾ ਚਲਾ ਗਿਆ ਅਤੇ ਇਸ ਤਰ੍ਹਾਂ ਸਮੁੱਚੀ ਬਾਣੀ ਇਕੱਤਰ ਹੁੰਦੀ ਹੋਈ ਪੰਚਮ-ਪਾਤਿਸ਼ਾਹ, ਗੁਰੂ ਅਰਜਨ ਦੇਵ ਜੀ ਪਾਸ ਪਹੁੰਚ ਗਈ। ਫਿਰ ਪ੍ਰਚਾਰ ਮੁਹਿੰਮ ਦਾ ਸਾਰਾ ਕੰਮ ਮੁਕਾ ਕੇ, ਜਦੋਂ ਗੁਰੂ ਸਾਹਿਬ ਅੰਮ੍ਰਿਤਸਰ ਆ ਗਏ ਅਤੇ ਆਪਣਾ ਸਾਰਾ ਧਿਆਨ ਗੁਰੂ ਗ੍ਰੰਥ ਸਾਹਿਬ ਦੀ ਬੀੜ ਦੇ ਕੰਮ ਨੂੰ ਮੁਕੰਮਲ ਕਰਨ 'ਤੇ ਲਾ ਦਿੱਤਾ । ਤਕਰੀਬਨ ਤਿੰਨ ਸਾਲ ਬਾਣੀ ਦੇ ਸੰਕਲਨ ਤੇ ਸੰਪਾਦਨ ਦਾ ਇਹ ਮਹਾਨ ਕਾਰਜ ਚਲਦਾ ਰਿਹਾ ਅਤੇ ੧੬੦੪ ਈਸਵੀ ਵਿੱਚ ਗੁਰੂ ਅਰਜਨ ਸਾਹਿਬ ਦੁਆਰਾ ਸੰਪਾਦਿਤ ਗੁਰੂ ਗ੍ਰੰਥ ਦੀ ਬੀੜ ਦਾ ਪਹਿਲਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕਰ ਦਿੱਤਾ ਗਿਆ ।

ਇਤਿਹਾਸਿਕ ਦ੍ਰਿਸ਼ਟੀ ਤੋਂ ਵੇਖੀਏ ਤਾਂ ਇਹ ਹਕੀਕਤ ਬੜੀ ਸ਼ਿੱਦਤ ਨਾਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਿਰਜਣਾ ਉਦੋਂ ਹੋਈ ਜਦੋਂ ਇਕ ਨਵੀਂ ਸੱਭਿਆਚਾਰਿਕ ਕ੍ਰਾਂਤੀ ਦੀ ਸਖ਼ਤ ਲੋੜ ਸੀ । ਇਹ ਉਹ ਸਮਾਂ ਸੀ ਜਦੋਂ ਇਕ ਪਾਸੇ ਕੱਟੜ ਇਸਲਾਮੀ ਸੱਭਿਆਚਾਰ ਆਪਣੇ ਪੈਰ ਪਸਾਰ ਰਿਹਾ ਸੀ ਅਤੇ ਦੂਜੇ ਪਾਸੇ ਹਿੰਦੂ ਕਰਮ-ਕਾਂਡੀ ਸੱਭਿਆਚਾਰ ਆਪਣੀ ਪਕੜ ਮਜ਼ਬੂਤ ਕਰ ਰਿਹਾ ਸੀ । ਇਕ ਪਾਸੇ ਵਿਤਕਰੇ ਤੇ ਵਧੀਕੀਆਂ ਸਨ ਅਤੇ ਦੂਜੇ ਪਾਸੇ ਵਹਿਮ ਤੇ ਅੰਧ-ਵਿਸ਼ਵਾਸ । ਹੁਕਮਰਾਨ ਤਬਕਾ ਇਸਲਾਮ ਦੇ ਨਾਂ 'ਤੇ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਦਾ ਹਨਨ ਕਰ ਰਿਹਾ ਸੀ ਅਤੇ ਬ੍ਰਾਹਮਣ ਵਰਗ ਸਮਾਜ ਨੂੰ ਵੰਡ ਕੇ, ਆਪਣੀ ਸਰਦਾਰੀ ਪੱਕੀ ਕਰ ਰਿਹਾ ਸੀ । ਇਸ ਸਾਰੇ ਪਰਿਪੇਖ ਵਿੱਚ ਗੁਰੂ ਸਾਹਿਬਾਨ ਨੇ ਇਕ ਨਵੇਂ ਸੱਭਿਆਚਾਰ ਦੀ ਸਿਰਜਣਾ ਦਾ ਆਗਾਜ਼ ਕੀਤਾ ਸੀ ।

ਗੁਰੂ ਨਾਨਕ ਦੇਵ ਜੀ ਇਸ ਨਵੇਂ ਸੱਭਿਆਚਾਰ ਦੇ ਮੋਢੀ ਸਨ । ਗੱਲ ਵੇਈਂ ਨਦੀ ਦੇ ਪ੍ਰਕਰਣ **'ਨਾ ਕੋ ਹਿੰਦੂ ਨਾ ਮੁਸਲਮਾਨ'** ਤੋਂ ਸ਼ੁਰੂ ਹੋਈ ਸੀ ਅਤੇ ਉਸਦਾ ਅੰਜਾਮ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਤੇ ਉਸ ਦੀ ਗੁਰਿਆਈ ਸੀ । ਗੁਰੂਆਂ ਦੁਆਰਾ ਪ੍ਰਸਤਾਵਿਤ ਇਹ ਨਵਾਂ ਸੱਭਿਆਚਾਰ **'ਸਾਂਝਾ'** ਸੀ । ਇਸ ਸੱਭਿਆਚਾਰ ਦੀ ਬੁਨਿਆਦ ਮਨੁੱਖੀ ਆਜ਼ਾਦੀ ਤੇ ਬਰਾਬਰੀ ਉੱਪਰ ਰੱਖੀ ਗਈ ਸੀ। ਸਵੈ-ਮਾਣ ਤੇ ਸਹਿਹੋਂਦ ਇਸ ਦੀਆਂ ਮੁੱਖ ਖਾਸੀਅਤਾਂ ਸਨ। ਵੱਖ-ਵੱਖ ਧਰਮਾਂ ਵਿਚਕਾਰ ਆਪਸੀ ਸਦਭਾਵ ਅਤੇ ਇਕ ਦੂਜੇ ਦੀ ਸਮਝ, ਇਸ ਸੱਭਿਆਚਾਰ ਦਾ ਪ੍ਰਮੁੱਖ ਗੁਣ ਸੀ ਤੇ ਬਹੁਲਵਾਦੀ ਸਮਾਜ ਦੀ ਸਿਰਜਣਾ ਇਸ ਸੱਭਿਆਚਾਰ ਦਾ ਮੁੱਖ ਨਿਸ਼ਾਨਾ ਸੀ । ਗੁਰੂ ਸਾਹਿਬਾਨ ਨੇ ਇਸ ਨਵੇਂ ਸੱਭਿਆਚਾਰ ਦੇ ਖ਼ਿਆਲਾਂ ਨੂੰ ਆਪਣੀ ਬਾਣੀ ਦੁਆਰਾ ਪ੍ਰਗਟ ਕੀਤਾ ਅਤੇ ਫਿਰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਾਰੀ ਬਾਣੀ ਦੇ ਸੰਕਲਨ ਤੇ ਸੰਪਾਦਨ ਰਾਹੀਂ, ਇਸ ਸਾਂਝੇ ਸੱਭਿਆਚਾਰ ਦੇ ਵਿਚਾਰ ਨੂੰ ਸਦੀਵੀ ਬਣਾ ਦਿੱਤਾ ।

ਇਸ ਸੰਦਰਭ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਇਕ ਬੁਨਿਆਦੀ ਵਿਸ਼ੇਸ਼ਤਾ ਸਮਝਣ ਵਾਲੀ ਹੈ । ਬਾਣੀ ਹਰ ਤਰ੍ਹਾਂ ਦੇ ਵਿਤਕਰੇ ਦਾ ਪੁਰਜ਼ੋਰ ਵਿਰੋਧ ਕਰਦੀ ਹੈ; ਭਾਵੇਂ ਉਹ ਵਿਤਕਰਾ ਧਰਮ, ਜਾਤੀ, ਲਿੰਗ, ਰੰਗ-ਭੇਦ ਜਾਂ ਕਿਸੇ ਵੀ ਹੋਰ ਆਧਾਰ 'ਤੇ ਹੋਵੇ । ਉਹ ਭਾਈਚਾਰਿਕ ਬਰਾਬਰੀ ਵਾਲੀ ਬਣਤਰ ਦੀ ਵਕਾਲਤ ਕਰਦੀ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਉਦਾਰਚਿੱਤ ਅਤੇ ਸਮਦ੍ਰਿਸ਼ਟ ਹੋ ਕੇ ਸਾਰੇ ਵਿਸ਼ਵ ਨੂੰ ਇਕ ਕੁਟੰਬ ਵਜੋਂ ਤਸੱਵਰ ਕਰਨ ਦਾ ਸੰਦੇਸ਼ ਦਿੰਦੀ ਹੈ । ਬਾਣੀ ਵਿੱਚ '**ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥**' (**ਅੰਗ ੬੧੧**) ਅਤੇ '**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥**' (**ਅੰਗ ੧੩੪੯**) ਦਾ ਸਿਧਾਂਤ ਇਕਸਾਰ ਸਮੋਇਆ ਹੋਇਆ ਹੈ। ਮਿਸਾਲ ਵਜੋਂ ਜਾਤੀ ਦੇ ਆਧਾਰ 'ਤੇ ਉਚ-ਨੀਚ ਦਾ ਵਰਤਾਰਾ ਕਰਨ ਵਾਲਿਆਂ ਨੂੰ ਬਾਣੀ ਦੀ ਸਿੱਖਿਆ ਹੈ: '**ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥**'(**ਅੰ: ੩੪੯**)। ਧਰਮ ਦੇ ਆਧਾਰ 'ਤੇ ਭੇਦ ਵਰਤਣ ਵਾਲਿਆਂ ਨੂੰ ਬੜੇ ਨਿਮਰ ਭਾਵ ਨਾਲ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ—ਨਾਨਕ ਵਿਚਾਰਾ ਕੀ ਆਖ ਸਕਦਾ ਹੈ ? ਸਾਰਾ ਸੰਸਾਰ ਉਸ ਇੱਕ ਨੂੰ ਸਲਾਹ ਰਿਹਾ ਹੈ । ਨਾਨਕ ਦਾ ਸਿਰ ਤਾਂ ਹਰ ਉਸ ਧਰਮੀ ਬੰਦੇ ਦੇ ਕਦਮਾਂ ਵਿੱਚ ਹੈ ਜਿਹੜਾ ਪਰਮਾਤਮਾ ਦੀ ਸਿਫ਼ਤ ਸਲਾਹ ਵਿੱਚ ਲੱਗਿਆ ਹੋਇਆ ਹੈ । ਕਿਸ ਵਿਧੀ ਨਾਲ ਅਤੇ ਕਿਸ ਨਾਮ ਨਾਲ ਉਹ ਪਰਮਾਤਮਾ ਨੂੰ ਯਾਦ ਕਰਦਾ ਹੈ, ਇਸ ਨਾਲ ਮੇਰਾ ਕੋਈ ਸਰੋਕਾਰ ਨਹੀਂ । ਜਿੰਨੇ ਵੀ ਤੇਰੇ ਨਾਮ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ ।

**ਨਾਨਕੁ ਵੇਚਾਰਾ ਕਿਹਾ ਕਹੈ ॥ ਸਭੁ ਲੋਕੁ ਸਲਾਹੇ ਏਕਸੈ ॥**
**ਸਿਰੁ ਨਾਨਕ ਲੋਕਾ ਪਾਵ ਹੈ ॥ ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ ॥**
**(ਅੰਗ ੧੧੬੮)**

ਦਰਅਸਲ, ਬਾਣੀ ਵਿੱਚ ਧਰਮ ਨੂੰ ਬੜੇ ਵਸੀਹ ਅਰਥਾਂ ਵਿੱਚ ਪਰਿਭਾਸ਼ਤ ਕੀਤਾ ਗਿਆ ਹੈ । ਬਾਣੀ ਦਾ ਧਰਮ, ਇਕ ਰੂਹਾਨੀ ਅਤੇ ਨੈਤਿਕ ਜਜ਼ਬਾ ਹੈ ਜਿਹੜਾ ਅਮਲੀ ਜੀਵਨ ਜਿਊਣ ਦੀ ਪ੍ਰੇਰਨਾ ਦਿੰਦਾ ਹੈ । ਉਸ ਦਾ ਸਾਰਾ ਜ਼ੋਰ ਆਚਾਰ ਦੀ ਸੱਚਤਾ ਤੇ ਸੁੱਚਤਾ 'ਤੇ ਹੈ । ਸ੍ਰੀ ਰਾਗ ਵਿੱਚ ਗੁਰੂ ਨਾਨਕ ਪਾਤਸ਼ਾਹ ਇਸ ਬਚਨ '**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥**' ਇਸੇ ਵਿਚਾਰ ਨੂੰ ਦ੍ਰਿੜ੍ਹ ਕਰਾਉਂਦਾ ਹੈ । ਸੁਖਮਨੀ ਸਾਹਿਬ ਵਿੱਚ ਆਇਆ, ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਵੀ ਇਸ ਸੰਦਰਭ ਵਿੱਚ ਨੋਟ ਕਰਨ ਵਾਲਾ ਹੈ । ਚੰਗੇ ਕੰਮ ਕਰਨਾ ਅਤੇ ਪਰਮਾਤਮਾ ਨੂੰ ਯਾਦ ਰੱਖਣਾ ਹੀ, ਸਾਰੇ ਧਰਮਾਂ ਤੋਂ ਸ੍ਰੇਸ਼ਟ ਧਰਮ ਹੈ:

**ਸਰਬ ਧਰਮ ਮਹਿ ਸ੍ਰੇਸਟ ਧਰਮੁ ॥**
**ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਅੰਗ ੨੬੬)**

ਫਿਰ ਬਾਣੀ ਦਾ ਧਰਮ, ਦੂਜਿਆਂ ਪ੍ਰਤੀ ਹਮਦਰਦੀ ਤੇ ਰਹਿਮ ਦਿਲੀ



ਦੀ ਭਾਵਨਾ ਅਤੇ ਆਪਣੇ ਲਈ ਸਬਰ ਤੇ ਸੰਤੋਖ ਦੀ ਇੱਛਾ ਦੀ ਬੁਨਿਆਦ ਉੱਪਰ ਟਿਕਿਆ ਹੋਇਆ ਹੈ। ਜਪੁ ਜੀ ਸਾਹਿਬ ਵਿੱਚ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ ਧਰਮ ਰੂਪੀ ਬਲਦ, ਜਿਸ ਦੇ ਸਹਾਰੇ ਸ੍ਰਿਸ਼ਟੀ ਟਿਕੀ ਹੋਈ ਹੈ, ਦਇਆ ਦਾ ਪੁੱਤਰ ਹੈ ਅਤੇ ਧਰਮ ਨੇ ਆਪਣੀ ਮਰਿਆਦਾ ਰਾਹੀਂ ਹੀ ਸੰਤੋਖ ਨੂੰ ਪੈਦਾ ਕੀਤਾ ਹੈ-

**ਧੌਲੁ ਧਰਮੁ ਦਇਆ ਕਾ ਪੂਤੁ॥**
**ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਅੰਗ੩)**

ਰਤਾ ਗਹੁ ਨਾਲ ਵੇਖੀਏ ਤਾਂ ਸੰਸਾਰ ਵਿੱਚ ਬਰਾਬਰੀ, ਏਕਤਾ ਅਤੇ ਆਪਸੀ ਸਾਂਝ ਤੇ ਸਦਭਾਵਨਾ ਪੈਦਾ ਕਰਨ ਲਈ ਬਾਣੀ ਨੇ ਇਹ ਨਾਯਾਬ ਫਾਰਮੂਲਾ ਦਿੱਤਾ ਹੈ । ਜੇ ਮਨੁੱਖ ਇਸ ਗੱਲ ਨੂੰ ਆਪਣੇ ਜੀਵਨ ਵਿੱਚ ਉਤਾਰ ਲਵੇ-'**ਹਮ ਨਹੀ ਚੰਗੇ ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ ਤਾਰੇ ਸੋਇ ॥**' (ਅੰਗ ੭੨੮), ਤਾਂ ਸ਼ਾਇਦ ਸਾਰੇ ਵਿਤਕਰੇ ਤੇ ਤੁਫਰਕੇ ਮਿਟ ਸਕਦੇ ਹਨ । ਗੁਰੂ ਅਰਜਨ ਸਾਹਿਬ ਨੇ ਵੀ ਐਸੀ ਸਥਿਤੀ ਦੀ ਕਲਪਨਾ ਕੀਤੀ ਹੈ-'**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥**' (**ਅੰਗ ੬੭੧**), ਬਾਣੀ ਦਾ ਸਾਰਾ ਇਹ ਵਿਚਾਰ ਪਰਵਾਹ ਉਸ ਦੇ ਸਾਂਝੇ ਸੱਭਿਆਚਾਰ ਦੇ ਸੰਕਲਪ ਦੀ ਸਪੱਸ਼ਟ ਨਿਸ਼ਾਨਦੇਹੀ ਕਰਦਾ ਹੈ ।

ਆਖਰ ਵਿੱਚ, ਇਕ ਗੱਲ ਹੋਰ । ਅੱਜ ਅਸੀਂ ਐਸੇ ਦੌਰ ਵਿੱਚ ਦਾਖ਼ਲ ਹੋ ਗਏ ਹਾਂ, ਜਿੱਥੇ ਵੱਖ-ਵੱਖ ਸੱਭਿਆਚਾਰਿਕ ਇਕਾਈਆਂ ਅਤੇ ਤਹਿਜ਼ੀਬਾਂ ਨੂੰ ਇਕ ਦੂਜੇ ਨਾਲ ਸ਼ਾਂਤੀਪੂਰਨ ਮਾਹੌਲ ਵਿੱਚ ਸਹਿਹੋਂਦ ਦੀ ਭਾਵਨਾ ਨਾਲ ਰਹਿਣਾ ਸਿੱਖਣਾ ਹੋਵੇਗਾ। ਇਕ ਦੂਜੇ ਦੇ ਸੱਭਿਆਚਾਰ ਤੇ ਇਤਿਹਾਸ ਨੂੰ ਸਮਝਣਾ ਪਵੇਗਾ, ਇਕ-ਦੂਜੇ ਦੀਆਂ ਪਰੰਪਰਾਵਾਂ, ਧਾਰਮਿਕ ਅਕੀਦਿਆਂ, ਭਾਸ਼ਾ ਤੇ ਹੋਰ ਸੱਭਿਆਚਾਰਿਕ ਵੰਨਗੀਆਂ ਦਾ ਸਤਿਕਾਰ ਕਰਨ ਦੀ ਪਿਰਤ ਪਰਿਪੱਕ ਕਰਨੀ ਪਵੇਗੀ । ਇਕ ਦੂਜੇ ਪਾਸੋਂ ਕੁਝ ਸਿੱਖਣ ਤੇ ਗ੍ਰਹਿਣ ਕਰਨ ਦੀ ਆਦਤ ਪਾਉਣੀ ਪਵੇਗੀ ।

ਵੱਖ-ਵੱਖ ਧਿਰਾਂ ਵਿਚਕਾਰ ਸੰਵਾਦ ਸਿਰਜਣਾ ਪਵੇਗਾ । ਸੰਵਾਦ ਦੀਆਂ ਧਿਰਾਂ ਦੀ ਤਲਾਸ਼ ਕਰਕੇ ਉਨ੍ਹਾਂ ਵਿਚਕਾਰ ਸੰਵਾਦ ਦੀਆਂ ਸਥਿਤੀਆਂ ਪੈਦਾ ਕਰਨੀਆਂ ਪੈਣਗੀਆਂ । ਮੇਰੀ ਮਾਨਤਾ ਹੈ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਸ ਸਾਰੇ ਸੰਦਰਭ ਵਿੱਚ ਮਨੁੱਖੀ ਭਾਈਚਾਰੇ ਦਾ ਢੁੱਕਵਾਂ ਮਾਰਗ ਦਰਸ਼ਨ ਕਰ ਸਕਦੀ ਹੈ ।

ਅਸਲ ਵਿੱਚ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਬੁਨਿਆਦੀ ਸੁਭਾਅ ਸਾਂਝ ਵਾਲਾ ਹੈ, ਸਦਭਾਵਨਾ ਵਾਲਾ ਹੈ । ਉਸ ਦਾ ਪਸਾਰ ਬਹੁਤ ਵੱਡਾ ਹੈ । ਉਸ ਦੇ ਖੁੱਲ੍ਹੇ-ਡੁੱਲ੍ਹੇ ਘੇਰੇ ਵਿੱਚ ਕਿਸੇ ਵੀ ਤਰ੍ਹਾਂ ਦੀ ਹੱਦਬੰਦੀ ਲਈ,ਵੰਡ ਤੇ ਵਿਤਕਰੇ ਦੀ ਕੋਈ ਥਾਂ ਨਹੀਂ । ਬਾਣੀ ਦੇ ਚਿੰਤਨ 'ਚ ਇਕੋ ਸਾਂਝੇ ਸੱਭਿਆਚਾਰ ਦਾ ਮੁੱਢ ਬੱਝਦਾ ਸਾਫ਼ ਅਤੇ ਸਪੱਸ਼ਟ ਨਜ਼ਰ ਆਉਂਦਾ ਹੈ ।

**(ਅਜੀਤ 14-09-2015 'ਚੋਂ ਧੰਨਵਾਦ ਸਹਿਤ !)**

# ਰਸਾਤਲ ਵੱਲ ਜਾ ਰਹੀ ਹੈ ਪੰਜਾਬੀ ਗੀਤਕਾਰੀ ਤੇ ਗਾਇਕੀ

**-ਅਮਨਪ੍ਰੀਤ ਪਰਮ ਸਹੋਤਾ**

ਤੜਕਸਾਰ ਠੰਢੀ-ਠੰਢੀ ਪੌਣ ਦੇ ਰੁਮਕਣ ਦੇ ਨਾਲ ਪੰਛੀਆਂ ਦਾ ਸੰਗੀਤ ਰੂਹ ਨੂੰ ਸਰਸ਼ਾਰ ਕਰ ਦਿੰਦਾ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਜਗਨਨਾਥ ਪੁਰੀ ਵਿਖੇ ਧਨਾਸਰੀ ਰਾਗ ਵਿੱਚ ਉਚਾਰੀ ਆਰਤੀ ਵਿੱਚ ਕੁਦਰਤ ਦੁਆਰਾ ਕਾਦਰ ਨੂੰ ਸਿਜਦਾ ਕਰਨ ਦੇ ਦ੍ਰਿਸ਼ ਵਾਂਙ ਰਾਤ ਦੇ ਅਖ਼ੀਰਲੇ ਪਹਿਰ ਪੰਛੀਆਂ ਦੀ ਟੋਲੀ ਵੀ ਉਸ ਸਿਰਜਣਹਾਰ ਦਾ ਜਾਪ ਕਰਦੀ ਪ੍ਰਤੀਤ ਹੁੰਦੀ ਹੈ । ਗੀਤ ਸੰਗੀਤ ਤਾਂ ਉਦੋਂ ਹੀ ਮਾਨਵ ਜੀਵਨ ਦਾ ਹਿੱਸਾ ਬਣ ਗਿਆ ਸੀ ਜਦ ਉਹ ਪਹਾੜਾਂ ਦੀਆਂ ਕੰਦਰਾਂ 'ਚੋਂ ਨਿਕਲ ਕੇ ਕਬੀਲਿਆਂ ਦੇ ਰੂਪ ਵਿੱਚ ਸਮਾਜਿਕ ਪ੍ਰਾਣੀ ਬਣਿਆ । ਥੱਕੇ ਹਾਰੇ ਸਰੀਰ ਜਾਂ ਖੁਸ਼ੀ ਮੌਕੇ ਮਨ ਨੂੰ ਸਰੂਰ ਦੇਣ ਦੀ ਇਕ ਜੁਗਤ ਸੀ ਇਹ । ਉਦੇਸ਼ ਬਦਲ ਜਾਵੇ ਤਾਂ ਮਨ ਨੂੰ ਸਕੂਨ ਦੇਣ ਵਾਲਾ ਸੰਗੀਤ ਵੀ ਚੀਕ ਚਹਾੜਾ ਲੱਗਣ ਲੱਗ ਜਾਂਦਾ ਹੈ ।

ਦੁਨੀਆਂ ਨੂੰ ਭੁੱਲ ਕੇ ਜਦ ਘੁਮਿਆਰ ਗਿੱਲੀ ਮਿੱਟੀ ਨੂੰ ਚੱਕ 'ਤੇ ਚਾੜ੍ਹਦਾ ਹੈ ਤਾਂ ਇਕ ਹੱਥ ਬਾਹਰੋਂ ਤੇ ਇਕ ਹੱਥ ਅੰਦਰੋਂ ਆਕਾਰ ਦਿੰਦਾ ਹੋਇਆ ਨਵੀਂ ਸਿਰਜਣਾ ਕਰਦਾ ਹੈ । ਭਰ ਗਰਮੀ ਵਿੱਚ ਵੀ ਘੜੇ ਸੀਤਲ ਜਲ ਨੂੰ ਠੰਢਾ ਰੱਖਣ ਦੀ ਵਿਸ਼ੇਸ਼ਤਾ ਰੱਖਦੇ ਹਨ । ਇਹ ਸ਼ਾਇਦ ਰੱਬ ਦੇ ਨਵੀਆਂ ਵਸਤੂਆਂ ਨੂੰ ਆਕਾਰ ਦੇਣ ਦੇ ਕੰਮ ਦੀ ਹੀ ਨਕਲ ਹੈ । ਮਨ ਦੇ ਭਾਵਾਂ ਨੂੰ ਕਾਗ਼ਜ਼ 'ਤੇ ਉਤਾਰਨ ਦੀ ਸ਼ਕਤੀ ਰੱਖਣ ਵਾਲਿਆਂ ਵੱਲੋਂ ਵੀ ਮਨ ਦੀ ਲੀਨਤਾ ਤੇ ਇਕਾਗਰਤਾ ਨਾਲ ਅਜਿਹੀ ਸਿਰਜਣਾ ਕਰਨੀ ਚਾਹੀਦੀ ਹੈ, ਜੋ ਪੜ੍ਹਨ ਸੁਣਨ ਵਾਲੇ ਦੇ ਸੀਨੇ ਠੰਢ ਪਾਵੇ । ਕੀਤੀ ਰਚਨਾ ਤੋਂ ਸਿਰਜਣਹਾਰ ਦੇ ਸੁਹਜ ਸਲੀਕੇ ਦੀ ਝਲਕ ਮਿਲ ਜਾਂਦੀ ਹੈ ।

ਮਲਾਲਾ ਯੂਸਫਜ਼ਈ, ਦੁਨੀਆਂ ਦੀ ਸਭ ਤੋਂ ਛੋਟੀ ਨੋਬਲ ਇਨਾਮ ਜੇਤੂ, ਨੇ ਮਹਿਸੂਸਦਿਆਂ ਲਿਖਿਆ ਹੈ ਕਿ '**ਇਕ ਬੱਚਾ, ਇਕ ਅਧਿਆਪਕ, ਇਕ ਕਿਤਾਬ ਤੇ ਇਕ ਕਲਮ ਪੂਰੇ ਵਿਸ਼ਵ ਨੂੰ ਬਦਲਣ ਦੀ ਸ਼ਕਤੀ ਰੱਖਦੇ ਹਨ ।**' ਬੜਾ ਸਪੱਸ਼ਟ ਹੈ ਕਿ ਛੋਟੀ ਜਿਹੀ ਬੱਚੀ ਨੇ ਕਲਮ ਦੀ ਸ਼ਕਤੀ ਨੂੰ ਮਹਿਸੂਸ ਲਿਆ । ਹਮੇਸ਼ਾਂ ਵੱਡਾ ਬੰਦਾ ਹੀ ਵੱਡਾ ਲਿਖ ਸਕਦਾ ਹੈ, ਦੀ ਮਿੱਥ ਵੀ ਕੱਖੋਂ ਹੌਲੀ ਹੋ ਗਈ । ਜ਼ਮੀਨ ਦੀ ਹਿੱਕ 'ਤੇ ਡੂੰਘਾ ਹਲ ਚੱਲੇ ਤਾਂ ਹਰੀਆਂ ਕਚੂਰ ਫ਼ਸਲਾਂ ਪੈਦਾ ਹੁੰਦੀਆਂ ਹਨ । ਜਦ ਕਲਮ ਕੋਰੇ ਕਾਗ਼ਜ਼ 'ਤੇ ਹਰਫ਼ਾਂ ਨੂੰ ਆਕ੍ਰਿਤੀਆਂ ਦਿੰਦੀ ਹੈ ਤਾਂ ਪੂਰੇ ਸਮਾਜ ਨੂੰ ਸੇਧ ਦੇਣ ਦਾ ਰੋਡ ਮੈਪ ਤਿਆਰ ਹੋ ਜਾਂਦਾ ਹੈ, ਬਸ਼ਰਤੇ ਕਿ ਕਲਮ ਚਲਾਉਣ ਵਾਲਾ ਉੱਚੀ, ਸੁੱਚੀ ਤੇ ਤਰਕ ਭਰਪੂਰ ਸੋਚ ਦਾ ਮਾਲਕ ਹੋਵੇ । ਜਦੋਂ ਗੁਰੂ ਗੋਬਿੰਦ ਸਿੰਘ ਜੀ ਦੀ ਕਲਮ ਨੇ ਜ਼ਫ਼ਰਨਾਮੇ ਨੂੰ ਜਨਮ ਦਿੱਤਾ ਸੀ ਤਾਂ ਧਰਤੀ 'ਤੇ ਆਪਣੇ ਆਪ ਨੂੰ ਰੱਬ ਸਮਝਣ ਵਾਲੇ ਔਰੰਗਜ਼ੇਬ ਦਾ ਜ਼ਾਲਮ ਦਿਲ ਵੀ ਮੋਮ ਵਾਂਙ ਢਲ ਗਿਆ ਸੀ ।

ਗੁਰੂ ਸਾਹਿਬਾਨ ਨੇ ਧਰਮ ਦੀ ਹਾਨੀ ਨੂੰ ਰੋਕਣ ਤੇ ਮਾਨਵਤਾ ਦੀ ਭਲਾਈ



ਲਈ ਕਿਰਪਾਨ ਚੁੱਕੀ ਤੇ ਨਾਲ ਹੀ ਮਨੁੱਖਤਾ ਦੇ ਨੈਤਿਕ ਪੱਧਰ ਨੂੰ ਉੱਚਾ ਚੁੱਕਣ ਲਈ ਆਪਣੇ ਮੁਖਾਰਬਿੰਦ ਵਿੱਚੋਂ ਪਵਿੱਤਰ ਬਾਣੀ ਦਾ ਉਚਾਰਨ ਕਰਕੇ ਕਲਮ ਰਾਹੀਂ ਸਫ਼ਿਆਂ 'ਤੇ ਉੱਕਰ ਦਿੱਤਾ, ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਸਿੱਖੀ ਦੇ ਸਰਬੱਤ ਦਾ ਭਲਾ ਮੰਗਣ ਵਾਲੇ ਫ਼ਲਸਫ਼ੇ ਤੋਂ ਬੇਮੁੱਖ ਨਾ ਹੋ ਜਾਣ । ਛੇਵੇਂ ਗੁਰੂ ਸਾਹਿਬ ਤੋਂ ਲੈ ਕੇ ਦਸਵੇਂ ਗੁਰੂ ਸਾਹਿਬ ਤਕ ਦੇ ਸੰਘਰਸ਼ੀ ਜੀਵਨ ਦੀ ਗਾਥਾ ਦਾ ਪਾਠ ਕਰਨ ਤੇ ਅੱਖਾਂ ਅੱਡੀਆਂ ਰਹਿ ਜਾਂਦੀਆਂ ਹਨ । ਜ਼ੁਲਮ ਦੇ ਸਿਖਰ ਸਮੇਂ ਵੀ ਗੁਰੂ ਸਾਹਿਬ ਦੀ ਤਲਵਾਰ ਹਮੇਸ਼ਾਂ ਮਾਨਵਤਾ ਦੀ ਭਲਾਈ ਲਈ ਹੀ ਉੱਠੀ । ਅੱਜ ਦੇ ਮੇਰੇ ਭਰਾ ਗਾਇਕ ਤੇ ਗੀਤਕਾਰ ਤਾਂ ਪਤਾ ਨਹੀਂ ਨਵੀਂ ਪੀੜ੍ਹੀ ਨੂੰ ਕਿਹੜੀ ਜੰਗ ਲਈ ਹਥਿਆਰ ਚੁੱਕਣ ਲਈ ਉਕਸਾ ਰਹੇ ਹਨ । ਨੌਜਵਾਨਾਂ ਦੇ ਜੋਸ਼ ਨੂੰ ਉਕਸਾਹਟ ਵਿੱਚ ਬਦਲਣਾ ਬਹੁਤ ਹੀ ਅਸਾਨ ਹੈ । ਸੰਗੀਤ ਰੂਹ ਦੀ ਖ਼ੁਰਾਕ ਨਾ ਹੋ ਕੇ ਰੂਹ ਨੂੰ ਧੁਰ ਅੰਦਰ ਤਕ ਛਲਣੀ ਕਰ ਰਿਹਾ ਹੈ । ਰਸੂਲ ਹਮਜ਼ਾਤੋਵ ਗਾਣਿਆਂ ਨੂੰ ਸ਼ਾਂਤੀ ਦੇ ਪ੍ਰਤੀਕ ਦੱਸਦਾ ਹੈ । ਉਸ ਅਨੁਸਾਰ ਜੇ ਲੜ ਰਹੀਆਂ ਫੌਜਾਂ ਨੂੰ ਇਕ ਦੂਜੇ ਦੇ ਲੋਕ ਗੀਤ ਸੁਣਾ ਦਿੱਤੇ ਜਾਣ ਤਾਂ ਉਹ ਕਦੀ ਵੀ ਇਕ ਦੂਜੇ ਦੇ ਖ਼ਿਲਾਫ਼ ਹਥਿਆਰ ਨਹੀਂ ਚੁੱਕਣਗੀਆਂ । ਪਰ ਜੇ ਗਾਣੇ ਸਿਰਫ਼ ਹਥਿਆਰ ਚੁੱਕਣ ਦੀ ਹੀ ਵਕਾਲਤ ਕਰਨ, ਫਿਰ ਤਾਂ ਰੱਬ ਹੀ ਰਾਖਾ । ਸ਼ਹੀਦ ਭਗਤ ਸਿੰਘ ਵਰਗੀ ਅਜ਼ੀਮ ਸ਼ਖ਼ਸੀਅਤ ਨੇ ਕਦੇ ਵੀ ਜੋਸ਼ ਵਿੱਚ ਹੋਸ਼ ਨਹੀਂ ਗੁਆਇਆ ਸੀ। ਉਸਦੀ ਆਤਮਿਕ ਅਵਸਥਾ ਵੀ ਹਥਿਆਰ ਦੀ ਹਾਮੀ ਨਹੀਂ ਭਰਦੀ ਸੀ। ਉਸਨੇ ਕਿਹਾ ਕਿ ਪਿਸਤੌਲਾਂ ਤੇ ਬੰਬਾਂ ਨਾਲ ਕਦੇ ਇਨਕਲਾਬ ਨਹੀਂ ਲਿਆਏ ਜਾਂਦੇ, ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ 'ਤੇ ਤੇਜ਼ ਹੁੰਦੀ ਹੈ ।

ਦੇਸ਼ ਦੇ ਰਾਖਿਆਂ ਦੁਆਰਾ ਫੜੇ ਹਥਿਆਰ ਉੱਥੋਂ ਦੇ ਬਾਸ਼ਿੰਦਿਆਂ ਦੀ ਸੁਰੱਖਿਆ ਯਕੀਨੀ ਬਣਾਉਂਦੇ ਹਨ । ਪਰ ਘੱਲੂਘਾਰਿਆਂ ਦੌਰਾਨ ਬੁਰਸ਼ਿਆਂ ਹੱਥ ਆਏ ਉਹੀ ਹਥਿਆਰ ਆਤਮਾਵਾਂ 'ਤੇ ਡੂੰਘੀਆਂ ਝਰੀਟਾਂ ਪਾ ਦਿੰਦੇ ਹਨ ਜਿਨ੍ਹਾਂ ਦੀ ਚੀਸ ਤਾ-ਉਮਰ ਮਹਿਸੂਸ ਹੁੰਦੀ ਰਹਿੰਦੀ ਹੈ । ਸਪੀਕਰਾਂ ਰਾਹੀਂ ਬਦਲੇ ਲਈ ਹਥਿਆਰ ਚੁੱਕਣ ਦਾ ਹੋਕਾ ਦੇਣ ਵਾਲਾ ਮਾਨਵਤਾ ਦਾ ਕੋਈ ਦੁਸ਼ਮਣ ਹੀ ਹੋ ਸਕਦਾ ਹੈ ।

ਪਿਆਰ ਜੋ ਜੀਵਨ ਦੀ ਊਰਜਾ ਹੈ, ਸਮਾਜ ਨੂੰ ਬੁਣਨ ਵਾਲੀ ਤੰਦ ਹੈ । ਇਨ੍ਹਾਂ ਗਾਣਿਆਂ ਵਿੱਚ ਤਾਂ ਕੁੜੀ-ਮੁੰਡੇ ਦਾ ਪਿਆਰ ਹੀ ਮੁੱਖ ਮੁੱਦਾ ਹੋ ਗਿਆ ਹੈ । ਪਿਆਰ ਵੀ ਉਹ ਜੋ ਉਕਸਾਹਟ ਦੀ ਸਿਖਰ ਬਣ ਕੇ ਰਹਿ ਗਿਆ ਹੈ । ਸਿਰਫ਼ ਉਲਟ ਲਿੰਗ ਪ੍ਰਤੀ ਭੜਕਾਊ ਪਿਆਰ ਹੀ ਸਭ ਕੁਝ ਹੋ ਗਿਆ ਹੈ । ਪੜ੍ਹਾਕੂਆਂ ਨੂੰ ਪਿਆਰ ਦਾ ਦੋ ਦੂਣੀ ਪੰਜ ਦਾ ਪਹਾੜਾ ਪੜ੍ਹਾ ਕੇ ਸਕੂਲ, ਕਾਲਜ ਵਰਗੀਆਂ ਪਵਿੱਤਰ ਥਾਵਾਂ ਨੂੰ ਵੀ ਆਸ਼ਕੀ ਦੇ ਅੱਡੇ ਵਿੱਚ ਤਬਦੀਲ ਕਰਨ ਵਿੱਚ ਪੂਰਾ ਟਿੱਲ ਲੱਗਾ ਹੋਇਆ ਹੈ। ਵਿੱਦਿਆ ਦੇ ਮੰਦਰ ਵਿੱਚ ਭਵਿੱਖ ਬਣਾਉਣ ਦੀ ਮੁਹਾਰਨੀ ਸਿਖਾਉਣ ਦੀ ਬਜਾਏ ਸਿਰਫ਼ ਅੱਖ-ਮਟੱਕੇ ਕਰਨ ਦੇ ਨਾਅਰੇ ਦਿੱਤੇ ਜਾ ਰਹੇ ਹਨ । ਨੌਜਵਾਨ ਪੀੜ੍ਹੀ ਦੇ ਉਸਾਰੂ ਪਾਸੇ ਤੋਂ ਭਟਕ ਕੇ ਜਿਉਣ ਮਰਨ ਦੇ ਵਾਅਦੇ ਲੈਣ ਦੇਣ ਵਿੱਚ ਮਸ਼ਰੂਫ ਹੋਣ ਕਰਕੇ ਉਨ੍ਹਾਂ ਦੀ ਆਪਣੇ ਭਵਿੱਖ ਸੰਬੰਧੀ ਸੋਚ ਨੂੰ ਗ੍ਰਹਿਣ ਲੱਗ ਜਾਂਦਾ ਹੈ । ਉਹ ਵਕਤੀ ਪਿਆਰ ਦੇ ਜਨੂੰਨ ਵਿੱਚ ਆਪਣੇ ਮਾਂ-ਬਾਪ ਦੇ ਸਾਲਾਂ-ਬੱਧੀ ਪਿਆਰ,

ਵਿਸ਼ਵਾਸ ਤੇ ਆਸਾਂ ਦੀ ਬਲੀ ਚੜ੍ਹਾ ਦਿੰਦੇ ਹਨ। ਸੁਪਨਿਆਂ ਦੀ ਲੜੀ ਟੁੱਟਣ ਤੋਂ ਬਾਅਦ ਜਦ ਆਪਣੀ ਜ਼ਿੰਦਗੀ ਨਾਲ ਅਮਲੀ ਰੂਪ ਵਿੱਚ ਵਾਹ ਪੈਂਦਾ ਹੈ, ਤਦ ਬਹੁਤ ਦੇਰ ਹੋ ਚੁੱਕੀ ਹੁੰਦੀ ਹੈ। ਰੋਜ਼ੀ ਰੋਟੀ ਦੇ ਚੱਕਰ ਵਿੱਚ ਉਲਝਣ ਵਧਦੀ ਦੇਖ ਕੇ ਉਹੀ ਪਿਆਰ ਕਿਤੇ ਖੰਭ ਲਗਾ ਕੇ ਉੱਡ ਜਾਂਦਾ ਹੈ ਤੇ ਉਦੋਂ ਮਾਤਾ-ਪਿਤਾ ਦਾ ਪਿਆਰ ਯਾਦ ਆਉਣ ਲੱਗਦਾ ਹੈ।

ਅੱਜ ਦੇ ਗਾਇਕ ਭੜਕੀਲੀ ਦਿੱਖ ਦੇ ਸ਼ਬਦਾਂ ਦੇ ਨਾਲ ਆਪਣੇ-ਆਪ ਨੂੰ ਵਿਲੱਖਣ ਦਿਖਾ ਕੇ ਅਮਰ ਹੋਣਾ ਲੋਚਦੇ ਹਨ ਜਦ ਕਿ ਛਾ ਜਾਣ ਲਈ ਸਿਆਣੇ ਸ਼ਬਦਾਂ ਦੀ ਚੋਣ ਤੇ ਸਲੀਕੇ ਨਾਲ ਕੀਤੀ ਪੇਸ਼ਕਾਰੀ ਹੀ ਸਦੀਆਂ ਤਕ ਯਾਦ ਰੱਖੀ ਜਾਂਦੀ ਹੈ। ਗਾਇਕੀ ਵਿੱਚ ਆਵਾਜ਼ ਦਾ ਦਮ ਮਾਇਨਾ ਰੱਖਦਾ ਹੈ। ਮੌਜੂਦਾ ਸਮੇਂ ਵਿੱਚ ਸ਼ਖ਼ਸੀਅਤ ਨੂੰ ਵੱਖਰਾ ਦਰਸਾਉਣ ਲਈ ਆਵਾਜ਼ ਦੀ ਬਜਾਏ ਪਹਿਰਾਵੇ ਤੇ ਅਦਾਵਾਂ ਵੱਲ ਝੁਕਾਅ ਵਧਣ ਲੱਗਾ ਹੈ। ਸੁਚੱਜੇ ਹਰਫ਼ਾਂ ਨੂੰ ਲੈਅ ਵਿੱਚ ਪਰੋ ਕੇ ਸਾਹਮਣੇ ਵਾਲੇ ਦੇ ਮਨ ਨੂੰ ਸਰਸ਼ਾਰ ਕਰਨ ਦੀ ਬਜਾਏ ਜ਼ਿਆਦਾ ਜ਼ੋਰ ਸਿਰ ਦੇ ਵਾਲਾਂ ਦੇ ਡਿਜ਼ਾਇਨ ਤਿਆਰ ਕਰਨ 'ਤੇ ਦਿੱਤਾ ਜਾਣ ਲੱਗਾ ਹੈ। ਇਨ੍ਹਾਂ ਕਾਰਨਾਮਿਆਂ ਤੋਂ ਉਪਜੀ ਉਤੇਜਨਾ ਗਰਮ ਖ਼ੂਨ ਨੂੰ ਵੀ ਉਬਾਲਾ ਦਿੰਦੀ ਹੈ, ਜੋ ਉੱਡਦੀ ਜਵਾਨੀ ਨੂੰ ਉਸ ਰੇਗਿਸਤਾਨ ਵੱਲ ਧਕੇਲਦੀ ਲੈ ਜਾਂਦੀ ਹੈ ਜਿੱਥੇ ਕਦੇ ਹਰਿਆਲੀ ਸੰਭਵ ਹੀ ਨਹੀਂ ਹੋ ਸਕਦੀ।

ਦੁਨੀਆਂ ਗੋਲ ਹੈ ਤੇ ਮਨੁੱਖ ਇਕ ਸਮਾਜਿਕ ਬੰਧਨ ਨਾਲ ਪਰਤ ਦਰ ਪਰਤ ਜੁੜਿਆ ਹੋਇਆ ਹੈ। ਉਵੇਂ ਹੀ ਸਾਇੰਸ ਜਿਵੇਂ ਭੋਜਨ ਲੜੀ ਨੂੰ ਪ੍ਰਭਾਸ਼ਿਤ ਕਰਦੀ ਹੈ, ਜਿਸ ਵਿੱਚ ਹਰ ਇਕ ਜੀਵ ਦੂਸਰੇ 'ਤੇ ਨਿਰਭਰ ਹੈ ਤੇ ਇੱਥੇ ਮਹੀਨ ਸੰਪਰਕ ਟੁੱਟਣ ਨਾਲ ਹੀ ਸਾਰਾ ਤਵਾਜ਼ਨ ਵਿਗੜ ਜਾਂਦਾ ਹੈ। ਅਮਲੀ ਰੂਪ ਵਿੱਚ ਸਮਾਜਿਕ ਤਾਣੇ-ਬਾਣੇ ਵਿੱਚ ਬਿਲਕੁਲ ਇਸੇ ਤਰ੍ਹਾਂ ਕਿਸੇ ਦੂਸਰੇ ਦੇ ਬੱਚੇ ਨੂੰ ਦਿਸ਼ਾਹੀਣ ਸੰਭਾਵਨਾਵਾਂ ਦੇ ਕੇ ਉਹ ਆਪਣੇ ਦਿਲ ਦੇ ਲਾਡਲਿਆਂ ਦੇ ਭਵਿੱਖ ਨੂੰ ਕਦੇ ਵੀ ਸੁਰੱਖਿਅਤ ਨਹੀਂ ਰੱਖ ਸਕਦਾ ਹੈ।

ਦਾਰੂ ਦੀ ਬੋਤਲ ਵਿੱਚ ਆਪਣੇ ਪਿਆਰੇ ਦੀ ਤਸਵੀਰ ਦੇਖਣ ਵਾਲੇ ਜ਼ਿੰਦਗੀ ਵਿੱਚ ਕਿਹੜੀ ਦੁਸ਼ਵਾਰੀ ਦਾ ਦਾਰੂ ਬਣਨਗੇ ? ਦੂਜਿਆਂ ਦੇ ਘਰਾਂ ਦੀ ਇੱਜ਼ਤ ਨੂੰ ਟੋਟਾ, ਪੁਰਜਾ ਕਹਿ ਕੇ ਚਟਕਾਰੀ ਭਰਨ ਵਾਲੇ, ਕੰਧ ਜੁੜਵੇਂ ਘਰਾਂ ਦੀਆਂ ਧੀਆਂ-ਭੈਣਾਂ 'ਤੇ ਬੁਰੀ ਨਜ਼ਰ ਰੱਖਣ ਦੀ ਹਾਮੀ ਭਰਨ ਵਾਲੇ ਇਸੇ ਪੰਜਾਬੀ ਸਮਾਜ ਦਾ ਅਟੁੱਟ ਅੰਗ ਹਨ, ਕਿਉਂਕਿ ਹੋਰ ਗ੍ਰਹਿ ਤੋਂ ਧਰਤੀ 'ਤੇ ਆਉਣ ਵਾਲਿਆਂ ਦੀ ਹੋਂਦ ਸੰਬੰਧੀ ਤਾਂ ਸਾਇੰਸ ਅਜੇ ਵੀ ਸ਼ੱਕੀ ਹੈ।

ਜੇ ਇਹ ਕਿਹਾ ਜਾਵੇ ਕਿ ਬਹੁਤੇ ਪ੍ਰੋਗਰਾਮ ਸਮਾਜ ਵਿਚਲੀਆਂ ਘਟਨਾਵਾਂ ਜਾਂ ਸਮਾਜ ਦਾ ਚਿਹਰਾ ਦਿਖਾਉਣ ਦਾ ਹੀ ਯਤਨ ਹੈ ਤਾਂ ਮਸਲਾ ਪਿਆਰ ਜੁੜਨ, ਟੁੱਟਣ ਜਾਂ ਲੜਾਈਆਂ ਲੜਨ ਦਾ ਹੀ ਕਿਉਂ ਚੁਣਿਆ ਜਾਂਦਾ ਹੈ। ਗ਼ਰੀਬੀ, ਬੇਰੁਜ਼ਗਾਰੀ, ਕਿਸਾਨਾਂ ਦੀ ਮੰਦਹਾਲੀ ਆਦਿ ਮੁੱਦੇ ਜ਼ਰੂਰਤਮੰਦ ਦੀ ਗਲੇ ਦੀ ਹੱਡੀ ਬਣੇ ਹੋਏ ਹਨ। ਸਮਾਜ ਦੀਆਂ ਹੋਰ ਵੀ ਬਹੁਤ ਸਾਰੀਆਂ ਅਜਿਹੀਆਂ ਬੁਰਾਈਆਂ ਹਨ ਜਿਨ੍ਹਾਂ ਦੀਆਂ ਜੜ੍ਹਾਂ ਕੁਰੇਦ ਕੇ ਪ੍ਰਚਾਰੇ ਜਾਣ ਦੀ ਲੋੜ ਹੈ, ਸਰਕਾਰਾਂ ਤਕ



ਪਹੁੰਚਾਉਣ ਦੀ ਲੋੜ ਹੈ। ਜਦੋਂ ਦਿਮਾਗ਼ ਨਾਲ ਲਿਖਣ ਵਾਲਾ ਗੀਤਕਾਰ ਤੇ ਦਿਲ ਨਾਲ ਗਾਉਣ ਵਾਲਾ ਗਾਇਕ ਆਪਣੇ ਕੰਮ ਨੂੰ ਮਿਸ਼ਨ ਬਣਾ ਕੇ ਚੱਲ ਪੈਣ ਤਾਂ ਦੋਵਾਂ ਦੇ ਮਿਲਾਪ ਨਾਲ ਜੋ ਸੁਰ ਪੈਦਾ ਹੋਏਗਾ, ਉਹ ਐਸੀ ਝਰਨਾਹਟ ਪੈਦਾ ਕਰੇਗਾ ਜੋ ਧੁਰ ਅੰਦਰ ਨੂੰ ਕੀਲਦੀ ਹੋਈ ਨਵੀਂ ਪੀੜ੍ਹੀ ਨੂੰ ਇਕ ਦਿਸ਼ਾ ਦੇ ਸਕਦਾ ਹੈ। ਜੇ ਅੱਜ ਦਾ ਪੰਜਾਬੀ ਸੰਗੀਤ ਸੁਣਨ ਬਹਿ ਜਾਈਏ, ਤਾਂ ਨਸ਼ਿਆਂ ਦੇ ਹੱਕ ਵਿੱਚ ਬੋਲਦੇ ਹਜ਼ਾਰਾਂ ਗਾਣੇ ਗੂੰਜਦੇ ਕੰਨਾਂ ਵਿੱਚ ਪੈ ਜਾਣਗੇ। ਪਰ ਭਵਿੱਖ ਨੂੰ ਮਧੋਲਣ ਵਾਲੇ ਇਸ ਜ਼ਹਿਰ ਦੀ ਸੱਚਾਈ ਜ਼ਾਹਰ ਕਰਦੇ ਗਾਣਿਆਂ ਦੀ ਗਿਣਤੀ ਤਾਂ ਆਟੇ ਵਿੱਚ ਲੂਣ ਦੇ ਬਰਾਬਰ ਹੈ। ਸ਼ਾਇਦ ਵੱਸ ਦੀ ਗੱਲ ਨਹੀਂ। ਜਿਵੇਂ ਸਰਪਟ ਦੌੜਦਾ ਹੋਇਆ ਘੋੜਾ ਫ਼ਸਲਾਂ ਨੂੰ ਮਿੱਧਦਾ ਤੇ ਦਰੜਦਾ ਹੋਇਆ ਅੱਗੇ ਵਧਦਾ ਜਾਂਦਾ ਹੈ, ਉਵੇਂ ਫੋਕੀ ਹੈਂਕੜ ਤੇ ਸ਼ੋਹਰਤ ਵੀ ਜਵਾਨੀ ਨੂੰ ਭਟਕਾਉਣ ਦੇ ਨਾਲ-ਨਾਲ ਦਿਸ਼ਾਹੀਣ ਕਰਦੀ ਹੈ। ਹੋਸਟਲ ਵਾਲਾ ਕਮਰਾ ਸ਼ਰਾਬ ਪੀਣ ਲਈ ਮੰਗਣ ਵਾਲਿਆਂ ਨੂੰ ਇਹ ਸੱਚਾਈ ਵਿਸਰ ਗਈ ਲੱਗਦੀ ਹੈ ਕਿ ਨਸ਼ਈ ਵਿਅਕਤੀ ਦੇ ਪਰਿਵਾਰ ਦੀਆਂ ਖ਼ੁਸ਼ੀਆਂ ਨੂੰ ਕਿਵੇਂ ਖੰਭ ਲੱਗ ਜਾਂਦੇ ਹਨ। ਸ਼ੁਰੂਆਤੀ ਸ਼ਰਾਬ ਹੀ ਅਗਲੇ ਨਸ਼ਿਆਂ ਲਈ ਰਾਹ ਖੋਲ੍ਹਦੀ ਹੈ ਤੇ ਸੜਕਾਂ ਨੂੰ ਖ਼ੂਨ ਪੀਣੀਆਂ ਦਾ ਖਿਤਾਬ ਵੀ ਲਾਲ ਪਰੀ ਨੇ ਦਿਵਾਇਆ ਹੈ।

ਖੇਡ ਦੇ ਮੈਦਾਨ ਵਿੱਚ ਗੇਂਦਬਾਜ਼ੀ ਦਾ ਲੋਹਾ ਮੰਨਵਾਉਣ ਵਾਲਾ ਹਰਭਜਨ ਸਿੰਘ ਵੀ ਅਜੋਕੀ ਗਾਇਕੀ ਤੇ ਗੀਤਕਾਰੀ ਦਾ ਜ਼ਬਰ ਦੇਖ ਕੇ ਦੰਦ ਕਰੀਚਣ ਲੱਗ ਪਿਆ। ਸਮਾਜ 'ਤੇ ਪੈਣ ਵਾਲੇ ਬੁਰੇ ਅਸਰ ਨੂੰ ਚਿਤਰਦਿਆਂ ਉਸਨੇ ਮੰਦਾ ਲਿਖਣ ਤੇ ਗਾਉਣ ਵਾਲਿਆਂ ਨੂੰ ਸੱਭਿਆਚਾਰ ਦੇ ਕਾਤਲ ਤਕ ਗਰਦਾਨ ਦਿੱਤਾ। ਆਪਣੀ ਆਤਮਾ ਦੀ ਆਵਾਜ਼ ਸੁਣ ਕੇ ਉਸਨੇ ਮੌਜੂਦਾ ਦੌਰ ਵਿੱਚ ਲਿਖਣ ਤੇ ਗਾਉਣ ਵਾਲਿਆਂ ਗੱਭਰੂਆਂ ਤੇ ਮੁਟਿਆਰਾਂ ਨੂੰ ਸਹੀ ਦਿਸ਼ਾ ਦੇਣ ਦੀ ਵਕਾਲਤ ਕੀਤੀ ਹੈ। ਜੱਗ ਜ਼ਾਹਰ ਹੈ ਕਿ ਉਹ ਕੌਮਾਂ ਹੀ ਜਿਊਂਦੀਆਂ ਰਹਿੰਦੀਆਂ ਹਨ ਜੋ ਸਮੇਂ ਨਾਲ ਬਦਲੇ ਹਾਲਾਤ ਨਾਲ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਗਾਇਕਾਂ ਤੇ ਗੀਤਕਾਰਾਂ ਨੂੰ, ਜੱਟ ਨੂੰ ਉਸ ਦੀ ਹੋਂਦ ਦਿਖਾਉਣ ਦੀ ਹੱਲਾਸ਼ੇਰੀ ਦੇਣ ਨਾਲੋਂ ਹੋਂਦ ਨੂੰ ਕਾਇਮ ਰੱਖਣ ਲਈ ਕੰਮ-ਸੱਭਿਆਚਾਰ ਦੀ ਪਿਰਤ ਨੂੰ ਦੁਹਰਾਉਣ ਵੱਲ ਉਲਾਰ ਕਰਨਾ ਚਾਹੀਦਾ ਹੈ। ਕਿਸੇ ਨੂੰ ਬੇਤੁਕੀ ਲਫ਼ਜ਼ੀ ਹੱਲਾਸ਼ੇਰੀ ਦੇਣਾ ਉਸਨੂੰ ਕੋਠੇ ਚੜ੍ਹਾ ਕੇ ਪੌੜੀ ਖਿੱਚਣ ਦੇ ਬਰਾਬਰ ਹੈ। ਹੱਥਾਂ ਨਾਲ ਦਿੱਤੀਆਂ ਜਦੋਂ ਦੰਦਾਂ ਨਾਲ ਖੋਲ੍ਹਣੀਆਂ ਪੈ ਜਾਣ ਤਾਂ ਨਾਨੀ ਚੇਤੇ ਆ ਜਾਂਦੀ ਹੈ। ਹੇਠਲੇ ਪੱਧਰ ਦੀ ਸਿਰਜਣਾ ਵਰਗੇ ਕਸਬ ਕਰਨ ਨਾਲੋਂ ਆਉਣ ਵਾਲੀ ਪੀੜ੍ਹੀ ਲਈ ਨਵੇਂ ਰਾਹ ਤਲਾਸ਼ੇ ਜਾਣ ਦੀ ਲੋੜ ਹੈ, ਜੋ ਉਨ੍ਹਾਂ ਨੂੰ ਕੁਰਾਹੇ ਪਾਉਣ ਦੀ ਬਜਾਏ ਆਪਣੇ ਤੇ ਸਮਾਜ ਦੇ ਵਿਕਾਸ ਵਿੱਚ ਹਿੱਸਾ ਪਾਉਣ ਲਈ ਮਦਦਗਾਰ ਬਣਨ।

-ਪ੍ਰੀਤਮ ਹਾਊਸ, ਗਲੀ ਸ਼ਿਵ ਸਿੰਘ,
ਗੜ੍ਹਦੀਵਾਲਾ (ਹੁਸ਼ਿਆਰਪੁਰ)
ਮੋਬਾਇਲ : **94171-24201**

**(ਰੋਜ਼ਾਨਾ ਅਜੀਤ 20-08-2017 'ਚੋਂ ਧੰਨਵਾਦ ਸਹਿਤ !)**

# ਜੀਵਨ ਲੱਜ਼ਤਾਂ ਨੂੰ ਨਿਗਲ ਰਹੀ ਦਿਸ਼ਾਹੀਣ ਆਧੁਨਿਕਤਾ

**-ਬਲਜਿੰਦਰ 'ਜੌੜਕੀਆਂ'**

ਪਹਿਲਾਂ ਗਰਮੀਆਂ ਦੇ ਦਿਨ ਹੁੰਦੇ ਤੇ ਦਿਨ ਦੇ ਛਿਪਾ ਨਾਲ ਸਾਰਾ ਟੱਬਰ ਇੱਕ-ਇੱਕ ਕਰਕੇ ਕੋਠੇ 'ਤੇ ਆ ਜਾਂਦਾ । ਕੋਠਾ ਮੰਜਿਆਂ ਨਾਲ ਭਰ ਜਾਂਦਾ ਤੇ ਸਿਰਹਾਣੇ ਪਾਣੀ ਦੀਆਂ ਲੋਟਾਂ ਰੱਖੀਆਂ ਹੁੰਦੀਆਂ ਤੇ ਲੋਟ ਦੇ ਮੂੰਹ 'ਤੇ ਗਿਲਾਸ ਮੂਧਾ ਮਾਰਿਆ ਹੁੰਦਾ । ਆਸੇ-ਪਾਸੇ ਦੀਆਂ ਛੱਤਾਂ ਤੋਂ ਕਈ ਆਵਾਜ਼ਾਂ ਨਾਲ ਪੂਰਾ ਗਹਿਮਾ-ਗਹਿਮੀ ਵਾਲਾ ਮਾਹੌਲ ਬਣ ਜਾਂਦਾ ਸੀ । ਓਦੋਂ ਗੁਰੂਘਰ ਦੇ ਸਪੀਕਰ ਤੋਂ ਪਾਠੀ ਸਿੰਘ ਦੀਆਂ ਸੂਚਨਾਵਾਂ ਹੀ ਪ੍ਰਮੁੱਖ ਨਿਊਜ਼ ਚੈਨਲ ਹੁੰਦਾ ਸੀ । ਮੋਢੇ 'ਤੇ ਢਾਂਗੀ ਰੱਖੀ ਨੱਤੀਆਂ ਵਾਲਾ ਨੇਕ ਤਾਇਆ ਇੱਜੜ ਲੈ ਪਿੰਡ ਵੜਦਾ ਤੇ ਭੇਡਾਂ-ਬੱਕਰੀਆਂ ਨੂੰ ਸਮਝ ਆਉਣ ਵਾਲੀ ਭਾਸ਼ਾ ਟੁਅਰਰਰ ਟੁਅਰਰਰ ਬੋਲਦਾ ਤੇ ਟੱਲਾਂ ਦੀ ਟੁਣਕਾਰ 'ਤੇ ਉੱਡਦੀ ਧੂੜ ਦਾ ਵੱਖਰਾ ਹੀ ਨਜ਼ਾਰਾ ਹੁੰਦਾ । ਗ਼ਰੀਬ ਤਬਕੇ ਵੱਲੋਂ ਛਤਾਅ ਦੀ ਘਾਟ ਹੋਣ ਕਰਕੇ ਵਿਆਹ ਜੇਠ-ਹਾੜ ਮਹੀਨਿਆਂ ਦੌਰਾਨ ਹੀ ਕੀਤੇ ਜਾਂਦੇ ਤੇ ਦੂਰ ਕਿਤੋਂ ਜੁੜਵੇਂ ਮੰਜਿਆਂ 'ਤੇ ਟੰਗੇ ਸਪੀਕਰ 'ਚੋਂ ਸੁਰਿੰਦਰ ਛਿੰਦੇ ਦੀ ਆਵਾਜ਼ ਕੰਨੀ ਪੈਂਦੀ—

**"ਕਾਲੇ ਪਾਣੀਉਂ ਮੌੜ ਨੂੰ ਖ਼ਤ ਕਿਸ ਨੇ ਪਾਇਆ,**
**ਬਦਲਾ ਲੈ ਲਈਂ ਜਿਊਨਿਆਂ ਜੇ ਮਾਂ ਦਾ ਜਾਇਆ।"**

ਓਦੋਂ ਬਾਪੂ ਨੇ ਦੋਹਾਂ ਲੱਤਾਂ 'ਤੇ ਬਿਠਾ ਕੇ ਝੂਟੇ ਦੇਣ ਦੇ ਨਾਲ-ਨਾਲ ਤਾਰਿਆਂ ਨਾਲ ਭਰੇ ਆਕਾਸ਼ 'ਚੋਂ ਚੋਰ ਸਿਪਾਹੀ, ਛੜਿਆਂ ਦਾ ਰਾਹ, ਧਰੂ ਤਾਰਾ ਆਦਿ ਕਿੰਨੇ ਹੀ ਭੂਗੋਲਿਕ ਤੱਤਾਂ ਦੇ ਸਾਖਸ਼ਾਤ ਦਰਸ਼ਨ ਕਰਵਾਉਣੇ, ਸਭ ਕੁਝ ਸੱਚਮੁੱਚ ਹੀ ਮਨਮੋਹਕ ਲੱਗਦਾ ਸੀ । ਟਿਕੀ ਰਾਤ ਦੂਰ ਖੇਤਾਂ 'ਚੋਂ ਰੱਬ ਵੰਨੀ ਮੂੰਹ ਚੱਕ ਰੋਂਦੇ ਕੁੱਤੇ ਦੀ ਡੂੰਘੀ ਆਵਾਜ਼ ਸਾਰੇ ਮਾਹੌਲ ਨੂੰ ਮਾਤਮੀ ਬਣਾ ਦਿੰਦੀ ਸੀ । ਓਦੋਂ ਅੱਧੀ ਰਾਤ ਵਿਹੜੇ ਵਾਲੀ ਖੜ੍ਹ-ਸੁੱਕ ਕਿੱਕਰ ਤੋਂ ਕੋਚਰੀਆਂ ਦੀ ਕਿਚ-ਕਿਚ ਵੀ ਅਸ਼ੁੱਭ ਮੰਨੀ ਜਾਂਦੀ ਸੀ । ਪਹਿਲਾਂ ਪਸ਼ੂ, ਪੰਛੀਆਂ, ਰੁੱਖਾਂ, ਖੇਤਾਂ ਦਾ ਅਨੋਖਾ ਤਾਲਮੇਲ ਸੀ ਜੋ ਜੀਵਨ ਲਈ ਜੀ.ਪੀ.ਐੱਸ. ਦਾ ਕੰਮ ਕਰਦਾ ਦੱਸ ਦਿੰਦਾ ਸੀ ਕਿ ਅੱਗੇ ਕੀ ਹੋਣ ਵਾਲਾ ਹੈ । ਰਾਤ ਨੂੰ ਬੱਦਲ ਦਾ ਛਰਾਟਾ ਆਉਣ 'ਤੇ ਚੀਕ-ਚਿਹਾੜਾ ਪੈ ਜਾਣਾ । ਮੰਜੇ ਢੂਹਾਂ ਨਾਲ ਲਾ ਕੇ ਥੱਲੇ ਲਮਕਾ ਦੇਣੇ । ਜੇ ਮੀਂਹ ਜ਼ਿਆਦਾ ਹੁੰਦਾ ਤਾਂ ਕੱਚੀਆਂ ਛੱਤਾਂ ਨੇ ਚਿਉਣ ਲੱਗ ਜਾਣਾ ਤੇ ਉਸ ਦਾ ਬੰਦੋਬਸਤ ਵੀ ਨਾਲੋ-ਨਾਲ ਕਰਨਾ ਪੈਣਾ । ਇਹ ਕੇਵਲ ਵੱਖ-ਵੱਖ ਵੰਨਗੀਆਂ ਦਾ 'ਕੱਠ ਹੀ ਨਹੀਂ ਸੀ, ਸਗੋਂ ਇੱਕ ਮੁਕੰਮਲ ਸੱਭਿਆਚਾਰ ਸੀ ਜਿਸ 'ਚ ਮੇਰਾ ਪਿੰਡ ਪਹਿਲਾਂ ਸਾਹ ਲੈਂਦਾ ਸੀ । ਓਦੋਂ ਦਿਲ ਖੋਲ੍ਹ



ਕੇ ਖੱਦਰ ਵਰਗੀਆਂ ਗੱਲਾਂ ਕਰਦੇ ਲੋਕ ਆਪਣੇ ਸਕੇ ਸੰਬੰਧੀ ਲੱਗਦੇ । ਦੁੱਖ 'ਚ ਸਾਰੇ ਪਿੰਡ ਨੇ ਪਸੀਜ਼ ਜਾਣਾ ਤੇ ਖ਼ੁਸ਼ੀ 'ਚ ਨੱਚਣ ਲੱਗ ਜਾਣਾ । ਇਹ ਸੀ ਅਸਲੀ ਜ਼ਿੰਦਗੀ ਉਹਨਾਂ ਦਿਨਾਂ ਦੀ ਜਦੋਂ ਦਿਲ ਜਾਂ ਦਿਮਾਗ਼ ਦੇ ਰੋਗਾਂ ਦਾ ਨਾਮੋ ਨਿਸ਼ਾਨ ਨਹੀਂ ਸੀ । ਪਿੰਡ ਦੇ ਵਿਚਾਲੇ ਤਾਏ ਭਗਵਾਨ ਦਾ ਟੁੱਟਿਆ ਜਿਹਾ ਘਰ ਹੁੰਦਾ । ਤਾਈ ਉਮਰੋ ਪਹਿਲਾਂ ਹੀ ਤੁਰ ਗਈ ਸੀ ਤੇ ਤਾਏ ਦੇ ਤਿੰਨੇ ਮੁੰਡੇ ਛੜੇ ਰਹਿ ਗਏ। ਪਿੰਡ ਦੇ ਸਾਰੇ ਅਮਲੀ-ਭੰਗੀ, ਸ਼ਰਾਬੀ-ਕਬਾਬੀ ਉੱਥੇ 'ਕੱਠੇ ਹੋ ਚਿਲਮਾਂ ਦੇ ਸੂਟੇ ਖਿੱਚਦੇ । ਇਸ ਘਰ ਦੇ ਇਕ ਕੋਨੇ 'ਤੇ ਕੱਚੇ ਖੁੰਡੇ ਨਾਲ ਢਾਂਗੇ 'ਤੇ ਛੱਤਰੀ ਟੰਗੀ ਹੁੰਦੀ ਜਿਸ ਤੋਂ ਚੀਨੇ ਕਬੂਤਰ ਉੱਡਦੇ ਤੇ ਕਬੂਤਰਬਾਜ਼ੀ ਦੀਆਂ ਸ਼ਰਤਾਂ ਲੱਗਦੀਆਂ । ਪਿੰਡ 'ਚ ਕੋਈ ਬਾਜ਼ੀ ਜਾਂ ਖੇਡੇ ਵਾਲਾ ਆ ਜਾਣਾ ਤਾਂ ਸਾਰਾ ਪਿੰਡ 'ਕੱਠਾ ਹੋ ਜਾਂਦਾ ਤੇ ਲੋਕ ਮਖੌਲੋ-ਮਖੌਲੀ ਹੁੰਦੇ । 'ਕੱਠਾਂ-ਬੱਠਾਂ 'ਚ ਕੋਈ ਗਾਲ੍ਹ-ਦੁੱਪੜ ਵੀ ਕੱਢ ਜਾਂਦਾ ਤਾਂ ਕਿਸੇ ਨੇ ਕੋਈ ਗੁੱਸਾ ਨਾ ਕਰਨਾ । ਰਿਸ਼ਤੇਦਾਰਾਂ ਨੂੰ ਹੱਥਾਂ ਦੀਆਂ ਤਲੀਆਂ 'ਤੇ ਦੀਵੇ ਬਾਲ ਕੇ ਉਡੀਕਣਾ ਤੇ ਘਰ 'ਚ ਮਹਿਮਾਨ ਆਉਣ 'ਤੇ ਸਾਰੇ ਟੱਬਰ ਨੂੰ ਖ਼ੁਸ਼ੀ ਚੜ੍ਹ ਜਾਂਦੀ ਸੀ । ਓਦੋਂ ਦਿਲ ਹੌਲਾ ਕਰਨ ਲਈ ਰਿਸ਼ਤੇਦਾਰੀਆਂ 'ਚ ਬਿਨਾਂ ਕੰਮ ਤੋਂ ਹੀ ਚਾਰ-ਚਾਰ ਰਾਤਾਂ ਲਾ ਆਉਣੀਆਂ ਆਪਸੀ ਨਿੱਘੇ ਮੋਹ ਦਾ ਸੂਚਕ ਸਨ । ਜਦੋਂ ਲਾਲ ਖੰਭਣੀ 'ਚ ਵਲੇਟੀ ਵਸਾਰ ਲਿੱਬੜੀ ਸਾਧਾਰਨ ਸ਼ਗਨਾਂ ਵਾਲੀ ਚਿੱਠੀ ਮਿਲਦੀ ਤਾਂ ਜੁਆਕਾਂ ਨੂੰ ਚਾਅ ਚੜ੍ਹ ਜਾਂਦਾ । ਓਦੋਂ ਬੰਦਾ ਅੱਜ ਵਾਂਙ ਬਰੈਂਡਾਂ ਦੇ ਸਟਿੱਕਰਾਂ ਦਾ ਗ਼ੁਲਾਮ ਨਹੀਂ ਸੀ, ਸਗੋਂ ਘਰੇ ਦਰਜ਼ੀ ਬੁਲਾ ਇੱਕੋ ਥਾਨ 'ਚੋਂ ਸਾਰੇ ਟੱਬਰ ਨੂੰ ਸੂਟ ਸਿਵਾ ਦਿੱਤੇ ਜਾਂਦੇ ਸਨ । ਸਸਤੀਆਂ ਚੀਜ਼ਾਂ ਤੋਂ ਕਰੋੜਾਂ ਦੀ ਖ਼ੁਸ਼ੀ ਤੇ ਸੰਤੁਸ਼ਟੀ ਮਿਲ ਜਾਂਦੀ ਸੀ । ਉਦੋਂ ਬੰਦਾ ਅੱਜ ਵਾਂਙ ਬੋਰੀਅਤ ਤੋੜਨ ਲਈ ਮਹਿੰਗੇ ਸ਼ੀਸ਼ ਮਹਿਲਾਂ 'ਚ ਜਾ ਕੇ ਪੰਜ ਰੁਪਏ ਦੀ ਮੱਕੀ 'ਤੇ ਪੌਪ ਕੌਰਨ ਦਾ ਸਟਿੱਕਰ ਦੇਖ ਡੇਢ ਸੌ ਖ਼ਰਚ ਨਹੀਂ ਕਰਦਾ ਸੀ ।

ਜਦੋਂ ਤੇਜ਼-ਤਰਾਰ ਬਿਜਲਈ ਤਕਨੀਕਾਂ, ਅੱਗੇ ਵਧਣ ਦੀ ਹੋੜ, ਸ਼ੋਹਰਤ ਦੀ ਭੁੱਖ, ਹਉਮੈ, ਗ਼ਰੀਬੀ-ਅਮੀਰੀ ਆਦਿ ਜਿਹੇ ਨਕਾਰਾਤਮਿਕ ਕਾਰਕ ਸਾਡੇ ਜੀਵਨ 'ਚ ਘੁਸਪੈਠ ਕਰ ਗਏ ਤਾਂ ਸਾਡਾ ਸੁੱਖ-ਚੈਨ ਸਦਾ ਲਈ ਖੋਹ ਕੇ ਲੈ ਗਏ । ਘੱਟ ਬੋਲਣਾ, ਦੁੱਖ ਸਾਂਝਾ ਨਾ ਕਰਨਾ, ਰਹੱਸਮਈ ਬਣਨ ਦਾ ਵਿਖਾਵਾ ਕਰਨਾ, ਨੇੜੇ ਦੇ ਸੰਬੰਧਾਂ ਨਾਲ ਵੀ ਹਰ ਵੇਲੇ ਲੁਕਣਮੀਚੀ ਖੇਡਣਾ, ਲੋਕਾਂ ਤੋਂ ਦੂਰੀ ਬਣਾ ਕੇ ਰੱਖਣਾ ਆਦਿ ਤੇ ਹੋਰ ਕਿੰਨਾ ਕੁਝ ਹੈ ਜਿਸ ਨੇ ਮਨੁੱਖ ਨੂੰ ਡੱਬਾ-ਬੰਦ ਉਤਪਾਦ ਬਣਾ ਕੇ ਰੱਖ ਦਿੱਤਾ ਹੈ । ਸਮਾਰਟ ਫ਼ੋਨਾਂ ਰਾਹੀਂ ਸਮੁੱਚੇ ਸੰਸਾਰ ਨੂੰ ਆਪਣੀ ਮੁੱਠੀ 'ਚ ਲਈ ਫਿਰਦਾ ਬੰਦਾ ਅੱਜ ਖ਼ੁਦ ਨਾਲੋਂ ਟੁੱਟ ਚੁੱਕਾ ਹੈ ਅਤੇ ਉਸ ਨੂੰ ਉਦਾਸੀ ਦੇ ਬੱਦਲਾਂ ਨੇ ਘੇਰ ਲਿਆ ਹੈ । ਇੱਕ ਤਾਜ਼ੀ ਖੋਜ ਦੱਸਦੀ ਹੈ ਕਿ ਦੁਨੀਆਂ ਦਾ ਹਰ ਚੌਥਾ ਬੰਦਾ ਇਕੱਲਤਾ ਦੀ ਬਿਮਾਰੀ ਦਾ ਸ਼ਿਕਾਰ ਹੈ ਤੇ ਉਹ ਸੁੱਖ ਦਾ ਸਾਹ ਲੈਣ ਲਈ ਬਣਾਉਟੀ ਤਰੀਕੇ ਅਪਣਾ ਰਿਹਾ ਹੈ ਜਿਨ੍ਹਾਂ ਤਰੀਕਿਆਂ 'ਚ ਕੈਮੀਕਲ ਨਸ਼ੇ ਵੀ ਸ਼ਾਮਲ ਹਨ ।

ਪਦਾਰਥਵਾਦ ਉਸ ਅੰਦਰ ਇਸ ਤਰੀਕੇ ਨਾਲ ਘਰ ਕਰ ਚੁੱਕਾ ਹੈ ਕਿ ਉਸ ਨੂੰ ਖ਼ੁਸ਼ੀ ਕਦੇ ਚਾਨਣੀ ਦੀਵਾਲੀ ਵੇਲੇ ਹੀ ਨਸੀਬ ਹੁੰਦੀ ਹੈ । ਜੜ੍ਹਾਂ ਨਾਲੋਂ ਟੁੱਟ ਕੇ ਪਲੂਮਣਾਂ 'ਤੇ ਲਟਕਦੇ ਬੰਦੇ ਅੰਦਰੋਂ ਅਸਲੀ ਮਨੁੱਖ ਮਨਫ਼ੀ ਹੋ ਗਿਆ ਹੈ । ਵੱਡੇ 'ਕੱਠਾਂ ਦੇ ਮੁੱਖ ਮਹਿਮਾਨ ਅਕਸਰ ਅੰਦਰੋਂ ਖ਼ਾਲੀ ਹੁੰਦੇ ਹਨ ਤੇ ਉਹ ਭੀੜਾਂ 'ਚ ਡੌਰ-ਭੌਰ ਹੋਏ ਇੱਧਰ-ਉੱਧਰ ਵੇਖ ਰਹੇ ਹੁੰਦੇ ਹਨ ਅਤੇ ਉਨ੍ਹਾਂ ਦੇ ਚਿਹਰੇ ਤੋਂ ਭੀੜ 'ਚੋਂ ਨਿਕਲਣ ਦੀ ਕਾਹਲ ਸਾਫ਼ ਵਿਖਾਈ ਦਿੰਦੀ ਹੈ । ਅਜਿਹੇ ਵਰਤਾਰਿਆਂ ਕਰਕੇ ਤਣਾਅ ਤੇ ਅਪਰਾਧ ਦਿਨੋਂ-ਦਿਨ ਵਧ ਰਿਹਾ ਹੈ ।

ਮਨੁੱਖੀ ਸੰਪਰਕ ਤੋਂ ਬਚਣ ਲਈ ਅਜੋਕਾ ਮਨੁੱਖ ਦੁਕਾਨ ਤੋਂ ਚੀਜ਼ਾਂ ਖ਼ਰੀਦਣ ਦੀ ਬਜਾਏ ਆਨਲਾਈਨ ਸ਼ਾਪਿੰਗ ਕਰਦਾ ਏ.ਸੀ. ਕਮਰੇ 'ਚੋਂ ਸਮਾਰਟ ਫ਼ੋਨਾਂ ਰਾਹੀਂ ਖ਼ਰੀਦਦਾਰੀ ਦੀਆਂ ਆਫ਼ਰਾਂ ਵੇਖਦਾ ਹੈ । ਮਰਗ ਦੇ ਭੋਗ 'ਤੇ ਵੀ ਘੜੀ ਦੀਆਂ ਸੂਈਆਂ ਵੇਖ ਕੇ ਘਰੋਂ ਤੁਰਦਾ ਹੈ ਤਾਂ ਹੀ ਅਸੀਂ ਵੇਖਦੇ ਹਾਂ ਕਿ ਅਰਦਾਸ ਵੇਲੇ ਮੱਥਾ ਟੇਕਣ ਵਾਲਿਆਂ ਦੀ ਲੰਬੀ ਲਾਈਨ ਲੱਗੀ ਹੁੰਦੀ ਹੈ । ਘਰੇ ਰੋਟੀ ਪਕਾ ਕੇ ਖਾਣ ਦੀ ਬਜਾਏ ਬਰਗਰ, ਪੀਜ਼ਾ, ਡੋਸਾ ਉਸ ਦੇ ਤਰਜੀਹੀ ਖਾਣੇ ਹਨ । ਬੰਦਾ ਕਿਸੇ ਵੀ ਚੀਜ਼ ਦਾ ਸਵਾਦ ਲੈਣ ਤੋਂ ਮੁਨਕਰ ਹੋ ਰਿਹਾ ਹੈ ਤੇ ਉਸ ਅੰਦਰ ਵੱਧ ਤੋਂ ਵੱਧ ਵਸਤੂਆਂ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਨਿਗਲ ਜਾਣ ਦੀ ਕਾਹਲ ਵਧ ਰਹੀ ਹੈ । ਮੋਹ, ਦੁੱਖ-ਸੁੱਖ ਦਾ ਇਜ਼ਹਾਰ ਭਾਵਨਾਵਾਂ ਰਾਹੀਂ ਨਹੀਂ ਸਗੋਂ ਫੇਸਬੁੱਕ, ਵੱਟਸਐਪ ਆਦਿ ਸੋਸ਼ਲ ਮੀਡੀਏ ਰਾਹੀਂ ਕੀਤਾ ਜਾਂਦਾ ਹੈ, ਜਿਸ ਨਾਲ ਮਨੁੱਖੀ ਸੰਬੰਧਾਂ ਦੀ ਤਰੌਤੀ ਘਟ ਰਹੀ ਹੈ ਤੇ ਖ਼ੁਸ਼ਕੀ ਵਧ ਰਹੀ ਹੈ । ਅਸਲ 'ਚ ਮਨੁੱਖ ਸਮਾਜਿਕ ਜੀਵ ਹੈ ਤੇ ਸਾਡਾ ਜਨਮ ਪਿਆਰ, ਸਨੇਹ ਤੇ ਇੱਕ ਦੂਜੇ ਦਾ ਧਿਆਨ ਰੱਖਣ ਲਈ ਹੋਇਆ ਹੈ । ਰਿਸ਼ਤਿਆਂ ਪ੍ਰਤੀ ਸੱਚਾ ਤੇ ਨਿਰਛਲ ਮੋਹ ਸਾਨੂੰ ਧਰਤੀ ਨਾਲ ਜੋੜ ਕੇ ਰੱਖ ਸਕਦਾ ਹੈ ।

ਸਮੇਂ ਨਾਲ ਚੱਲਣਾ ਬਹੁਤ ਜ਼ਰੂਰੀ ਹੈ; ਪਰ ਅਸੀਂ ਇੰਨਾ ਵੀ ਅੱਗੇ ਨਾ ਲੰਘ ਜਾਈਏ ਜਿੱਥੋਂ ਵਾਪਸ ਮੁੜਨਾ ਹੀ ਔਖਾ ਹੋ ਜਾਵੇ । ਬਿਰਧ-ਆਸ਼ਰਮਾਂ ਤੇ ਹਸਪਤਾਲਾਂ ਦੀ ਗਿਣਤੀ ਘਟਾਉਣ ਲਈ ਸੰਤੁਲਿਤ ਜੀਵਨ ਬਹੁਤ ਜ਼ਰੂਰੀ ਹੈ । ਆਓ, ਅੰਦਰ ਝਾਤ ਮਾਰੀਏ ਤੇ ਇਹ ਵੇਖੀਏ ਕਿ ਸਾਡੇ ਲਈ ਸਭ ਤੋਂ ਮਹੱਤਵਪੂਰਨ ਕੀ ਹੈ, ਇਹ ਖੋਜ ਹੀ ਸਾਡੇ ਸਕੂਨ ਦਾ ਧੁਰਾ ਹੈ; ਬਾਕੀ ਚੀਜ਼ਾਂ ਤਾਂ ਵਕਤੀ ਹਨ । ਭੂਤ, ਵਰਤਮਾਨ ਅਤੇ ਭਵਿੱਖ ਬਾਰੇ ਸਾਡੀ ਸਹੀ ਸਮਝ ਹੀ ਸਾਨੂੰ ਜ਼ਿੰਦਗੀ ਦੇ ਅਸਲੀ ਰਸ ਤੋਂ ਜਾਣੂ ਕਰਵਾ ਸਕਦੀ ਹੈ ।

ਸੰਪਰਕ : **94630-24575**

(ਰੋਜ਼ਾਨਾ ਪੰ: ਟ੍ਰਿ: **13** ਅਗਸਤ **2016** 'ਚੋਂ ਧੰਨਵਾਦ ਸਹਿਤ !)



# ਲੋਪ ਹੋ ਰਹੇ ਗੁੱਤਾਂ ਤੇ ਪਰਾਂਦੇ....

**-ਗੋਪਾਲ ਸ਼ਰਮਾ ਫਿਰੋਜ਼ਪੁਰੀ**

ਪੱਛਮੀ ਸੱਭਿਅਤਾ ਦਾ ਰੇਲਾ ਕੀ ਆਇਆ ਸਾਨੂੰ ਆਪਨਾ ਸੱਭਿਆਚਾਰ ਤੇ ਲੋਕ ਵਿਰਸਾ ਭੁੱਲਦਾ ਜਾ ਰਿਹਾ ਹੈ । ਔਰਤ ਤੇ ਮਰਦ ਆਪਣੀ ਸੰਸਕ੍ਰਿਤੀ ਤੇ ਸ਼ਿਸ਼ਟਾਚਾਰ ਨੂੰ ਛੱਡ ਕੇ ਅਸ਼ਲੀਲਤਾ ਤੇ ਫੋਕੇ ਫੈਸ਼ਨ 'ਚ ਖੁੱਭਦੇ ਜਾ ਰਹੇ ਹਨ। ਜੇ ਔਰਤਾਂ ਦੇ ਗੁੱਤਾਂ ਲਈ ਹਰੇ, ਕਾਲੇ, ਲਾਲ ਪਰਾਂਦਿਆਂ ਦੀ ਗੱਲ ਕਰੀਏ ਤਾਂ ਇੰਵ ਜਾਪਦਾ ਹੈ ਕਿ ਸ਼ਹਿਰੀਕਰਨ ਦੇ ਇਸ ਯੁੱਗ 'ਚ ਜ਼ਿਆਦਾਤਰ ਔਰਤਾਂ ਨੇ ਵਾਲ ਕਟਵਾ ਲਏ ਹਨ ਤੇ ਪਰਾਂਦੇ ਲਾਉਣ ਦਾ ਹਾਰ ਸ਼ਿੰਗਾਰ ਖੁੱਸ ਗਿਆ ਹੈ । ਕਦੇ ਸਾਡੇ ਸੱਭਿਆਚਾਰ ਵਿੱਚੋਂ ਮੁਟਿਆਰਾਂ ਦੀ ਗੁੱਤ ਦੇ ਪਰਾਂਦੇ ਦੇ ਲੋਕ ਗੀਤ ਗੂੰਜਦੇ ਸਨ; ਜਿਵੇਂ:

**ਕਾਲੀ ਤੇਰੀ ਗੁੱਤ ਤੇ ਪਰਾਂਦਾ ਤੇਰਾ ਲਾਲ ਨੀ,**
**ਰੂਪ ਦੀਏ ਰਾਣੀਏ ਪਰਾਂਦੇ ਨੂੰ ਸੰਭਾਲ ਨੀ।**

ਇਨ੍ਹਾਂ ਲੋਕ ਗੀਤਾਂ 'ਚ ਨਾਰੀ ਸ਼ਿੰਗਾਰ ਲਈ ਪਰਾਂਦੇ ਦਾ ਮਹੱਤਵ ਝਲਕਦਾ ਸੀ । ਹੁਣ ਸਾਡੀ ਪੁਰਾਣੀ ਪਰੰਪਰਾ ਨੂੰ ਵਿਦੇਸ਼ੀ ਸੱਭਿਅਤਾ ਨੇ ਦਬੋਚ ਲਿਆ ਹੈ ।



ਔਰਤਾਂ ਵਾਲ ਕਟਵਾਣ ਸੈਲੂਨ ਜਾਂ ਬਿਊਟੀ ਪਾਰਲਰ ਦੀ ਸ਼ਰਣ ਲੈ ਕੇ, ਆਪਣੇ ਆਪ ਨੂੰ ਜਿੰਨਾ ਮਰਜ਼ੀ ਆਧੁਨਿਕ ਹੋਣ ਦਾ ਯਤਨ ਕਰਨ, ਪਰ ਜਿਹੜਾ ਸੁਆਦ ਆਪਣੇ ਤਾਣੇ-ਬਾਣੇ 'ਚ ਰਹਿਣ ਦਾ ਹੈ ਉਹ ਬਣਾਵਟੀ ਹਾਰ ਸ਼ਿੰਗਾਰ 'ਚ ਨਹੀਂ ਮਿਲ ਸਕਦਾ ।

ਹੁਣ ਪਰਾਂਦੇ ਤਿਆਰ ਕਰਨ ਦਾ ਧੰਦਾ ਵੀ ਮੰਦਾ ਪੈਂਦਾ ਜਾ ਰਿਹਾ ਹੈ । ਜੇ ਕੁੜੀਆਂ ਤੇ ਔਰਤਾਂ ਨੇ ਵਾਲ ਕਟਵਾ ਕੇ ਜੀਨ ਜਾਂ ਟਾਪ ਪਾਉਣੇ ਸ਼ੁਰੂ ਕਰ ਦਿੱਤੇ ਹਨ ਤਾਂ ਪਰਾਂਦੇ ਦੀ ਥਾਂ ਕਿੱਥੇ ਰਹਿ ਗਈ । ਇਸ ਤਰ੍ਹਾਂ ਬਹੁਤੀਆਂ ਔਰਤਾਂ ਨੇ ਗੁੱਤਾਂ ਤੋਂ ਛੁਟਕਾਰਾ ਪਾ ਲਿਆ ਹੈ ।



ਸੋ, ਔਰਤਾਂ ਦੇ ਬਾਕੀ ਹਾਰ-ਸ਼ਿੰਗਾਰ ਦੇ ਨਾਲ ਗਿੱਟਿਆਂ ਤਕ ਪਰਾਂਦਾ ਹੁਸਨ ਨੂੰ ਚਾਰ ਚੰਦ ਲਗਾ ਦਿੰਦਾ ਹੈ । ਪਰ ਹੁਣ ਪਰਾਂਦੇ ਟਰੱਕਾਂ ਦੇ ਮੋਹਰੇ ਜਾਂ ਪਿੱਛੇ ਲਟਕਦੇ ਨਜ਼ਰ ਆਉਂਦੇ ਹਨ, ਤਾਂ ਕਿ ਕਾਲੇ ਪਰਾਂਦਿਆਂ ਦੀ ਹਾਜ਼ਰੀ 'ਚ ਟਰੱਕ ਨੂੰ ਨਜ਼ਰ ਨਾ ਲੱਗੇ । ਜੇ ਟਰੱਕਾਂ ਵਾਲੇ ਵੀ ਇਨ੍ਹਾਂ ਦੀ ਵਰਤੋਂ ਨਾ ਕਰਨ ਤਾਂ ਬਜ਼ਾਰ 'ਚੋਂ ਪਰਾਂਦੇ ਬਿਲਕੁਲ ਹੀ ਖ਼ਤਮ ਹੋ ਜਾਣਗੇ ।

ਵਾਲਾਂ ਦੀ ਸਾਂਭ-ਸੰਭਾਲ 'ਚ ਵੀ ਪਰਾਂਦਿਆਂ ਦੀ ਆਪਣੀ ਖ਼ਾਸੀਅਤ ਹੈ । ਵਾਲਾਂ 'ਚ ਪਰਾਂਦਾ ਗੁੰਦਣ ਨਾਲ ਵਾਲ ਲੰਮੇ ਹੁੰਦੇ ਹਨ ਤੇ ਟੁੱਟਦੇ ਵੀ ਘੱਟ ਹਨ । ਜ਼ਿਕਰ ਯੋਗ ਹੈ ਕਿ ਪੁਰਾਣੀਆਂ ਬੁੱਢੀਆਂ ਕੰਜਕਾਂ ਨੂੰ ਛੋਟੀਆਂ-ਛੋਟੀਆਂ ਪਰਾਂਦੀਆਂ ਪਾ ਕੇ ਮੀਢੀਆਂ ਗੁੰਦਦੀਆਂ ਸਨ । ਇਸ ਤਰ੍ਹਾਂ ਕਰਨ ਨਾਲ ਇਕ ਤਾਂ ਵਾਲਾਂ ਦੀ ਉਮਰ 'ਚ ਇਜ਼ਾਫ਼ਾ ਹੁੰਦਾ ਸੀ । ਦੂਜਾ ਵਾਲ ਵੀ ਲੰਮੇ ਹੁੰਦੇ ਸਨ ।

ਪਰਾਂਦਾ ਵਾਲਾਂ 'ਚ ਲਟਕਦਾ ਤੇ ਹੁਲਾਰੇ ਮਾਰਦਾ ਬੜਾ ਹੀ ਖ਼ੂਬਸੂਰਤ ਲੱਗਦਾ ਸੀ । ਅੱਜ ਪਰਾਂਦਾ ਲੋਪ ਹੁੰਦਾ ਜਾ ਰਿਹਾ ਹੈ; ਬੇਸ਼ੱਕ ਕਦੇ ਇਹ ਨਾਰੀ ਸ਼ਿੰਗਾਰ ਦਾ ਅਟੁੱਟ ਅੰਗ ਰਿਹਾ ਹੈ ।

ਮੋਬਾਇਲ : **80549-01608**

(ਰੋਜ਼ਾਨਾ ਪੰਜਾਬੀ ਜਾਗਰਣ **07-01-2017** 'ਚੋਂ ਧੰਨਵਾਦ ਸਹਿਤ !)



**ਅੱਜ ਪੰਜਾਬ ਦੇ ਟਾਵੇਂ-ਟਾਵੇਂ ਪਿੰਡਾਂ ਵਿੱਚ ਹੀ ਘੁਮਿਆਰ ਭਾਂਡੇ ਬਣਾਉਂਦੇ ਤੇ ਆਵੇ ਪਾਉਂਦੇ ਹਨ । ਕਿਉਂਕਿ ਮਿੱਟੀ ਦੇ ਭਾਂਡਿਆਂ ਦੀ ਵਰਤੋਂ ਦਿਨੋਂ-ਦਿਨ ਘਟਦੀ ਜਾ ਰਹੀ ਹੈ । ਇਨ੍ਹਾਂ ਦੀ ਥਾਂ ਸਟੀਲ ਤੇ ਪਲਾਸਟਿਕ ਦੇ ਬਣੇ ਭਾਂਡਿਆਂ ਨੇ ਲੈ ਲਈ ਹੈ ।**

# ਇੰਞ ਬਣਦੇ ਹਨ
# ਕਾੜ੍ਹਨੀਆਂ, ਚਾਟੀਆਂ, ਘੜੇ ਤੇ ਮੱਟ

ਘੁਮਿਆਰ ਭਾਂਡੇ ਕਿਵੇਂ ਤਿਆਰ ਕਰਦੇ ਸਨ । ਕਿਵੇਂ ਆਵੀ ਵਿੱਚ ਪਕਾਉਂਦੇ ਸਨ, ਉਹ ਦੱਸਣ ਜਾ ਰਿਹਾ ਹਾਂ । ਪਹਿਲਾਂ ਚੰਗੀ ਚੀਕਣੀ ਕਾਲੀ ਮਿੱਟੀ ਪਿੰਡ ਵਿੱਚੋਂ ਜਾਂ ਨੇੜੇ-ਤੇੜੇ ਦੇ ਪਿੰਡ ਵਿੱਚੋਂ ਜਿੱਥੋਂ ਵੀ ਮਿਲਦੀ ਹੁੰਦੀ,



ਉਸ ਨੂੰ ਗਧਿਆਂ 'ਤੇ ਢੋ ਕੇ ਭਾਂਡੇ ਤਿਆਰ ਕਰਨ ਵਾਲੀ ਥਾਂ 'ਤੇ ਲਿਆਇਆ ਜਾਂਦਾ । ਫੇਰ ਉਸ ਮਿੱਟੀ ਦੀ ਕਈ ਦਿਨਾਂ ਤਕ ਘਾਣੀ ਤਿਆਰ ਕਰਦੇ ਰਹਿੰਦੇ ਸਨ । ਜਦ ਘਾਣੀ ਚੰਗੀ ਤਰ੍ਹਾਂ ਤਿਆਰ ਹੋ ਜਾਂਦੀ ਸੀ । ਮੱਖਣ ਦੀ ਤਰ੍ਹਾਂ ਮੁਲਾਇਮ ਹੋ ਜਾਂਦੀ ਸੀ । ਭਾਂਡੇ ਚੱਕ 'ਤੇ ਤਿਆਰ ਕੀਤੇ ਜਾਂਦੇ ਸਨ । ਜਿਹੜਾ ਭਾਂਡਾ ਤਿਆਰ ਕਰਨਾ ਹੁੰਦਾ ਸੀ, ਓਨੀ ਕੁ ਗੋਈ ਮਿੱਟੀ ਨੂੰ ਚੱਕ ਦੇ ਵਿਚਾਲੇ ਰੱਖੀ ਥਾਂ 'ਤੇ ਰੱਖਿਆ ਜਾਂਦਾ ਸੀ । ਫੇਰ ਚੱਕ ਵਿੱਚ ਰੱਖੇ ਸੁਰਾਖ਼ ਵਿੱਚ ਡੰਡਾ ਪਾ ਕੇ ਚੱਕ ਨੂੰ ਪੂਰੇ ਜ਼ੋਰ ਦੀ ਘੁਮਾਇਆ ਜਾਂਦਾ ਸੀ । ਫੇਰ ਸੁਰਾਖ਼ ਵਿੱਚੋਂ ਡੰਡੇ ਨੂੰ ਕੱਢ ਕੇ ਇਕ ਪਾਸੇ ਰੱਖ ਦਿੱਤਾ ਜਾਂਦਾ ਸੀ । ਫਿਰ ਦੋਵੇਂ ਹੱਥਾਂ ਨਾਲ ਰੱਖੀ ਮਿੱਟੀ ਦਾ ਭਾਂਡਾ ਡੌਲਿਆ ਜਾਂਦਾ ਸੀ । ਫੇਰ ਡੌਲੇ ਹੋਏ ਭਾਂਡੇ ਨੂੰ

ਇਕ ਧਾਗੇ ਨਾਲ ਕੱਟ ਕੇ ਚੱਕ ਤੋਂ ਲਾਹ ਲੈਂਦੇ ਤੇ ਸੁੱਕਣ ਲਈ ਰੱਖ ਦਿੰਦੇ ਸਨ । ਕਈ ਭਾਰੇ ਭਾਂਡੇ ਜਿਵੇਂ ਚਾਟੀਆਂ, ਕਾੜ੍ਹਨੀਆਂ, ਘੜੇ, ਮੱਟਾਂ ਆਦਿ ਨੂੰ ਮਜ਼ਬੂਤੀ ਦੇਣ ਲਈ ਇੱਕ ਹੱਥ ਵਿੱਚ ਘੜੇ ਦੇ ਅੰਦਰ ਮਿੱਟੀ ਦੀ ਬਣੀ ਦਰਨੀ ਫੜ ਲੈਂਦੇ ਤੇ ਦੂਸਰੇ ਹੱਥ ਨਾਲ ਮਿੱਟੀ ਦੀ ਹੀ ਛੋਟੀ ਜਿਹੀ ਬਣੀ ਥਾਪੀ ਨਾਲ ਹੌਲੀ-ਹੌਲੀ ਕੁੱਟਿਆ ਜਾਂਦਾ ਸੀ । ਕਈ ਭਾਂਡਿਆਂ ਦੇ ਮੂੰਹਾਂ ਦੇ ਨੇੜੇ ਤੇ ਠਿੱਡਾਂ



ਤੇ ਚਮਕੀਲੇ/ਅਬਰਕ ਵੀ ਲਾ ਦਿੰਦੇ ਸਨ । ਕਈਆਂ ਦੇ ਕਾਲੇ ਰੰਗ ਨਾਲ ਲਾਈਨਾਂ ਵੀ ਲਾ ਦਿੰਦੇ ਸਨ । ਜਦ ਭਾਂਡੇ ਚੰਗੀ ਤਰ੍ਹਾਂ ਸੁੱਕ ਜਾਂਦੇ ਸਨ ਤਾਂ ਇਨ੍ਹਾਂ ਭਾਂਡਿਆਂ ਨੂੰ ਆਵੀ ਵਿੱਚ ਪਾ ਕੇ ਪਕਾਇਆ ਜਾਂਦਾ । ਭਾਂਡੇ ਪਕਾਉਣ ਲਈ ਪਾਥੀਆਂ, ਲੱਕੜਾਂ ਦਾ ਬੂਰਾ ਆਦਿ ਦੀ ਵਰਤੋਂ ਕੀਤੀ ਜਾਂਦੀ ਸੀ । ਇਹ ਸੀ ਭਾਂਡੇ ਬਣਾਉਣ ਦੀ ਵਿਧੀ। ਅੱਜ ਪੰਜਾਬ ਦੇ ਟਾਵੇਂ-ਟਾਵੇਂ ਪਿੰਡਾਂ ਵਿੱਚ ਹੀ ਘੁਮਿਆਰ ਭਾਂਡੇ ਬਣਾਉਂਦੇ ਹਨ ਤੇ ਆਵੀ ਪਾਉਂਦੇ ਹਨ ।

**(ਰੋਜ਼ਾਨਾ ਪੰਜਾਬੀ ਜਾਗਰਣ 22-7-2017 ’ਚੋਂ ਧੰਨਵਾਦ ਸਹਿਤ !)**



# ਸੱਭਿਆਚਾਰ ਦੀ ਬਦਲਦੀ ਤਸਵੀਰ

**-ਇੰਦਰਪ੍ਰੀਤ ਕੌਰ**

ਸੱਭਿਆਚਾਰ ਮਨੁੱਖੀ ਸਮਾਜ ਦੀ ਜੀਵਨ ਵਿਧੀ ਹੁੰਦਾ ਹੈ । ਮਨੁੱਖ ਦਾ ਖਾਣ-ਪੀਣ, ਪਹਿਰਾਵਾ, ਸ਼ਖ਼ਸੀਅਤ ਦਾ ਵਿਕਾਸ ਉਹ ਸਮਾਜ ਹੀ ਨਿਰਧਾਰਿਤ ਕਰਦਾ ਹੈ, ਜਿਸ ਵਿੱਚ ਉਸ ਦਾ ਜਨਮ ਹੁੰਦਾ ਹੈ । ਸੱਭਿਆਚਾਰ ਆਪਣੇ ਆਪ ਵਿੱਚ ਵਿਸ਼ਾਲ ਸੰਕਲਪ ਹੈ । ਇਸ ਵਿੱਚ ਗਿਆਨ, ਵਿਗਿਆਨ, ਭੂਤ, ਵਰਤਮਾਨ ਤੇ ਭਵਿੱਖ ਨਾਲ ਸੰਬੰਧਿਤ ਹਰ ਤਰ੍ਹਾਂ ਦਾ ਵਰਤਾਰਾ ਸ਼ਾਮਲ ਕੀਤਾ ਜਾ ਸਕਦਾ ਹੈ । ਸੱਭਿਆਚਾਰ ਭਾਵੇਂ ਇਕ ਸਰਬ-ਵਿਆਪਕ ਵਰਤਾਰਾ ਹੈ ਪਰ ਇਸ ਦੇ ਸਰਬ-ਵਿਆਪਕ ਅੰਸ਼ ਜਦੋਂ ਕਿਸੇ ਪ੍ਰਣਾਲੀ ਵਿੱਚ ਉਜਾਗਰ ਹੁੰਦੇ ਹਨ ਤਾਂ ਉਨ੍ਹਾਂ ਵਿੱਚ ਵਖਰੇਵਾਂ ਆ ਜਾਂਦਾ ਹੈ । ਸੱਭਿਆਚਾਰ ਦੀ ਵਿਲੱਖਣ ਤਸਵੀਰ ਜਾਂ ਇਸ ਦੇ ਮੁਹਾਂਦਰੇ ਨੂੰ ਸਵਾਰਨ ਵਿੱਚ ਉਸ ਸਮਾਜ ਦੀਆਂ ਭੂਗੋਲਿਕ ਹੱਦਾਂ ਤੇ ਹਾਲਾਤਾਂ ਦਾ ਵਿਸ਼ੇਸ਼ ਯੋਗਦਾਨ ਹੁੰਦਾ ਹੈ ।

ਸਾਡਾ ਪੰਜਾਬੀ ਸੱਭਿਆਚਾਰ ਵਿਕਾਸ ਦਰ ਦੀ ਉਹ ਵਿਧੀ ਹੈ ਜਿਸ ਰਾਹੀਂ ਆਧੁਨਿਕ ਵਿਚਾਰਧਾਰਾ ਇਸ ਸੱਭਿਆਚਾਰ ਦੀ ਵਿਲੱਖਣਤਾ ਨੂੰ ਨਸ਼ਟ ਕਰ ਕੇ ਆਪਣੇ ਪੂੰਜੀਵਾਦ ਵਿਚਾਰਾਂ ਵਿੱਚ ਢਾਲਦੀ ਹੈ । ਵਰਤਮਾਨ ਸਮੇਂ ਪੰਜਾਬੀ ਸੱਭਿਆਚਾਰ ਦੇ ਅੰਤਰਗਤ ਆਧੁਨਿਕ ਵਿਚਾਰ, ਪੂੰਜੀਵਾਦੀ ਪਸਾਰ ਤੇ ਵਿਸਥਾਰ ਆ ਜਾਂਦੇ ਹਨ । ਲੋਕਾਂ ਦਾ ਵਿਚਾਰ ਹੈ ਕਿ ਪੰਜਾਬੀ ਸੱਭਿਆਚਾਰ ਨੂੰ ਆਪਣੀ ਪੈਦਾਵਾਰ ਤੇ ਖਪਤ ਵਿੱਚ ਵਾਧੇ ਲਈ ਪੂੰਜੀਵਾਦੀ ਲੀਹਾਂ ਉੱਪਰ ਅਧਾਰਤ ਸੱਭਿਆਚਾਰ ਦੀ ਲੋੜ ਹੈ । ਪੰਜਾਬੀ ਸੱਭਿਆਚਾਰ ਨੂੰ ਅਸੀਂ ਬਹੁਤੀ ਵਾਰ ਅਗਿਆਨਤਾ ਵੱਸ ਪ੍ਰਾਚੀਨਤਾ ਹੀ ਸਮਝਣ ਦਾ ਯਤਨ ਕਰਦੇ ਹਾਂ; ਪਰ ਅਸਲ ਵਿੱਚ ਸੱਭਿਆਚਾਰ ਅਜਿਹਾ ਪ੍ਰਬੰਧ ਹੁੰਦਾ ਹੈ ਜਿਸ ਵਿੱਚ ਸੱਚੀ-ਸੁੱਚੀ, ਵਡੇਰੀ ਤੇ ਸੂਝ ਭਰੀ ਸ਼ਖ਼ਸੀਅਤ ਹੋਵੇ—ਤੇ ਸਾਡਾ ਪੰਜਾਬੀ ਸੱਭਿਆਚਾਰ ਤਾਂ ਹੈ ਹੀ ਬਹੁਤ ਅਮੀਰ ਤੇ ਬੌਧਿਕਤਾ ਭਰਪੂਰ । ਜਦੋਂ ਦੁਨੀਆਂ ਦੇ ਬਹੁਤ ਸਾਰੇ ਖੇਤਰਾਂ ਦੇ ਲੋਕ ਰੁੱਖਾਂ ਤੇ ਗੁਫ਼ਾਵਾਂ ਵਿੱਚ ਦਿਨ ਕੱਟਦੇ ਸਨ ਤਾਂ ਪੰਜਾਬ ਦੇ ਵਸਨੀਕ ਘਰ ਬਣਾ ਕੇ ਰਹਿੰਦੇ ਸਨ ।

ਇਹ ਪੰਜਾਬੀ ਹੀ ਸਨ ਜਿਨ੍ਹਾਂ ਨੇ ਦੇਸ਼ ਭਗਤੀ ਤੇ ਕੁਰਬਾਨੀ ਦੀ ਪਰੰਪਰਾ ਨੂੰ ਕਾਇਮ ਰੱਖਿਆ । ਦੇਸ਼ ਦੀ ਵੰਡ ਸਮੇਂ ਵੀ ਸਭ ਤੋਂ ਵੱਡਾ ਸੰਤਾਪ ਪੰਜਾਬੀਆਂ ਨੇ ਹੀ ਭੋਗਿਆ ਤੇ ਲੱਖਾਂ ਲੋਕ ਬੇਘਰੇ ਹੋਏ । ਪੰਜਾਬੀ ਸੱਭਿਆਚਾਰ ਦੀ ਕਦਰ ਪ੍ਰਣਾਲੀ ਵਿੱਚ ਤਾਂ ਪੰਜਾਬੀ ਲੋਕਾਂ ਦੀ ਆਜ਼ਾਦ ਪ੍ਰਵਿਰਤੀ ਮੰਨੀ ਜਾਂਦੀ ਹੈ । ਪੰਜਾਬੀ ਤਾਂ ਅਜਿਹੇ ਹਨ ਜੋ ਜਿਉਣ ਨਾਲੋਂ ਵੀ ਵਧੇਰੇ ਮਟਕ ਨਾਲ ਜਿਉਣ ਵਿੱਚ ਵਿਸ਼ਵਾਸ ਰੱਖਦੇ ਹਨ । ਪਰ ਅੱਜ ਦੇ ਸਮੇਂ ਸਾਡਾ ਇਹੀ ਅਮੀਰ ਵਿਰਸਾ ਸੰਕਟ ਦਾ ਸ਼ਿਕਾਰ

ਹੋ ਰਿਹਾ ਹੈ । ਵਿਸ਼ਵੀਕਰਨ ਦੀ ਪ੍ਰਕਿਰਿਆ ਕਾਰਨ ਸਾਡਾ ਪੰਜਾਬੀ ਸੱਭਿਆਚਾਰ ਢਲਦਾ ਨਜ਼ਰ ਆ ਰਿਹਾ ਹੈ । ਨੌਜਵਾਨ ਬਾਹਰਲੇ ਦੇਸ਼ਾਂ ਵਿੱਚ ਜਾ ਕੇ ਹਰ ਤਰ੍ਹਾਂ ਦਾ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ ਪਰ ਆਪਣੀ ਧਰਤੀ ਤੇ ਆਪਣੇ ਸੱਭਿਆਚਾਰ ਵਿੱਚ ਵਿਚਰਨਾ ਜਾਂ ਕੰਮ ਕਰਨਾ ਉਨ੍ਹਾਂ ਨੂੰ ਪਸੰਦ ਨਹੀਂ । ਆਧੁਨਿਕ ਸਮੇਂ ਦੇ ਇਸ ਵਰਤਾਰੇ ਨੇ ਬੇਰੁਜ਼ਗਾਰੀ ਦੇ ਨਾਲ-ਨਾਲ ਮਾਨਸਿਕ ਬੇਚੈਨੀ ਨੂੰ ਜਨਮ ਦਿੱਤਾ ਹੈ, ਜਿਸ ਕਾਰਨ ਨੌਜਵਾਨ ਪੀੜ੍ਹੀ ਲਗਾਤਾਰ ਮਨੋਵਿਕਾਰਾਂ ਦਾ ਸ਼ਿਕਾਰ ਬਣ ਗਈ ਹੈ । ਜਿੱਥੇ ਕਿ ਪਹਿਲਾਂ ਪੇਂਡੂ ਖੇਡ ਮੇਲੇ ਹੁੰਦੇ ਸਨ । ਅਜ਼ਮਾਇਸ਼ਾਂ ਹੁੰਦੀਆਂ ਸਨ । ਸੱਭਿਆਚਾਰਿਕ ਵਿਰਸੇ ਨਾਲ ਜੁੜ ਕੇ ਲੋਕ ਆਪਣਾ ਮਨੋਰੰਜਨ ਕਰਦੇ ਸਨ। ਉੱਥੇ ਅੱਜ ਮੇਲੇ ਲੱਚਰ ਗਾਇਕੀ ਦੇ ਅਖਾੜੇ ਦਾ ਰੂਪ ਬਣ ਗਏ ਹਨ ।




ਹੁਣ ਤਾਂ ਪੈਸੇ ਦੀ ਚਮਕ ਕਾਰਨ ਲੋਕ ਪੰਜਾਬੀ ਸੱਭਿਆਚਾਰ ਨੂੰ ਪੱਛਮੀ ਸੱਭਿਆਚਾਰ ਵਿੱਚ ਢਾਲਣ ਦੀ ਕੋਸ਼ਿਸ਼ ਕਰ ਰਹੇ ਹਨ । ਪੁਰਾਣੇ ਰੀਤੀ-ਰਿਵਾਜ, ਮੇਲਿਆਂ, ਖੇਡਾਂ ਬਾਰੇ ਲੋਕਾਂ ਦੀਆਂ ਧਾਰਨਾਵਾਂ ਬਦਲ ਗਈਆਂ ਹਨ । ਸਾਡਾ ਸੱਭਿਆਚਾਰ ਉਹ ਨਹੀਂ ਰਿਹਾ ਜਿੱਥੇ ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਸੁੱਚੀ ਕਿਰਤ ਕਰਨ ਲਈ ਕਿਹਾ ਸੀ ਤੇ ਗ਼ਲਤ ਕੰਮ ਕਰਨ ਤੋਂ ਰੋਕਿਆ ਸੀ । ਅੱਜ ਆਧੁਨਿਕਤਾ ਦੇ ਪ੍ਰਭਾਵ ਕਾਰਨ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਹੀ ਬਦਲ ਗਿਆ ਹੈ । ਅਸੀਂ ਲੋਕ ਬੜੀ ਅਣਖ ਨਾਲ ਇਹ ਤਾਂ ਕਹਿ ਦਿੰਦੇ ਹਾਂ ਕਿ ਅਸੀਂ ਪੰਜਾਬੀ ਹਾਂ, ਪਰ ਆਪਣਾ ਸੱਭਿਆਚਾਰ ਤੇ ਕੀਮਤੀ ਵਿਰਸਾ ਭੁੱਲਦੇ ਜਾ ਰਹੇ ਹਾਂ । ਸਾਂਝੇ ਪਰਿਵਾਰਾਂ ਦਾ ਟੁੱਟਣਾ, ਸੱਥਾਂ ਦਾ ਖ਼ਤਮ ਹੋਣਾ, ਤ੍ਰਿੰਞਣਾਂ ਦੀ ਰੌਣਕ, ਰਿਸ਼ਤੇ-ਨਾਤੇ ਕਮਜ਼ੋਰ ਹੋਣੇ; ਇਨ੍ਹਾਂ ਸਭ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਅੱਜ ਦੀ



ਨੌਜਵਾਨ ਪੀੜ੍ਹੀ ਨੂੰ ਆਪਣੇ ਸੱਭਿਆਚਾਰ ਨਾਲ ਮੋਹ ਨਹੀਂ ਹੈ । ਜਿਹੜਾ ਸਾਡਾ ਸੱਭਿਆਚਾਰ ਹੈ, ਉਸ ਦੀ ਤਸਵੀਰ ਕੁਝ ਹੋਰ ਹੀ ਹੈ । ਨਵੀਂ ਤਕਨਾਲੋਜੀ, ਸੰਚਾਰ ਦੇ ਨਵੇਂ ਸਾਧਨ, ਆਵਾਜਾਈ ਦੇ ਵਸੀਲੇ, ਮੀਡੀਆ, ਕੰਪਿਊਟਰ, ਇੰਟਰਨੈੱਟ ਵਰਗੇ ਸਾਧਨ ਸਮੁੱਚੀ ਦੁਨੀਆਂ ਨੂੰ ਇਕ ਗਲੋਬਲ ਪਿੰਡ ਵਿੱਚ ਬਦਲ ਰਹੇ ਹਨ। ਵਕਤ ਅਤੇ ਥਾਂ ਦੀਆਂ ਦੂਰੀਆਂ ਖ਼ਤਮ ਹੋ ਰਹੀਆਂ ਹਨ । ਪੂੰਜੀਵਾਦ ਤਾਕਤਾਂ ਆਪਣੇ ਹਿੱਤਾਂ ਦੀ ਪੂਰਤੀ ਲਈ ਪਛੜੇ ਤੇ ਗ਼ਰੀਬ ਲੋਕਾਂ ਨੂੰ ਆਪਣੀਆਂ ਬਸਤੀਆਂ ਬਣਾ ਰਹੀਆਂ ਹਨ, ਜਿਸ ਕਾਰਨ ਸਾਡਾ ਸੱਭਿਆਚਾਰ ਸਾਡੇ ਤੋਂ ਵਿਛੜਦਾ ਨਜ਼ਰ ਆ ਰਿਹਾ ਹੈ । ਦਿਨੋ-ਦਿਨ ਨਿੱਘਰਦੀ ਇਸ ਹਾਲਤ ਨੂੰ ਸੁਧਾਰਨ ਲਈ ਵਿਦਵਾਨਾਂ ਨੂੰ ਵੱਡੀ ਭੂਮਿਕਾ ਨਿਭਾਉਣ ਦੀ ਲੋੜ ਹੈ । ਸੱਭਿਆਚਾਰ ਮਨੁੱਖ ਨੂੰ ਸਮੁੱਚੀ ਜੀਵਨ ਜਾਚ ਸਿਖਾਉਂਦਾ ਹੈ । ਸਾਡਾ ਘਰ-ਬਾਰ, ਰਿਸ਼ਤੇ-ਨਾਤੇ, ਮਨੁੱਖੀ ਕਦਰਾਂ-ਕੀਮਤਾਂ ਇਹ ਸਭ ਪੰਜਾਬੀ ਸੱਭਿਆਚਾਰ ਦੀ ਦੇਣ ਹਨ । ਪਰ ਵਿਸ਼ਵੀਕਰਨ ਰਾਹੀਂ ਜਿਹੜੀ ਸਾਡੇ ਰਿਸ਼ਤਿਆਂ ਤੇ ਸੋਚ ਵਿੱਚ ਤਬਦੀਲੀ ਆਈ ਹੈ ਉਹ ਸਾਡੀ ਨਵੀਂ ਪੀੜ੍ਹੀ ਨੂੰ ਕੁਰਾਹੇ ਪਾ ਰਹੀ ਹੈ । ਦਿਨੋ-ਦਿਨ ਸਾਡਾ ਸੱਭਿਆਚਾਰ ਗੰਧਲਾ ਹੋ ਰਿਹਾ ਹੈ । ਇੱਥੋਂ ਤਕ ਕਿ ਸਾਡੀ ਪੰਜਾਬੀ ਭਾਸ਼ਾ 'ਤੇ ਵੀ ਸੱਭਿਆਚਾਰ ਦੇ ਬਦਲਣ ਦਾ ਅਸਰ ਪੈ ਰਿਹਾ ਹੈ । ਇਸ ਲਈ ਅਜਿਹੇ ਸਮੇਂ ਨੌਜਵਾਨ ਪੀੜ੍ਹੀ ਲਈ ਅਧਿਆਪਕਾਂ ਤੇ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਨ੍ਹਾਂ ਨੂੰ ਨੈਤਿਕ ਮੁੱਲ ਪ੍ਰਦਾਨ ਕਰਨ, ਤਾਂ ਜੋ ਸਾਡੇ ਸੱਭਿਆਚਾਰ ਦੀਆਂ ਕਦਰਾਂ-ਕੀਮਤਾਂ ਤੇ ਰਿਸ਼ਤੇ-ਨਾਤਿਆਂ ਦੀ ਸੰਭਾਲ ਹੋ ਸਕੇ ।

**ਮੋਬਾਇਲ : 98886-90280**

**(ਰੋਜ਼ਾਨਾ ਪੰਜਾਬੀ ਜਾਗਰਣ 24-06-2017 'ਚੋਂ ਧੰਨਵਾਦ ਸਹਿਤ !)**

# ਸਾਵਣ ਦਾ ਮਹੀਨਾ

**-ਸੁਖਮਿੰਦਰ ਸਿੰਘ**

ਸਾਲ ਦੇ ਦੇਸੀ ਮਹੀਨਿਆਂ ਵਿੱਚੋਂ ਵਿਸ਼ੇਸ਼ ਸਥਾਨ ਰੱਖਦੇ ਸਾਵਣ ਦੇ ਮਹੀਨੇ ਨੂੰ ਔਰਤਾਂ ਖ਼ਾਸ ਕਰ ਨਵ-ਵਿਆਹੀਆਂ ਕੁੜੀਆਂ ਦੇ ਮਹੀਨੇ ਵਜੋਂ ਜਾਣਿਆ ਜਾਂਦਾ ਹੈ । ਕਿਉਂਕਿ ਪੰਜਾਬੀ ਸੱਭਿਆਚਾਰ ਵਿੱਚ ਵੀ ਪ੍ਰਚੱਲਿਤ ਹੈ ਕਿ ਸਾਵਣ ਵੀਰ ਇਕੱਠਿਆਂ ਕਰੇ, ਭਾਦੋਂ ਚੰਦਰਾ ਵਿਛੋੜਾ ਪਾਏ, ਜਿਸ ਕਰਕੇ ਔਰਤਾਂ ਸਾਵਣ ਮਹੀਨੇ ਨੂੰ ਆਪਣਾ ਹਮਦਰਦ ਮੰਨਦੀਆਂ ਹਨ । ਭਾਵੇਂ ਅੱਜ ਤੋਂ ਕੁਝ ਸਾਲ ਪਹਿਲਾਂ ਪਿੰਡਾਂ ਦੇ ਬਾਹਰਵਾਰ ਲੱਗਣ ਵਾਲੇ ਤੀਆਂ ਦੇ ਤਿਉਹਾਰ ਜ਼ਿਆਦਾਤਰ ਸਕੂਲਾਂ, ਕਾਲਜਾਂ ਦੀਆਂ ਸਟੇਜਾਂ ਅਤੇ ਟੀ.ਵੀ. ਰੇਡੀਓ ਦੀ ਪੇਸ਼ਕਾਰੀ ਬਣ ਕੇ ਰਹਿ ਗਏ ਹਨ; ਪਰ ਫਿਰ ਵੀ ਪੰਜਾਬੀ ਸੱਭਿਆਚਾਰ ਵਿੱਚ ਇਸਦਾ ਮਹੱਤਵ ਅਣਗੌਲਿਆ ਨਹੀਂ ਕੀਤਾ ਜਾ ਸਕਦਾ । ਅਜੋਕੇ ਯੁਗ ਵਿੱਚ ਭਾਵੇਂ ਸਾਡੀ ਸੋਚ ਅਤੇ ਵਿਹਾਰ ਵਿੱਚ ਕਾਫ਼ੀ ਪਰਿਵਰਤਨ ਆ ਗਿਆ ਹੈ ਪਰ ਫਿਰ ਵੀ ਸਾਵਣ ਮਹੀਨੇ ਦਾ ਮਹੱਤਵ ਕਾਇਮ ਹੈ ਅਤੇ ਕੁਝ ਕੁ ਫ਼ੀ ਸਦੀ ਲੋਕਾਂ ਨੂੰ ਛੱਡ ਕੇ ਅਜੇ ਵੀ ਸਾਵਣ ਮਹੀਨੇ ਵਿੱਚ ਨਵ-ਵਿਆਹੀਆਂ ਪੇਕੇ ਘਰ ਰਹਿ ਕੇ ਆਉਂਦੀਆਂ ਹਨ । ਜਦੋਂ ਕਿ ਤਰਕ ਬੁੱਧੀ ਦੇ ਧਾਰਨੀ ਸਾਵਣ ਦੇ ਮਹੀਨੇ ਵਿੱਚ ਨਵ-ਵਿਆਹੀ ਨੂੰਹ ਦਾ ਸੱਸ ਦੇ ਮੱਥੇ ਨਾ ਲੱਗਣ ਨੂੰ ਕੇਵਲ ਅੰਧ-ਵਿਸ਼ਵਾਸ ਵਜੋਂ ਵੇਖਦੇ ਹਨ ਅਤੇ ਇਸ ਨੂੰ ਕੁੜੀਆਂ ਦੇ ਪੇਕੇ ਘਰ ਰਹਿਣ ਦਾ ਬਹਾਨਾ ਮੰਨਦੇ ਹਨ। ਔਰਤਾਂ ਵੱਲੋਂ ਸਾਉਣ ਮਹੀਨੇ ਵਿੱਚ ਆਪਣੇ ਪਰਿਵਾਰ ਨੂੰ ਵਧੀਆ-ਵਧੀਆ ਪਕਵਾਨ, ਖ਼ਾਸ ਕਰ ਖ਼ੀਰ, ਪੂੜੇ ਖਵਾਉਣ ਦਾ ਕਾਫ਼ੀ ਚਾਅ ਹੁੰਦਾ ਹੈ । ਬੇਸ਼ੱਕ ਸਾਉਣ ਗਰਮੀ ਤੇ ਹੁੰਮ੍ਹਸ ਭਰਿਆ ਹੁੰਦਾ ਹੈ ਪਰ ਹਰੇਕ ਦਾ ਜੀਅ ਤਲਿਆ ਤੇ ਮਿੱਠਾ ਖਾਣ ਨੂੰ ਕਰਦਾ ਹੈ । ਇਸ ਮਹੀਨੇ ਔਰਤਾਂ ਦਾ ਪੇਕੇ ਜਾਣ ਦਾ ਚਾਅ, ਨੱਚਣਾ-ਟੱਪਣਾ, ਪੀਂਘਾਂ ਪਾਉਣਾ ਵਿਸ਼ੇਸ਼ ਮੰਨਿਆ ਜਾਂਦਾ ਹੈ । ਜਦੋਂ ਕਿ ਨੌਕਰੀ ਪੇਸ਼ਾ ਔਰਤਾਂ ਵੀ ਸਾਵਣ ਮਹੀਨੇ ਦੀ ਵਿਲੱਖਣਤਾ ਨੂੰ ਸਮਝਦੀਆਂ ਹਨ । ਆਪਣੇ ਕੰਮ ਵਾਲੇ ਸਥਾਨਾਂ, ਦਫ਼ਤਰਾਂ, ਸਕੂਲਾਂ, ਕਾਲਜਾਂ ਵਿੱਚ ਆਪਣੇ ਸਹਿਯੋਗੀਆਂ ਨਾਲ ਮਿਲ ਕੇ ਕਿਸੇ ਨਾ ਕਿਸੇ ਰੂਪ ਵਿੱਚ ਸਾਉਣ ਦਾ ਮਹੀਨਾ ਮਨਾ ਹੀ ਲੈਂਦੀਆਂ ਹਨ । ਹੁਣ ਤਾਂ ਤੀਆਂ ਵਿੱਚ ਔਰਤਾਂ ਦੀ ਸਮੂਲੀਅਤ ਵਧੇਰੇ ਕਰ ਕੇ ਰਸਮੀ ਜਿਹੀ ਬਣਦੀ ਜਾ ਰਹੀ ਹੈ । ਭਾਵੇਂ ਕੁਝ ਸੰਸਥਾਵਾਂ ਸਾਉਣ ਮਹੀਨੇ ਦੇ ਮਹੱਤਵ ਨੂੰ





ਜਿੰਦਾ ਰੱਖਣ ਅਤੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣਾਈ ਰੱਖਣ ਲਈ ਯਤਨਸ਼ੀਲ ਹਨ; ਪਰ ਫਿਰ ਵੀ ਸਾਡੀ ਦੁਆ ਹੈ ਕਿ ਇਸ ਮਹੀਨੇ ਹੱਸਣ, ਖੇਡਣ, ਨੱਚਣ, ਧਮਾਲਾਂ ਪਾਉਣ, ਖਾਣ-ਪੀਣ ਦੇ ਪਕਵਾਨ ਤਿਆਰ ਕਰਨ ਦੇ ਰੁਝਾਨ ਕਾਇਮ ਰਹਿਣ, ਤਾਂ ਜੋ ਸਾਡਾ ਅਮੀਰ ਵਿਰਸਾ ਸਾਂਝਾਂ ਦਾ ਪ੍ਰਤੀਕ ਬਣਿਆ ਰਹੇ ।

ਮੋਬਾਇਲ : **98728-40095**

**(ਰੋਜ਼ਾਨਾ ਪੰਜਾਬੀ ਜਾਗਰਣ 22-07 -2017 'ਚੋਂ ਧੰਨਵਾਦ ਸਹਿਤ !)**

# ਵਿਰਾਸਤ ਤਲਾਅ, ਟੋਭੇ, ਢਾਬ, ਡਿੱਗੀਆਂ ਅਤੇ ਖੂਹ

**-ਵਿਜੈ ਬੰਬੇਲੀ**

ਨਦੀਆਂ ਤੋਂ ਦੂਰ ਜਿੱਥੇ ਕਿਤੇ ਵੀ ਨਵਾਂ ਪਿੰਡ ਬੰਨ੍ਹਿਆਂ ਜਾਂਦਾ ਸੀ, ਉੱਥੇ ਪਾਣੀ ਦਾ ਸ੍ਰੋਤ, ਜਿਹੜਾ ਸਾਲ ਭਰ ਕੰਮ ਦੇ ਸਕੇ, ਨੂੰ ਧਿਆਨ ਵਿੱਚ ਰੱਖ ਕੇ ਹੀ ਪਿੰਡ ਦੀ ਮੋੜ੍ਹੀ ਗੱਡੀ ਜਾਂਦੀ । ਪੂਰਾ ਸਾਲ ਪਿੰਡ ਦੇ ਸਾਰੇ ਕਾਰਜ ਸੁਚਾਰੂ ਰੂਪ ਵਿੱਚ ਚੱਲਦੇ ਰਹਿਣ, ਇਸ ਲਈ ਛੱਪੜ, ਡਿੱਗੀਆਂ ਅਤੇ ਖੂਹ ਆਦਿ ਪੁੱਟੇ ਜਾਂਦੇ । ਵੱਡੇ ਤਲਾਬਾਂ, ਵੱਡੇ ਟੋਭਿਆਂ, ਡੂੰਘੀਆਂ ਢਾਬਾਂ, ਮਜ਼ਬੂਤ ਡਿੱਗੀਆਂ ਅਤੇ ਨਾਮਣੇ ਵਾਲੇ ਖੂਹਾਂ ਦੇ ਖੰਡਰਾਤ ਅੱਜ ਵੀ ਕਿਤੇ-ਕਿਤੇ ਦਿਸ ਪੈਂਦੇ ਹਨ, ਕੁਝ ਸਾਂਭੇ ਹੋਏ ਵੀ ਹਨ, ਪਰ ਬਹੁਤ ਘੱਟ ਐਵੇਂ ਨਾ-ਮਾਤਰ । ਅੱਜ ਵੀ ਸੈਂਕੜੇ ਤਲਾਅ-ਖੂਹ ਉਨ੍ਹਾਂ ਭਟਕਦੇ ਬੁੱਢਿਆਂ-ਠੇਰਿਆਂ ਵਾਂਙ ਉਜਾੜਾਂ-ਗੁੰਮਨਾਮੀ ’ਚ ਪਏ ਹੋਏ ਹਨ, ਜਿਨ੍ਹਾਂ ਨੂੰ ਉਨ੍ਹਾਂ ਦੇ ‘ਵਾਰਸਾਂ’ ਨੇ ਸਭ ਕੁਝ ਖੋਹ-ਖਿੰਜ ਕੇ ਬੇਦਖ਼ਲ ਕਰ ਦਿੱਤਾ ਹੈ ।

**ਤਲਾਅ** : ਇਹ ਆਮ ਕਰਕੇ ਮਨੁੱਖ ਦੁਆਰਾ ਨਿਰਮਤ ਇੱਕ ਵੱਡ ਆਕਾਰੀ ਡੂੰਘਾ ਟੋਆ ਹੁੰਦਾ ਹੈ; ਪ੍ਰੰਤੂ ਇਹ ਅਜਿਹਾ ਨਹੀਂ ਹੁੰਦਾ ਜਿਸ ਵਿੱਚ ਮੀਂਹ ਦਾ ਪਾਣੀ ਆਪਣੇ ਆਪ ਭਰ ਜਾਵੇ । ਪੁਰਾਣੇ ਵੇਲਿਆਂ ਵਿੱਚ ਬੜੀ ਯੁਗਤ ਲੜਾਉਣੀ ਪੈਂਦੀ ਸੀ, ਮੀਂਹ ਦਾ ਪਾਣੀ ਕਮਾਉਣ ਲਈ । ਵਰਖੇਈ ਜਲ ਪ੍ਰਾਪਤੀ ਲਈ ਖਿੱਤੇ ਦੀ ਮਿਣਤੀ, ਢਲਾਣ ਅਤੇ ਮਿੱਟੀ ਦੀ ਕਿਸਮ ਵੇਖ ਕੇ ਟੋਏ ਦਾ ਥਾਂ ਅਤੇ ਆਕਾਰ ਚੁਣਿਆ ਜਾਂਦਾ ਸੀ । ਗਹਿਰ-ਗੰਭੀਰ ਵਟਾਂਦਰੇ ਅਤੇ ਗਿਣਤੀ-ਮਿਣਤੀ ਉਪਰੰਤ ਕਾਰਗਰ ਉਸਾਰੀ ਕੀਤੀ ਜਾਂਦੀ ਸੀ । ਤਲਾਅ ਦੇ ਕਈ ਹਿੱਸੇ ਹੁੰਦੇ ਸਨ ਅਤੇ ਹਰ ਹਿੱਸੇ ਦਾ ਅੱਡ-ਅੱਡ ਨਾਂ ਅਤੇ ਕਾਰਜ ਹੁੰਦੇ ਸਨ । ਅਜਿਹੇ ਸੋਹਣੇ ਤਲਾਅ ਨੂੰ ਦੇਖਦੇ ਹੋਏ ੧੧ਵੀਂ ਸਦੀ ਵਿੱਚ ਆਏ ਯਾਤਰੀ ਅਲਬਰੂਨੀ ਨੇ ਆਪਣੀ ਪੁਸਤਕ **‘ਅਲਹਿੰਦ’** ਵਿੱਚ ਕਿਹਾ, **‘ਜਦ ਸਾਡੇ ਲੋਕ ਹਿੰਦ ਦੇ ਤਲਾਅ ਨੂੰ ਵੇਖਦੇ ਹਨ ਤਾਂ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ । ਅਜਿਹੇ ਤਲਾਅ ਦਾ ਨਿਰਮਾਣ ਤਾਂ ਦੂਰ, ਉਹ ਉਨ੍ਹਾਂ ਬਾਰੇ ਸਹੀ ਢੰਗ ਨਾਲ ਗੱਲ ਵੀ ਨਹੀਂ ਕਰ ਸਕਦੇ ।’**

ਪਿੰਡ-ਸ਼ਹਿਰ ਤਾਂ ਘੁੱਗ ਵੱਸਦੇ ਹਨ, ਪਰ ਕਿੱਥੇ ਹਨ ਤਲਾਅ ? ਹਾਂ, ਧਾਰਮਿਕ ਆਸਥਾ ਤਹਿਤ ਕੁਝ ਤਲਾਅ ਸਾਂਭੇ ਪਏ ਹਨ । ਪ੍ਰੰਤੂ ਧਾਰਮਿਕ ਆਸਥਾ ਵਾਲੇ ਤਲਾਅ ਉੱਤੇ ਵੀ ਕਾਰ-ਸੇਵੀ ਬਾਬਿਆਂ ਨੇ ਉਹੀ ਪੱਥਰ ਲਗਾ ਦਿੱਤਾ ਹੈ, ਜਿਹੜਾ ਸਾਡੇ ਟਾਇਲਟਾਂ, ਬਾਥਰੂਮਾਂ, ਰਸੋਈਆਂ ’ਚੋਂ ਹੁੰਦਾ ਹੋਇਆ ਹਰ ਭਾਈਚਾਰੇ ਦੀ ਵਿਰਾਸਤੀ ਇਮਾਰਤ ਉੱਤੇ ਟੰਗ ਦਿੱਤਾ ਗਿਆ ਹੈ । ਜੀਵਨ-ਜਾਚ ’ਚ ਕਦੇ



ਮਹੱਤਵਪੂਰਨ ਹਿੱਸਾ ਵੰਡਾਉਂਦੇ ਰਹੇ ਪੰਜਾਬ ਦੇ ਬਹੁਤੇ ਤਲਾਅ ਇਤਿਹਾਸ ਦੀਆਂ ਪੈੜਾਂ ’ਚ ਗੁੰਮ ਹੋ ਚੁੱਕੇ ਹਨ ।

**ਛੱਪੜ** : ਛੱਪੜ (ਟੋਭਾ), ਤਲਾਅ ਦਾ ਨਿੱਕੜਾ ਪਰ ਅਣਸੁਲਝਿਆ ਰੂਪ ਹੈ । ਛੱਪੜ ਪਿੰਡਾਂ ਦੇ ਨੇੜੇ ਹੀ ਬਣਾਏ ਜਾਂਦੇ ਸਨ, ਤਾਂ ਜੋ ਪਾਣੀ ਤੋਂ ਇਲਾਵਾ ਛੱਪੜਾਂ ਦੀ ਮਿੱਟੀ ਦਾ ਇਸਤੇਮਾਲ ਵੀ ਉਸਾਰੀ ਅਤੇ ਲਿੱਪਣ-ਪੋਚਣ ਲਈ ਕੀਤਾ ਜਾ ਸਕੇ। ਛੱਪੜ ਪਿੰਡ ਦੀ ਧੜਕਣ ਹੁੰਦਾ, ਇਸ ਲਾਗੇ ਅਕਸਰ ਸਾਂਝੇ ਸਥਾਨ ਵੀ ਹੁੰਦੇ ਅਤੇ ਤ੍ਰਿਵੇਣੀਆਂ ਵੀ, ਜਿੱਥੇ ਸੱਥ ਬਹਿੰਦੀ, ਚੁੰਵ-ਚਰਚਾ ਚੱਲਦੀ । ਛੱਪੜਾਂ ਦੁਆਲੇ ਸੰਘਣੇ ਦਰੱਖਤ ਹੁੰਦੇ । ਗਰਮੀਆਂ ’ਚ ਲੋਕ ਮੰਜੇ ਡਾਹੁੰਦੇ । ਪਾਲੀ ਆਪਣੇ ਡੰਗਰਾਂ ਨੂੰ ਖੁੱਲ੍ਹਾ ਛੱਡ ਖੇਡਾਂ ਖੇਡਦੇ । ਬਰਸਾਤੀ ਪਾਣੀ ਘੇਰ ਕੇ ਛੱਪੜ ’ਚ ਲਿਆਉਂਦੇ ਜਿਹੜਾ ਸਾਰਾ ਸਾਲ ਸੇਵਾ ਕਰਦਾ ।

**ਢਾਬ** : ਢਾਬਾਂ, ਛੱਪੜਾਂ ਤੋਂ ਥੋੜ੍ਹੀਆਂ ਵੱਡੀਆਂ ਪਰ ਗਹਿਰੀਆਂ ਹੁੰਦੀਆਂ। ਲੰਬਾਈ-ਚੌੜਾਈ ਦੀ ਗੱਲ ਨਾਲੋਂ ਕਦੇ ਪਾਣੀ ਨਾ ਸੁੱਕੇ ਬੱਸ ਇਹੋ ਨਿਸ਼ਾਨਾ ਹੁੰਦਾ । ਢਾਬ ਦਾ ਪਾਣੀ ਸਦਾ ਨਿਰਮਲ ਰਹੇ, ਇਸ ਲਈ ਉਸ ਵਿੱਚ ਕੱਛੂ-ਮੱਛੀਆਂ ਛੱਡੇ ਜਾਂਦੇ, ਸਾਝਰੇ-ਆਥਣੇ ਇਨ੍ਹਾਂ ਨੂੰ ਆਟੇ ਦੀਆਂ ਗੋਲੀਆਂ ਪਾਉਂਦੇ । ਢਾਬ ਦੇ ਕੋਲ ਹੀ ਰੋਜ਼ਾਨਾ ਤਲਾਅ-ਵੱਡੇ ਛੱਪੜਾਂ ਵਾਂਙ ਰੋਜ਼ਮਰ੍ਹਾ ਦੇ ਕੰਮਾਂ ਦੀ ਗਹਿਮਾ-ਗਹਿਮੀ ਰਹਿੰਦੀ । ਤਰਖਾਣ, ਪਥੇਰੇ, ਘੁਮਿਆਰ, ਮੋਚੀ ਆਦਿ ਜਿਵੇਂ ਢਾਬ ਦਾ ਹੀ ਹਿੱਸਾ ਹੁੰਦੇ । ਖ਼ੁਸ਼ੀ-ਗਮੀ ਦੀਆਂ ਸਭ ਰਸਮਾਂ ਮੌਕੇ ਮਿੱਟੀ ਕੱਢੀ ਜਾਂਦੀ ਤਾਂ ਜੋ ਹੌਲੀ-ਹੌਲੀ ਗਹਿਰਾਈ ਵੀ ਵਧੇ ਅਤੇ ਪੁਰ-ਪਰਾਈ ਵੀ ਘਟੇ ਤਾਂ ਜੋ ਪਿੰਡ ਦਾ ਜੀਵਨ ਵੀ ਜ਼ਿਆਦਾ ਲੰਮਾ ਹੋ ਸਕੇ । ਛੰਭ (ਸਦਾ ਵਗਦੇ ਪਾਣੀਆਂ ਨੇੜਲੇ ਜਲ-ਕੁੰਡ) ਨੇੜਲੀਆਂ ਢਾਬਾਂ ਆਮ ਕਰਕੇ ਕੁਦਰਤੀ ਹੁੰਦੀਆਂ ਸਨ ।

**ਡਿੱਗੀ** : ਜਿੱਥੇ ਵੀ ਪਾਣੀ ਦਾ ਤਲ ਡੂੰਘਾ ਹੁੰਦਾ ਜਾਂ ਪਾਣੀ ਖਾਰਾ ਹੁੰਦਾ, ਖੂਹ ਪੁੱਟਣਾ ਮਹਿੰਗਾ ਹੋਵੇ, ਉੱਥੇ ਪਿੰਡ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਡਿੱਗੀਆਂ ਬਣਾਈਆਂ ਜਾਂਦੀਆਂ ਸਨ । ਮਾਲਵਾ ਖਿੱਤੇ ਦੇ ਕਈ ਜ਼ਿਲ੍ਹਿਆਂ ਵਿੱਚ ਕਿਤੇ-ਕਿਤੇ ਟੁੱਟੀਆਂ-ਫੁੱਟੀਆਂ ਡਿੱਗੀਆਂ ਦੇ ‘ਅਸਥ’ ਅੱਜ ਵੀ ਦੇਖਣ ਨੂੰ ਮਿਲ ਜਾਣਗੇ । ਡਿੱਗੀਆਂ ਕੱਚੀਆਂ-ਪੱਕੀਆਂ ਦੋਵੇਂ ਤਰ੍ਹਾਂ ਦੀਆਂ ਹੁੰਦੀਆਂ ਸਨ । ਡੰਗਰਾਂ ਲਈ ਵੱਖ ਅਤੇ ਬੰਦਿਆਂ ਲਈ ਵੱਖ; ਪ੍ਰੰਤੂ ਜਿੱਥੇ ਪਾਣੀ ਦਾ ਪੱਧਰ ਬਹੁਤ ਜ਼ਿਆਦਾ ਗਹਿਰਾ ਹੋਵੇ, ਉੱਥੇ ਸਾਂਝੀ ਡਿੱਗੀ ਵੀ ਹੁੰਦੀ । ਪਾਣੀ ਦੀ ਵਰਤੋਂ ਬੜੀ ਕਿਫ਼ਾਇਤ ਨਾਲ ਕੀਤੀ ਜਾਂਦੀ, ਦੇਸੀ ਘਿਉ ਦੀ ਤਰ੍ਹਾਂ। ਡਿੱਗੀ ਦੇ ਪਾਣੀ ਦੇ ਸਾਂਝੇ ਸਰੋਤ ਹੁੰਦੇ—ਵਰਖਾ ਅਤੇ ਜ਼ਮੀਨਦੋਜ਼ ਪਾਣੀ ।

**ਖੂਹ** : ਖੂਹ ਦੋ ਤਰ੍ਹਾਂ ਦੇ ਸਨ, ਪੀਣ ਲਈ ਅਤੇ ਸਿੰਚਾਈ ਵਾਲੇ ।

ਖੂਹਾਂ ਦਾ ਇਤਿਹਾਸ ਈਸਾ ਤੋਂ ਵੀ ਸੈਂਕੜੇ ਵਰ੍ਹੇ ਪਹਿਲਾਂ ਦਾ ਹੈ । ਖੂਹ ਦੀ ਪੁਟਾਈ ਸਮੇਂ ਬਜ਼ੁਰਗ ਆਲੇ-ਦੁਆਲੇ ਘੁੰਮਦੇ ਰਹਿੰਦੇ ਅਤੇ ਦੱਸਦੇ ਅਜੇ ਪਾਣੀ ਕਿੰਨਾ ਕੁ ਦੂਰ ਹੈ । ਖੂਹ ਦਾ ਘੇਰਾ ਉੱਥੇ ਉੱਗਣ ਵਾਲੀਆਂ ਫ਼ਸਲਾਂ ਦੇ ਸੁਭਾਅ ਅਨੁਸਾਰ ਹੁੰਦਾ ।

ਖੂਹ ਨੂੰ ਪਿੰਡ ਦੀ ਸੰਜੀਵਨੀ ਮੰਨਿਆ ਜਾਂਦਾ । ਜਿਉਂ ਹੀ ਖੂਹ ਪੂਰਾ ਹੁੰਦਾ ਢੋਲ-ਨਗਾਰੇ ਵੱਜ ਉੱਠਦੇ । ਖੂਹਾਂ ਦੁਆਲੇ ਦਰੱਖਤਾਂ ਦੀ ਝਿੜੀ ਉੱਗਮਦੀ, ਜਿੱਥੇ ਪਰਿੰਦੇ ਆਲ੍ਹਣਾ ਪਾਉਂਦੇ । ਇਹ ਦੌਰ ਉਹ ਸੀ ਜਦੋਂ ਸਾਂਝੀਵਾਲਤਾ ਅਤੇ ਸਰਬੱਤ ਦੀ ਸੁਰ ਭਾਰੂ ਸੀ । ਮੁਹੱਲਿਆਂ ਤੋਂ ਬਾਅਦ ਖੂਹ ਹੀ ਧੜਕਦੀਆਂ ਲੋਕ-ਰੀਤਾਂ ਦਾ ਕੇਂਦਰ ਹੁੰਦਾ ਸੀ । ਚਿੜੀ ਚੂਕਣ ਅਤੇ ਕੁੱਕੜ ਦੀ ਬਾਂਗ ਨਾਲ ਹੀ ਖੂਹਾਂ ਉੱਤੇ ਜ਼ਿੰਦਗੀ ਚਹਿਕ ਉੱਠਦੀ । ਬਜ਼ੁਰਗ ਅਤੇ ਬੱਚੇ ਖੂਹ ਗੇੜ ਕੇ ਜਾਂ ਡੋਲ ਖਿੱਚ ਕੇ ਪਾਣੀ ਦੀਆਂ ਡਿੱਗੀਆਂ ਅਤੇ ਖੁਰਲੀਆਂ ਭਰ ਦਿੰਦੇ ।

**ਮੁੱਕਦੀ ਗੱਲ** : ਇਮਾਨਦਾਰੀ ਨਾਲ ਵੇਖੀਏ ਤਾਂ ਪੰਜਾਬ ਦੇ ਹਰੇ-ਭਰੇ ਖੇਤਰ ਉਸੇ ਸਮੇਂ ਤਕ ਹੀ ਸਨ ਜਦੋਂ ਤਕ ਇੱਥੋਂ ਦੇ ਸਾਰੇ ਕੁਦਰਤੀ ਸੋਮੇ ਸਹਿਜ-ਸਰਲ ਸਨ । ਦੂਰ-ਦੂਰ ਫੈਲੇ ਜੰਗਲ, ਪੰਜਾਂ ਦਰਿਆਵਾਂ ਦੀਆਂ ਜ਼ਰਖੇਜ਼ ਉੱਪ-ਨਦੀਆਂ ਅਤੇ ਲਗਭਗ **17-18** ਹਜ਼ਾਰ ਤਲਾਬ-ਟੋਭੇ ਸਨ । ਅਫ਼ਸੋਸ ! ਪੰਜਾਬ ਵਿੱਚ ਹੜ੍ਹਾਂ ਦਾ ਇਤਿਹਾਸ ਵੀ ਪਾਣੀ ਦੇ ਕੁਦਰਤੀ ਸੋਮਿਆਂ ਦੇ ਖ਼ਾਤਮੇ ਤੋਂ ਬਾਅਦ ਹੀ ਸ਼ੁਰੂ ਹੁੰਦਾ ਹੈ ਅਤੇ ਜਲ ਸੰਕਟ ਵੀ । ਹੁਣ ਤਾਂ ਮੱਛੀ-ਬੋਰ ਹਾਫਲਿਆਂ (ਹੰਭ ਗਿਆ) ਵਾਂਙ ਡੂੰਘੀਆਂ ਤੱਗੀਆਂ ਵੀ ਬਾਹਰ ਉਲੱਦੀ ਜਾ ਰਹੇ ਹਨ, ਬਿਨਾਂ ਇਹ ਸੋਚੇ ਕਿ ਪਤਾਲ ਤਕ ਪਾਣੀ ਪਹੁੰਚਣ ਲਈ ਢਾਈ ਲੱਖ ਵਰ੍ਹੇ ਲੱਗਦੇ ਹਨ, ਉਹ ਵੀ ਤਾਂ ਜੇਕਰ ਆਪਾਂ ਟੋਭਿਆਂ, ਢਾਬਾਂ ਅਤੇ ਸਰੋਵਰਾਂ ਵਿੱਚ ਮੀਂਹ ਦਾ ਪਾਣੀ ਰੋਕਾਂਗੇ ।

**ਮੋਬਾਈਲ: 94634-39075**



# ਕਿੱਥੇ ਗਈਆਂ ਕੁੜੀਆਂ ਤੇ ਚਿੜੀਆਂ

**(ਕੁੜੀਆਂ ਤੇ ਚਿੜੀਆਂ ਪੰਜਾਬੀ ਸੱਭਿਆਚਾਰ ਦਾ ਅਟੁੱਟ ਹਿੱਸਾ ਰਹੀਆਂ ਹਨ ।)**

**ਪ੍ਰੋ. ਹਮਦਰਦਵੀਰ ਨੌਸ਼ਹਿਰਵੀ**

ਅੱਜ ਦਾ ਹੋਕਾ-ਖ਼ਬਰਦਾਰ! ਕੁੜੀਓ ਤੇ ਚਿੜੀਓ, ਆਪਣਿਆਂ ਤੋਂ ਬਚੋ! ਘਰਾਂ ਦੇ ਅੰਦਰ, ਸਕੂਲ ਵਿੱਚ, ਗੁਆਂਢ ਵਿੱਚ ਦਰਿੰਦੇ ਨੀਝ ਲਾਈ ਬੈਠੇ ਹਨ। ਕਦੀ ਸਮਾਂ ਸੀ ਪਿੰਡ ਦੀ ਧੀ-ਭੈਣ ਇਕ ਘਰ ਦੀ ਨਹੀਂ ਸਾਰੇ ਪਿੰਡ ਦੀ ਧੀ ਭੈਣ ਹੁੰਦੀ ਸੀ। ਹੁਣ ਕੁੜੀ ਨੂੰ ਪਿੰਡ ਵਿੱਚੋਂ ਹੀ ਨਹੀਂ, ਗੁਆਂਢ ਵਿੱਚੋਂ ਹੀ ਨਹੀਂ, ਆਪਣੇ ਘਰ ਦੇ ਅੰਦਰੋਂ ਵੀ ਖ਼ਤਰਾ ਹੈ। ਭਾਰਤੀ ਰਾਸ਼ਟਰੀ ਅਪਰਾਧ ਬਿਊਰੋ ਦੀ ੨੦੧੫ ਦੀ ਰਿਪੋਰਟ ਵਿੱਚ ਅੰਕਿਤ ਹੈ ਕਿ ਉਸ ਸਾਲ ਕੁੜੀਆਂ ਨਾਲ ੩੪,੬੫੧ ਜਬਰ-ਜਨਾਹ ਦੇ ਮਾਮਲੇ ਸਾਹਮਣੇ ਆਏ। ਇਨ੍ਹਾਂ ਵਿੱਚੋਂ ੩੩੦੯੮ ਪੀੜਿਤਾਂ ਦੇ ਜਾਣੂ ਤੇ ਆਪਣੇ ਸਨ। ਜੇ ਮਾਸੂਮ ਕੁੜੀ ਨੂੰ ਘਰ ਆਏ ਰਿਸ਼ਤੇਦਾਰ ਪਾਸੋਂ ਹੀ ਖ਼ਤਰਾ ਹੈ ਜਾਂ ਆਪਣੇ ਨੇੜਲਿਆਂ ਤੋਂ ਖ਼ਤਰਾ ਹੈ ਤਾਂ ਦੱਸੋ ਕੁੜੀ ਲਈ ਕਿਹੜੀ ਥਾਂ ਮਹਿਫ਼ੂਜ਼ ਹੋਈ! ਸਹਾਰਾ ਘਰਾਂ, ਧਰਮਸ਼ਾਲਾਵਾਂ, ਆਸ਼ਰਮਾਂ ਵਿੱਚ ਤਾਂ ਪਹਿਲਾਂ ਹੀ ਕਾਮੀ ਧਾੜਵੀ ਰਹਿੰਦੇ ਹਨ। ਕੁੜੀਆਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ।

ਮਾਂ ਦੇ ਪੇਟ ਵਿੱਚ ਆਈ ਕੰਨਿਆ ਪ੍ਰਾਹੁਣੀ ਪੇਟ ਦੀ ਕਬਰ ਵਿੱਚ ਹੀ ਸਮਾਅ ਜਾਂਦੀ ਹੈ। ਜੇ ਪੇਟ ਤੋਂ ਬਾਹਰ ਆ ਹੀ ਜਾਂਦੀ ਹੈ ਤਾਂ ਮਾਦਾ ਭਰੂਣ ਗੰਦੇ ਨਾਲੇ ਵਿੱਚ ਜਾਂ ਸੁੰਨਸਾਨ ਥਾਂ ਸੁੱਟ ਦਿੱਤਾ ਜਾਂਦਾ ਹੈ। ਸੰਨ ੨੦੧੭ ਵਿੱਚ ਭਾਰਤ ਦੇ ਵੱਖ-ਵੱਖ ਹਸਪਤਾਲਾਂ ਵਿੱਚ ਹਜ਼ਾਰਾਂ ਬੱਚੇ (ਬਹੁਤੀਆਂ ਬੱਚੀਆਂ) ਜੀਵਨਦਾਨੀ ਆਕਸੀਜਨ ਨਾ ਮਿਲਣ ਕਾਰਨ ਮੌਤ ਦੇ ਮੂੰਹ ਜਾ ਪਏ। ਗੋਰਖਪੁਰ ਦੇ ਬੀਆਰਡੀ ਹਸਪਤਾਲ ਵਿੱਚ ੬੦ ਨਵਜਾਤ ਬੱਚੇ ਮੌਤ ਦੇ ਮੂੰਹ ਜਾ ਪਏ। ਨਾਸਿਕ ਦੇ ਸਿਵਲ ਹਸਪਤਾਲ ਵਿੱਚ ੫੫ ਬੱਚੇ, ਯੂ.ਪੀ. ਦੇ ਫਾਰੂਖਾਬਾਦ ਦੇ ਜ਼ਿਲ੍ਹਾ ਹਸਪਤਾਲ ਵਿੱਚ ੪੯ ਬੱਚੇ ਅਤੇ ਝਾਰਖੰਡ ਦੇ ਜਮਸ਼ੇਦਪੁਰ ਦੇ ਹਸਪਤਾਲ ਵਿੱਚ ੩੦ ਦਿਨ ਵਿੱਚ ੬੪ ਨਵਜਾਤ ਬੱਚੇ ਮਾਰੇ ਗਏ। ਦੇਖ ਲਵੋ ਹਸਪਤਾਲਾਂ ਦਾ ਮਾਨਵਖੋਰ ਪ੍ਰਬੰਧ! ਮਾਂ ਪੁੱਤ ਮੰਗਦੀ ਹੈ ਤੇ ਦਾਦੀ ਪੋਤਾ।

ਪੁੱਤ ਪੋਤਾ ਹੀ ਵੱਡਾ ਹੋ ਕੇ ਆਪਣੇ ਮਾਂ ਜਾਂ ਦਾਦੀ ਨੂੰ ਘਰੋਂ ਬਾਹਰ ਕੱਢਦਾ ਹੈ। ਧੀ ਆ ਕੇ ਆਪਣੀ ਮਾਂ ਜਾਂ ਦਾਦੀ ਨੂੰ ਆਪਣੇ ਨਾਲ ਆਪਣੇ ਸਹੁਰਿਆਂ ਦੇ ਘਰ ਪਨਾਹ ਦਿੰਦੀ ਹੈ। ਭਾਰਤ ਦੇ ਕਰੀਬ ਸਾਰਿਆਂ ਹੀ ਪ੍ਰਾਂਤਾਂ ਵਿੱਚ ੧੦੦੦ ਪਿੱਛੇ ਕੁੜੀਆਂ ਦੀ ਜੰਮਣ ਦਰ ਮੁੰਡਿਆਂ ਨਾਲੋਂ ਕਾਫ਼ੀ ਘੱਟ ਹੈ,

ਸਿਵਾਏ ਕੇਰਲਾ ਪ੍ਰਾਂਤ ਦੇ। ਕੇਰਲਾ ਵਿੱਚ ੧੦੦੦ ਮੁੰਡਿਆਂ ਦੇ ਪਿੱਛੇ ਕੁੜੀਆਂ ਦੀ ਦਰ ੧੦੮੪ ਹੈ। ਕੇਰਲਾ ਭਾਰਤ ਵਿੱਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਤੇ ਅਗਾਂਹਵਧੂ ਪ੍ਰਾਂਤ ਹੈ। 'ਨੰਨ੍ਹੀ ਛਾਂ', 'ਬੇਟੀ ਬਚਾਓ, ਬੇਟੀ ਪੜ੍ਹਾਓ' ਆਦਿ ਦੇ ਸਰਕਾਰੀ ਨਾਅਰਿਆਂ ਦੇ ਬਥੇਰੇ ਪਾਪੜ ਵੇਲੇ ਜਾਂਦੇ ਹਨ; ਪਰ ਘਰਾਂ, ਸਕੂਲਾਂ, ਬੱਸ ਅੱਡਿਆਂ, ਸੜਕਾਂ, ਬਜ਼ਾਰਾਂ ਵਿੱਚ ਕੁੜੀਆਂ-ਔਰਤਾਂ ਲਈ ਸੁਰੱਖਿਆ ਦਾ ਕੋਈ ਪ੍ਰਬੰਧ ਨਹੀਂ। ਆਲ੍ਹਣਿਆਂ ਵਿੱਚੋਂ ਚਿੜੀਆਂ ਗ਼ਾਇਬ ਹਨ। ਘਰਾਂ ਅੰਦਰ ਕੁੜੀਆਂ ਦੁਬਕ ਕੇ ਬੈਠੀਆਂ ਹਨ। ਕੰਜਕਾਂ ਦੀ ਪੂਜਾ ਲਈ ਕੰਜਕਾਂ ਨਹੀਂ ਮਿਲਦੀਆਂ। ਕੋਈ ਦਿਨ ਐਸਾ ਨਹੀਂ ਹੁੰਦਾ ਜਦੋਂ ਕਰਜ਼ੇ ਦੇ ਮਾਰੇ ਹੋਏ ਦੋ-ਤਿੰਨ ਕਿਸਾਨ ਤੇ ਖੇਤ ਮਜ਼ਦੂਰ ਆਤਮਹੱਤਿਆ ਨਹੀਂ ਕਰਦੇ। ਕੋਈ ਦਿਨ ਐਸਾ ਨਹੀਂ ਲੰਘਦਾ ਜਦੋਂ ਜ਼ਬਰ-ਜਨਾਹ ਨਾ ਹੁੰਦੇ ਹੋਣ। ਧਰਮੀ ਬਾਬਲ ਆਪਣੀਆਂ ਧੀਆਂ ਨੂੰ ਬੇਖ਼ੌਫ਼ ਮਹੌਲ ਦੇਣਾ ਚਾਹੁੰਦੇ ਹਨ। ਚਿੜੀਆਂ ਦਾ ਸ਼ਿਕਰਿਆਂ ਨਾਲ ਮੁਕਾਬਲਾ ਹੈ:

ਚਿੜੀਆਂ ਬਾਬਲਾ ਚਿੜੀਆਂ ਵੇ
ਚਿੜੀਆਂ, ਮੇਰੀ ਫੁਲਕਾਰੀ ਦੀਆਂ ਪਿੜੀਆਂ ਵੇ।
ਜਾਂ ਬਾਜਾਂ ਨਾਲ ਭਿੜੀਆਂ, ਬਾਬਲਾ ਚਿੜੀਆਂ ਵੇ।

ਕਦੀ ਚਿੜੀਆਂ ਸਾਡੇ ਪੇਂਡੂ ਜੀਵਨ ਦਾ ਹਿੱਸਾ ਹੁੰਦੀਆਂ ਸਨ। ਚਿੜੀ ਚੂਕਦੀ ਸੀ-ਪਹੁ ਫੁੱਟਦੀ ਸੀ। ਮਾਵਾਂ, ਦਾਦੀਆਂ ਬੱਚਿਆਂ ਲਈ ਤਵੇ ਉੱਤੇ ਆਟੇ ਦੀਆਂ ਚਿੜੀਆਂ ਬਣਾ ਕੇ, ਪਕਾ ਕੇ ਦਿੰਦੀਆਂ-'ਲੈ ਪੁੱਤ, ਰੋ ਨਾ! ਲੈ ਫੜ ਚਿੜੀ।' ਚਿੜੀ ਫੜ ਕੇ ਬੱਚਾ ਬਹੁਤ ਖ਼ੁਸ਼ ਹੋ ਜਾਂਦਾ ਸੀ। ਕੱਚੇ ਘਰਾਂ ਦੀਆਂ ਛੱਤਾਂ, ਸ਼ਤੀਰੀਆਂ ਅਤੇ ਬਾਲਿਆਂ ਦੀਆਂ ਹੁੰਦੀਆਂ ਸਨ। ਬਾਲਿਆਂ ਵਿੱਚ ਵਿਰਲਾਂ ਹੁੰਦੀਆਂ ਸਨ। ਚਿੜੀਆਂ ਇਨ੍ਹਾਂ ਵਿਰਲਾਂ ਵਿੱਚ ਆਲ੍ਹਣੇ ਬਣਾਉਂਦੀਆਂ ਸਨ। ਦਿਨ ਵੇਲੇ, ਘਰ ਵਿੱਚ ਕਈ-ਕਈ ਵਾਰ ਆਉਂਦੀਆਂ ਜਾਂਦੀਆਂ ਸਨ। ਚੀਂ-ਚੀਂ ਕਰਦੀਆਂ ਸਨ। ਗੀਤ ਗਾਉਂਦੀਆਂ ਸਨ। ਮਨ ਪਰਚਾਉਂਦੀਆਂ ਸਨ। ਬਾਹਰੋਂ ਘਾਹ-ਪੱਤੇ ਲਿਆਉਂਦੀਆਂ ਸਨ। ਕੁਦਰਤ ਨਾਲ ਸਾਡੀ ਨੇੜਤਾ ਵਧਾਉਂਦੀਆਂ ਸਨ। ਖਿੜਕੀਆਂ, ਰੋਸ਼ਨਦਾਨਾਂ ਨੂੰ ਜਾਲੀਆਂ ਨਹੀਂ ਸਨ ਲੱਗੀਆਂ ਹੁੰਦੀਆਂ। ਉਦੋਂ ਪ੍ਰਦੂਸ਼ਣ ਵੀ ਘੱਟ, ਮੱਛਰ ਵੀ ਘੱਟ ਸੀ। ਚਿੜੀਆਂ ਚੱਕਰ ਮਾਰਦੀਆਂ ਰਹਿੰਦੀਆਂ ਸਨ। ਆਂਡੇ ਦਿੰਦੀਆਂ ਸਨ। ਬੱਚੇ ਪਾਲਦੀਆਂ ਸਨ। ਬੱਚੇ ਵੱਡੇ ਹੋ ਕੇ ਉੱਡ ਜਾਂਦੇ ਸਨ ਕਿਧਰੇ ਦੂਰ ਚੋਗੇ ਦੀ ਤਲਾਸ਼ ਵਿੱਚ। ਮਾਪੇ ਚਿੜਾ-ਚਿੜੀ ਬੱਚਿਆਂ ਦੇ ਪਿੱਛੇ ਚਲੇ ਜਾਂਦੇ ਸਨ। ਉੱਡ ਜਾਂਦੇ-ਕਿਧਰੇ ਦੂਰ। ਬਾਜਰੇ ਦੇ ਝੂੰਮਦੇ ਸਿੱਟਿਆਂ ਦੇ ਖੇਤਾਂ ਵੱਲ। ਆਲ੍ਹਣੇ ਉੱਥੇ ਹੀ ਛੱਡ ਜਾਂਦੇ ਸਨ ਸਾਡੇ ਸਪੁਰਦ। ਪਿਆਰ ਦੀ ਅਗਲੀ ਰੁੱਤੇ ਚਿੜਾ ਤੇ ਚਿੜੀ ਫਿਰ ਮੁੜ ਆਉਂਦੇ ਸਨ। ਗੋਰੀ ਦੇ ਰੇਸ਼ਮੀ ਸੂਟ ਦੀਆਂ ਨਿੱਕੀਆਂ-ਨਿੱਕੀਆਂ ਕਾਤਰਾਂ ਲਿਆਉਂਦੇ ਸਨ ਦਰਜੀ ਨੂੰ ਪੁੱਛ ਕੇ। ਆਲ੍ਹਣੇ ਵਿੱਚ



ਇਕ ਬਿਸਤਰਾ ਵਿਛਾਉਂਦੇ ਸਨ। ਹੁਣ ਆਦਮ ਦੇ ਜਾਏ ੧੨ਵੀਂ ਪਾਸ ਕਰ ਕੇ ਆਈਲੈਟਸ ਕਰਦੇ ਹਨ। ਏਜੰਟਾਂ ਰਾਹੀਂ ਵੀਜ਼ਾ ਖ਼ਰੀਦ ਕੇ ਹੋ ਜਾਂਦੇ ਹਨ ਸਾਗਰੀ ਹਵਾਵਾਂ ਦੇ ਸਵਾਰ। ਪੜ੍ਹਾਈ ਦੇ ਬਹਾਨੇ ਉੱਡ ਜਾਂਦੇ ਕੈਨੇਡਾ, ਆਸਟ੍ਰੇਲੀਆ ਰੁਜ਼ਗਾਰ ਦੀ ਖ਼ਾਤਰ-ਪੇਟ ਦੀ ਖ਼ਾਤਰ। ਪਿੱਛੇ ਰਹਿ ਜਾਂਦਾ ਹੈ ਖ਼ਾਲੀ ਘਰ, ਨਿਰਾ ਪਿੰਜਰਾ, ਖੂੰਡੀ ਦੀ ਠਕ-ਠਕ, ਸੰਘ ਦੀ ਖਰ-ਖਰ—ਬੁੱਢੇ ਮਾਂ-ਬਾਪ ਦੇ ਝੋਰੇ। ਸਮੁੰਦਰੋਂ ਪਾਰ ਗਏ ਬੱਚਿਆਂ ਦੇ ਵਾਪਸ ਮੁੜਨ ਦੀ ਕਦੀ ਨਾ ਮੁੱਕਣ ਵਾਲੀ ਉਡੀਕ। ਮੇਰੇ ਘਰ ਦੇ ਨੇੜੇ ਇਕ ਨਿੱਕਾ ਜਿਹਾ ਪਾਰਕ ਹੈ।

ਸਵੇਰੇ ਇਕ ਕੋਇਲ ਦੀ ਅਵਾਜ਼ ਆਉਂਦੀ ਹੈ। ਵਿਹੜੇ ਵਿੱਚ ਖਿੜ ਜਾਂਦੀ ਹੈ ਬਹਾਰ। ਬਾਕੀ ਸਾਰਾ ਦਿਨ ਕਾਂ ਬੋਲਦੇ ਹਨ। ਕਾਂ-ਕਾਂ ਕਰਦੇ ਹਨ। ਨਿੱਕੀਆਂ-ਨਿੱਕੀਆਂ ਚਿੜੀਆਂ, ਡਰਦੀਆਂ-ਡਰਦੀਆਂ ਸ਼ਾਮ ਨੂੰ ਆਉਂਦੀਆਂ ਹਨ। ਫੁੱਲਾਂ ਉੱਤੇ ਬੈਠਦੀਆਂ ਹਨ। ਰਾਤ ਲਈ ਭੋਜਨ ਲੱਭਦੀਆਂ ਹਨ; ਪਰ ਹੁਣ ਇਹ ਚਿੜੀਆਂ ਨਹੀਂ ਆਉਂਦੀਆਂ। ਪਾਰਕ ਦੇ ਇਕ ਕੋਨੇ ਵਿੱਚ ਬਹੁਤ ਉੱਚਾ ਮੋਬਾਇਲ ਟਾਵਰ ਲਾ ਦਿੱਤਾ ਗਿਆ ਹੈ। ਦੂਰ ਤਕ ਘਾਤਕ ਤਰੰਗਾਂ ਦੀ ਮਾਰ। ਚਿੜੀਆਂ ਗਈਆਂ ਉਡਾਰੀ ਮਾਰ। ਪਾਰਕ ਵਿੱਚ ਵਿਦੇਸ਼ੀ ਰੁੱਖ ਲਾ ਦਿੱਤੇ ਗਏ ਹਨ। ਵਿਦੇਸ਼ੀ ਫੁੱਲ ਉਗਾ ਦਿੱਤੇ ਗਏ ਹਨ। ਚਿੜੀਆਂ ਦੇਸੀ ਹਨ। ਵਿਦੇਸ਼ੀ ਰੁੱਖਾਂ ਉੱਤੇ ਆਲ੍ਹਣੇ ਨਹੀਂ ਬਣਾ ਸਕਦੀਆਂ।

ਵਿਦੇਸ਼ੀ ਫੁੱਲਾਂ 'ਚੋਂ ਦੇਸੀ ਚੋਗਾ ਨਹੀਂ ਲੱਭ ਸਕਦੀਆਂ ਸਾਡੀਆਂ ਚਿੜੀਆਂ। ਜਦੋਂ ਰੁੱਤ, ਹਵਾ ਵਿੱਚ ਨਮੀ ਵੀ ਆਉਂਦੀ ਹੈ, ਉਦੋਂ ਰੁੱਤ ਤਿਉਹਾਰਾਂ ਦੀ ਹੁੰਦੀ ਹੈ। ਨਰਾਤਿਆਂ ਮਗਰੋਂ ਦੁਸਹਿਰੇ ਤੇ ਫਿਰ ਦੀਵਾਲੀ ਦਾ ਹਵਾ ਵਿੱਚ ਫੈਲਿਆ ਬਾਰੂਦੀ ਪ੍ਰਦੂਸ਼ਣ ਕਈ-ਕਈ ਮਹੀਨਿਆਂ ਤਕ ਹਵਾ ਵਿੱਚ ਫੈਲਿਆ ਰਹਿੰਦਾ ਹੈ। ਇਸੇ ਸਮੇਂ ਖੇਤਾਂ ਵਿੱਚ ਪਰਾਲੀ ਸਾੜੀ ਜਾਂਦੀ ਹੈ। ਘਾਤਕ ਪ੍ਰਦੂਸ਼ਣ ਨੂੰ ਰੋਕਣ ਦਾ ਕੋਈ ਯਤਨ ਨਹੀਂ ਕੀਤਾ ਜਾਂਦਾ। ਇੱਟ-ਭੱਠਿਆਂ ਦੀਆਂ ਚਿਮਨੀਆਂ ਦਾ ਜ਼ਹਿਰੀ ਧੂੰਆਂ। ਕਾਰਖ਼ਾਨਿਆਂ ਵੱਲੋਂ ਬਾਹਰ ਛੱਡਿਆ ਜਾਂਦਾ ਬਿਮਾਰੀਆਂ ਭਰਿਆ ਗੰਦਾ ਪਾਣੀ, ਧੂੰਆਂ ਤੇ ਗੈਸਾਂ। ਕੋਈ ਨਹੀਂ ਰੋਕਦਾ। ਮਾਨਵ ਦਾ ਦਮ ਘੁੱਟਦਾ ਹੈ। ਸੋਹਲ ਚਿੜੀਆਂ ਵਿਚਾਰੀਆਂ ਕਿੱਧਰ ਜਾਣ। ਕੁੜੀਆਂ ਬਿਨਾਂ ਵਿਹੜਾ ਸ਼ਮਸ਼ਾਨ ਹੈ, ਵੀਰਾਨ ਹੈ। ਚਿੜੀਆਂ ਬਿਨਾਂ ਅਸਮਾਨ ਸੱਖਣਾ ਹੈ, ਗੁੰਗਾ ਹੈ। ਕਾਇਨਾਤ ਰੁੱਸੀ ਹੈ। ਨਾਰਾਜ਼ ਹੈ। ਆਓ! ਕੁੜੀਆਂ ਤੇ ਚਿੜੀਆਂ ਨੂੰ ਸੁਰੱਖਿਅਤ ਜੀਵਨ ਦੇਣ ਲਈ ਮਾਹੌਲ ਪੈਦਾ ਕਰੀਏ।

ਮੋਬਾਇਲ ਨੰ: 94638-08697

(ਪੰ: ਜਾਗਰਣ 18-01-2019 'ਚੋਂ ਧੰਨਵਾਦ ਸਹਿਤ !)

# ਚਰਿੱਤਰਵਾਨ ਬਣਨ ਦੀ ਲੋੜ

**ਪ੍ਰੋ: ਲਕਸ਼ਮੀ ਕਾਂਤਾ ਚਾਵਲਾ***

ਭਾਰਤ ਦੇ ਰਿਸ਼ੀਆਂ ਅਤੇ ਨੀਤੀਘਾੜਿਆਂ ਨੇ ਸਦੀਆਂ ਪਹਿਲਾਂ ਆਖਿਆ ਸੀ ਕਿ ਧਨ ਗਿਆ ਤਾਂ ਕੁਝ ਨਹੀਂ ਗਿਆ, ਪਰ ਚਰਿੱਤਰ ਗਿਆ ਤਾਂ ਸਭ ਕੁਝ ਗਿਆ। ਆਜ਼ਾਦ ਭਾਰਤ ਵਿੱਚ ਰਾਜਨੀਤੀ ਅਤੇ ਉੱਚ ਵਰਗ ਦੀ ਸਮਾਜਿਕ ਹਾਲਤ ਅਜਿਹੀ ਹੋ ਗਈ ਹੈ ਕਿ ਇੱਥੇ ਸਿਰਫ਼ ਪੈਸੇ ਦੀ ਹੀ ਅਹਿਮੀਅਤ ਹੈ। ਅੱਜ ਚਰਿੱਤਰ ਦੀ ਥਾਂ ਪੈਸੇ ਨੂੰ ਹੀ ਅਹਿਮੀਅਤ ਦਿੱਤੀ ਜਾ ਰਹੀ ਹੈ। ਮਾਹਿਰਾਂ ਨੇ ਇਹ ਗੱਲ ਸਰਬਸੰਮਤੀ ਨਾਲ ਪ੍ਰਵਾਨ ਕੀਤੀ ਹੈ ਕਿ ਜਿਹੜਾ ਸਮਾਜ ਪੈਸੇ ਨੂੰ ਮਾਨਤਾ ਦਿੰਦਾ ਹੈ ਉਹ ਪਾਪ ਅਤੇ ਅਪਰਾਧ ਨੂੰ ਮਾਨਤਾ ਦਿੰਦਾ ਹੈ।

ਆਜ਼ਾਦੀ ਦੇ ਪਹਿਲੇ ਦੋ ਦਹਾਕਿਆਂ ਵਿੱਚ ਸਮਾਜਿਕ ਨੈਤਿਕ ਮੁੱਲਾਂ ਦਾ ਇੰਨਾ ਘਾਣ ਨਹੀਂ ਹੋਇਆ ਸੀ, ਜਿੰਨਾ ਅੱਜ ਆਜ਼ਾਦੀ ਤੋਂ ਸੱਤ ਦਹਾਕਿਆਂ ਬਾਅਦ ਦੇਖਣ ਨੂੰ ਮਿਲ ਰਿਹਾ ਹੈ। ਅੱਜ ਇਸ ਗੱਲ ਦੀ ਚਿੰਤਾ ਹੈ ਕਿ ਨਵੇਂ-ਨਵੇਂ ਕਾਨੂੰਨ ਬਣਾਏ ਜਾਣ ਤਾਂ ਜੋ ਲੋਕ ਡਰ ਕਾਰਨ ਅਪਰਾਧ ਨਾ ਕਰਨ, ਪਰ ਇਸ ਗੱਲ ਬਾਰੇ ਕਦੇ ਸੋਚਿਆ ਨਹੀਂ ਜਾਂਦਾ ਕਿ ਵਿੱਦਿਅਕ ਸੰਸਥਾਵਾਂ ਵਿੱਚ ਅਜਿਹਾ ਮਾਹੌਲ ਕਿਉਂ ਨਾ ਸਿਰਜਿਆ ਜਾਵੇ ਤਾਂ ਜੋ ਬੱਚੇ ਚੰਗੀ ਸਿੱਖਿਆ ਹਾਸਲ ਕਰ ਕੇ ਧਰਮ ਖੇਤਰ ਵਿੱਚ ਅੱਗੇ ਵਧਣ ਅਤੇ ਉਨ੍ਹਾਂ ਦਾ ਚਰਿੱਤਰ ਇੰਨਾ ਮਜ਼ਬੂਤ ਹੋਵੇ ਕਿ ਉਹ ਅਪਰਾਧ ਕਰਨ ਬਾਰੇ ਸੋਚਣ ਹੀ ਨਾ। ਭਾਰਤ ਦੇ ਲੋਕ ਵਰਤ ਆਦਿ ਰੱਖਦੇ ਹਨ। ਵਰਤ ਦਾ ਅਰਥ ਮਨ ਦਾ ਸੰਜਮ ਹੈ। ਅੱਜ ਦੇ ਸਮੇਂ ਵਿੱਚ ਨਾ ਸਰਕਾਰ ਕੋਲ ਸੰਜਮ ਹੈ ਤੇ ਨਾ ਜਨਤਾ ਨੂੰ ਇਸ ਦਾ ਪਾਠ ਪੜ੍ਹਾਉਣ ਵਾਲੇ ਵਿਅਕਤੀ ਹਨ।

ਦੇਸ਼ ਦੇ ਆਮ ਲੋਕ ਚੰਗੇ, ਮਿਹਨਤੀ ਇਮਾਨਦਾਰ, ਸਮਾਜ ਅਤੇ ਕਾਨੂੰਨੀ ਕਦਰਾਂ-ਕੀਮਤਾਂ ਦਾ ਮਾਣ ਕਰਨ ਵਾਲੇ ਹਨ, ਪਰ ਪੈਸੇ, ਤਾਕਤ ਅਤੇ ਰਾਜਸੀ ਲੋਕਾਂ ਦੀ ਸੱਤਾ ਦੀ ਤਾਕਤ ਨਾਲ ਸਿਖਰ 'ਤੇ ਪੁੱਜਣ ਵਾਲੇ ਵਿਅਕਤੀ ਹਰ ਤਰ੍ਹਾਂ ਦਾ ਭੈਅ ਭੁੱਲ ਕੇ ਦੂਜੇ ਲੋਕਾਂ ਨੂੰ ਡਰਾਉਂਦੇ ਹਨ। ਉਨ੍ਹਾਂ ਦਾ ਇਕੋ ਇਕ ਮਕਸਦ ਕਿਸੇ ਵੀ ਤਰੀਕੇ ਸਿਰਫ਼ ਪੈਸਾ ਕਮਾਉਣਾ ਹੁੰਦਾ ਹੈ, ਭਾਵੇਂ ਉਹ ਤਰੀਕਾ ਚੰਗਾ ਹੋਵੇ ਜਾਂ ਮਾੜਾ।

ਜ਼ਿਕਰਯੋਗ ਹੈ ਕਿ ਇਕ ਵਿਅਕਤੀ ਨੇ ਦੁਹਾਈ ਦਿੱਤੀ ਕਿ ਉਸ ਨੂੰ ਥਾਣੇ ਵਿੱਚ ਕੁੱਟਿਆ ਗਿਆ ਅਤੇ ਪੁਲਿਸ ਇੰਸਪੈਕਟਰ ਨੇ ਉਸ ਤੋਂ ਤਿੰਨ ਹਜ਼ਾਰ ਰੁਪਏ ਦੀ ਰਿਸ਼ਵਤ ਲਈ। ਜਦੋਂ ਇਸ ਬਾਰੇ ਸੰਬੰਧਿਤ ਇੰਸਪੈਕਟਰ ਤੋਂ ਪੁੱਛਿਆ ਗਿਆ ਤਾਂ ਉਸ ਨੇ ਕਿਹਾ, "ਮੇਰੇ ਮੋਢੇ 'ਤੇ ਲੱਗੇ ਤਾਰੇ ਦੇਖੋ। ਮੈਂ ਤਿੰਨ ਤਾਰੇ ਲਾ ਕੇ ਤਿੰਨ ਹਜ਼ਾਰ ਤਾਂ ਨਹੀਂ ਲੈ ਸਕਦਾ। ਜੇ ਲਵਾਂਗਾ ਤਾਂ ਇਸ ਤੋਂ ਵੱਧ ਪੈਸੇ ਲਵਾਂਗਾ।" ਮੈਨੂੰ ਜਾਪਦਾ ਹੈ ਕਿ ਅੱਜ ਸਰਕਾਰੀ ਹੁਕਮਾਂ ਅਤੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਵਰਦੀ 'ਤੇ ਲੱਗੇ ਤਾਰੇ ਦੇਖ ਕੇ ਹੀ ਰਿਸ਼ਵਤ ਲਈ ਜਾ ਰਹੀ ਹੈ। ਇਸ ਦੀ ਤਾਜ਼ਾ ਮਿਸਾਲ ਭਾਰਤ ਦੀ ਉੱਘੀ ਜਾਂਚ ਏਜੰਸੀ ਸੀਬੀਆਈ ਦਾ ਮਾਮਲਾ ਹੈ ਜੋ ਸੁਪਰੀਮ ਕੋਰਟ ਵਿੱਚ ਵਿਚਾਰ ਅਧੀਨ ਹੈ। ਸਿਖਰਲੀ ਜਾਂਚ ਏਜੰਸੀ ਦੇ ਦੋ ਸੀਨੀਅਰ ਅਧਿਕਾਰੀਆਂ ਨੇ ਇਕ ਦੂਜੇ



'ਤੇ ਰਿਸ਼ਵਤ ਲੈਣ ਦੇ ਦੋਸ਼ ਲਗਾਏ ਹਨ ਜੋ ੨੦੦ ਕਰੋੜ ਰੁਪਏ ਤੋਂ ਵੱਧ ਦੀ ਰਿਸ਼ਵਤ ਲੈਣ ਦੇ ਹਨ। ਇਸ ਨੂੰ ਦੇਖ ਕੇ ਉਕਤ ਇੰਸਪੈਕਟਰ ਦੀ ਗੱਲ ਸਹੀ ਜਾਪਦੀ ਹੈ।

ਭਾਰਤ ਵਿੱਚ ਔਰਤਾਂ ਪ੍ਰਤੀ ਅਪਰਾਧ ਵਧ ਰਿਹਾ ਹੈ। ਬਲਾਤਕਾਰ ਸ਼ਬਦ ਪੜ੍ਹਨ ਬੋਲਣ ਵਿੱਚ ਕਦੇ ਸ਼ਰਮ ਆਉਂਦੀ ਸੀ, ਪਰ ਅੱਜ ਇਹ ਸ਼ਬਦ ਹਰ ਅਖ਼ਬਾਰ, ਟੀ.ਵੀ. ਚੈਨਲਾਂ ਵਿੱਚ ਆਮ ਵਰਤਿਆ ਜਾ ਰਿਹਾ ਹੈ। ਸਰਕਾਰ ਨੇ ਬਲਾਤਕਾਰ ਦੀਆਂ ਘਟਨਾਵਾਂ ਨੂੰ ਰੋਕਣ ਲਈ ਸਖ਼ਤ ਕਾਨੂੰਨ ਬਣਾਇਆ ਅਤੇ ਅਪਰਾਧੀ ਲਈ ਮੌਤ ਦੀ ਸਜ਼ਾ ਤੈਅ ਕੀਤੀ। ਪਰ ਕੀ ਕਦੇ ਸਮਾਜ ਅਤੇ ਸਰਕਾਰ ਨੇ ਸੋਚਿਆ ਕਿ ਇਹ ਕਾਨੂੰਨ ਬਣਨ ਤੋਂ ਬਾਅਦ ਔਰਤਾਂ ਖ਼ਿਲਾਫ਼ ਅਪਰਾਧਾਂ ਵਿੱਚ ਕਮੀ ਆਈ ਹੈ ਜਾਂ ਨਹੀਂ? ਹੱਤਿਆ ਲਈ ਫ਼ਾਂਸੀ/ਉਮਰ ਕੈਦ ਦੀ ਸਜ਼ਾ ਬਹੁਤ ਪੁਰਾਣੀ ਹੈ। ਕੀ ਇਸ ਦੇ ਬਾਵਜੂਦ ਹੱਤਿਆਵਾਂ ਰੁਕੀਆਂ? ਰਿਸ਼ਵਤ ਲਈ ਵੀ ਸਜ਼ਾ ਦੀ ਤਜਵੀਜ਼ ਹੈ, ਪਰ ਹੁਣ ਤਾਂ ਰਿਸ਼ਵਤ ਖੁੱਲ੍ਹੇਆਮ ਲਈ ਜਾਂਦੀ ਹੈ। ਹਰ ਸਰਕਾਰੀ ਵਿਭਾਗ, ਇੱਥੋਂ ਤਕ ਕਿ ਅਦਾਲਤਾਂ, ਹਸਪਤਾਲਾਂ ਅਤੇ ਸਕੂਲ ਕਾਲਜਾਂ ਵਿੱਚ ਵੀ ਰਿਸ਼ਵਤ ਲਈ ਜਾ ਰਹੀ ਹੈ। ਉਂਞ ਇਹ ਗੱਲ ਵੱਖਰੀ ਹੈ ਕਿ ਰਿਸ਼ਵਤ ਨੂੰ ਹੁਣ ਕੈਪੀਟੇਸ਼ਨ ਫ਼ੀਸ ਜਾਂ ਡੋਨੇਸ਼ਨ ਦਾ ਨਾਂ ਦੇ ਦਿੱਤਾ ਗਿਆ ਹੈ।

ਗੱਲ ਚਰਿੱਤਰ ਦੀ ਹੋ ਰਹੀ ਸੀ। ਜਦੋਂ ਤਕ ਸਰਕਾਰ ਵਿੱਚ ਇਮਾਨਦਾਰ ਲੋਕ ਨਹੀਂ ਆਉਂਦੇ, ਉਦੋਂ ਤਕ ਨਵੀਂ ਪੀੜ੍ਹੀ ਦੇ ਬੱਚਿਆਂ, ਵਿਦਿਆਰਥੀਆਂ ਨੂੰ ਦੇਸ਼ ਦੇ ਸ਼ਹੀਦਾਂ ਦੀਆਂ ਵੀਰ ਗਾਥਾਵਾਂ ਅਤੇ ਤਿਆਗੀ ਤਪੱਸਵੀ ਮਹਾਂਪੁਰਸ਼ਾਂ ਦੇ ਜੀਵਨ ਬਾਰੇ ਸਿੱਖਿਆ ਨਹੀਂ ਮਿਲੇਗੀ। ਇਸ ਦੀ ਅਣਹੋਂਦ ਵਿੱਚ ਬੱਚੇ ਇਮਾਨਦਾਰ ਅਤੇ ਦੇਸ਼-ਭਗਤ ਕਿਵੇਂ ਬਣਨਗੇ? ਇਸ ਬਾਰੇ ਸੋਚਣ ਦੀ ਲੋੜ ਹੈ। ਅੱਜ ਚਰਿੱਤਰ ਸਿਰਫ਼ ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਹੇਠਲੇ ਵਰਗ ਦੀ ਸੰਪਤੀ ਬਣ ਕੇ ਰਹਿ ਗਿਆ ਹੈ। ਅੱਜ 'ਜੇਹਾ ਰਾਜਾ ਤੇਹੀ ਪਰਜਾ' ਵਾਲੀ ਅਖਾਣ ਸੱਚ ਸਾਬਤ ਹੋ ਰਹੀ ਹੈ। ਭਗਵਾਨ ਸ੍ਰੀ ਕ੍ਰਿਸ਼ਨ ਨੇ ਵੀ ਗੀਤਾ ਵਿੱਚ ਕਿਹਾ ਸੀ ਕਿ ਕਿਸੇ ਵੀ ਯੁੱਗ ਦੇ ਉੱਚ ਲੋਕ ਜਿਸ ਰਾਹ 'ਤੇ ਚੱਲਣਗੇ, ਸਮਾਜ ਵੀ ਉਸੇ ਰਾਹ 'ਤੇ ਚੱਲੇਗਾ। ਸਮਾਂ ਅਜਿਹੇ ਨੇਤਾਵਾਂ ਦੀ ਮੰਗ ਕਰਦਾ ਹੈ ਜੋ ਸਮਾਜ ਦੇ ਸਭਨਾਂ ਵਰਗਾਂ, ਫ਼ਿਰਕਿਆਂ, ਗ਼ਰੀਬਾਂ ਅਤੇ ਅਮੀਰਾਂ ਸਭ ਦਾ ਖ਼ਿਆਲ ਰੱਖੇ। ਅੱਜ ਪੈਸੇ ਵਾਲੇ ਕਿਸੇ ਕਾਨੂੰਨ ਦੀ ਪਰਵਾਹ ਨਹੀਂ ਕਰਦੇ। ਇਹੀ ਕਾਰਨ ਹੈ ਕਿ ੨੦੧੯ ਵਿੱਚ ਵੀ ਦੇਸ਼-ਵਾਸੀ ਇਹ ਨਹੀਂ ਸਿੱਖ ਸਕੇ ਕਿ ਕੂੜਾ ਕਿੱਥੇ ਸੁੱਟਣਾ ਹੈ। ਲੋਕਾਂ ਨੂੰ ਜਾਗਰੂਕ ਕਰਨ ਲਈ ਸਰਕਾਰ ਨੂੰ ਸੁਨੇਹਾ ਦੇਣਾ ਚਾਹੀਦਾ ਹੈ। ਉੱਚ ਅਹੁਦਿਆਂ 'ਤੇ ਬੈਠੇ ਵਿਅਕਤੀਆਂ ਨੂੰ ਪਹਿਲਾਂ ਆਪ ਨੇਮਾਂ ਦਾ ਪਾਲਣ ਕਰਨਾ ਚਾਹੀਦਾ ਹੈ ਤੇ ਲੋਕਾਂ ਲਈ ਆਦਰਸ਼ ਬਣਨਾ ਚਾਹੀਦਾ ਹੈ। ਅੱਜ ਧਰਮ ਗੁਰੂਆਂ, ਰਾਜਨੇਤਾਵਾਂ ਅਤੇ ਉੱਚ ਅਹੁਦਿਆਂ 'ਤੇ ਬੈਠੇ ਲੋਕਾਂ ਨੂੰ ਪਹਿਲਾਂ ਆਪਣਾ ਚਰਿੱਤਰ ਮਜ਼ਬੂਤ ਅਤੇ ਆਦਰਸ਼ ਬਣਾਉਣਾ ਪਵੇਗਾ, ਤਾਂ ਹੀ ਸਿਹਤਮੰਦ ਸਮਾਜ ਦਾ ਨਿਰਮਾਣ ਹੋ ਸਕਦਾ ਹੈ। ਇਹ ਟੀਚਾ ਹਾਸਲ ਕਰਨ ਲਈ ਚਰਿੱਤਰ ਅਤੇ ਚਰਿੱਤਰਵਾਨ ਬਣਨ ਦੀ ਲੋੜ ਹੈ।

*ਸਾਬਕਾ ਮੰਤਰੀ, ਪੰਜਾਬ।

(ਰੋ: ਪੰ: ਟ੍ਰਿਬਿਊਨ 26-11-2018 'ਚੋਂ ਧੰਨਵਾਦ ਸਹਿਤ !)

# ਸੱਭਿਆਚਾਰ ਨਾਲੋਂ ਟੁੱਟ ਕੇ ਖ਼ੁਦਕੁਸ਼ੀਆਂ ਦਾ ਕਸ਼ਟ ਭੋਗਦੇ ਕਿਸਾਨ

### ਮਹਿੰਦਰ ਸਿੰਘ ਦੋਸਾਂਝ

ਪੰਜਾਬ ਅੰਦਰ ਭਾਈਚਾਰਕ ਸਾਂਝ ਨਾਲ ਜੁੜੇ ਉਹ ਵੇਲੇ ਅਕਸਰ ਯਾਦ ਆਉਂਦੇ ਹਨ ਜਦੋਂ, ਜੇ ਕਿਸੇ ਕਿਸਾਨ ਦੀ ਖਲਵਾੜਿਆਂ 'ਚ ਪਈ ਕਣਕ ਨੂੰ ਅੱਗ ਲੱਗ ਜਾਂਦੀ ਸੀ ਤਾਂ ਪਿੰਡ ਦੇ ਸਾਰੇ ਲੋਕ ਤਿੰਨ-ਤਿੰਨ ਚਾਰ-ਚਾਰ ਭਰੀਆਂ ਕਣਕ ਦੀਆਂ ਆਪਣੇ ਗੱਡਿਆਂ 'ਤੇ ਲੱਦ ਕੇ ਅੱਗ ਨਾਲ ਪੀੜਿਤ ਕਿਸਾਨ ਦੇ ਅੱਡੇ 'ਤੇ ਛੱਡ ਆਉਂਦੇ ਸਨ। ਕਣਕ ਗਾਹੁਣ ਤੋਂ ਬਾਅਦ ਤੂੜੀ ਦਾਣਿਆਂ ਦੀਆਂ ਧੜਾਂ ਲਾਈਆਂ ਜਾਂਦੀਆਂ ਸਨ ਤੇ ਧੜਾਂ ਉਡਾਉਣ ਲਈ ਭਰੋਸੇਯੋਗ ਹਵਾ ਕਦੇ-ਕਦੇ ਚਲਦੀ ਹੁੰਦੀ ਸੀ। ਜਦੋਂ ਅਜਿਹੀ ਹਵਾ ਚੱਲਣੀ ਤਾਂ ਧੜ ਵਾਲੇ ਕਿਸਾਨ ਦੇ ਆਲੇ-ਦੁਆਲੇ ਦੇ ਸਾਰੇ ਕਿਸਾਨ ਆਪਣੇ ਕੰਮ ਵਿੱਚੇ ਛੱਡ ਕੇ ਤੇ ਆਪਣੀਆਂ ਹੀ ਤੰਗਲੀਆਂ ਲੈ ਕੇ ਧੜ ਉਡਾਉਣ ਲਈ ਬਿਨਾਂ ਸੱਦੇ ਪਹੁੰਚ ਜਾਂਦੇ ਸਨ। ਉਦੋਂ ਕਿਸੇ ਨੂੰ ਵੀ ਕੋਈ ਦੁੱਖ ਤਕਲੀਫ਼ ਹੋਵੇ ਜਾਂ ਕੋਈ ਕੁਦਰਤੀ ਆਫ਼ਤ ਆ ਜਾਵੇ ਤਾਂ ਸਾਂਝੇ ਤੇ ਵੱਡੇ ਪਰਿਵਾਰ ਦੇ ਮੈਂਬਰ ਹਾਲਾਤ ਦਾ ਟਾਕਰਾ ਕਰਨ ਤੇ ਬਿਪਤਾ 'ਚੋਂ ਮੁੜ ਉੱਭਰਨ ਲਈ ਗੰਭੀਰਤਾ ਨਾਲ ਵਿਚਾਰ ਕਰਦੇ ਸਨ, ਪਰਿਵਾਰ ਦੇ ਮੈਂਬਰਾਂ ਵਿੱਚ ਦੁੱਖ ਤੇ ਫ਼ਿਕਰ ਵੰਡੇ ਜਾਂਦੇ ਸਨ, ਪੀੜਿਤ ਪਰਿਵਾਰਾਂ ਨੂੰ ਭਾਈਚਾਰਾ ਹੌਂਸਲਾ, ਦਿਲਬਰੀ ਤੇ ਸਹਿਯੋਗ ਦਿੰਦਾ ਸੀ।

ਅਜਿਹੀਆਂ ਕਲਿਆਣਕਾਰੀ ਸਾਂਝਾਂ ਦੇ ਨਾਲ ਹੱਥੀਂ ਖੇਤੀ ਦੇ ਕੰਮ ਕਰਨ ਦੀ ਭਾਵਨਾ ਅਜੋਕੇ ਕਿਸਾਨ ਦੀ ਜ਼ਿੰਦਗੀ 'ਚੋਂ ਖ਼ਤਮ ਹੋ ਚੁੱਕੀ ਹੈ। ਥੋੜ੍ਹੀ-ਥੋੜ੍ਹੀ ਜ਼ਮੀਨ ਵਾਲੇ ਬਹੁਤੇ ਕਿਸਾਨ ਅੱਜ ਆਡ ਘੜਨ, ਪੱਠੇ ਵੱਢਣ, ਖੇਤਾਂ 'ਚੋਂ ਬਣਾ ਕੇ ਲਿਆਂਦੀ ਤੇ ਬੂਹਿਆਂ ਅੱਗੇ ਟਰਾਲੀ 'ਚੋਂ ਢੇਰ ਕੀਤੀ ਤੂੜੀ ਨੂੰ ਤੰਗਲੀਆਂ ਨਾਲ ਅੰਦਰ ਕਰਨ ਅਤੇ ਖੇਤੀ ਦੇ ਹੋਰ ਨਿੱਕੇ-ਨਿੱਕੇ ਕੰਮਾਂ ਲਈ ਵੀ ਅਕਸਰ ਪ੍ਰਵਾਸੀ ਮਜ਼ਦੂਰਾਂ ਨੂੰ ਲੱਭਦੇ ਫਿਰਦੇ ਹਨ। ਕਿਸਾਨਾਂ ਦੇ ਬਹੁਤੇ ਮੁੰਡਿਆਂ ਕੋਲ ਮੋਬਾਇਲ ਤੇ ਇੰਟਰਨੈੱਟ ਦੀ ਦੁਨੀਆਂ ਵਿੱਚੋਂ ਨਿਕਲ ਕੇ ਹੋਰ ਪਾਸੇ ਝਾਤ ਮਾਰਨ ਲਈ ਦੋ ਪਲ ਦਾ ਵੀ ਸਮਾਂ ਨਹੀਂ ਹੈ। ਅੱਜ ਦੇ ਕਿਸਾਨੀ ਸਮਾਜ ਵਿੱਚੋਂ ਸਾਦਗੀ ਵੀ ਗ਼ਾਇਬ ਹੋ ਚੁੱਕੀ ਹੈ ਤੇ ਸ਼ੌਕੀਨੀ ਇਸ ਸਮਾਜ 'ਤੇ ਹਾਵੀ ਹੋ ਚੁੱਕੀ ਹੈ। ਹੱਥੀਂ ਚੁਗੀਆਂ, ਵੇਲੀਆਂ ਤੇ ਅਟੇਰੀਆਂ ਕਪਾਹਾਂ ਤੋਂ ਤਿਆਰ ਕੀਤੇ ਕਿੱਥੇ ਗਏ ਉਹ ਖੱਦਰ ਦੇ ਕੱਪੜੇ ਜੋ ਸਰੀਰਾਂ ਨੂੰ ਗਰਮੀਆਂ ਵਿੱਚ ਠੰਢੇ, ਸਰਦੀਆਂ ਵਿੱਚ ਗਰਮ ਤੇ ਚਮੜੀ ਦੇ ਰੋਗਾਂ ਤੋਂ ਦੂਰ ਰੱਖਦੇ ਸਨ, ਕਿੱਥੇ ਗਏ ਉਹ ਚਰਖ਼ੇ, ਚੱਕੀਆਂ ਤੇ ਮਧਾਣੀਆਂ ਜਿਨ੍ਹਾਂ ਰਾਹੀਂ



ਕੀਤਾ ਕੰਮ ਕਿਸਾਨਾਂ ਦੀ ਆਰਥਿਕਤਾ ਤੇ ਕਿਸਾਨ ਸੁਆਣੀਆਂ ਦੀਆਂ ਬਾਹਵਾਂ ਨੂੰ ਲੋਹੇ ਵਾਂਗ ਮਜ਼ਬੂਤੀ ਬਖ਼ਸ਼ਦਾ ਹੁੰਦਾ ਸੀ।

ਕਿੱਥੇ ਗਿਆ ਉਹ ਮਜ਼ਬੂਤ ਰਿਸ਼ਤਿਆਂ ਦਾ ਸੰਸਾਰ ਜਿਸ ਵਿੱਚ ਨਾਈ ਹੀ (ਜਿਸ ਨੂੰ 'ਰਾਜਾ' ਕਿਹਾ ਜਾਂਦਾ ਸੀ) ਕਿਸੇ ਵੀ ਕਿਸਾਨ ਦੀ ਬੇਟੀ ਲਈ ਵਰ ਵੇਖਣ ਗਿਆ ਮੁੰਡਾ ਪਸੰਦ ਆਉਣ 'ਤੇ ਕੋਲੋਂ ਹੀ ਇਕ ਦਮੜਾ ਦੇ ਕੇ ਕੁੜਮਾਈ ਪੱਕੀ ਕਰ ਆਉਂਦਾ ਸੀ ਤੇ ਲੜਕੀ ਦਾ ਪਰਿਵਾਰ ਅਜਿਹੇ ਰਿਸ਼ਤੇ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰ ਲੈਂਦਾ ਸੀ ਤੇ ਜੇ ਕਿਤੇ ਰਾਜਾ ਰਿਸ਼ਤਾ ਕਰ ਕੇ ਆਉਣ ਤੋਂ ਬਾਅਦ ਇਹ ਦੱਸ ਦਿੰਦਾ ਸੀ ਕਿ ਕੁੜਮਾਂ ਦੇ ਬਾਗ਼ ਲੱਗਾ ਹੋਇਆ ਹੈ ਜਾਂ ਉਨ੍ਹਾਂ ਦੇ ਘਰ ਘੋੜੀ ਖੜ੍ਹੀ ਹੈ ਤੇ ਜਾਂ ਉਨ੍ਹਾਂ ਦੇ ਵਿਹੜੇ ਵਿੱਚ ਭਰਵੇਂ ਲਿਬਾਸ ਵਾਲੀਆਂ ਤਿੰਨ ਜਾਂ ਚਾਰ ਮੱਝਾਂ ਬੱਝੀਆਂ ਹੋਈਆਂ ਹਨ ਤਾਂ ਫਿਰ ਕਿਸੇ ਹੋਰ ਸਬੂਤ ਜਾਂ ਪੁਸ਼ਟੀ ਦੀ ਲੋੜ ਨਹੀਂ ਸੀ ਸਮਝੀ ਜਾਂਦੀ। ਪੇਕਿਆਂ ਵੱਲੋਂ ਵਿਆਹੀ ਜਾਣ ਤੋਂ ਪਹਿਲਾਂ ਲੜਕੀ ਨੂੰ ਸੱਸ-ਸਹੁਰੇ ਦੀ ਸੇਵਾ ਤੇ ਸਤਿਕਾਰ ਕਰਨ, ਜੇਠ ਨੂੰ ਬਾਪ ਤੇ ਦਿਓਰਾਂ ਨੂੰ ਪੁੱਤਰਾਂ ਸਮਾਨ ਸਮਝਣ ਤੇ ਸਾਰੇ ਪਰਿਵਾਰ ਨੂੰ ਜੋੜ ਕੇ ਰੱਖਣ ਦੀ ਸਿੱਖਿਆ ਦਿੱਤੀ ਜਾਂਦੀ ਸੀ।

ਅੱਜ ਬਹੁਤੇ ਕਿਸਾਨਾਂ ਦੀਆਂ ਕੋਠੀਆਂ ਵਿੱਚ ਚਿਪਸਾਂ ਲੱਗ ਗਈਆਂ ਹਨ, ਪਰ ਗਰਮੀਆਂ ਵਿੱਚ ਠੰਢੇ ਤੇ ਸਰਦੀਆਂ ਵਿੱਚ ਗਰਮ ਰਹਿਣ ਵਾਲੇ ਅਤੇ ਕੱਚੀਆਂ ਕੰਧਾਂ 'ਤੇ ਫੇਰੇ ਚਿੱਟੇ ਪਾਂਡੂ ਨਾਲ ਝਮ ਝਮ ਕਰਦੇ ਕੱਚੇ ਘਰਾਂ ਵਿੱਚ ਛਣਕਦੇ ਹਾਸੇ ਤੇ ਖ਼ੂਬਸੂਰਤ ਰੌਣਕਾਂ ਅੱਜ ਚੇਤੇ ਆਉਂਦੀਆਂ ਹਨ, ਜੋ ਨਵੇਂ ਤੇ ਪੱਕੇ ਘਰਾਂ ਵਿੱਚੋਂ ਗ਼ਾਇਬ ਹੋ ਗਈਆਂ ਹਨ।

ਪੁਰਾਣੇ ਸਮਿਆਂ ਵਿੱਚ ਉਨ੍ਹਾਂ ਕਿਸਾਨ ਸੁਆਣੀਆਂ ਦਾ ਕੰਮ ਕਿਸੇ ਵੀ ਖ਼ੁਦਕੁਸ਼ੀ ਦੀ ਨੱਥ ਫੜ ਸਕਦਾ ਸੀ ਜੋ ਭਾਦੋਂ ਦੀਆਂ ਧੁੱਪਾਂ ਵਿੱਚ ਮੱਕੀ ਦੀ ਗੋਡੀ ਕਰਦੇ ਵੀਹ-ਵੀਹ ਮਜ਼ਦੂਰਾਂ ਤੇ ਪਰਿਵਾਰ ਵਾਲਿਆਂ ਲਈ ਰੋਟੀਆਂ ਤੇ ਲੱਸੀ ਦੀਆਂ ਚਾਟੀਆਂ ਟੋਕਰਿਆਂ ਵਿੱਚ ਰੱਖ ਕੇ ਖੇਤਾਂ ਵਿੱਚ ਪਹੁੰਚਾਉਂਦੀਆਂ ਸਨ ਤੇ ਪਿੱਛੇ ਦੁਪਹਿਰ ਦੇ ਖਾਣੇ ਲਈ ਦਾਲਾਂ ਦੀਆਂ ਤੌੜੀਆਂ ਭੜੋਲੀਆਂ ਵਿੱਚ ਧਰ ਆਉਂਦੀਆਂ ਸਨ। ਇਉਂ ਤਿੰਨ ਵੇਲੇ ਭੱਠੀਆਂ ਅੱਗੇ ਬੈਠ ਕੇ ਖਾਣੇ ਤਿਆਰ ਕਰਨ ਦੇ ਨਾਲ-ਨਾਲ ਹਵੇਲੀਆਂ ਵਿੱਚ ਆ ਕੇ ਲਵੇਰੀਆਂ ਨੂੰ ਆਪਣੀਆਂ ਧੀਆਂ ਵਾਂਗ ਪਿਆਰ ਤੇ ਉਨ੍ਹਾਂ ਦੀ ਸੇਵਾ ਕਰਦੀਆਂ ਸਨ। ਉਸ ਵੇਲੇ ਦੇ ਕਿਸਾਨ ਮਜ਼ਦੂਰਾਂ ਦੇ ਨਾਲ ਧੁੱਪਾਂ ਵਿੱਚ ਗੁਡਾਈਆਂ ਕਰਕੇ, ਸਰੀਏ ਵਰਗੇ ਸਖ਼ਤ ਬਾਜਰੇ ਤੇ ਚਰ੍ਹੀਆਂ ਹੱਥੀਂ ਮਸ਼ੀਨਾਂ ਨਾਲ ਕੁਤਰ ਕੇ ਪਸ਼ੂਆਂ ਨੂੰ ਪਾਉਂਦੇ ਸਨ। ਆਪਣੀ ਤੇ ਨੇੜੇ ਦੇ ਹੋਰ ਕਰੀਬੀ ਲੋਕਾਂ ਦੀ ਲੋੜ ਲਈ ਹਰ ਜਿਣਸ ਆਪਣੇ ਖੇਤਾਂ ਵਿੱਚ ਪੈਦਾ ਕਰਦੇ ਸਨ ਅਤੇ ਵਿਹਲ ਨੂੰ ਬਹੁਤ ਘੱਟ ਸਮਾਂ ਦਿੰਦੇ ਸਨ। ਅੱਜ ਕੇਵਲ ਕਣਕ ਝੋਨੇ ਦੀ ਕਾਸ਼ਤ ਕਰਨ ਵਾਲੇ ਕਿਸਾਨ ਰਲਾ ਮਿਲਾ ਕੇ ਇਨ੍ਹਾਂ ਦੋਵਾਂ ਫ਼ਸਲਾਂ ਦੀ ਕਟਾਈ ਦਾ ਕੰਮ ਲਗਭਗ ਇਕ

ਮਹੀਨੇ ਵਿੱਚ ਨਿਬੇੜ ਕੇ, ਬੇਹੇ ਤੇ ਦੂਸ਼ਿਤ ਫਲ ਤੇ ਸਬਜ਼ੀਆਂ ਰੇਹੜੀਆਂ ਤੇ ਫੇਰਿਆਂ ਵਾਲਿਆਂ ਤੋਂ ਖ਼ਰੀਦ ਕੇ ਖਾਂਦੇ ਹਨ ਤੇ ਪ੍ਰਵਾਸੀ ਮਜ਼ਦੂਰਾਂ ਵੱਲੋਂ ਮਾਰੂ ਰਸਾਇਣਾਂ ਨਾਲ ਤਿਆਰ ਕੀਤਾ ਗਿਆ ੫੦ ਰੁਪਏ ਨੂੰ ਕਿੱਲੋ ਲਿਆ ਗੁੜ ਤੇ ੭੦ ਰੁਪਏ ਕਿੱਲੋ ਸ਼ੱਕਰ ਲੈ ਕੇ ਖਾਂਦੇ ਹਨ। ਪੰਜਾਬ ਦੀ ਵੰਡ ਤੋਂ ਪਹਿਲਾਂ ਇੱਥੋਂ ਦੇ ਆਮ ਕਿਸਾਨ ਘਰ ਵਿੱਚ ਵਰਤੀਆਂ ਜਾਣ ਵਾਲੀਆਂ ਸਾਰੀਆਂ ਖੇਤੀ ਜਿਣਸਾਂ, ਦਾਲਾਂ, ਮਿਰਚ-ਮਸਾਲੇ, ਤੇਲ ਬੀਜ, ਫਲ ਅਤੇ ਸਬਜ਼ੀਆਂ ਆਪਣੇ ਖੇਤਾਂ ਵਿੱਚ ਹੀ ਪੈਦਾ ਕਰਦੇ ਸਨ ਅਤੇ ਖੇਤੀ 'ਚ ਮਹਿੰਗੀਆਂ ਰਸਾਇਣਾਂ ਦੀ ਥਾਂ ਗੋਹੇ ਤੇ ਪੱਤ ਪਰਾਲ ਦੀ ਰੂੜੀ ਵਰਤਦੇ ਸਨ ਅਤੇ ਖੇਤੀ 'ਚ ਲਾਗਤਾਂ ਦੀ ਨੱਥ ਫੜ ਕੇ ਰੱਖਦੇ ਸਨ। ਉਦੋਂ ਕਿਸਾਨ ਕੁਦਰਤੀ ਆਫ਼ਤਾਂ, ਮਹਿੰਗੇ ਕਰਜ਼ਿਆਂ, ਅਨੇਕਾਂ ਤੋਟਾਂ ਤੰਗੀਆਂ ਤੇ ਗ਼ਰੀਬੀ ਨਾਲ ਹੌਂਸਲੇ ਤੇ ਉਤਸ਼ਾਹ ਨਾਲ ਨਿਰੰਤਰ ਜੰਗ ਲੜਦੇ ਸਨ ਪਰ ਖ਼ੁਦਕੁਸ਼ੀਆਂ ਨਹੀਂ ਸਨ ਕਰਦੇ। ਕਈ ਵਾਰ ਸਾਂਝੇ ਖੂਹਾਂ ਤੋਂ ਚੜਸ ਨਾਲ ਸਿੰਚਾਈ ਕਰਨ ਲਈ ਰਾਤ ਨੂੰ ਵਾਰੀਆਂ ਆਉਂਦੀਆਂ ਸਨ। ਸਾਰਾ ਦਿਨ ਖੇਤੀ ਦੇ ਕੰਮ ਕਰ ਕੇ ਕਈ ਕਿਸਾਨ ਰਾਤ ਨੂੰ ਚੜਸ ਚਲਾਉਂਦੇ ਸਨ, ਪਰ ਅੱਜ ਦੇ ਬਹੁਤੇ ਕਿਸਾਨਾਂ ਕੋਲ ਸ਼ਾਇਦ ਟਿਊਬਵੈੱਲ ਦਾ ਬਟਨ ਦੱਬਣ ਜੋਗੀ ਹਿੰਮਤ ਤੇ ਸਮਾਂ ਵੀ ਨਹੀਂ ਹੈ। ਉਹ ਤਾਂ ਪੱਕੀ ਸੜਕ 'ਤੇ ਆਪਣਾ ਮੋਟਰਸਾਈਕਲ ਖੜ੍ਹਾ ਕਰਕੇ ਕੱਚੇ ਪਹੇ 'ਤੇ ਆਪਣੀ ਟਿਊਬਵੈੱਲ ਦੀ ਕੋਠੀ 'ਤੇ ਬਿਜਲੀ ਦਾ ਜਗਦਾ ਬਲਬ ਵੇਖ ਕੇ ਵਾਪਸ ਮੁੜ ਜਾਂਦੇ ਹਨ। ਬਿਜਲੀ ਆਉਣ 'ਤੇ ਮੋਟਰਾਂ 'ਤੇ ਲੱਗੇ ਆਟੋਮੈਟਿਕ ਸਟਾਰਟਰ ਹੀ ਮੋਟਰ ਚਲਾ ਦਿੰਦੇ ਹਨ ਤੇ ਟਿਊਬਵੈੱਲ ਪੂਰੇ ਏਕੜ ਦੇ ਕਿਆਰਿਆਂ ਵਿੱਚ ਪਾਣੀ ਭਰਨਾ ਸ਼ੁਰੂ ਕਰ ਦਿੰਦੇ ਹਨ। ਕਦੇ ਪੰਜਾਬ ਦੇ ਕਿਸਾਨਾਂ ਨੂੰ ਔਖੀ ਤੋਂ ਔਖੀ ਘੜੀ ਵਿੱਚ ਵੀ ਗੁਰਮਤਿ ਦਰਸ਼ਨ ਦੀ ਸੇਧ ਤਸੱਲੀ ਦਿੰਦੀ ਸੀ। ਗੁਰਮਤਿ ਦਰਸ਼ਨ ਦਾ ਸੰਦੇਸ਼ ਮਨ ਨੂੰ ਖ਼ੁਸ਼, ਸੰਤੁਸ਼ਟ ਤੇ ਸਥਿਰ ਰੱਖਦਾ ਸੀ ਅਤੇ ਰੂਹ 'ਤੇ ਕਦੇ ਵੀ ਲਾਲਸਾ, ਨਿਰਾਸ਼ਾ ਤੇ ਕ੍ਰੋਧ ਨੂੰ ਹਾਵੀ ਨਹੀਂ ਸੀ ਹੋਣ ਦਿੰਦਾ। ਮਨ ਨੂੰ ਮੋਹ-ਮਾਇਆ ਤੋਂ ਉੱਚਾ ਤੇ ਕਿਰਤ ਨਾਲ ਜੋੜ ਕੇ ਸਦਾ ਚੜ੍ਹਦੀ ਕਲਾ ਵਿੱਚ ਰੱਖਣਾ ਉਸ ਦੇ ਸੁਭਾਅ ਦਾ ਹਿੱਸਾ ਸੀ। ਅਜਿਹੀ ਅਵਸਥਾ ਵਿੱਚ ਸਾਦਗੀ ਪਸੰਦ ਤੇ ਮਿਹਨਤਕਸ਼ ਇਨਸਾਨ ਖ਼ੁਦਕੁਸ਼ੀ ਬਾਰੇ ਕਦੇ ਸੋਚ ਵੀ ਨਹੀਂ ਸੀ ਸਕਦਾ।

ਮੋ: 94632-33991

(ਰੋਜ਼ਾਨਾ ਅਜੀਤ 22-01-2019 'ਚੋਂ ਧੰਨਵਾਦ ਸਹਿਤ!)



# ਕੰਮ ਸੱਭਿਆਚਾਰ ਤੋਂ ਟੁੱਟਦਾ ਜਾ ਰਿਹੈ ਜ਼ਿਮੀਂਦਾਰ ਭਾਈਚਾਰਾ

**ਡਾ. ਧਰਮ ਸਿੰਘ**

ਕਿਸਾਨ ਅਤੇ ਜ਼ਿਮੀਂਦਾਰ ਵਿੱਚ ਸੂਖ਼ਮ ਅੰਤਰ ਸਮਝਦਿਆਂ ਹੋਇਆਂ ਮੈਂ ਕਿਸਾਨ ਦੀ ਪਰਿਭਾਸ਼ਾ ਇਹ ਮਿੱਥਦਾ ਹਾਂ ਜੋ ਹੱਥੀਂ ਕਾਸ਼ਤ ਕਰਦਾ ਹੈ ਅਤੇ ਜ਼ਿਮੀਂਦਾਰ ਤੋਂ ਭਾਵ ਭੂਮੀਪਤੀ ਹੈ। ਜ਼ਰੂਰੀ ਨਹੀਂ ਕਿ ਕਿਸਾਨ ਭੂਮੀਪਤੀ ਹੋਵੇ ਅਤੇ ਭੂਮੀਪਤੀ ਜ਼ਰੂਰੀ ਨਹੀਂ ਕਿ ਕਿਸਾਨ ਹੀ ਹੋਵੇ। ਕਿਸਾਨੀ ਦੇ ਮਸਲੇ ਲਾਂਭੇ ਰੱਖਦਿਆਂ ਅੱਜ ਕੇਵਲ ਪੰਜਾਬ ਵਿੱਚ ਭੂਮੀ ਦੀ ਮਾਲਕੀ ਦੀਆਂ ਸੰਭਾਵਨਾਵਾਂ ਬਾਰੇ ਹੀ ਗੱਲ ਕਰਨੀ ਚਾਹਾਂਗਾ।

ਪਿਛਲੇ ਕੁਝ ਸਮੇਂ ਤੋਂ ਉਹ ਭੂਮੀਪਤੀ ਜੋ ਕਿਸਾਨੀ ਵੀ ਕਰ ਰਹੇ ਹਨ, ਇਸ ਤੋਂ ਹੱਥ ਪਿੱਛੇ ਖਿੱਚ ਰਹੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਉਨ੍ਹਾਂ ਵਿਚਲਾ ਹਉ ਜਾਂ ਹਉਮੈ ਹੈ। ਕਿਸਾਨ ਜੋ ਕਿ ਵਧੇਰੇ ਕਰਕੇ ਸਿੱਖ ਭਾਈਚਾਰੇ ਨਾਲ ਸੰਬੰਧਿਤ ਹਨ, ਅੱਜਕੱਲ੍ਹ ਬਹੁਤ ਬੁਰੀ ਤਰ੍ਹਾਂ ਨਾਲ ਜਾਤ-ਪਾਤ ਦਾ ਸ਼ਿਕਾਰ ਹੋਏ ਪਏ ਹਨ। ਗੁਰਮਤਿ ਦਰਸ਼ਨ ਅਥਵਾ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਦਰਕਿਨਾਰ ਕਰ ਕੇ ਉਹ ਫੋਕੇ ਜਾਤੀਵਾਦ ਵਿੱਚ ਫਸ ਗਏ ਹਨ। ਤਕਰੀਬਨ ਸਾਰੀਆਂ ਰਾਜਨੀਤਕ ਪਾਰਟੀਆਂ ਵਿੱਚ ਜ਼ਿਮੀਂਦਾਰ ਭਾਈਚਾਰੇ ਦੇ ਲੋਕ ਅੱਗੇ ਆਉਣ ਕਰਕੇ ਸਾਧਾਰਨ ਜੱਟ ਵੀ ਹਉਮੈ ਦਾ ਸ਼ਿਕਾਰ ਹੋ ਗਿਆ ਹੈ। ਸ਼ਹਿਰਾਂ ਨਜ਼ਦੀਕ ਉੱਸਰ ਰਹੀਆਂ ਨਵੀਆਂ ਕਾਲੋਨੀਆਂ ਕਰਕੇ ਜ਼ਮੀਨਾਂ ਬਹੁਤ ਕੀਮਤੀ ਹੋ ਗਈਆਂ ਹਨ। ਕੀਮਤੀ ਜ਼ਮੀਨ ਵਿਕਣ ਕਰਕੇ ਪੈਸੇ ਦਾ ਬੋਲਬਾਲਾ ਹੋ ਗਿਆ ਹੈ, ਜਿਸ ਕਰਕੇ ਇਕ ਦੂਜੇ ਨੂੰ ਨੱਕ ਥੱਲੇ ਨਾ ਲਿਆਉਣ ਦੀ ਪ੍ਰਵਿਰਤੀ ਜ਼ੋਰ ਫੜ ਰਹੀ ਹੈ। ਪਹਿਲਾਂ ਪ੍ਰਵਿਰਤੀ ਚਾਰ ਸਿਆੜ ਪਹਿਲੀ ਜ਼ਮੀਨ ਨਾਲ ਰਲਾਉਣ ਦੀ ਸੀ, ਹੁਣ ਉਨ੍ਹਾਂ ਚਾਰ ਸਿਆੜਾਂ ਨੂੰ ਵੇਚ ਕੇ ਵੱਡੀਆਂ ਕੋਠੀਆਂ ਪਾਉਣ, ਨਵੀਆਂ ਤੇ ਵੱਡੀਆਂ ਕਾਰਾਂ ਖ਼ਰੀਦਣ, ਮਹਿੰਗੇ ਫ਼ਰਨੀਚਰ ਨਾਲ ਘਰ ਸਜਾਉਣ ਅਤੇ ਹੋਰ ਵਿਲਾਸੀ ਵਸਤੂਆਂ ਇਕੱਠੀਆਂ ਕਰਨ ਦੀ ਹੈ। ਅਮੀਰ ਹੋ ਜਾਣ ਕਰਕੇ, ਭਾਵੇਂ ਕਿਸੇ ਵੀ ਤਰ੍ਹਾਂ, ਉਸ ਦੇ ਸ਼ੌਂਕ ਵੀ ਅਮੀਰਾਂ ਵਾਲੇ ਹੋ ਗਏ ਹਨ। ਉੱਪਰ ਕਾਰਾਂ, ਕੋਠੀਆਂ ਅਤੇ ਹੋਰ ਵਿਲਾਸੀ ਵਸਤਾਂ ਦੀ ਗੱਲ ਹੋ ਚੁੱਕੀ ਹੈ। ਹੁਣ ਜਿਹੜਾ ਨਵਾਂ ਸ਼ੌਕ ਜਾਗਿਆ ਹੈ, ਉਹ ਹੈ ਵਿਦੇਸ਼ੀ ਨਸਲ ਦੇ ਕੁੱਤੇ ਪਾਲਣ ਦਾ। ਵਿਦੇਸ਼ੀ ਨਸਲ ਦੇ ਕੁੱਤੇ ਨੂੰ 'ਡਾਗ ਫੂਡ' ਚਾਹੀਦਾ ਹੈ, ਸਿਖਲਾਈ ਵੀ ਲਾਜ਼ਮੀ ਹੈ ਅਤੇ ਸ਼ਾਮ ਨੂੰ ਸੋਟੀ ਫੜ ਕੇ ਕੁੱਤੇ ਨੂੰ ਘੁਮਾਉਣ ਜਾਣਾ ਵੀ ਆਮ ਹੀ ਵੇਖਣ ਨੂੰ ਮਿਲ ਰਿਹਾ ਹੈ। ਗਾਵਾਂ, ਮੱਝਾਂ ਦੀ ਥਾਂ ਕੁੱਤਿਆਂ ਨੇ ਲੈ ਲਈ ਹੈ, 'ਦੁੱਧ ਪੀਣੋ ਗਏ ਲਿੱਦ ਚੁੱਕਣੀ ਪਈ' ਵਾਲੀ ਗੱਲ ਬਣ ਗਈ ਹੈ।

ਸੱਤਾ ਦੇ ਸੁਪਨੇ ਅੱਖਾਂ ਵਿੱਚ ਲਟਕਣ ਨਾਲ ਭੂਮੀਪਤੀਆਂ ਨੇ ਸਿਆਸਤ ਨੂੰ ਵੀ ਵਧੇਰੇ ਮੂੰਹ ਮਾਰਨਾ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਸੱਤਾ ਸੇਵਾ ਲਈ ਸੀ, ਹੁਣ ਦੌਲਤ ਕਮਾਉਣ ਅਤੇ ਹਉਮੈ ਨੂੰ ਪੱਠੇ ਪਾਉਣ ਲਈ ਹੈ। ਸਰਪੰਚ, ਚੇਅਰਮੈਨ, ਪ੍ਰਧਾਨ, ਡਾਇਰੈਕਟਰ ਆਦਿ ਨਾਲ 'ਸਾਹਿਬ' ਸ਼ਬਦ ਲੁਆ ਕੇ ਭੂਮੀਪਤੀਆਂ ਨੂੰ ਸਕੂਨ ਮਿਲਦਾ ਹੈ। ਕਈਆਂ ਨੇ ਅਜਿਹੇ ਸੰਕੇਤਾਂ ਵਾਲੀਆਂ ਨੰਬਰ ਪਲੇਟਾਂ ਬਣਵਾ ਕੇ ਗੱਡੀਆਂ ਦੇ ਅੱਗੇ ਪਿੱਛੇ ਲਵਾ ਰੱਖੀਆਂ ਹਨ। ਕੰਮ ਸੱਭਿਆਚਾਰ ਅਲੋਪ ਹੋ ਰਿਹਾ ਹੈ ਜਾਂ ਵੱਧ ਤੋਂ ਵੱਧ ਖੇਤਾਂ ਵੱਲ ਮੋਟਰ ਗੱਡੀ ਉੱਪਰ ਚੜ੍ਹ ਕੇ ਗੇੜਾ ਮਾਰਨ ਤਕ ਹੀ ਹੈ। ਸੱਤਾ ਦੇ ਨੇੜੇ ਰਹਿ ਕੇ ਪੈਸਾ ਛੇਤੀ ਤੇ ਆਸਾਨੀ ਨਾਲ ਬਣ ਜਾਂਦਾ ਹੈ; ਇਸ ਲਈ ਬੋਰਡਾਂ, ਕਾਰਪੋਰੇਸ਼ਨਾਂ, ਕਮਿਸ਼ਨਾਂ ਆਦਿ ਦੇ ਮੈਂਬਰ ਜਾਂ ਚੇਅਰਮੈਨ ਬਣਨ ਦੀ ਦੌੜ ਲਈ ਭੂਮੀਪਤੀ ਅੱਡੀ ਚੋਟੀ ਦਾ ਜ਼ੋਰ ਲਾ ਦਿੰਦੇ ਹਨ। ਏਸੇ ਲਈ ਸੱਤਾਧਾਰੀਆਂ ਵਿੱਚ ਜ਼ਿਆਦਾ ਭੂਮੀਪਤੀ ਹਨ।

ਸਰਮਾਏਦਾਰ ਭੂਮੀਪਤੀਆਂ ਨੂੰ ਅੱਜਕੱਲ੍ਹ ਇਕ ਹੋਰ ਨਵਾਂ ਸ਼ੌਕ ਚੰਬੜ ਗਿਆ ਹੈ, ਉਹ ਹੈ ਸੈਲੀਬਰਿਟੀ, ਸਟਾਰ ਜਾਂ ਵੀ.ਆਈ.ਪੀ ਬਣਨ ਦਾ। ਜੋ ਸੱਤਾ ਵਾਲੇ ਪਾਸੇ ਨਹੀਂ ਗਏ, ਉਹ ਸ਼ੋਅ ਕਾਰੋਬਾਰ ਵਾਲੇ ਪਾਸੇ ਆ ਗਏ ਹਨ। ਪੰਜਾਬ ਵਿੱਚ ਓਨੇ ਪਿੰਡ ਨਹੀਂ, ਜਿੰਨੇ ਗਾਇਕ ਹਨ। ਇੰਞ ਲੱਗਦਾ ਹੈ ਜਿਵੇਂ ਪੰਜਾਬ ਵਿੱਚ ਗਾਇਕਾਂ ਦੀ ਮੋਹਲੇਧਾਰ ਵਰਖਾ ਹੋਈ ਹੈ ਅਤੇ ਇਸ ਮੋਹਲੇਧਾਰ ਵਰਖਾ ਵਿੱਚ ਪੰਜਾਬ ਦਾ ਸੱਭਿਆਚਾਰ, ਕਲਾ, ਧਰਮ, ਸ਼ਰਮ, ਹਯਾ ਆਦਿ ਸਭ ਕੁਝ ਰੁੜ੍ਹ ਗਿਆ ਹੈ। ਦਿੱਖ ਨੂੰ ਸੁੰਦਰ ਬਣਾਉਣ ਦੇ ਭਰਮ ਵਿੱਚ ਇਹ ਗਾਇਕ ਸੇਹ ਦੇ ਤਕਲੇ ਵਾਂਗ ਖੜ੍ਹੇ ਕੀਤੇ ਵਾਲ, ਗਲਾਂ ਵਿੱਚ ਮੋਟੀਆਂ-ਮੋਟੀਆਂ ਜ਼ੰਜੀਰੀਆਂ, ਹੱਥਾਂ ਵਿੱਚ ਪਾਈਆਂ ਮੋਟੀਆਂ-ਮੋਟੀਆਂ ਅੰਗੂਠੀਆਂ ਅਤੇ ਹੋਰ ਪਤਾ ਨਹੀਂ ਕੀ-ਕੀ ਪਾ ਕੇ ਅਤੇ ਹੁਲਾਰੇ ਮਾਰ-ਮਾਰ ਕਮਲਿਆਂ ਵਾਂਗੂੰ ਹੱਥ-ਪੈਰ ਮਾਰ-ਮਾਰ ਵਿਖਾਉਂਦੇ ਹਨ। ਗਾਇਕੀ ਸੁਣਨ ਨਾਲੋਂ ਵੇਖਣ ਦੀ ਚੀਜ਼ ਵਧੇਰੇ ਬਣ ਗਈ ਹੈ ਅਤੇ ਪ੍ਰਦਰਸ਼ਨ ਲਈ ਇਹ ਕਿਸੇ ਵੀ ਹੱਦ ਤਕ ਜਾ ਸਕਦੇ ਹਨ। ਵਿਦੇਸ਼ਾਂ ਵਿੱਚ ਸ਼ੂਟਿੰਗ, ਮਹਿੰਗੇ ਸੈੱਟ, ਮਹਿੰਗੀਆਂ ਕਾਰਾਂ ਅਤੇ ਮਾਡਲਾਂ ਦੀਆਂ ਅਦਾਵਾਂ ਨੇ ਇਹ ਸਾਰਾ ਕੁਝ ਏਨਾ ਮਹਿੰਗਾ ਬਣਾ ਦਿੱਤਾ ਹੈ ਕਿ ਸੋਚਿਆ ਵੀ ਨਹੀਂ ਜਾ ਸਕਦਾ। ਗਲੈਮਰ ਦਾ ਤੜਕਾ ਲਾਉਣ ਲਈ ਦੇਸੀ ਮਾਡਲਾਂ ਨੂੰ ਛੱਡ ਕੇ ਗੋਰੀਆਂ ਮਾਡਲਾਂ ਨੂੰ ਲਿਆ ਜਾ ਰਿਹਾ ਹੈ, ਜਿਸ ਨਾਲ ਜੇ ਕੋਈ ਮਾੜੀ ਮੋਟੀ ਝਿਜਕ ਬਚੀ ਸੀ ਉਹ ਵੀ ਜਾਂਦੀ ਰਹੀ ਹੈ। ਏਸੇ ਲਈ ਪੰਜਾਬੀ ਗਾਇਕੀ ਉੱਪਰ ਅਸ਼ਲੀਲਤਾ ਦੇ ਦੋਸ਼ ਲੱਗ ਰਹੇ ਹਨ। ਹੁਣ ਜੇ ਗਾਇਕੀ ਨੂੰ ਕਾਰੋਬਾਰ ਵੀ ਮੰਨ ਲਿਆ ਜਾਵੇ ਤਾਂ ਕਿੰਨੇ ਕੁ ਲੋਕ ਇਸ ਵਿੱਚ ਕਾਮਯਾਬ ਹੋਏ ਹਨ? ਕਈ ਗਾਇਕਾਂ ਨੇ ਆਰਥਿਕ ਤੰਗੀ ਕਰਕੇ ਖ਼ੁਦਕੁਸ਼ੀ ਕਰ ਲਈ ਹੈ ਤੇ ਕਈਆਂ ਨੂੰ ਰੋਟੀ ਦੇ ਲਾਲੇ ਪਏ ਹੋਏ ਹਨ। ਭੂਮੀਪਤੀ ਜ਼ਮੀਨਾਂ ਵੇਚ ਕੇ ਏਨੇ ਮਹਿੰਗੇ ਸ਼ੌਕ ਪਾਲ ਰਹੇ ਹਨ।



ਸ਼ੋਅ ਬਿਜ਼ਨੈਸ ਵਿੱਚ ਇਹ ਸਾਰੀ ਚਮਕ-ਦਮਕ ਅਤੇ ਤੜਕ-ਭੜਕ ਜ਼ਮੀਨਾਂ ਵੇਚ ਕੇ ਵੱਟੇ ਪੈਸੇ ਦੇ ਕ੍ਰਿਸ਼ਮੇ ਕਰਕੇ ਹੈ, ਕਮਾਈ ਕਰਕੇ ਨਹੀਂ। ਪੰਜਾਬੀ ਇਸ ਸ਼ੋਅ ਬਿਜ਼ਨੈਸ ਵੱਲ ਜਿਸ ਤਰ੍ਹਾਂ ਧਾਅ ਕੇ ਪਏ ਹੋਏ ਹਨ, ਉਸ ਤੋਂ ਲੱਗਦਾ ਹੈ ਕਿ ਸੁਣਨ ਵਾਲੇ ਤਾਂ ਲੱਭਣੇ ਨਹੀਂ, ਹਰ ਪਾਸੇ ਗਾਇਕ ਹੀ ਗਾਇਕ ਨਜ਼ਰ ਆਉਣਗੇ। ਰੇਡੀਓ, ਟੀ.ਵੀ., ਇਸ਼ਤਿਹਾਰਬਾਜ਼ੀ ਅਤੇ ਹੋਰ ਸੰਚਾਰ ਦੇ ਮਾਧਿਅਮਾਂ ਵਿੱਚ ਹੋ ਰਹੇ ਖ਼ਰਚ ਨੂੰ ਦੇਖ ਕੇ ਇੰਞ ਲੱਗਦਾ ਹੈ ਕਿ ਹੁਣ ਜ਼ਮੀਨਾਂ ਛੇਤੀ ਹੀ ਰਿਕਾਰਡਿੰਗ ਕੰਪਨੀਆਂ, ਫ਼ਿਲਮ ਕੰਪਨੀਆਂ, ਵੀਡੀਓਗ੍ਰਾਫ਼ਰਾਂ, ਆੜ੍ਹਤੀਆਂ, ਬੈਂਕਾਂ ਅਤੇ ਸੂਦਖੋਰਾਂ ਦੀ ਮਲਕੀਅਤ ਬਣ ਜਾਣਗੀਆਂ। ਪ੍ਰਤਿਭਾਵਾਨ ਵਿਅਕਤੀ ਇਸ ਸਾਰੇ ਜਲਵੇ ਤੋਂ ਬਿਨਾਂ ਪਹਿਲਾਂ ਵੀ ਕਾਮਯਾਬ ਹੁੰਦੇ ਆਏ ਸਨ, ਹੁਣ ਵੀ ਹੋ ਰਹੇ ਹਨ ਅਤੇ ਭਵਿੱਖ ਵਿੱਚ ਵੀ ਹੁੰਦੇ ਰਹਿਣਗੇ। ਘਰ ਫੂਕ ਤਮਾਸ਼ਾ ਵੇਖਣਾ ਕਿਸੇ ਵੀ ਤਰ੍ਹਾਂ ਦੀ ਦਾਨਿਸ਼ਮੰਦੀ ਨਹੀਂ। ਭਾਸ਼ਾ ਅਤੇ ਸੱਭਿਆਚਾਰ ਦੀ ਸੇਵਾ ਵਾਲੇ ਦਾਅਵੇ ਵੀ ਖੋਖਲੇ ਹਨ ਕਿਉਂਕਿ ਪੰਜਾਬੀ ਪ੍ਰਤੀ ਵਤੀਰੇ ਅਤੇ ਇਸ ਦੀ ਸਥਿਤੀ ਵਿੱਚ ਕੋਈ ਫ਼ਰਕ ਨਹੀਂ ਪਿਆ। ਭੂਮੀਪਤੀਆਂ ਨੇ ਅੱਜਕੱਲ੍ਹ ਇਕ ਹੋਰ ਨਵਾਂ ਸ਼ੌਕ ਪਾਲ ਰੱਖਿਆ ਹੈ। ਇਹ ਹੈ ਟਰੈਕਟਰ ਟੋਚਨ ਮੁਕਾਬਲੇ। ਟਰੈਕਟਰ ਖੇਤੀ ਵਿੱਚ ਕੰਮ ਆਉਣ ਵਾਲੀ ਉਪਯੋਗੀ ਮਸ਼ੀਨਰੀ ਹੈ, ਤਾਕਤ ਦੀ ਪਰਖ ਜਾਂ ਘੱਟੋ-ਘੱਟ ਟੋਚਣ ਮੁਕਾਬਲਿਆਂ ਲਈ ਤਾਂ ਬਿਲਕੁਲ ਨਹੀਂ ਬਣੀ। ਇਨ੍ਹਾਂ ਮੁਕਾਬਲਿਆਂ ਵਿੱਚ ਦੋ ਟਰੈਕਟਰਾਂ ਵਿਚਕਾਰ ਟੋਚਨ ਪਾ ਕੇ ਫਿਰ ਬੇਤਹਾਸ਼ਾ ਜ਼ੋਰ ਲਗਵਾ ਕੇ ਤਾਕਤ ਦੀ ਪਰਖ ਕੀਤੀ ਜਾਂਦੀ ਹੈ। ਛੋਟਾ ਟਰੈਕਟਰ ਵੱਡੇ ਦਾ ਮੁਕਾਬਲਾ ਕਤਈ ਨਹੀਂ ਕਰ ਸਕਦਾ, ਪਰ ਟੋਚਨ ਮੁਕਾਬਲਿਆਂ ਵਿੱਚ ਅਜਿਹੀ ਕੋਈ ਪਾਬੰਦੀ ਨਹੀਂ। ਜ਼ੋਰ ਅਜ਼ਮਾਈ ਵਿੱਚ ਟਰੈਕਟਰ ਕਈ-ਕਈ ਫੁੱਟ ਜ਼ਮੀਨ ਤੋਂ ਉੱਪਰ ਉੱਠਦਾ ਤੇ ਵਾਰ-ਵਾਰ ਥੱਲੇ ਡਿੱਗਦਾ ਹੈ। ਕਈ ਥਾਈਂ ਹਾਦਸੇ ਵੀ ਹੋਏ ਹਨ, ਜਿਨ੍ਹਾਂ ਵਿੱਚ ਜਾਨੀ ਨੁਕਸਾਨ ਹੋਇਆ ਵੀ ਹੈ। ਮਸ਼ੀਨਰੀ ਦਾ ਨੁਕਸਾਨ ਤਾਂ ਹੈ ਹੀ, ਪਰ ਸ਼ੌਕ ਵੀ ਤਾਂ ਪੂਰਾ ਕਰਨਾ ਹੈ, ਇਸ ਲਈ ਨੁਕਸਾਨ ਦੀ ਕਿਸ ਨੂੰ ਚਿੰਤਾ ਹੈ? ਜਿਹੜੇ ਟਰੈਕਟਰ ਇਨ੍ਹਾਂ ਮੁਬਾਲਿਆਂ ਲਈ ਉਚੇਚੇ ਤੌਰ 'ਤੇ ਤਿਆਰ ਕਰਵਾਏ ਜਾਂਦੇ ਹਨ, ਉਨ੍ਹਾਂ ਦਾ ਖ਼ਰਚਾ ਹੋਰ ਵੀ ਵਧੇਰੇ ਹੁੰਦਾ ਹੈ। ਕਥਿਤ ਮੁਕਾਬਲਿਆਂ ਵਿੱਚ ਮਿਲਣ ਵਾਲੇ ਇਨਾਮਾਂ ਨਾਲੋਂ ਨੁਕਸਾਨ ਜ਼ਿਆਦਾ ਹੁੰਦਾ ਹੈ ਪਰ ਇਸ ਨਾਲ ਹਉਮੈ ਜ਼ਰੂਰ ਸੰਤੁਸ਼ਟ ਹੁੰਦੀ ਹੈ।

ਉਂਞ ਤਾਂ ਸਮੁੱਚੇ ਪੰਜਾਬੀ ਭਾਈਚਾਰੇ ਦੀ ਮਾਨਸਿਕਤਾ ਵਿੱਚ ਬਦਲਾਅ ਆ ਰਿਹਾ ਹੈ, ਪਰ ਭੂਮੀਪਤੀਆਂ ਵਿੱਚ ਇਹ ਵਧੇਰੇ ਹੀ ਹੈ। ਧਰਮ ਹੁਣ ਉਨ੍ਹਾਂ ਲਈ ਕੋਈ ਅਹਿਮੀਅਤ ਨਹੀਂ ਰੱਖਦਾ, ਇਸ ਲਈ ਧਰਮ ਦੀਆਂ ਸਿੱਖਿਆਵਾਂ ਅਰਥਾਤ ਸਾਦਗੀ, ਨਿਮਰਤਾ, ਦੂਜੇ ਦਾ ਦੁੱਖ ਦਰਦ ਵੰਡਾਉਣਾ, ਲੋੜਵੰਦਾਂ ਦੀ ਮਦਦ ਕਰਨੀ ਤੇ ਹੋਰ ਸਕਾਰਾਤਮਕ ਕੰਮ ਇਨ੍ਹਾਂ ਲਈ ਅਰਥਹੀਣ ਹਨ। ਸਿਰਫ਼ ਇਕੋ

ਹੀ ਇੱਛਾ ਹੈ ਕਿ ਦੁਨੀਆਂ ਨਾਲੋਂ ਵੱਡਾ ਕਿਵੇਂ ਬਣਨਾ ਜਾਂ ਦਿਸਣਾ ਹੈ? ਧਰਮ ਜਾਂ ਧਾਰਮਿਕਤਾ ਜਿੱਥੇ ਵੀ ਹੈ, ਉੱਥੇ ਵੀ ਇਹ ਬਹੁਤੀ ਵਾਰ ਵਿਖਾਵਾ ਹੀ ਹੁੰਦਾ ਹੈ।

ਮੈਂ ਇਹ ਗੱਲ ਕਈਆਂ ਸਭਾਵਾਂ ਵਿੱਚ ਸੁਣੀ ਹੈ ਕਿ ਪੰਜਾਬ ਦੇ ਇਕ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਗਏ ਸਨ। ਰੇਲਵੇ ਫਾਟਕ ਬੰਦ ਹੋਇਆ ਤਾਂ ਉਨ੍ਹਾਂ ਦੀ ਕਾਰ ਦੇ ਬਰਾਬਰ ਆਣ ਕੇ ਇਕ ਕਾਰ ਰੁਕੀ। ਕਾਰ ਸਵਾਰ ਸ਼ਕਲ ਤੋਂ ਪੰਜਾਬੀ ਲੱਗ ਰਿਹਾ ਸੀ। ਗੱਲਬਾਤ ਆਰੰਭ ਹੋਈ ਤਾਂ ਉਸ ਨੇ ਦੱਸਿਆ ਕਿ ਉਹ ਉਸ ਇਲਾਕੇ ਦੀ ਮੁਸਲਿਮ ਲੀਗ ਦਾ ਪ੍ਰਧਾਨ ਹੈ ਤੇ ਪਿੱਛੋਂ ਵਿਰਕ ਜੱਟ ਹੈ। ਵਿਰਕ ਪੰਜਾਬੀ ਜੱਟ ਹੁੰਦੇ ਹਨ ਪਰ ਮੁਸਲਿਮ ਲੀਗ ਦਾ ਪ੍ਰਧਾਨ ਬਣਨ ਵਾਸਤੇ ਉਹ ਸਿੱਖੀ ਅਤੇ ਪੰਜਾਬੀਅਤ ਨੂੰ ਕਿੰਨਾ ਕੁ ਬਣਾ ਸਕਿਆ ਹੋਵੇਗਾ? ਪਤਾ ਨਹੀਂ। ਕਿਸੇ ਸਿੱਖ ਦਾ ਮੁਸਲਿਮ ਲੀਗ ਦਾ ਪ੍ਰਧਾਨ ਹੋਣਾ ਕਿੰਨੀ ਕੁ ਵਡਿਆਈ ਵਾਲੀ ਗੱਲ ਹੋਵੇਗੀ? ਪਾਠਕ ਖ਼ੁਦ ਅੰਦਾਜ਼ਾ ਲਾ ਲੈਣ ਪਰ ਮੈਨੂੰ ਇਹ ਸਭ ਕੁਝ ਅਸਾਧਾਰਨ ਜਿਹਾ ਲੱਗ ਰਿਹਾ ਹੈ। ਅਜਿਹੇ ਲੋਕਾਂ ਦਾ ਵਤੀਰਾ ਇਹ ਹੈ ਕਿ ਚੌਧਰ ਮਿਲਣੀ ਚਾਹੀਦੀ ਹੈ, ਭਾਵੇਂ ਇਸ ਲਈ ਕੋਈ ਵੀ ਕੀਮਤ ਕਿਉਂ ਨਾ ਤਾਰਨੀ ਪਵੇ।

ਧਰਮ ਦੀ ਸਿੱਖਿਆ ਵਿੱਚ ਇਕ ਹੈ ਕਿਰਤ ਕਰਨੀ ਅਤੇ ਉਹ ਵੀ ਦਸਾਂ ਨਹੁੰਆਂ ਦੀ, ਕਿਉਂਕਿ ਕਿਰਤ ਹੀ ਮਨੁੱਖ ਦੇ ਸਵੈਮਾਨ ਅਤੇ ਪ੍ਰਤਿਸ਼ਠਾ ਦਾ ਜਾਮਨ ਹੈ। ਕਿਰਤ ਨਾਲ ਪੈਸਾ ਆਵੇਗਾ ਜਿਸ ਕਰਕੇ ਕਿਸੇ ਅੱਗੇ ਹੱਥ ਅੱਡਣ ਦੀ ਮੁਥਾਜੀ ਨਹੀਂ ਹੋਵੇਗੀ ਅਤੇ ਆਤਮ ਨਿਰਭਰ ਬਣਨ ਨਾਲ ਉਸ ਦਾ ਸਵੈਮਾਣ ਵਧੇਗਾ। ਅਨੇਕਾਂ ਭੂਮੀਪਤੀਆਂ ਨੇ ਆਪਣੇ ਕੰਮ ਆਪ ਕਰਨ ਦੀ ਬਜਾਏ ਨੌਕਰ ਰੱਖੇ ਹੋਏ ਹਨ ਅਤੇ ਕਮਾਈ ਦਾ ਵੱਡਾ ਹਿੱਸਾ ਨੌਕਰਾਂ ਕੋਲ ਚਲੇ ਜਾਂਦਾ ਹੈ। ਦੁਹਾਈ ਇਹ ਦਿੱਤੀ ਜਾ ਰਹੀ ਹੈ ਕਿ ਖੇਤੀ ਘਾਟੇਵੰਦਾ ਸੌਦਾ ਹੈ। ਕਿਰਤ ਤੋਂ ਮੂੰਹ ਮੋੜਨ ਵਾਲੇ ਲੱਖਾਂ ਤੋਂ ਕੱਖ ਹੁੰਦੇ ਜ਼ਮਾਨੇ ਨੇ ਵੇਖੇ ਹਨ। ਪੰਜਾਬੀਆਂ ਦੀ ਮਾਨਸਿਕਤਾ ਨਾਲ ਜੁੜੀ ਇਕ ਜੱਗਬੀਤੀ ਇੱਥੇ ਮੈਂ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ। ਜਦ ਸਿਨੇਮਾ ਹੀ ਇੱਕੋ ਇਕ ਮਨੋਰੰਜਨ ਦਾ ਸਾਧਨ ਸੀ, ਤਾਂ ਮੇਰੇ ਪਿੰਡ ਦਾ ਇਕ ਭੂਮੀਪਤੀ, ਆਪਣੀ ਚਾਰਯਾਰੀ ਸਮੇਤ, ਫ਼ਿਲਮ ਦੇਖਣ ਚਲਾ ਗਿਆ। ਭੀੜ ਵਧੇਰੇ ਹੋਣ ਕਰਕੇ ਉਸ ਨੂੰ ਟਿਕਟ ਨਾ ਮਿਲੀ, ਨਮੋਸ਼ੀ ਝੱਲਣੀ ਪਈ ਤੇ ਚਾਰਯਾਰੀ ਨੇ ਖਿੱਲੀ ਵੀ ਉਡਾਈ। ਅਗਲੇ ਦਿਨ ਉਹ ਸਿਨੇਮਾ ਦੇ ਮੈਨੇਜਰ ਨੂੰ ਜਾ ਮਿਲਿਆ ਤੇ ਉਸ ਤੋਂ ਪੁੱਛਿਆ ਕਿ ਉਸ ਨੂੰ ਇਕ ਦਿਨ ਦੀ ਕਿੰਨੀ ਕੁ ਕਮਾਈ ਹੋ ਜਾਂਦੀ ਹੈ? ਮੈਨੇਜਰ ਨੇ ਸਾਰਾ ਹਿਸਾਬ ਕਿਤਾਬ ਲਗਾ ਕੇ ਉਸ ਨੂੰ ਦੱਸ ਦਿੱਤਾ। ਉਹ ਸਾਰਾ ਪੈਸਾ ਉਸ ਅੱਗੇ ਢੇਰੀ ਕਰਦਾ ਹੋਇਆ ਬੋਲਿਆ ਕਿ ਫਲਾਣੇ ਦਿਨ ਦਾ ਇਕ ਸ਼ੋਅ ਉਹ ਇਕੱਲਾ ਹੀ ਦੇਖੇਗਾ। ਉਸ ਦਿਨ ਟਿਕਟ ਖਿੜਕੀ ਖੁੱਲ੍ਹਣ ਤੋਂ ਪਹਿਲਾਂ ਹੀ ਹਾਊਸ ਫੁੱਲ ਦਾ ਬੋਰਡ ਵੇਖ ਕੇ ਲੋਕੀਂ ਪੁੱਛਣ ਲੱਗੇ ਕਿ ਖਿੜਕੀ ਤਾਂ ਖੁੱਲ੍ਹੀ ਨਹੀਂ, ਹਾਊਸ ਫੁੱਲ ਕਿਵੇਂ ਹੋ ਗਿਆ? ਜਦ ਪਤਾ ਲੱਗਾ ਕਿ



'ਇਕ ਜ਼ਿਮੀਂਦਾਰ' ਨੇ ਸਾਰਾ ਸ਼ੋਅ ਇਕੱਲੇ ਨੇ ਹੀ ਬੁੱਕ ਕਰ ਰੱਖਿਆ ਹੈ ਤਾਂ ਕਈਆਂ ਨੂੰ ਹੈਰਾਨੀ ਹੋਈ ਤੇ ਕਈ ਉਸ ਦੀ ਮੂਰਖਤਾ ਉੱਪਰ ਹੱਸਦੇ ਰਹੇ।

ਪੰਜਾਬੀਆਂ ਵਿੱਚ ਹਥਿਆਰਾਂ ਦਾ ਸ਼ੌਕ ਨਵਾਂ ਨਹੀਂ ਹੈ, ਪਰ ਅਜੋਕੇ ਸਮੇਂ ਵਿੱਚ ਇਹ ਕੁਝ ਵਧੇਰੇ ਹੀ ਲੱਗਿਆ ਹੋਇਆ ਹੈ। ਲਾਇਸੈਂਸ ਸ਼ੁਦਾ ਹਥਿਆਰਾਂ ਦਾ ਅਨੁਪਾਤ ਪਹਿਲਾਂ ਨਾਲੋਂ ਕੁਝ ਵਧ ਗਿਆ ਹੈ ਤੇ ਗ਼ੈਰ-ਲਾਇਸੈਂਸ ਸ਼ੁਦਾ ਦੀ ਤਾਂ ਕੋਈ ਗਿਣਤੀ ਹੀ ਨਹੀਂ। ਹਥਿਆਰਾਂ ਕਰਕੇ ਕਤਲੋਗ਼ਾਰਤ ਵਧ ਗਈ ਹੈ ਤੇ ਸਬਰ ਸੰਤੋਖ ਦੀ ਥਾਂ ਹਿੰਸਾ ਦਾ ਬੋਲਬਾਲਾ ਹੋ ਗਿਆ ਹੈ। ਬਿਨਾਂ ਕਿਸੇ ਗੱਲ ਲੜਾਈ ਝਗੜੇ ਹੋ ਰਹੇ ਹਨ। ਸੜਕ ਉੱਪਰ ਕਿਸੇ ਨੂੰ ਰਾਹ ਨਾ ਦੇਣ ਅਤੇ ਵਾਹਨ ਨੂੰ ਠੀਕ ਢੰਗ ਨਾਲ ਪਾਰਕ ਨਾ ਕਰਨ ਆਦਿ ਦੀਆਂ ਮਾਮੂਲੀ ਗੱਲਾਂ ਕਰਕੇ ਇਕ ਦੂਜੇ ਉੱਪਰ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਇਹ ਸਾਰਾ ਕੁਝ ਧਰਮ ਦੇ ਪ੍ਰਭਾਵ ਘੱਟ ਹੋਣ ਕਰਕੇ ਹੈ। ਬੇਸਬਰਾ ਤੇ ਹਉਮੈ ਗ੍ਰਸਤ ਮਨੁੱਖ ਕੋਰਟ ਕਚਹਿਰੀਆਂ ਤੋਂ ਵੀ ਨਹੀਂ ਡਰਦਾ। ਹਥਿਆਰਾਂ ਬਾਰੇ ਤਾਂ ਆਮ ਸਿੱਠ ਹੈ ਕਿ ਕੋਈ ਜਦ ਹਥਿਆਰ ਖ਼ਰੀਦਣ ਗਿਆ ਤਾਂ ਉਸ ਨੇ ਦੁਕਾਨਦਾਰ ਨੂੰ ਉਸਦਾ ਮੁੱਲ ਪੁੱਛਿਆ। ਦੁਕਾਨਦਾਰ ਨੇ ਅੱਗੋਂ ਹੱਸ ਕੇ ਕਿਹਾ ਕਿ ਇਸ ਦੇ ਮੁੱਲ ਦਾ ਤਾਂ ਉਦੋਂ ਪਤਾ ਲੱਗੇਗਾ ਜਦੋਂ ਉਹ ਚੱਲੇਗਾ। ਕਚਹਿਰੀਆਂ ਵਿੱਚ ਵਧੇਰੇ ਮੁਕੱਦਮੇ ਕਾਹਲ, ਹਿੰਸਾ ਅਤੇ ਬੇਸਬਰੀ ਦਾ ਹੀ ਨਤੀਜਾ ਹਨ। ਗੱਡੀਆਂ, ਹਥਿਆਰ ਅਤੇ ਸੜਕੀ ਹਿੰਸਾ ਆਮ ਬੰਦੇ ਦੇ ਵੱਸ ਦੀ ਗੱਲ ਨਹੀਂ। ਕੇਵਲ ਹੈਂਕੜਬਾਜ਼ ਅਤੇ ਹੰਕਾਰੀ ਮਨੁੱਖਾਂ ਦੇ ਹੀ ਕਾਰਨਾਮੇ ਹਨ।

ਉਪਰੋਕਤ ਸਾਰੇ ਤੱਥ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ। ਕਿ ਹੁਣ ਜ਼ਮੀਨਾਂ ਪਰੰਪਰਾਗਤ ਭੂਮੀਪਤੀਆਂ ਕੋਲ ਨਹੀਂ ਰਹਿਣੀਆਂ ਸਗੋਂ ਕਾਰੋਬਾਰੀ ਲੋਕਾਂ ਜਾਂ ਅਦਾਰਿਆਂ ਕੋਲ ਚਲੀਆਂ ਜਾਣੀਆਂ ਹਨ। ਅਜਿਹਾ ਹੀ ਵਰਤਾਰਾ ਅੱਜ ਤੋਂ ਕਰੀਬ ਸੌ ਕੁ ਸਾਲ ਪਹਿਲਾਂ ਵੀ ਵਾਪਰਿਆ ਸੀ, ਬੇਸ਼ੱਕ ਉਸ ਦੇ ਕੁਝ ਹੋਰ ਕਾਰਨ ਸਨ। ਆਮ ਕਹਾਵਤ ਹੈ ਕਿ ਇਤਿਹਾਸ ਆਪਣੇ-ਆਪ ਨੂੰ ਦੁਹਰਾਉਂਦਾ ਹੈ। ਮੈਨੂੰ ਲੱਗਦਾ ਹੈ ਕਿ ਇਸ ਕਹਾਵਤ ਵਿੱਚ ਸੱਚਾਈ ਹੈ, ਕਿਉਂਕਿ ਨਿਕਟ ਭਵਿੱਖ ਵਿੱਚ ਅਜਿਹਾ ਹੀ ਕੁਝ ਹੁੰਦਾ ਦਿਖਾਈ ਦੇ ਰਿਹਾ ਹੈ। ਭੂਮੀ ਤਾਂ ਉੱਥੇ ਹੀ ਰਹੇਗੀ, ਭੂਮੀਪਤੀ ਬਦਲ ਜਾਣਗੇ। ਇਸ ਲਈ ਮੈਨੂੰ ਪੰਜਾਬ ਵਿੱਚ ਜ਼ਿਮੀਂਦਾਰ ਦਾ ਭਵਿੱਖ ਬਹੁਤਾ ਉੱਜਲ ਨਹੀਂ ਦਿੱਸ ਰਿਹਾ। ਇਹ ਕੰਧ ਉੱਪਰ ਲਿਖਿਆ ਗਿਆ ਹੈ, ਇਸ ਨੂੰ ਜਿੰਨੀ ਛੇਤੀ ਪੰਜਾਬੀ ਪੜ੍ਹ ਕੇ ਕੋਈ ਸਬਕ ਲੈ ਲੈਣ, ਓਨਾ ਹੀ ਚੰਗਾ ਹੋਵੇਗਾ।

ਮੋ: 9888939808

(ਰੋਜ਼ਾਨਾ ਅਜੀਤ 24-09-2018 'ਚੋਂ ਧੰਨਵਾਦ ਸਹਿਤ!)

# ਲੋਕ ਮਨਾਂ 'ਤੇ ਅਮਿਟ ਛਾਪ ਛੱਡਦੀ ਹੈ ਲੋਕਧਾਰਾ

**-ਗੁਰਚਰਨ ਸਿੰਘ ਨੂਰਪੁਰ**

ਕਿਸੇ ਵੀ ਖਿੱਤੇ ਦੀ ਲੋਕਧਾਰਾ ਨੂੰ ਉਸ ਖਿੱਤੇ ਦੇ ਸੱਭਿਆਚਾਰ ਦਾ ਦਰਪਣ ਕਿਹਾ ਜਾਂਦਾ ਹੈ। ਲੋਕਧਾਰਾ ਅੰਗਰੇਜ਼ੀ ਦੇ ਸ਼ਬਦ ਫੋਕਲੋਰ ਦਾ ਸਮਾਨਅਰਥਕ ਹੈ। ਕਿਹਾ ਜਾਂਦਾ ਹੈ ਕਿ ਫੋਕਲੋਰ ਸ਼ਬਦ ਦੀ ਵਰਤੋਂ ਪਹਿਲੀ ਵਾਰ ੧੮੪੬ ਵਿੱਚ ਇਕ ਅੰਗਰੇਜ਼ ਵਿਦਵਾਨ ਵਿਲੀਅਮ ਜਾਨ ਥਾਮਸ ਨੇ ਕੀਤੀ। ਪੰਜਾਬੀ ਵਿੱਚ 'ਲੋਕਧਾਰਾ' ਸ਼ਬਦ ਨੂੰ ਇਸ ਲਈ ਸਭ ਤੋਂ ਢੁਕਵਾਂ ਸ਼ਬਦ ਮੰਨਿਆ ਗਿਆ ਹੈ। ਇਸ ਨੂੰ ਲੋਕਯਾਨ ਵੀ ਆਖਿਆ ਜਾਂਦਾ ਹੈ।

ਲੋਕਧਾਰਾ ਕਿਸੇ ਖਿੱਤੇ ਦੇ ਲੋਕਾਂ ਦੇ ਸੱਭਿਆਚਾਰ ਦਾ ਦਰਪਣ ਹੁੰਦਾ ਹੈ ਜਿਸ ਵਿੱਚੋਂ ਉਸ ਖਿੱਤੇ ਦੇ ਲੋਕਾਂ ਦੇ ਵਿਸ਼ਵਾਸ, ਅੰਧਵਿਸ਼ਵਾਸ, ਪਰੰਪਰਾਵਾਂ, ਰੀਤੀ-ਰਿਵਾਜ, ਸ਼ਿਸ਼ਟਾਚਾਰ, ਕਰਮਕਾਂਡਾਂ, ਕਿੱਤੇ, ਮਨੋਰੰਜਨ ਆਦਿ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੁੰਦੀ ਹੈ, ਜਿਸ ਰਾਹੀਂ ਕਿਸੇ ਉਸ ਖਿੱਤੇ ਦੇ ਲੋਕਾਂ ਦੇ ਜਨ-ਜੀਵਨ ਨੂੰ ਸਮਝਿਆ ਜਾ ਸਕਦਾ ਹੈ। ਲੋਕਧਾਰਾ ਕਦੇ ਖਾਮੋਸ਼ ਨਹੀਂ ਹੁੰਦੀ। ਉਹ ਸਮਾਜ ਵਿੱਚ ਵਾਪਰਦੇ ਵਰਤਾਰਿਆਂ ਨੂੰ ਆਪਣੇ ਨਾਲ ਲੈ ਕੇ ਚੱਲਦੀ ਹੈ, ਆਤਮਸਾਤ ਕਰਦੀ ਹੈ। ਕਿਸੇ ਵੀ ਖਿੱਤੇ ਦੇ ਲੋਕਾਂ ਦੇ ਲੋਕ ਗੀਤ, ਲੋਕ ਬੋਲੀਆਂ, ਅਖਾਣ ਮੁਹਾਵਰੇ, ਚੁਟਕਲੇ, ਲੋਕ ਕਹਾਣੀਆਂ, ਪੌਰਾਣਿਕ ਕਥਾਵਾਂ, ਬਾਤਾਂ, ਬੁਝਾਰਤਾਂ, ਲੋਕ ਗਥਾਵਾਂ, ਪਰੀ-ਕਹਾਣੀਆਂ, ਮਿੱਥਾਂ ਆਦਿ ਲੋਕਧਾਰਾ ਦੇ ਹੀ ਵੱਖ-ਵੱਖ ਅੰਗ ਹਨ। ਇਨ੍ਹਾਂ ਰਾਹੀਂ ਕਿਸੇ ਖਿੱਤੇ ਦੇ ਲੋਕਾਂ ਦੇ ਸੱਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਝਿਆ ਜਾ ਸਕਦਾ ਹੈ।

ਦੁਨੀਆਂ ਦੇ ਜਿਹੜੇ ਖਿੱਤਿਆਂ ਵਿੱਚ ਵਧੇਰੇ ਉਥੱਲ-ਪੁਥੱਲ ਹੁੰਦੀ ਹੈ। ਉੱਥੇ ਦੂਜਿਆਂ ਦੇ ਖਿੱਤਿਆਂ ਦੇ ਮੁਕਾਬਲੇ ਵਧੇਰੇ ਅਣਖੀ ਅਤੇ ਗ਼ੈਰਤਮੰਦ ਲੋਕ ਪੈਦਾ ਹੁੰਦੇ ਹਨ। ਇਸ ਦੇ ਉਲਟ ਜਿਨ੍ਹਾਂ ਥਾਵਾਂ 'ਤੇ ਲੰਮਾ ਸਮਾਂ ਸਥਿਰਤਾ ਬਣੀ ਰਹਿੰਦੀ ਹੈ ਉੱਥੇ ਅਜਿਹਾ ਘੱਟ ਵਾਪਰਦਾ ਹੈ। ਪੰਜਾਬ ਦੇ ਲੋਕ ਅਣਖੀ ਗ਼ੈਰਤਮੰਦ ਅਤੇ ਸਵੈਮਾਣ ਨਾਲ ਜ਼ਿੰਦਗੀ ਜਿਊਣ ਵਾਲੇ ਲੋਕ ਹਨ। ਪੰਜਾਬੀ ਅਖਾਉਤ 'ਦੋ ਪੈਰ ਘੱਟ ਤੁਰਨਾ ਤੁਰਨਾ ਮੜਕ ਦੇ ਨਾਲ' ਇਸ ਗੱਲ ਦੀ ਤਸਦੀਕ ਕਰਦੀ ਹੈ। ਇਕ ਹੋਰ ਅਜਿਹੇ ਅਰਥਾਂ ਦੀ ਸਿਰਜਣਾ ਕਰਦਾ ਅਖਾਣ ਹੈ 'ਮੰਗਣ ਗਿਆ ਸੋ ਮਰ ਗਿਆ ਮੰਗਣ ਮੂਲ ਨਾ ਜਾਹ'। ਪੰਜਾਬ ਦੇ ਲੋਕ ਕਿਉਂਕਿ ਸਦੀਆਂ ਤੋਂ ਜਾਬਰਾਂ ਬਾਬਰਾਂ ਧਾੜਵੀਆਂ ਨਾਲ ਆਢੇ ਲਾਉਂਦੇ ਰਹੇ। ਯਵਨ, ਅਰਬ ਅਤੇ ਅਫ਼ਗਾਨ ਪੰਜਾਬ ਦੇ ਰਸਤਿਉਂ ਹੀ ਹਿੰਦੁਸਤਾਨ 'ਤੇ ਹਮਲੇ ਕਰਦੇ ਰਹੇ ਇੱਥੇ ਅਕਸਰ ਉਥੱਲ-ਪੁਥੱਲ ਦਾ ਮਾਹੌਲ ਬਣਿਆ ਰਹਿੰਦਾ ਰਿਹਾ। ਇਹ ਵੱਖਰੀ ਤਰ੍ਹਾਂ ਦਾ ਭੂਗੋਲਿਕ ਅਤੇ ਸਮਾਜਿਕ ਮਾਹੌਲ ਹੀ ਪੰਜਾਬੀ ਸਮਾਜ ਨੂੰ ਭਾਰਤ ਦੇ ਦੂਜੇ ਸੂਬਿਆਂ ਨਾਲੋਂ ਵੱਖਰਾ ਕਰਦਾ ਹੈ। ਅਨੇਕਾਂ ਵਾਰ ਪੰਜਾਬ ਦੇ ਲੋਕ ਬਰਬਾਦੀ ਦੀ ਕਗਾਰ 'ਤੇ ਪਹੁੰਚੇ ਤੇ ਫਿਰ ਆਪਣੇ ਪੈਰਾਂ ਸਿਰ ਖੜ੍ਹੇ ਹੀ ਨਹੀਂ ਹੋਏ। ਦੁਨੀਆਂ ਭਰ ਵਿੱਚ ਆਪਣੀਆਂ ਪ੍ਰਾਪਤੀਆਂ ਦੇ ਝੰਡੇ ਬੁਲੰਦ ਕੀਤੇ। 'ਮੰਨੂੰ ਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਏ, ਜਿਉਂ ਜਿਉਂ ਮੰਨੂ



ਵੱਢਦਾ ਅਸੀਂ ਦੂਣ ਸਵਾਏ ਹੋਏ' ਇਸ ਤਰ੍ਹਾਂ ਦੀ ਕਹਾਵਤ ਸ਼ਾਇਦ ਹੀ ਦੁਨੀਆਂ ਦੇ ਕਿਸੇ ਖਿੱਤੇ ਦੇ ਲੋਕਾਂ ਬਾਰੇ ਬਣੀ ਹੋਵੇ। ਸੰਨ ਸੰਤਾਲੀ ਵਿੱਚ ਜਦੋਂ ਹਿੰਦੁਸਤਾਨ ਨੂੰ ਦੋ ਦੇਸ਼ਾਂ ਵਿੱਚ ਵੰਡ ਦਿੱਤਾ ਗਿਆ ਤਾਂ ਲੱਖਾਂ ਲੋਕ ਕਤਲ ਹੋਏ, ਲੱਖਾਂ ਲੋਕਾਂ ਨੇ ਆਪਣੇ ਪਰਿਵਾਰ ਦੇ ਜੀਅ ਗਵਾ ਲਏ ਤੇ ਤਨ ਦੇ ਕੱਪੜੇ ਲੈ ਕੇ ਪਾਕਿਸਤਾਨ ਤੋਂ ਇੱਧਰ ਆਏ ਅਤੇ ਇੱਧਰੋਂ-ਉੱਧਰ ਗਏ। ਇਹ ਪੰਜਾਬ ਦੇ ਇਤਿਹਾਸ ਦਾ ਸਭ ਤੋਂ ਕਾਲਾ ਦੌਰ ਸੀ ਜਦੋਂ ਇਕੋ ਸੱਭਿਆਚਾਰ ਅਤੇ ਇਕ ਧਰਤੀ ਦੇ ਲੋਕ ਮਜ਼੍ਹਬ ਦੇ ਨਾਂ 'ਤੇ ਵੰਡੇ ਗਏ। ਇਸ ਧਰਤੀ ਦੇ ਪਾਣੀ ਵੀ ਵੰਡੇ ਗਏ। ਮਜ਼ਹਬੀ ਫ਼ਸਾਦਾਂ ਦੀ ਅੱਗ ਦਾ ਸੇਕ ਹਰ ਫ਼ਿਰਕੇ ਦੇ ਲੋਕਾਂ ਨੇ ਝੱਲਿਆ। ਆਪਣੇ ਘਰਬਾਰ ਛੱਡ ਕੇ ਜਾਨਾਂ ਲੈ ਕੇ ਦੂਜੇ ਥਾਂ 'ਤੇ ਆਏ ਲੋਕਾਂ ਨੇ ਆਪਣੇ-ਆਪ ਨੂੰ ਸੰਭਾਲਿਆ, ਸਖ਼ਤ ਮਿਹਨਤਾਂ ਮੁਸ਼ੱਕਤਾਂ ਕੀਤੀਆਂ ਅਤੇ ਆਬਾਦ ਹੋਏ। ਪੰਜਾਬੀ ਸਮਾਜ ਦੀ ਇਹ ਖ਼ਾਸੀਅਤ ਰਹੀ ਕਿ ਇਸ ਖਿੱਤੇ ਦੇ ਲੋਕ ਦੁੱਖ ਅਤੇ ਭੁੱਖਾਂ ਸਹਿ ਸਕਦੇ ਹਨ, ਪਰ ਕਿਸੇ ਅੱਗੇ ਹੱਥ ਅੱਡਣਾ ਉਨ੍ਹਾਂ ਦੀ ਫ਼ਿਤਰਤ ਵਿੱਚ ਨਹੀਂ। ਸਦੀਆਂ ਪਹਿਲਾਂ ਬਾਬਾ ਫ਼ਰੀਦ ਨੇ ਆਪਣੇ ਸਲੋਕ ਵਿੱਚ ਇਸ ਦਾ ਇਜ਼ਹਾਰ ਕੀਤਾ।

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥** (ਅੰ: ੧੩੮੦)

ਕਿਸੇ ਜਾਬਰ ਧਾੜਵੀ ਅੱਗੇ ਗੋਡੇ ਟੇਕਣੇ ਇੱਥੋਂ ਦੇ ਬਸ਼ਿੰਦਿਆਂ ਦੇ ਹਿੱਸੇ ਨਹੀਂ ਆਇਆ, ਇਹ ਧਾੜਵੀ ਭਾਵੇਂ ਦੁਨੀਆਂ ਨੂੰ ਜਿੱਤਣ ਦਾ ਭਰਮ ਪਾਲਣ ਵਾਲਾ ਕੋਈ ਸਿਕੰਦਰ ਹੀ ਕਿਉਂ ਨਾ ਹੋਵੇ। ਇਨ੍ਹਾਂ ਦੀ ਸਥਾਪਤੀ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਦੁੱਲੇ ਭੱਟੀ ਵਰਗੇ ਨਾਇਕਾਂ ਨੂੰ ਹਰ ਧਰਮ ਜਾਤ ਦੇ ਲੋਕ ਪਸੰਦ ਕਰਦੇ ਹਨ ਅਤੇ ਲੋਕ ਨਾਇਕ ਮੰਨਦੇ ਹਨ। ਅਜਿਹੇ ਅਖਾਣਾਂ ਦਾ ਸਾਰ ਤੱਤ ਬਹੁਤ ਡੂੰਘਾਈ ਨਾਲ ਇਸ ਧਰਤੀ ਦੇ ਭੂਗੋਲਿਕ ਅਤੇ ਇੱਥੇ ਸਦੀਆਂ ਤੋਂ ਵਾਪਰਦੀਆਂ ਰਹੀਆਂ ਇਤਿਹਾਸਿਕ ਘਟਨਾਵਾਂ ਨਾਲ ਜਾ ਜੁੜਦਾ ਹੈ। ਅਜ਼ਾਦੀ ਦੀ ਲੜਾਈ ਵਿੱਚ ਸਭ ਤੋਂ ਵੱਧ ਕੁਰਬਾਨੀਆਂ ਪੰਜਾਬ ਦੇ ਲੋਕਾਂ ਨੇ ਕੀਤੀਆਂ। ਸਾਡੀ ਲੋਕਧਾਰਾ ਵਿੱਚ ਅਜ਼ਾਦੀ ਮਹਾਂਨਾਇਕਾਂ ਲਈ ਗੀਤ ਸਿਰਜੇ ਗਏ 'ਅਸੈਂਬਲੀ 'ਚ ਬੰਬ ਚਲਾਇਆ ਭਗਤ ਸਿੰਘ ਸੂਰਮੇ ਨੇ' ਜਾਂ 'ਰਹਿਣਾ ਕੱਖ ਨਾ ਫਰੰਗੀਆ ਤੇਰਾ ਭਗਤ ਸਿੰਘ ਕੋਹ ਸੁੱਟਿਆ।' ਇਹ ਗੀਤ ਲੋਕ ਮਨਾਂ ਦੀ ਉਪਜ ਸਨ। ਇਨ੍ਹਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਨੇ ਨਹੀਂ ਲਿਖਿਆ। ਇਹ ਸਾਡੀ ਲੋਕਧਾਰਾ ਦੀ ਪੈਦਾਇਸ਼ ਹਨ। ਅਜ਼ਾਦੀ ਦੀ ਲੜਾਈ ਵਿੱਚ ਵੱਧ ਕੁਰਬਾਨੀਆਂ ਕਰਨ ਵਾਲਿਆਂ ਵਿੱਚ ਦੂਜਾ ਨੰਬਰ ਬੰਗਾਲ ਦਾ ਆਉਂਦਾ ਹੈ। ਬੰਗਾਲ ਦੀ ਧਰਤੀ ਨੂੰ ਜੇਕਰ ਇਤਿਹਾਸਿਕ ਨਜ਼ਰੀਏ ਤੋਂ ਦੇਖੀਏ ਤਾਂ ਇੱਥੇ ਭਾਵੇਂ ਪੰਜਾਬ ਦੇ ਇਤਿਹਾਸ ਨਾਲੋਂ ਹਾਲਾਤ ਬੇਸ਼ੱਕ ਭਿੰਨ ਸਨ, ਪਰ ਇੱਥੇ ਸਦੀਆਂ ਤੋਂ ਹੁੰਦੀਆਂ ਰਹੀਆਂ ਭੂਗੋਲਿਕ ਤਬਦੀਲੀਆਂ ਇੱਥੋਂ ਦੇ ਲੋਕਾਂ ਨੂੰ ਦੂਜੇ ਲੋਕਾਂ ਤੋਂ ਵੱਖਰਾ ਕਰਦੀਆਂ ਹਨ। ਇੱਥੇ ਵਗਣ ਵਾਲੀਆਂ ਨਦੀਆਂ ਵਾਰ-ਵਾਰ ਆਪਣੇ ਰੁਖ਼ ਬਦਲਦੀਆਂ ਰਹੀਆਂ। ਲੋਕ ਇਕ ਥਾਂ ਜਾ ਕੇ ਅਬਾਦ ਨਹੀਂ ਸੀ ਹੋਏ ਹੁੰਦੇ ਕਿ ਉਨ੍ਹਾਂ ਨੂੰ ਦੂਜੇ ਥਾਂ ਜਾ ਕੇ ਬਸੇਰਾ ਕਰਨਾ ਪੈਂਦਾ ਸੀ। ਇਸ ਉਥੱਲ-ਪੁਥੱਲ ਦੇ ਮਾਹੌਲ

ਨੇ ਹੀ ਇੱਥੋਂ ਦੇ ਲੋਕਾਂ ਵਿੱਚ ਕੁਝ ਵਿਸ਼ੇਸ਼ ਗੁਣ ਪੈਦਾ ਕੀਤੇ। ਇੱਥੇ ਵੱਡੇ ਸਾਹਿਤਕਾਰ ਵੀ ਪੈਦਾ ਹੋਏ, ਚੰਗੀਆਂ ਸਾਹਿਤਕ ਲਿਖਤਾਂ ਵੀ ਇੱਥੇ ਲਿਖੀਆਂ ਗਈਆਂ। ਅੰਗਰੇਜ਼ ਹਕੂਮਤ ਦੀ ਗ਼ੁਲਾਮੀ ਦੇ ਜੂਲੇ ਨੂੰ ਗਲੋਂ ਲਾਹੁਣ ਦਾ ਹੀਆ ਵੀ ਇੱਥੋਂ ਦੇ ਬਹੁਤ ਸਾਰੇ ਲੋਕਾਂ ਨੇ ਕੀਤਾ। ਸੁਭਾਸ਼ ਚੰਦਰ ਬੋਸ ਇਸੇ ਮਿੱਟੀ ਦਾ ਮੁਜੱਸਮਾ ਸੀ, ਜਿਸ ਨੇ ਹੋਰ ਦੇਸ਼ਾਂ ਵਿੱਚ ਜਾ ਕੇ ਹਿੰਦੁਸਤਾਨੀਆਂ ਦੀ ਖਿੰਡੀ ਪੁੰਡੀ ਸ਼ਕਤੀ ਨੂੰ ਇਕੱਠਾ ਕਰਕੇ ਅੰਗਰੇਜ਼ ਹਕੂਮਤ ਨਾਲ ਲੜਨ ਲਈ ਲਿਆ ਖੜ੍ਹਾ ਕੀਤਾ। ਇਸ ਤਰ੍ਹਾਂ ਕਿਸੇ ਖਿੱਤੇ ਦੀ ਸਮਾਜਿਕ ਅਤੇ ਭੂਗੋਲਿਕ ਉਥੱਲ-ਪੁਥੱਲ ਵੀ ਉੱਥੋਂ ਦੇ ਲੋਕਾਂ ਦੇ ਸੁਭਾਅ ਨੂੰ ਪ੍ਰਭਾਵਿਤ ਕਰਦੀ ਹੈ।

ਪੰਜਾਬੀ ਸੱਭਿਆਚਾਰ ਦਾ ਧੁਰਾ ਇੱਥੋਂ ਦੇ ਪਿੰਡ ਹਨ। ਭਾਵੇਂ ਆਰੀਅਨ ਤੋਂ ਪਹਿਲਾਂ ਦੀ ਸਿੰਧੂ ਘਾਟੀ ਦੀ ਸੱਭਿਅਤਾ ਤੋਂ ਅਸੀਂ ਸਮਝਦੇ ਹਾਂ ਕਿ ਕਈ ਸਦੀਆਂ ਪਹਿਲਾਂ ਇੱਥੇ ਵੱਡੇ-ਵੱਡੇ ਮਹਾਂਨਗਰਾਂ ਵਰਗੇ ਸ਼ਹਿਰ ਵੀ ਵੱਸੇ ਹੋਏ ਸਨ। ਭਾਵ ਇੱਥੇ ਸ਼ਹਿਰ ਦਾ ਸੰਕਲਪ ਵੀ ਸਦੀਆਂ ਪੁਰਾਣਾ ਹੈ। ਪਰ ਅਸੀਂ ਸਮਝਦੇ ਹਾਂ ਕਿ ਜੇਕਰ ਪੰਜਾਬੀ ਜਨ-ਜੀਵਨ ਨੂੰ ਸਮਝਣਾ ਹੈ ਤਾਂ ਪਿੰਡਾਂ ਨੂੰ ਸਮਝਣਾ ਪਵੇਗਾ। ਪਿੰਡ ਸ਼ਬਦ ਤੋਂ ਭਾਵ ਪਿੰਡੇ ਤੋਂ ਹੈ। ਪੰਜਾਬੀ ਵਿੱਚ ਪਿੰਡਾ ਸਰੀਰ ਨੂੰ ਆਖਿਆ ਜਾਂਦਾ ਹੈ। ਇੱਥੋਂ ਦੇ ਪਿੰਡ ਆਪਣੇ-ਆਪ ਵਿੱਚ ਪੂਰਾ ਪਿੰਡਾ ਸਰੀਰ ਹੋਇਆ ਕਰਦੇ ਸਨ। ਇਕ ਪਿੰਡ ਇਕ ਪਿੰਡਾ ਸੀ। ਇਸ ਵਿੱਚ ਕੁਝ ਦੀ ਜ਼ਿੰਮੇਵਾਰੀ ਸੀ ਕਿ ਪਿੰਡ ਦੇ ਲੋਕਾਂ ਲਈ ਕੱਪੜਾ ਬੁਣਨ ਦਾ ਕੰਮ ਕਰਨਗੇ, ਕੁਝ ਲੋਹੇ ਦੇ ਸੰਦ, ਕੁਝ ਲੱਕੜ ਦੇ ਸੰਦ ਬਣਾਉਣ, ਕੁਝ ਭਾਂਡੇ ਬਣਾਉਣ, ਕੁਝ ਜੁੱਤੀਆਂ ਬਣਾਉਣ ਤੇ ਕੁਝ ਦਾ ਕੰਮ ਸੀ ਪਾਣੀ ਭਰਨ ਦਾ। ਇਸ ਤਰ੍ਹਾਂ ਇਹ ਸਭ ਤਰ੍ਹਾਂ ਦੇ ਕੰਮ ਅਤੇ ਲੋੜਾਂ ਦੀ ਵੰਡ ਕੀਤੀ ਹੋਈ ਸੀ। ਇੱਥੇ ਤਕ ਕਿ ਕੋਈ ਇਕ ਵਿਅਕਤੀ, ਜਿਸ ਕੋਲ ਘੜੀ ਹੁੰਦੀ ਸੀ, ਉਹ ਦੂਜਿਆਂ ਨੂੰ ਸਮਾਂ ਦੱਸਣ ਦਾ ਕੰਮ ਵੀ ਕਰਦਾ ਸੀ। ਇਸੇ ਤਰ੍ਹਾਂ ਪਿੰਡ ਦੇ ਇਕ ਜਾਂ ਦੋ ਘਰਾਂ ਕੋਲ ਪਿੰਡ ਦੇ ਲੋਕਾਂ ਦਾ ਮਨੋਰੰਜਨ ਕਰਨ ਅਤੇ ਇਨ੍ਹਾਂ ਦੇ ਜਾਤਾਂ ਗੋਤਾਂ, ਕਬੀਲਿਆਂ ਤੇ ਵੱਡੇ-ਵਡੇਰਿਆਂ ਦੇ ਨਾਂ ਯਾਦ ਰੱਖਣ ਦਾ ਇਤਿਹਾਸ ਹੁੰਦਾ ਸੀ। ਅਜਿਹਾ ਧਰਤੀ ਦੇ ਹੋਰ ਖਿੱਤਿਆਂ ਜਿਵੇਂ ਅਫ਼ਰੀਕਨ ਕਬੀਲਿਆਂ ਵਿੱਚ ਵੀ ਹੈ ਉੱਥੇ ਬੀਤੇ ਵੇਲਿਆਂ ਵਿੱਚ ਪਿੰਡ ਦਾ ਇਕ ਵਿਅਕਤੀ ਪਿੰਡ ਦੇ ਸਾਰੇ ਸਦੀਆਂ ਪਹਿਲਾਂ ਹੋਏ ਲੋਕਾਂ ਦੇ ਨਾਂ ਓੜਮੇ ਕੋੜਮੇ ਦਾ ਇਤਿਹਾਸ ਯਾਦ ਰੱਖਦਾ ਸੀ। ਇਸ ਤਰ੍ਹਾਂ ਕੋਈ ਵੀ ਪਿੰਡ ਇਕ ਇਕਾਈ ਹੁੰਦਾ ਸੀ, ਇਕ ਪਿੰਡਾ ਹੁੰਦਾ ਸੀ। ਜਿਵੇਂ ਪਿੰਡੇ ਦੇ ਹਰ ਅੰਗ ਦੀ ਆਪਣੀ ਅਹਿਮੀਅਤ ਹੁੰਦੀ ਹੈ ਇਸੇ ਤਰ੍ਹਾਂ ਪਿੰਡ ਦੇ ਹਰ ਘਰ ਹਰ ਵਿਅਕਤੀ ਨੂੰ ਕੰਮ ਕਰਨਾ ਪੈਂਦਾ ਸੀ। ਇਸ ਵਿੱਚ ਸਭ ਤੋਂ ਔਖਾ ਕੰਮ ਕਿਸਾਨੀ ਦਾ ਕੰਮ ਮੰਨਿਆ ਜਾਂਦਾ ਸੀ। ਲੋਕਧਾਰਾ ਅਨੁਸਾਰ 'ਹੱਲ ਵਾਹ ਕੇ ਚਰ੍ਹੀ ਨੂੰ ਜਾਣਾ ਜੱਟਾ ਤੇਰੀ ਜੂਨ ਬੁਰੀ।' ਵਰਗੀਆਂ ਬੋਲੀਆਂ ਅਜਿਹੇ ਹਾਲਾਤ 'ਚੋਂ ਹੀ ਪੈਦਾ ਹੋਈਆਂ। ਅਸੀਂ ਮਨੁੱਖ ਨੂੰ ਸਮਾਜ ਦੀ ਇਕਾਈ ਮੰਨਦੇ ਹਾਂ। ਮਨੁੱਖ ਕੋਲ ਇਕ ਮਨ ਹੈ ਜਿਸ ਨਾਲ ਉਹ ਸੋਚਦਾ, ਵਿਚਾਰਦਾ ਤੇ ਸਮਝਦਾ ਹੈ। ਇਸੇ ਤਰ੍ਹਾਂ ਲੋਕਧਾਰਾ ਵਿੱਚ ਕਿਸੇ ਖਿੱਤੇ ਦੇ ਲੋਕਾਂ ਦੇ ਸਮੂਹ ਕਿਸੇ ਮਸਲੇ ਸਮੱਸਿਆਵਾਂ ਬਾਰੇ



ਜਿਸ ਤਰ੍ਹਾਂ ਸੋਚਦੇ ਸਮਝਦੇ ਹਨ, ਉਸ ਨੂੰ ਲੋਕਾਂ ਦਾ 'ਲੋਕਮਨ' ਕਿਹਾ ਜਾਂਦਾ ਹੈ। ਲੋਕਧਾਰਾ ਲਗਾਤਾਰ ਪੀੜ੍ਹੀ-ਦਰ-ਪੀੜ੍ਹੀ ਸੀਨਾ ਬਾ ਸੀਨਾ ਚੱਲਿਆ ਆਉਂਦਾ ਉਹ ਗਿਆਨ ਹੁੰਦਾ ਹੈ ਜੋ ਆਉਣ ਵਾਲੀਆਂ ਨਸਲਾਂ ਦੀ ਅਗਵਾਈ ਵੀ ਕਰਦਾ ਹੈ, ਲੋਕ ਸਿਆਣਪ ਨੂੰ ਪੀੜ੍ਹੀ-ਦਰ-ਪੀੜ੍ਹੀ ਅੱਗੇ ਲੈ ਕੇ ਭੀ ਜਾਂਦਾ ਹੈ; ਜਿਵੇਂ ਪੰਜਾਬੀ ਦੀ ਇਕ ਲੋਕ ਕਥਾ ਹੈ—'ਦੂਰੋਂ ਘੋੜੀ 'ਤੇ ਚੜ੍ਹੇ ਆਉਂਦੇ ਕਿਸੇ ਬੰਦੇ ਨੂੰ ਵੇਖ ਕੇ ਕੋਈ ਠੱਗ ਬਿਮਾਰ ਬਣ ਕੇ ਲੇਟ ਜਾਂਦਾ ਹੈ। ਨੇੜੇ ਆਏ ਘੋੜੀ ਵਾਲੇ ਨੂੰ ਇਹ ਠੱਗ ਤਰਲਾ ਕਰਦਾ ਹੈ ਕਿ ਉਸ ਨੂੰ ਘੋੜੀ 'ਤੇ ਬਿਠਾ ਕੇ ਅਗਲੇ ਪਿੰਡ ਉਹਦੇ ਘਰ ਪਹੁੰਚਾ ਦੇਵੇ; ਪਰ ਤਰਸ ਕਰਕੇ ਜਦੋਂ ਉਹ ਉਸ ਬਿਮਾਰੀ ਦਾ ਬਹਾਨਾ ਕਰਨ ਵਾਲੇ ਨੂੰ ਘੋੜੀ 'ਤੇ ਬਿਠਾਉਂਦਾ ਹੈ ਤਾਂ ਉਹ ਠੱਗ ਉਸ ਦੀ ਘੋੜੀ ਨੂੰ ਅੱਡੀ ਮਾਰ ਕੇ ਭਜਾ ਤੁਰਦਾ ਹੈ ਅਤੇ ਘੋੜੀ ਵਾਲਾ ਮਗਰੋਂ ਅਵਾਜ਼ ਮਾਰ ਕੇ ਉਹਨੂੰ ਕਹਿੰਦਾ ਹੈ ਕਿ ਘੋੜੀ ਤੂੰ ਲੈ ਚੱਲਿਆਂ ਏ ਲੈ ਜਾਹ, ਪਰ ਮੇਰੀ ਇਕ ਗੱਲ ਸੁਣਦਾ ਜਾਹ, ਤੂੰ ਬਿਮਾਰੀ ਦਾ ਬਹਾਨਾ ਬਣਾ ਕੇ ਜੋ ਮੇਰੇ ਨਾਲ ਕੀਤੀ ਏ ਇਹਦਾ ਪਤਾ ਜਦੋਂ ਹੋਰ ਲੋਕਾਂ ਨੂੰ ਲੱਗੇਗਾ ਤਾਂ ਕਦੇ ਕੋਈ ਬਿਮਾਰ ਬੰਦੇ 'ਤੇ ਤਰਸ ਨਹੀਂ ਖਾਵੇਗਾ। ਇਹ ਸੁਣ ਕੇ ਉਹ ਬੰਦਾ ਰੁਕ ਗਿਆ ਘੋੜੀ ਦੇ ਮਾਲਿਕ ਨੂੰ ਘੋੜੀ ਵਾਪਸ ਕਰ ਕੇ ਉਸ ਤੋਂ ਮੁਆਫ਼ੀ ਮੰਗੀ।'

ਮੈਕਸਮ ਗੋਰਕੀ ਦਾ ਕਹਿਣਾ ਹੈ ਕਿ ਕੋਈ ਕਵੀ ਜਾਂ ਸਾਹਿਤਕਾਰ ਉਦੋਂ ਤਕ ਓਨੀ ਵਧੀਆ ਰਚਨਾ ਨਹੀਂ ਕਰ ਸਕਦਾ ਜਿੰਨੀ ਦੇਰ ਉਸ ਨੇ ਲੋਕਧਾਰਾ ਨੂੰ ਪੜ੍ਹਿਆ ਜਾਂ ਵਾਚਿਆ ਨਾ ਹੋਵੇ। ਅਸੀਂ ਦੇਖਦੇ ਹਾਂ ਕਿ ਸਾਡੇ ਗੁਰਬਾਣੀ ਵਿੱਚ ਸਾਡੀ ਗੁਰੂ ਸਾਹਿਬਾਨਾਂ ਨੇ ਲੋਕਧਾਰਾ ਦੀਆਂ ਵੱਖ-ਵੱਖ ਵੰਨਗੀਆਂ ਨੂੰ ਉਦਾਹਰਨਾਂ ਲਈ ਗੁਰਬਾਣੀ ਵਿੱਚ ਵਰਤਿਆ। ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਚਿਤ ਚੰਡੀ ਦੀ ਵਾਰ ਇਕ ਪੌਰਾਣਿਕ ਕਥਾ 'ਤੇ ਅਧਾਰਤ ਹੈ। ਇਸ ਵਿੱਚ ਦੁਰਗਾ ਦੀ ਰਾਖਸ਼ਾਂ ਨਾਲ ਜੰਗ ਵਿਖਾਈ ਗਈ ਹੈ। ਮੌਜੂਦਾ ਦੌਰ ਦੀ ਜੇਕਰ ਅਸੀਂ ਗੱਲ ਕਰੀਏ ਤਾਂ ਸ਼ਿਵ ਕੁਮਾਰ ਪੰਜਾਬੀ ਦਾ ਵੱਡਾ ਕਵੀ ਹੋਇਆ ਹੈ। 'ਲੂਣਾ' ਉਸ ਦੀ ਵਿਸ਼ਵ ਪ੍ਰਸਿੱਧ ਰਚਨਾ ਹੈ। ਉਸ ਦੀਆਂ ਜ਼ਿਆਦਾਤਰ ਰਚਨਾਵਾਂ ਵਿੱਚ ਇਤਿਹਾਸਕ, ਮਿਥਿਹਾਸਕ ਅਤੇ ਪੌਰਾਣਿਕ ਕਥਾਵਾਂ ਦੇ ਹਵਾਲੇ ਮਿਲਦੇ ਹਨ।

ਜੰਮਣ ਤੋਂ ਮਰਨ ਤਕ ਮਨੁੱਖ ਲੋਕਧਾਰਾ ਦੇ ਵੇਗ ਵਿੱਚ ਰਹਿੰਦਾ ਹੈ। ਲੋਰੀਆਂ ਤੋਂ ਸ਼ੁਰੂ ਹੋ ਕੇ ਲੋਕਧਾਰਾ ਦਾ ਸਫ਼ਰ ਮਨੁੱਖ ਦੇ ਕਬਰਾਂ ਤਕ ਜਾਣ ਤਕ ਉਸ ਦੇ ਨਾਲ ਚੱਲਦਾ ਹੈ। ਅੱਜ ਦੇ ਮਸ਼ੀਨੀ ਯੁੱਗ ਵਿੱਚ ਤੇਜ਼ੀ ਨਾਲ ਬਦਲ ਰਹੇ ਸਮਾਜਿਕ ਵਰਤਾਰਿਆਂ ਵਿੱਚ ਸਾਨੂੰ ਪੰਜਾਬੀ ਲੋਕਧਾਰਾ ਦੀ ਅਮੀਰੀ ਨੂੰ ਮੁੜ ਸਮਝਣ ਦੀ ਲੋੜ ਹੈ। ਸਾਡੀ ਨਵੀਂ ਪੀੜ੍ਹੀ ਵਿੱਚ ਲੋਕਧਾਰਾ ਦੀ ਸਮਝ ਪੈਦਾ ਹੋਵੇ, ਇਸ ਲਈ ਉਚੇਚੇ ਯਤਨ ਕਰਨ ਦੀ ਲੋੜ ਹੈ।

-ਜ਼ੀਰਾ, ਮੋ: 9855051099

(ਰੋਜ਼ਾਨਾ ਅਜੀਤ 06-01-2019 'ਚੋਂ ਧੰਨਵਾਦ ਸਹਿਤ!)

# ਖਪਤਕਾਰੀ ਸੱਭਿਅਤਾ ਕਾਰਨ ਏ ਖੁਦਕੁਸ਼ੀਆਂ ਦਾ

**-ਪ੍ਰੋ. ਕਰਮਜੀਤ ਕੌਰ ਕਿਸ਼ਾਵਾਲ**

ਅਸੀਂ ਸੰਸਾਰੀਕਰਨ ਯੁੱਗ ਵਿਚ ਜਿਊ ਰਹੇ ਹਾਂ। ਇਸ ਸੰਸਾਰੀਕਰਨ ਯੁੱਗ ਨੇ ਸਾਨੂੰ ਬਹੁਤ ਸੁੱਖ ਸਹੂਲਤਾਂ ਦਿੱਤੀਆਂ ਹਨ, ਪਰ ਸਾਡੀ ਮਾਨਸਿਕ ਸ਼ਾਂਤੀ ਭੰਗ ਹੋ ਗਈ ਹੈ। ਮਾਇਆ ਪਿੱਛੇ ਲੱਗੀ ਹੋੜ ਨੇ ਸਾਨੂੰ ਇੱਕ ਦੂਜੇ ਦੇ ਦੁਸ਼ਮਣ ਬਣਾ ਦਿੱਤਾ ਹੈ, ਰਿਸ਼ਤੇਦਾਰੀਆਂ ਨੂੰ ਸੱਖਣਾ ਕਰ ਦਿੱਤਾ ਹੈ । ਬੱਚਿਆਂ ਨੂੰ ਮਾਪਿਆਂ ਤੋਂ ਬਿਗਾਨਾ ਬਣਾ ਦਿੱਤਾ ਹੈ । ਇਹ ਬਿਗਾਨਾਪਨ ਅੱਜ ਮਨੁੱਖ ਨੂੰ ਆਤਮ-ਹੱਤਿਆ ਦੇ ਰਾਹ ਪਾ ਰਿਹਾ ਹੈ। ਭਾਰਤ ਧਰਮਾਂ ਦਾ ਦੇਸ਼ ਹੈ, ਪਰ ਇਸਦੇ ਆਗੂ ਸਮਾਜ ਨੂੰ ਸੇਧ ਨਹੀਂ ਦੇ ਸਕੇ ਤੇ ਉਹ ਆਪ ਹੀ ਖਪਤਕਾਰੀ ਸੱਭਿਅਤਾ ਵਿਚ ਡੁੱਬ ਕੇ ਸੁੱਖ-ਸਹੂਲਤਾਂ ਦਾ ਜਾਅਲੀ ਆਨੰਦ ਮਾਣ ਰਹੇ ਹਨ।

ਸਮਾਜ ਨੂੰ ਸੇਧ ਦੇਣ ਦਾ ਦਾਅਵਾ ਕਰਨ ਵਾਲੇ ਡੇਰਾ ਮੁਖੀਆਂ ਤੇ ਧਾਰਮਿਕ ਆਗੂਆਂ ਦਾ ਸਹਿਜ ਜ਼ਿੰਦਗੀ ਤੋਂ ਉਲਟ ਐਸ਼ਪ੍ਰਸਤੀ ਵਾਲਾ ਜੀਵਨ ਦੇਖ ਕੇ ਪ੍ਰਤੱਖ ਹੋ ਜਾਂਦਾ ਹੈ ਕਿ ਭਾਰਤੀ ਸਮਾਜ ਆਪਣੇ ਅਸਲ ਵਿਰਸੇ ਤੋਂ ਟੁੱਟ ਗਿਆ ਹੈ ਜੋ ਵਿਰਸਾ ਆਤਮਿਕ ਆਨੰਦ, ਸਹਿਜ ਜ਼ਿੰਦਗੀ, ਭਾਈਚਾਰਾ ਤੇ ਸਰਬੱਤ ਦਾ ਭਲਾ ਪ੍ਰਦਾਨ ਕਰਦਾ ਸੀ। ਇਹੀ ਕਾਰਨ ਹੈ ਕਿ ਭਾਰਤ ਵਿੱਚ ਆਤਮ-ਹੱਤਿਆਵਾਂ ਵਧ ਰਹੀਆਂ ਹਨ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਮਹਾਂਰਾਸ਼ਟਰ, ਗੁਜਰਾਤ ਤੇ ਰਾਜਧਾਨੀ ਦਿੱਲੀ ਆਦਿ ਪ੍ਰੇਮ-ਪ੍ਰਸੰਗਾਂ, ਦਾਜ, ਕਾਰੋਬਾਰ ਵਿੱਚ ਘਾਟੇ, ਨਿਰਾਸ਼ਾ, ਉਦਾਸੀਨਤਾ, ਨਸ਼ੀਲੇ ਪਦਾਰਥਾਂ ਕਾਰਨ ਆਤਮ-ਹੱਤਿਆ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਇਸ ਤੋਂ ਇਲਾਵਾ ਭਾਰਤ ਹੁਣ ਤਕ ਹਰ ਸਾਲ ਕਰਜ਼ਾ ਨਾ ਉਤਾਰੇ ਜਾਣ ਕਾਰਨ ਵੱਡੀ ਗਿਣਤੀ 'ਚ ਕਿਸਾਨਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਆਤਮ-ਹੱਤਿਆਵਾਂ ਇੱਕ ਕੌੜੀ ਸੱਚਾਈ ਹੈ। ਇਹ ਸਭ ਉਹ ਅਹਿਮ ਕਾਰਨ ਹਨ ਜਿਨ੍ਹਾਂ ਕਾਰਨ ਭਾਰਤ 'ਚ ਰੋਜ਼ਾਨਾ ੨੦੦ ਪੁਰਸ਼ ਤੇ ਲੱਗਭੱਗ ੧੧੨ ਇਸਤਰੀਆਂ ਆਤਮ-ਹੱਤਿਆਵਾਂ ਕਰ ਰਹੀਆਂ ਹਨ।

ਦੇਖਿਆ ਜਾਵੇ ਤਾਂ ਆਤਮ-ਹੱਤਿਆ ਦਾ ਸਵਾਲ ਅੱਜ ਪੂਰੀ ਦੁਨੀਆਂ ਦੇ ਸਾਹਮਣੇ ਮੂੰਹ ਅੱਡੀ ਖੜ੍ਹਾ ਹੈ। ਦੁਨੀਆਂ ਭਰ ਵਿੱਚ ਦਸ ਲੱਖ ਲੋਕ ਸਾਲਾਨਾ ਆਤਮ-ਹੱਤਿਆ ਕਰਦੇ ਹਨ ਤੇ ਬੀਤੇ ਪੰਜਾਹ ਸਾਲਾਂ ਵਿੱਚ ਆਤਮ-ਹੱਤਿਆ ਦੀ ਦਰ ਵਧ ਕੇ ਸੱਠ ਫ਼ੀ ਸਦੀ ਦਾ ਅੰਕੜਾ ਪਾਰ ਕਰ ਗਈ ਹੈ। ਮਨੋਵਿਗਿਆਨਕ ਇਸ ਦਾ ਮੁੱਖ ਕਾਰਨ ਤਣਾਅ ਤੇ ਕੰਮ ਦਾ ਵਧਦਾ ਦਬਾਅ ਮੰਨਦੇ ਹਨ। ਅੰਕੜੇ ਗਵਾਹ ਹਨ ਕਿ ਦੁਨੀਆਂ 'ਚ ਹਰ ੪੦ਵੇਂ ਸਕਿੰਟ 'ਚ ਇੱਕ ਵਿਅਕਤੀ ਆਤਮ-ਹੱਤਿਆ ਕਰਦਾ ਹੈ ਅਤੇ ਇੱਕ ਲੱਖ ਪਿੱਛੇ ਸੋਲਾਂ ਲੋਕ ਆਤਮ-ਹੱਤਿਆ



ਕਰਦੇ ਹਨ। ਵਿਸ਼ਵ ਸਿਹਤ ਸੰਗਠਨ ਦੇ ਅੰਕੜੇ ਗਵਾਹ ਹਨ ਕਿ ਦੁਨੀਆਂ 'ਚ ਹੋਣ ਵਾਲੀਆਂ ਆਤਮ-ਹੱਤਿਆਵਾਂ 'ਚ ਦਸ ਫ਼ੀ ਸਦੀ ਇਕੱਲੇ ਭਾਰਤ 'ਚ ਹੁੰਦੀਆਂ ਹਨ। ਉਸ ਦੇ ਮੁਤਾਬਕ ਦੁਨੀਆਂ 'ਚ ਪ੍ਰਤੀ ਇੱਕ ਲੱਖ ਲੋਕਾਂ 'ਚ ੧੬ ਲੋਕ ਹਰ ਸਾਲ ਆਤਮ-ਹੱਤਿਆ ਕਰਦੇ ਹਨ, ਜਦਕਿ ਭਾਰਤ ਵਿੱਚ ਇਹ ਅੰਕੜਾ 10.3 ਫ਼ੀ ਸਦੀ ਹੈ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੇ ਅੰਕੜੇ ਦੇਸ਼ 'ਚ ਆਤਮ-ਹੱਤਿਆਵਾਂ ਦਾ ਖ਼ੁਲਾਸਾ ਕਰਦੇ ਹਨ।

ਮਨੋਵਿਗਿਆਨੀਆਂ ਅਨੁਸਾਰ ਇਹ ਸਭ ਭਾਰਤੀ ਸਮਾਜ ਦੇ ਤਾਣੇ ਬਾਣੇ ਵਿੱਚ ਆ ਰਹੇ ਬਦਲਾਅ ਦਾ ਨਤੀਜਾ ਹੈ। ਇਸ ਦੇ ਪਿੱਛੇ ਵਿਅਕਤੀਗਤ ਸਹਿਨਸ਼ੀਲਤਾ 'ਚ ਆ ਰਹੀ ਘਾਟ ਰਿਸ਼ਤਿਆਂ 'ਚ ਪਹਿਲਾਂ ਵਰਗੀ ਖਿੱਚ, ਤਿਆਗ, ਸਮਰਪਣ, ਭਾਵਾਤਮਿਕ ਊਰਜਾ ਤੇ ਆਪਸੀ ਤਾਲਮੇਲ ਦੀ ਭਾਵਨਾ ਦਾ ਦਿਨੋ-ਦਿਨ ਖ਼ਤਮ ਹੁੰਦੇ ਜਾਣਾ, ਵਿਅਕਤੀਗਤ ਸੁੱਖ ਅਤੇ ਸਵਾਰਥ 'ਚ ਵਾਧੇ ਕਾਰਨ ਉਪਜਿਆ ਤਣਾਅ ਅਹਿਮ ਹੈ, ਜੋ ਖ਼ੁਦਕੁਸ਼ੀ ਤਕ ਕਰਨ ਦੀ ਸਥਿਤੀ 'ਚ ਪਹੁੰਚਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ।

ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਅਕਸਰ ੩੦-੪੦ ਫ਼ੀ ਸਦੀ ਆਤਮ-ਹੱਤਿਆ ਕਰਨ ਵਾਲੇ ਤਣਾਅ-ਗ੍ਰਸਤ ਪੁਰਸ਼, ਤਲਾਕਸ਼ੁਦਾ, ਕੁਆਰੇ, ਇਕੱਲੇ ਜੀਣ ਵਾਲੇ ਜਾਂ ਫਿਰ ਬਿਮਾਰੀ ਨਾਲ ਗ੍ਰਸਤ ਹੁੰਦੇ ਹਨ । ਇਨ੍ਹਾਂ ਤੋਂ ਇਲਾਵਾ ਬਾਇਓਲੌਜੀਕਲ, ਮਨੋਵਿਗਿਆਨਕ ਅਤੇ ਸਮਾਜਿਕ ਕਾਰਨਾਂ ਨਾਲ ਆਤਮ-ਹੱਤਿਆ ਕਰਨ ਵਾਲਿਆਂ ਦੀ ਵੀ ਗਿਣਤੀ ਕਾਫ਼ੀ ਜ਼ਿਆਦਾ ਹੈ। ਪ੍ਰੀਖਿਆ ਦੇ ਤਣਾਅ ਜਾਂ ਪਰਿਵਾਰ,ਅਧਿਆਪਕ, ਪ੍ਰਿੰਸੀਪਲ ਜਾਂ ਕਿਸੇ ਮਿੱਤਰ ਵੱਲੋਂ ਹਾਸਾ-ਮਜ਼ਾਕ ਜਾਂ ਲਾਪਰਵਾਹੀ ਕਾਰਨ ਵਿਦਿਆਰਥੀਆਂ-ਨੌਜਵਾਨਾਂ ਵੱਲੋਂ ਕੀਤੀਆਂ ਜਾਣ ਵਾਲੀਆਂ ਆਤਮ-ਹੱਤਿਆਵਾਂ 'ਚ ਬੇਤਹਾਸ਼ਾ ਵਾਧਾ ਉਨ੍ਹਾਂ ਦੀ ਨਿਰਾਸ਼ਾ ਤੇ ਅਸਹਿਨਸ਼ੀਲਤਾ ਦਾ ਹੀ ਨਤੀਜਾ ਹੈ । ਜਿੱਥੇ ਤਕ ਬੱਚਿਆਂ, ਵਿਦਿਆਰਥੀਆਂ-ਵਿਦਿਆਰਥਣਾਂ ਦਾ ਸਵਾਲ ਹੈ, ਉਹ ਅੱਜ ਨਾ ਕਿਸੇ ਦੀ ਡਾਂਟ ਸੁਣ ਸਕਦੇ ਹਨ, ਨਾ ਮਾਤਾ-ਪਿਤਾ ਵੱਲੋਂ ਆਪਣੀ ਲਾਪਰਵਾਹੀ ਬਰਦਾਸ਼ਤ ਕਰ ਸਕਦੇ ਹਨ ਤੇ ਨਾ ਪੜ੍ਹਾਈ ਦਾ ਦਬਾਅ ਸਹਿਣ ਕਰ ਸਕਦੇ ਹਨ। ਬੀਤੇ ਦਿਨੀਂ ਦਿੱਲੀ, ਮੁੰਬਈ, ਬੰਗਲੌਰ, ਜੈਪੁਰ, ਚੰਡੀਗੜ੍ਹ ਆਦਿ ਸ਼ਹਿਰਾਂ 'ਚ ਹੋਈਆਂ ਆਤਮ-ਹੱਤਿਆਵਾਂ ਇਸ ਦਾ ਸਬੂਤ ਹਨ । ਲੋੜ ਇਸ ਗੱਲ ਦੀ ਹੈ ਕਿ ਅਸੀਂ ਖਪਤਕਾਰੀ ਸੱਭਿਅਤਾ ਦੀ ਨਕਲੀ ਜ਼ਿੰਦਗੀ ਤੋਂ ਬਾਹਰ ਆਈਏ, ਸੁੱਖ ਸਹੂਲਤਾਂ ਤੋਂ ਨਿਰਲੇਪ ਰਹਿ ਕੇ ਆਪਣੇ ਪਰਿਵਾਰਾਂ, ਬੱਚਿਆਂ ਵੱਲ ਧਿਆਨ ਦੇਈਏ 'ਤੇ ਪਦਾਰਥਵਾਦੀ ਸੋਚ ਤੋਂ ਹਟ ਕੇ ਆਪਣੇ ਅੰਦਰ ਸਾਥੀ ਭਾਵਨਾ ਦੀ ਜੋਤ ਜਾਗ੍ਰਿਤ ਕਰੀਏ ।

(ਰੋਜ਼ਾਨਾ ਚੜ੍ਹਦੀ ਕਲਾ ਅਖ਼ਬਾਰ 07-06-2014 'ਚੋਂ ਧੰਨਵਾਦ ਸਹਿਤ !)

# ਆਪਣੇ ਅਸਲੇ ਅਤੇ ਆਪੇ ਤੋਂ ਭਟਕਿਆ ਪੰਜਾਬ

**-ਸਰਬਜੀਤ ਕੌਰ**

ਪੰਜਾਬ ਬਾਰੇ ਗੱਲ ਕਰਨ ਵੇਲੇ ਅਕਸਰ ਇਸ ਦੇ ਮਹਾਨ ਵਿਰਸੇ ਦੀ ਗੱਲ ਕੀਤੀ ਜਾਂਦੀ ਹੈ। ਆਮ ਤੌਰ 'ਤੇ ਪੰਜਾਬ ਨੂੰ ਦੁਨੀਆਂ ਦੀ ਸਭ ਤੋਂ ਪੁਰਾਣੀ ਸੱਭਿਅਤਾ, ਸਭ ਤੋਂ ਪੁਰਾਣੇ ਗ੍ਰੰਥ (ਰਿਗਵੇਦ) ਅਤੇ ਸਭ ਤੋਂ ਪੁਰਾਣੀ ਯੂਨੀਵਰਸਿਟੀ (ਟੈਕਸਲਾ) ਦੀ ਧਰਤੀ ਵਜੋਂ ਜਾਣਿਆ ਜਾਂਦਾ ਹੈ। ਇਨ੍ਹਾਂ ਤੋਂ ਬਿਨਾਂ ਪੰਜਾਬ ਨੂੰ ਸੰਤਾਂ, ਆਸ਼ਿਕਾਂ ਤੇ ਯੋਧਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਭਾਰਤ ਦੀ ਖੜਗਭੁਜਾ ਹੋਣ ਦਾ ਰੁਤਬਾ, ਅਜ਼ਾਦੀ ਦੀ ਲੜਾਈ ਵਿੱਚ ਪਾਏ ਯੋਗਦਾਨ ਅਤੇ ਭਾਰਤ ਦੇ ਅੰਨ ਭੰਡਾਰ ਹੋਣ ਕਾਰਨ ਵੀ ਪੰਜਾਬ ਦਾ ਨਾਮ ਸ਼ਾਨ ਤੇ ਸਨਮਾਨ ਨਾਲ ਲਿਆ ਜਾਂਦਾ ਹੈ। ਇਉਂ ਪੰਜਾਬ ਦੀ ਧਰਤੀ ਨੂੰ ਅਧਿਆਤਮਿਕ, ਭੌਤਿਕ ਅਤੇ ਬੌਧਿਕ ਆਦਿ ਹਰ ਖੇਤਰ ਵਿੱਚ ਬਰਾਬਰ ਦੀ ਬੁਲੰਦੀ ਹਾਸਲ ਕਰਨ ਦਾ ਮਾਣ ਹੈ। ਇਨ੍ਹਾਂ ਵਿਸ਼ੇਸ਼ ਖ਼ਸਲਤਾਂ ਕਾਰਨ ਹੀ ਪੰਜਾਬ ਦੀ ਧਰਤੀ ਆਪਣਾ ਮੌਲਿਕ ਦਰਸ਼ਨ (ਗੁਰਮਤਿ) ਪੈਦਾ ਕਰਨ ਦੇ ਸਮਰੱਥ ਹੋਈ। ਪੰਜਾਬ ਬਾਰੇ ਅਜਿਹਾ ਬਹੁਤ ਕੁਝ ਹੈ ਜਿਸ ਉੱਪਰ ਅਕਸਰ ਮਾਣ ਕੀਤਾ ਜਾਂਦਾ ਹੈ ਤੇ ਕੀਤਾ ਜਾਣਾ ਚਾਹੀਦਾ ਹੈ।

ਲੇਕਿਨ ਪਿਛਲੇ ਕੁਝ ਦਹਾਕਿਆਂ ਤੋਂ ਜੇਕਰ ਸੋਸ਼ਲ, ਇਲੈਕਟ੍ਰੋਨਿਕ ਅਤੇ ਪ੍ਰਿੰਟ ਮੀਡੀਆ ਦੁਆਰਾ ਪੰਜਾਬ ਦੀ ਪੇਸ਼ ਕੀਤੀ ਜਾ ਰਹੀ ਤਸਵੀਰ ਦੇਖੀਏ ਤਾਂ ਇਹ ਤਸਵੀਰ ਬੇਵੱਸ, ਲਾਚਾਰ ਤੇ ਥੱਕੇ-ਟੁੱਟੇ ਪੰਜਾਬ ਦੀ ਤਸਵੀਰ ਹੈ। ਹੁਣ ਪੰਜਾਬ ਨਸ਼ੇ, ਕਿਸਾਨਾਂ ਦੀਆਂ ਆਤਮ-ਹੱਤਿਆਵਾਂ, ਬੇਰੁਜ਼ਗਾਰੀ, ਪਰਵਾਸ ਤੇ ਕੁੜੀਮਾਰਾਂ ਦੇ ਸੂਬੇ ਵਜੋਂ ਜਾਣਿਆ ਜਾਂਦਾ ਹੈ। ਪੰਜਾਬੀ ਬੰਦੇ, ਵਿਸ਼ੇਸ਼ ਕਰਕੇ ਨੌਜਵਾਨਾਂ ਦੇ ਪਰਵਾਸ ਦਾ ਅੰਕੜਾ ਹਾਲਾਤ ਦੀ ਨਜ਼ਾਕਤ ਬਿਆਨ ਕਰਦਾ ਹੈ। ਸੋ ਅੱਜ ਇਤਿਹਾਸ, ਸਾਹਿਤ, ਕਲਾ ਅਤੇ ਪੁਰਾਤਤਵ ਦੇ ਸਰੋਤਾਂ ਰਾਹੀਂ ਜਾਣੇ ਪੰਜਾਬ ਅਤੇ ਵਰਤਮਾਨ ਦੇ ਪੰਜਾਬ ਵਿਚਲਾ ਖੱਪਾ ਸੁੱਤੇਸਿੱਧ ਮਹਿਸੂਸ ਹੁੰਦਾ ਹੈ। ਇਹ ਖੱਪਾ ਪਹਿਲੀ ਵਾਰ ਉਦੋਂ ਮਹਿਸੂਸ ਹੋਇਆ ਸੀ ਜਦੋਂ ਸਕੂਲ 'ਚ ਪੜ੍ਹਦਿਆਂ ਪਤਾ ਲੱਗਿਆ ਕਿ ਪੰਜਾਬ ਮਾਈ ਭਾਗੋ, ਮਾਤਾ ਗੁਜਰੀ ਤੇ ਰਜ਼ੀਆ ਸੁਲਤਾਨਾ ਵਰਗੀਆਂ ਪ੍ਰਭਾਵਸ਼ਾਲੀ ਔਰਤਾਂ ਦੀ ਕਰਮਭੂਮੀ ਰਿਹਾ ਹੈ। ਉਦੋਂ ਮਨ ਵਿੱਚ ਪਹਿਲਾ ਸਵਾਲ ਇਹੀ ਆਇਆ ਸੀ ਕਿ ਇਹ ਔਰਤਾਂ ਇੰਨਾ ਸਮਾਂ ਪਹਿਲਾਂ ਇੰਨੇ ਕ੍ਰਾਂਤੀਕਾਰੀ ਕੰਮ ਕਿਵੇਂ ਕਰ ਗਈਆਂ? ਅੱਜ ਵੀ ਮਨ ਵਿੱਚ ਇਹ ਸਵਾਲ ਉੱਠਦਾ ਹੈ ਕਿ ਮਾਈ ਭਾਗੋ ਤੇ ਰਜ਼ੀਆ ਦੀਆਂ ਵਾਰਿਸ ਔਰਤਾਂ ਦੀ ਸਿਆਸੀ ਚੇਤਨਾ ਸਮੇਂ ਦੇ ਬੀਤਣ ਨਾਲ ਪ੍ਰਬੀਨ ਹੋਣ ਦੀ ਬਜਾਇ ਅਪ੍ਰਵਾਨ



ਕਿਵੇਂ ਹੁੰਦੀ ਗਈ? ਖ਼ੈਰ! ਇਸ ਤੋਂ ਬਾਅਦ ਬੀਤੇ ਅਤੇ ਵਰਤਮਾਨ ਵਿਚਲੇ ਫ਼ਰਕ ਦਾ ਅਹਿਸਾਸ ਲਗਾਤਾਰ ਤੀਬਰ ਹੁੰਦਾ ਗਿਆ। ਅੱਜ ਗਿਆਨ, ਵਿਗਿਆਨ, ਸੂਚਨਾ, ਤਕਨੀਕ, ਕਲਾ ਤੇ ਦਰਸ਼ਨ ਆਦਿ ਖੇਤਰਾਂ ਵਿੱਚ ਪੰਜਾਬ ਦੀ ਹਾਲਤ ਨੂੰ ਦੇਖ ਕੇ ਹਮੇਸ਼ਾਂ ਇਹੀ ਸਵਾਲ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਵਿਵੇਕੀ, ਜੁਝਾਰੂ ਤੇ ਆਸ਼ਾਵਾਦੀ ਪ੍ਰਕਿਰਤੀ ਨੂੰ ਖੋਰਾ ਕਿਵੇਂ ਲੱਗ ਗਿਆ? ਆਖਰ ਸਾਡੇ ਲੋਕਾਂ ਨਾਲ ਅਜਿਹਾ ਕੀ ਵਾਪਰਿਆ ਕਿ ਮਹਿਜ਼ ਇਕ-ਦੋ ਸਦੀਆਂ ਵਿੱਚ ਉਨ੍ਹਾਂ ਨੇ ਆਪਣੀ ਸ਼ਾਨਾਮੱਤਾ ਤੇ ਅਮੀਰ ਵਿਰਾਸਤ ਦੀ ਲਗਾਤਾਰਤਾ ਨੂੰ ਖ਼ਤਰਾ ਖੜ੍ਹਾ ਕਰ ਲਿਆ? ਇਸ ਦਾ ਕਾਰਨ ਸ਼ਾਇਦ ਸਾਡਾ ਆਪਣੀਆਂ ਸਮੱਸਿਆਵਾਂ ਨੂੰ ਵਿਰਸੇ ਅਤੇ ਵਰਤਮਾਨ ਦੇ ਪ੍ਰਸੰਗ ਵਿੱਚ ਦੇਖਣ, ਸਮਝਣ ਅਤੇ ਵਿਚਾਰਨ ਤੋਂ ਅਸਮਰੱਥ ਰਹਿਣਾ ਹੈ। ਇਸ ਅਸਮਰੱਥਾ ਕਰਕੇ ਹੀ ਵਰਤਮਾਨ ਸਮੇਂ ਪੰਜਾਬੀ ਬੰਦੇ ਦਾ ਕਿਰਦਾਰ ਦੋਗਲਾ, ਦੁਫਾੜ ਤੇ ਮੌਕਾਪ੍ਰਸਤ ਹੋ ਗਿਆ ਹੈ, ਕਿਉਂਕਿ ਉਸ ਦਾ ਇਕ ਪੈਰ ਭੂਤਕਾਲ ਵਿੱਚ ਤੇ ਦੂਜਾ ਵਰਤਮਾਨ ਵਿੱਚ ਹੈ। ਹੁਣ ਸੱਭਿਆਚਾਰਕ ਸਮੂਹ ਵਜੋਂ ਸਾਡੀ ਸਮਝ ਦਾ ਕੋਈ ਇਕ ਸਾਂਝਾ ਧਰਾਤਲ ਨਹੀਂ ਹੈ। ਮਿਸਾਲ ਵਜੋਂ ਅੱਜ ਹਰ ਪੰਜਾਬੀ ਦੇ ਦੂਜੇ ਤੇ ਆਪਣੇ ਲਈ ਲਾਗੂ ਹੁੰਦੇ ਪੈਮਾਨਿਆਂ ਵਿੱਚ ਫ਼ਰਕ ਹੈ। ਇਹ ਫ਼ਰਕ ਦੂਜਿਆਂ ਦੀਆਂ ਤੇ ਆਪਣੀਆਂ ਕੁੜੀਆਂ ਤੋਂ ਲੈ ਕੇ ਧਰਮਾਂ, ਰਵਾਇਤਾਂ, ਤਿਉਹਾਰਾਂ, ਕੱਪੜਿਆਂ, ਖਾਣ-ਪੀਣ, ਰਹਿਣ-ਸਹਿਣ, ਭਾਸ਼ਾ ਤੇ ਇਲਾਕੇ ਤਕ ਫੈਲਿਆ ਹੋਇਆ ਹੈ। ਕਾਰਨ ਸਪੱਸ਼ਟ ਹੈ ਕਿ ਸੱਭਿਆਚਾਰਕ ਸਮੂਹ ਵਜੋਂ ਪੰਜਾਬੀਆਂ ਨੇ ਕੁਝ ਅਜਿਹੀਆਂ ਆਦਤਾਂ ਜਾਂ ਰੁਝਾਨ ਅਪਣਾ ਲਏ ਹਨ ਜਿਨ੍ਹਾਂ ਦਾ ਸਾਡੀ ਸੱਭਿਆਚਾਰਕ ਕਦਰ-ਪ੍ਰਣਾਲੀ ਨਾਲ ਜੋੜਮੇਲ ਨਹੀਂ ਬੈਠ ਰਿਹਾ। ਨਤੀਜੇ ਵਜੋਂ ਸੱਭਿਆਚਾਰਕ ਸਥਲ ਉੱਪਰ ਪੰਜਾਬ ਤੇ ਪੰਜਾਬੀ ਖਲਾਅ ਵਿੱਚ ਲਟਕ ਰਹੇ ਹਨ। ਇੱਥੇ ਸੱਭਿਆਚਾਰ ਜਾਂ ਵਿਰਾਸਤ ਦੀ ਲਗਾਤਾਰਤਾ ਦਾ ਭਾਵ ਸੱਭਿਆਚਾਰਕ ਖੜੋਤ ਜਾਂ ਵਿਰਾਸਤ ਦੀਆਂ ਮਰਨਹਾਰ ਕਦਰਾਂ-ਕੀਮਤਾਂ ਨੂੰ ਜੱਫ਼ਾ ਮਾਰਨਾ ਨਹੀਂ ਸਗੋਂ ਆਪਣੀਆਂ ਸੱਭਿਆਚਾਰਕ ਜੜ੍ਹਾਂ ਵਿੱਚੋਂ ਮੌਲਣ-ਵਿਗਸਣ ਦੇ ਵਧੇਰੇ ਸਾਜ਼ਗਾਰ ਮਾਹੌਲ ਦੀ ਸਮਝ ਪੈਦਾ ਕਰਨਾ ਹੈ।

ਇਸੇ ਸਮਝ ਲਈ ਅਸੀਂ ਕੁਝ ਸਵਾਲਾਂ ਨੂੰ ਮੁਖ਼ਾਤਿਬ ਹੋਵਾਂਗੇ। ਪ੍ਰਾਚੀਨ ਸਮਿਆਂ ਤੋਂ ਲੈ ਕੇ ਮੱਧਕਾਲ ਤਕ ਪੰਜਾਬ ਦੇ ਨਾਮ ਬਦਲਦੇ ਰਹੇ ਹਨ; ਲੇਕਿਨ ਪੰਜਾਬੀ ਸੱਭਿਆਚਾਰ ਤੇ ਲੋਕਾਂ ਦੇ ਕਿਰਦਾਰ ਵਿੱਚ ਕੋਈ ਜ਼ਿਆਦਾ ਬਦਲਾਓ ਨਹੀਂ ਆਉਂਦਾ। ਫਿਰ ਪਿਛਲੀ ਇਕ ਸਦੀ ਵਿੱਚ ਅਜਿਹਾ ਕੀ ਵਾਪਰਿਆ ਕਿ ਅਸੀਂ ਸਦੀਆਂ ਪੁਰਾਣੀਆਂ ਸਾਂਝੀਆਂ ਪਰੰਪਰਾਵਾਂ, ਰਵਾਇਤਾਂ ਅਤੇ ਸੱਭਿਆਚਾਰ ਨੂੰ ਤਿਲਾਂਜਲੀ ਦੇਣ ਵੇਲੇ ਕੋਈ ਹਿਚਕਿਚਾਹਟ ਮਹਿਸੂਸ ਨਹੀਂ ਕੀਤੀ? ਪੰਜਾਬ ਵੰਡ, ਭਾਸ਼ਾ ਅਧਾਰਤ ਪੁਨਰਗਠਨ, ਹਰੀ-ਕ੍ਰਾਂਤੀ, ਪੰਜਾਬ ਸੰਕਟ ਆਦਿ ਦੇ ਸਮਿਆਂ ਦੌਰਾਨ ਇਕ ਵਾਰ ਨਹੀਂ ਸਗੋਂ ਵਾਰ-ਵਾਰ ਪੰਜਾਬੀਆਂ ਨੇ ਆਪਣੀ

ਪ੍ਰਾਚੀਨ ਅਤੇ ਸਾਂਝੀ ਵਿਰਾਸਤ ਤੋਂ ਮੂੰਹ ਫੇਰਨ ਦਾ ਸਬੂਤ ਦਿੱਤਾ ਹੈ। ਇਸੇ ਲਈ ਪੰਜਾਬੀ ਸੱਭਿਆਚਾਰ ਦੇ ਭੂਤ ਤੇ ਵਰਤਮਾਨ ਦੇ ਪ੍ਰਸੰਗ ਵਿੱਚ ਬਹੁਤ ਸਾਰੇ ਸਵਾਲ ਪੈਦਾ ਹੁੰਦੇ ਹਨ ਜਿਨ੍ਹਾਂ ਦਾ ਸ਼ਾਇਦ ਕਿਸੇ ਕੋਲ ਵੀ ਕੋਈ ਜਵਾਬ ਨਹੀਂ ਹੈ; ਜਿਵੇਂ ਪੰਜਾਬ ਦੀ ਔਰਤ ਦੇ ਅਜ਼ਾਦੀ ਪਸੰਦ ਹੋਣ ਦੀਆਂ ਮਿਸਾਲਾਂ ਪ੍ਰਾਚੀਨ ਗ੍ਰੰਥਾਂ ਤੋਂ ਲੈ ਕੇ ਮੱਧਕਾਲੀ ਕਿੱਸਾ ਤੇ ਸੂਫ਼ੀ ਕਾਵਿ ਵਿੱਚੋਂ ਆਮ ਮਿਲਦੀਆਂ ਹਨ। ਫਿਰ ਅੱਜ ਪੰਜਾਬ ਦੀ ਔਰਤ ਬਰਾਬਰੀ, ਆਜ਼ਾਦੀ, ਸਵੈ-ਨਿਰਭਰਤਾ ਵਰਗੇ ਸਵਾਲਾਂ ਨੂੰ ਜ਼ਿੰਮੇਵਾਰਾਨਾ, ਯੋਜਨਾਮਈ ਤੇ ਬੌਧਿਕ ਪਰਪੱਕਤਾ ਨਾਲ ਮੁਖ਼ਾਤਿਬ ਕਿਉਂ ਨਹੀਂ ਹੈ? ਪੰਜ ਪਿਆਰਿਆਂ, ਭਾਈ ਜੈਤੇ, ਲਾਲੋ ਤੇ ਮਰਦਾਨੇ ਦੀ ਧਰਤੀ ਉੱਪਰ ਦਲਿਤ ਮੁਕਤੀ ਦੇ ਸਵਾਲ ਨੂੰ ਲੈ ਕੇ ਪੰਜਾਬ ਦੇ ਵਿਦਵਾਨ ਵਰਗ ਤੇ ਸਧਾਰਨ ਲੋਕਾਂ ਦੀ ਕੋਈ ਸਪੱਸ਼ਟ ਰਾਇ, ਸਾਂਝੀ ਤੇ ਵਿਗਿਆਨਕ ਹਾਲਤ ਕਿਉਂ ਨਹੀਂ ਹੈ? ਜੇ ਜਾਤ ਦਾ ਸਵਾਲ ਜ਼ਿਆਦਾ ਗੰਭੀਰ ਨਹੀਂ ਹੈ ਤਾਂ ਭਾਈ ਜੈਤੇ ਦੇ ਵਾਰਿਸ਼ਾਂ ਨੂੰ ਅਲੱਗ ਗੁਰਦੁਆਰੇ ਕਿਉਂ ਬਣਾਉਣੇ ਪਏ? ਕੀ ਇਹ ਸਵਾਲ ਸੱਭਿਆਚਾਰ ਨੂੰ ਦਰਪੇਸ਼ ਖ਼ਤਰਿਆਂ ਨਾਲ ਜੁੜੇ ਸਵਾਲ ਨਹੀਂ ਹਨ? ਅਸੀਂ ਇਨ੍ਹਾਂ ਸਵਾਲਾਂ ਤੋਂ ਪੱਲਾ ਝਾੜ ਕੇ ਆਪਣੇ ਆਪ ਨੂੰ ਪੰਜਾਬੀ ਕਿਵੇਂ ਕਹਿੰਦੇ ਹਾਂ?

ਇਸੇ ਤਰ੍ਹਾਂ ਕਲਾ ਅਤੇ ਕਾਰੋਬਾਰ ਦੇ ਸਵਾਲ ਹਨ। ਲਾਹੌਰ ਸਦੀਆਂ ਤਕ ਕਲਾ ਅਤੇ ਕਾਰੋਬਾਰ ਦਾ ਕੇਂਦਰ ਰਿਹਾ ਹੈ। ਅੱਜ ਸਾਡੀ ਕਲਾ ਅਤੇ ਕਾਰੋਬਾਰ ਦਾ ਕੇਂਦਰ ਕਿੱਥੇ ਹੈ? ਮੰਨਿਆ ਜਾਂਦਾ ਹੈ ਕਿ ਕਲਾ ਦੀ ਅਣਹੋਂਦ ਮਨੁੱਖ ਤੇ ਸੱਭਿਆਚਾਰਕ ਸਮੂਹ ਨੂੰ ਅਸੰਵੇਦਨਸ਼ੀਲ ਬਣਾ ਦਿੰਦੀ ਹੈ। ਕਿਤੇ ਸੱਭਿਆਚਾਰਕ ਤੌਰ ’ਤੇ ਸਾਡੀ ਸੰਵੇਦਨਹੀਣਤਾ ਦਾ ਕਾਰਨ ਸਾਡਾ ਕਲਾ ਤੋਂ ਦੂਰ ਜਾਣਾ ਜਾਂ ਬੇਮੁੱਖ ਹੋਣਾ ਤਾਂ ਨਹੀਂ ਹੈ? ਰਾਂਝੇ ਦੀ ਵੰਝਲੀ ਤੇ ਮਰਦਾਨੇ ਦੀ ਰਬਾਬ ਵਾਲਾ ਸੱਭਿਆਚਾਰ ਅੱਜ ਕਲਾ ਪੱਖੋਂ ਦਿਵਾਲੀਏਪਨ ਦਾ ਸ਼ਿਕਾਰ ਹੈ। ਇਹ ਵੱਡਾ ਸਵਾਲ ਹੈ ਕਿ ਸੱਭਿਆਚਾਰਕ ਤੇ ਇਤਿਹਾਸਕ ਤੌਰ ’ਤੇ ਕਲਾ ਦੇ ਮਨੁੱਖੀ ਸ਼ਖ਼ਸੀਅਤ ਦੇ ਨਿਰਮਾਣ ਵਿੱਚ ਪੈਣ ਵਾਲੇ ਸਕਾਰਾਤਮਕ ਯੋਗਦਾਨ ਬਾਰੇ ਚੰਗੀ ਤਰ੍ਹਾਂ ਜਾਣਨ ਵਾਲੇ ਪੰਜਾਬੀ ਇਕ ਸਦੀ ਵਿੱਚ ਇੰਨੇ ਨਾਸਮਝ ਕਿਵੇਂ ਹੋ ਗਏ ਕਿ ਉਨ੍ਹਾਂ ਨੇ ਸਾਜ਼, ਧੁਨਾਂ, ਚਿੱਤਰਕਾਰੀ, ਬਣਾਈ, ਉਣਾਈ ਤੇ ਇਮਾਰਤਸਾਜ਼ੀ ਦੇ ਨਾਲ-ਨਾਲ ਲੱਕੜ, ਮਿੱਟੀ ਅਤੇ ਧਾਤੂ ਕਲਾ ਦੀਆਂ ਤਕਰੀਬਨ ਸਾਰੀਆਂ ਪਰੰਪਰਕ ਵੰਨਗੀਆਂ ਖ਼ਤਮ ਕਰ ਲਈਆਂ? ਮਨੁੱਖ ਅਤੇ ਸਮੂਹ ਵਜੋਂ ਕਲਾ ਨਾਲ ਸਾਡੇ ਜੀਵੰਤ ਰਿਸ਼ਤੇ ਦੇ ਟੁੱਟਣ ਦੇ ਨੁਕਸਾਨਾਂ ਬਾਰੇ ਅਸੀਂ ਸੁਚੇਤ ਕਿਉਂ ਨਹੀਂ ਹਾਂ?

ਇਸ ਤੋਂ ਬਿਨਾਂ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥’ ਵਿਚਾਰਾਂ ਦੇ ਪੈਰੋਕਾਰਾਂ ਨੇ ਆਪਣੀ ਪੌਣ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਿਵੇਂ ਹੋਣ ਦਿੱਤਾ? ਖਵਾਜੇ ਨੂੰ ਪੂਜਣ ਵਾਲੇ ਲੋਕਾਂ ਨੇ ਮਹਿਜ਼ ਇਕ ਸਦੀ ਵਿੱਚ ਆਪਣੇ



ਤਕਰੀਬਨ ਸਾਰੇ ਜਲ ਸਰੋਤ ਖ਼ੁਸ਼ੀ-ਖ਼ੁਸ਼ੀ ਕਿਵੇਂ ਬਰਬਾਦ ਕਰ ਦਿੱਤੇ? ਅੱਜ ਤਕ ਵੀ ਕਿਸੇ ਨੇ ਇਸ ਬਾਰੇ ਗੰਭੀਰਤਾ ਨਾਲ ਨਹੀਂ ਸੋਚਿਆ ਕਿ ਪਾਣੀਆਂ ਦੀ ਧਰਤੀ ਦੇ ਸੱਭਿਆਚਾਰ ਦਾ ਭਵਿੱਖ ਪਾਣੀ ਤੋਂ ਬਿਨਾਂ ਕਿਸ ਤਰ੍ਹਾਂ ਦਾ ਹੋਵੇਗਾ? ਇਸ ਦਾ ਕਾਰਨ ਹੈ ਕਿ ਅਸੀਂ ਸੋਚਣ ਜੋਗੇ ਰਹੇ ਹੀ ਨਹੀਂ ਹਾਂ। ਅਸੀਂ ਸੋਚਣਾ ਤੇ ਵਿਚਾਰਨਾ ਭੁੱਲ ਚੁੱਕੇ ਕੇਵਲ ਉਪਭੋਗੀ ਲੋਕ ਹਾਂ। ਇਹ ਸਾਡੀ ਉਪਭੋਗੀ ਬਿਰਤੀ ਦਾ ਪ੍ਰਮਾਣ ਹੈ ਕਿ ਸਮੁੱਚੇ ਮਾਲਵੇ ਦੇ ਕੈਂਸਰ ਦੀ ਲਪੇਟ ਵਿੱਚ ਆਉਣ ਤੋਂ ਬਾਅਦ ਵੀ ਅਸੀਂ ਕੋਈ ਬਦਲ ਨਹੀਂ ਸਿਰਜਿਆ। ਕਿਸਾਨਾਂ, ਮਜ਼ਦੂਰਾਂ, ਔਰਤਾਂ ਤੇ ਵਿਦਿਆਰਥੀਆਂ ਦੀਆਂ ਆਤਮ-ਹੱਤਿਆਵਾਂ ਹਰ ਰੋਜ਼ ਅਖ਼ਬਾਰਾਂ ਦੀ ਖ਼ਬਰ ਬਣਦੀਆਂ ਹਨ। ਅਜਿਹਾ ਕਿਉਂ ਹੋਇਆ ਕਿ ਪੰਜਾਬੀ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਦੇ ਢੇਰ ਉੱਪਰ ਹੁੰਦੀ ਘਟੀਆ ਸਿਆਸਤ ਨੂੰ ਬੇਵੱਸ ਤੇ ਲਾਚਾਰ ਹੋ ਕੇ ਦੇਖਦੇ ਰਹਿੰਦੇ ਹਨ? ਸਦੀਆਂ ਤੋਂ ‘ਰਣ ਤੱਤੇ’ ਵਿੱਚ ਜੂਝਣ ਲਈ ਜਾਣੇ ਜਾਂਦੇ ਪੰਜਾਬੀਆਂ ਦਾ ਹੁਣ ਖ਼ੂਨ ਕਿਉਂ ਨਹੀਂ ਖੌਲਦਾ? ‘ਬਾਰ ਪਰਾਇ ਬੈਸਣਾ ਸਾਈਂ ਮੁਝੇ ਨਾ ਦੇਹਿ’, ‘ਦੋ ਪੈਰ ਘੱਟ ਤੁਰਨਾ ਪਰ ਤੁਰਨਾ ਮੜਕ ਦੇ ਨਾਲ’ ਅਤੇ ‘ਭੱਜ ਜਾਣਾ ਮਰਦਾਂ ਨੂੰ ਮਿਹਣਾ ਤੇ ਡੁੱਬ ਜਾਣਾ ਮੱਛੀਆਂ ਨੂੰ’ ਵਰਗੇ ਵਿਚਾਰਾਂ ਦੇ ਪਹਿਰੇਦਾਰ ਪੰਜਾਬ ਦੀ ਧਰਤੀ ਤੋਂ ਭੱਜ ਕੇ ਵਿਦੇਸ਼ਾਂ ਵਿੱਚ ਭਵਿੱਖ ਕਿਵੇਂ ਦੇਖ ਸਕਦੇ ਹਨ?

ਸੋ ਸੱਭਿਆਚਾਰ ਦੇ ਪੱਖ ਤੋਂ ਇਹ ਸਾਡੇ ਆਪੇ ਦੀ ਆਪੇ ਨਾਲ ਲੜਾਈ ਨੂੰ ਪੇਸ਼ ਕਰਦੀ ਹਾਲਤ ਹੈ; ਹਾਲਾਂਕਿ ਹੁਣ ਹਾਲਾਤ ਬਦਲ ਰਹੇ ਹਨ। ਪੰਜਾਬ ਕਰਵਟ ਲੈ ਰਿਹਾ ਹੈ। ਉਹ ਆਪਣੇ ਸੰਘਰਸ਼ਸ਼ੀਲ ਅਸਲੇ ਵੱਲ ਮੁੜ ਰਿਹਾ ਹੈ। ਅੱਜ ਦੇ ਸੰਘਰਸ਼ਾਂ ਦੀ ਪਹਿਲੇ ਸਮਿਆਂ ਨਾਲੋਂ ਵੱਖਰਾਪਨ ਇਨ੍ਹਾਂ ਦਾ ਸਾਂਝੇ ਝੰਡਿਆਂ ਹੇਠ ਇਕੱਠੇ ਹੋਣਾ ਹੈ। ਇਸ ਸੂਰਤ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਬੁੱਧੀਜੀਵੀ ਵਰਗ ਦੀ ਬਣਦੀ ਹੈ ਕਿ ਉਹ ਆਪਣੇ ਸਹੂਲਤ-ਪਸੰਦ ਘੇਰੇ ਵਿੱਚੋਂ ਬਾਹਰ ਆਉਣ ਅਤੇ ਲੋਕਾਂ ਨੂੰ ਅਗਵਾਈ ਦੇਣ। ਜੇਕਰ ਇਸ ਸਮੇਂ ਸਿਆਣੇ, ਸੁਲਝੇ ਅਤੇ ਸਮਰੱਥ ਲੋਕਾਂ ਨੇ ਅਗਵਾਈ ਦੀ ਵਾਗਡੋਰ ਨਾ ਸੰਭਾਲੀ ਤਾਂ ਪੰਜਾਬ ਦਾ ਭਵਿੱਖ ਇਕ ਵਾਰ ਫਿਰ ਬੇਸਿਰਿਆਂ ਤੇ ਬੇਸਮਝਾਂ ਦੇ ਹੱਥ ਜਾਣ ਦਾ ਖ਼ਦਸ਼ਾ ਹੈ। ਸੋ ਇਸ ਸਮੇਂ ਸੱਜੀਆਂ ਖੱਬੀਆਂ ਸਿਆਸਤਾਂ ਦੇ ਪੈਂਤੜੇ ਤੋਂ ਉੱਪਰ ਉੱਠ ਕੇ ਲੋਕ ਹਿੱਤ ਤੇ ਪੰਜਾਬ ਹਿੱਤ ਬਾਰੇ ਸੋਚਣ ਦਾ ਸਮਾਂ ਹੈ।

***ਖੋਜਾਰਥੀ, ਪੰਜਾਬੀ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ।**

(ਰੋ: ਪੰ: ਟ੍ਰਿ: 15-11-2018 ’ਚੋਂ ਧੰਨਵਾਦ ਸਹਿਤ!)

# ਖ਼ਪਤਵਾਦੀ ਸੱਭਿਆਚਾਰ ਨੇ ਕੀਤਾ ਮਨੁੱਖੀ ਰਿਸ਼ਤਿਆਂ ਦਾ ਮੰਡੀਕਰਨ

**-ਡਾ. ਸਵਰਾਜ ਸਿੰਘ**

ਸਰਮਾਏਦਾਰੀ ਦੇ ਖਪਤਕਾਰੀ ਸੱਭਿਆਚਾਰ ਨੇ ਮਨੁੱਖ ਵਿੱਚੋਂ ਜਜ਼ਬਾ ਲਗਭਗ ਖ਼ਤਮ ਕਰ ਦਿੱਤਾ ਹੈ। ਅੱਜ ਮਨੁੱਖ ਪਦਾਰਥਕ ਵਸਤੂਆਂ ਅਤੇ ਸੁੱਖ-ਸਹੂਲਤਾਂ ਹਾਸਲ ਕਰਨ ਦੀ ਦੌੜ ਵਿੱਚ ਏਨਾ ਗ੍ਰਸਤ ਹੋ ਚੁੱਕਾ ਹੈ ਕਿ ਉਸ ਕੋਲ ਆਪਣੇ 'ਤੇ ਝਾਤ ਮਾਰਨ ਅਤੇ ਆਪਣੇ-ਆਪ ਨੂੰ ਸਮਝਣ ਲਈ ਕੋਈ ਸਮਾਂ ਹੀ ਨਹੀਂ ਬਚਿਆ। ਉਸ ਨੇ ਆਪਣੇ-ਆਪ ਨੂੰ ਕੁਦਰਤ, ਸਮਾਜ, ਪਰਿਵਾਰ ਤੇ ਖ਼ੁਦ ਆਪਣੇ-ਆਪ ਨਾਲੋਂ ਤੋੜ ਲਿਆ ਹੈ। ਅੱਜ ਦਾ ਮਨੁੱਖ ਟੁੱਟਿਆ ਹੋਇਆ ਅਤੇ ਗੁਆਚਿਆ ਹੋਇਆ ਹੈ। ਸਭ ਤੋਂ ਵੱਡੀ ਤ੍ਰਾਸਦੀ ਹੈ ਕਿ ਉਸ ਨੂੰ ਇਹ ਵੀ ਪਤਾ ਨਹੀਂ ਲੱਗਦਾ ਕਿ ਉਹ ਟੁੱਟ ਚੁੱਕਾ ਹੈ ਅਤੇ ਗੁਆਚ ਗਿਆ ਹੈ।

ਸਰਮਾਏਦਾਰੀ ਨੇ ਮਨੁੱਖਤਾ ਦਾ ਸਭ ਤੋਂ ਵੱਡਾ ਇਹ ਨੁਕਸਾਨ ਕੀਤਾ ਹੈ ਕਿ ਇਸ ਨੇ ਮਨੁੱਖੀ ਰਿਸ਼ਤਿਆਂ ਨੂੰ ਬਹੁਤ ਕਮਜ਼ੋਰ ਅਤੇ ਲਗਭਗ ਤਬਾਹ ਕਰ ਦਿੱਤਾ ਹੈ। ਇਸ ਨੇ ਮਨੁੱਖ ਨੂੰ ਹੱਦ ਦਰਜੇ ਦਾ ਨਿੱਜਵਾਦੀ ਅਤੇ ਖ਼ੁਦਗ਼ਰਜ਼ ਅਤੇ ਸਮਾਨਤਾਵਾਦੀ ਬਣਾ ਕੇ ਮਨੁੱਖੀ ਰਿਸ਼ਤਿਆਂ ਦਾ ਅਧਾਰ ਹੀ ਖ਼ਤਮ ਕਰ ਦਿੱਤਾ ਹੈ। ਸਰਮਾਏਦਾਰੀ ਨੇ ਮਨੁੱਖ ਦੀ ਹਉਮੈ ਨੂੰ ਪੱਠੇ ਪਾ ਕੇ ਉਸ ਨੂੰ ਹੱਦ ਦਰਜੇ ਦਾ ਖ਼ੁਦਗ਼ਰਜ਼ ਬਣਾ ਦਿੱਤਾ ਹੈ। ਹਰ ਮਨੁੱਖ ਨੂੰ ਉਕਸਾਇਆ ਜਾਂਦਾ ਹੈ ਕਿ ਉਹ ਕਿਸੇ ਤੋਂ ਘੱਟ ਨਹੀਂ, ਭਾਵੇਂ ਕਿ ਓਪਰੇ ਤੌਰ 'ਤੇ ਦੇਖੀਏ ਤਾਂ ਇਹ ਸਿਧਾਂਤ ਮਨੁੱਖੀ ਬਰਾਬਰੀ ਦੇ ਸਿਧਾਂਤ ਵਰਗਾ ਲੱਗਦਾ ਹੈ; ਪਰ ਅਸਲ ਵਿੱਚ ਇਹ ਹਉਮੈਵਾਦ ਹੈ, ਕਿਉਂਕਿ ਇਸ ਵਿੱਚ ਉਮਰ, ਰੁਤਬੇ, ਤਜਰਬੇ ਅਤੇ ਸਿਆਣਪ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ। ਕਿਸੇ ਦੀ ਉਮਰ, ਰੁਤਬੇ, ਤਜਰਬੇ ਅਤੇ ਸਿਆਣਪ ਦਾ ਸਤਿਕਾਰ ਨਾ ਕਰਨਾ ਬਰਾਬਰੀ ਦਾ ਸਿਧਾਂਤ ਨਹੀਂ ਸਗੋਂ ਉਜੱਡਵਾਦ ਹੈ। ਦੂਜੇ ਦਾ ਢੁਕਵਾਂ ਸਤਿਕਾਰ ਕਰਨਾ ਇਕ ਚੰਗਾ ਮਨੁੱਖੀ ਗੁਣ ਹੈ। ਇਸ ਤਰ੍ਹਾਂ ਹੀ ਸਮਾਜ ਵਿੱਚ ਅਨੁਸ਼ਾਸਨ ਅਤੇ ਵਿਵਸਥਾ ਲਈ ਅਜਿਹਾ ਕਰਨਾ ਜ਼ਰੂਰੀ ਹੈ। ਸਰਮਾਏਦਾਰੀ ਹੇਠ ਹੋਇਆ ਵਿਕਾਸ ਅੰਤ ਵਿੱਚ ਅਰਾਜਕਤਾ ਦਾ ਹੀ ਕਾਰਨ ਬਣਦਾ ਹੈ। ਸੰਸਾਰ ਦੇ ਸਭ ਤੋਂ ਵੱਡੇ ਧਰਮ ਅਰਥਾਤ ਇਸਾਈ ਧਰਮ ਦੇ ਨੇਤਾ ਪੋਪ ਨੇ ਮਨੁੱਖੀ ਰਿਸ਼ਤਿਆਂ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਹੋ ਰਹੇ ਘਾਣ ਬਾਰੇ ਡੂੰਘੀ ਚਿੰਤਾ ਜ਼ਾਹਰ ਕੀਤੀ ਹੈ, ਭਾਵੇਂ ਕਿ ਇਹ ਨੁਕਤਾਚੀਨੀ ਅਮਰੀਕਾ ਨੂੰ ਹਜ਼ਮ ਕਰਨੀ ਔਖੀ ਹੈ ਅਤੇ ਅਮਰੀਕਾ ਵਿੱਚ ਪੋਪ ਦੀ ਨਿੰਦਾ ਕੀਤੀ ਗਈ ਹੈ ਅਤੇ ਇਸ ਨੂੰ ਕਮਿਊਨਿਸਟ ਵੀ ਕਿਹਾ ਗਿਆ ਹੈ। ਅਜੋਕੇ ਖਪਤਕਾਰੀ ਸੱਭਿਆਚਾਰ ਨੇ ਮਨੁੱਖ ਦੀ ਪਛਾਣ ਇਕ ਮਨੁੱਖ ਤੋਂ ਇਕ ਖਪਤਕਾਰ ਤਕ ਸੀਮਿਤ ਕਰ ਦਿੱਤੀ ਹੈ। ਖਪਤਕਾਰੀ ਸੱਭਿਆਚਾਰ ਨੂੰ ਮਨੁੱਖੀ ਜਜ਼ਬਾ, ਮਨੁੱਖੀ ਕਦਰਾਂ-ਕੀਮਤਾਂ ਅਤੇ ਮਨੁੱਖੀ ਰਿਸ਼ਤੇ ਆਪਣੇ ਰਾਹ ਦੀ



ਰੁਕਾਵਟ ਨਜ਼ਰ ਆਉਂਦੇ ਹਨ। ਮਨੁੱਖੀ ਰਿਸ਼ਤੇ ਸਮਾਜ ਦਾ ਅਧਾਰ ਬਣਾਉਂਦੇ ਹਨ। ਇਹ ਮਨੁੱਖ ਨੂੰ ਦੂਜੇ ਮਨੁੱਖਾਂ ਨਾਲ ਆਪਣੀ ਸਾਂਝ ਦਾ ਅਹਿਸਾਸ ਦਿਵਾਉਂਦੇ ਹਨ। ਇਤਿਹਾਸਕ ਤੌਰ 'ਤੇ ਅਤੇ ਰਵਾਇਤੀ ਤੌਰ 'ਤੇ ਅਸੀਂ ਆਪਣੇ-ਆਪ ਨੂੰ ਕਿਸੇ ਸਮੂਹ ਦਾ ਅੰਗ ਸਮਝਦੇ ਆਏ ਹਾਂ ਜਿਵੇਂ ਕਿ ਪਰਿਵਾਰ, ਕਬੀਲਾ, ਪਿੰਡ, ਸ਼ਹਿਰ, ਰਾਜ ਜਾਂ ਦੇਸ਼ ਆਦਿ। ਅਸੀਂ ਇਸ ਸਮੂਹ ਨਾਲ ਆਪਣੇ ਸਾਰੇ ਹਿੱਤਾਂ ਦਾ ਅਹਿਸਾਸ ਕਰਦੇ ਹਾਂ, ਪਰ ਸਰਮਾਏਦਾਰੀ ਨੇ ਸਾਨੂੰ ਇਨ੍ਹਾਂ ਸਭ ਬੰਧਨਾਂ ਤੋਂ ਮੁਕਤ ਕਰਕੇ ਸਿਰਫ਼ ਇਕ ਬੰਧਨ ਖਪਤਕਾਰੀ ਵਿੱਚ ਬੰਨ੍ਹ ਦਿੱਤਾ ਹੈ। ਸਾਡੀ ਮੁੱਖ ਪਛਾਣ ਇਕ ਖਪਤਕਾਰ ਵਜੋਂ ਬਣ ਚੁੱਕੀ ਹੈ। ਸਾਡੇ ਰਵਾਇਤੀ ਰਿਸ਼ਤੇ ਬਹੁਪੱਖੀ ਸਨ, ਜਿਨ੍ਹਾਂ ਵਿੱਚ ਸੱਭਿਆਚਾਰ, ਵਿਰਾਸਤ, ਕਦਰਾਂ-ਕੀਮਤਾਂ ਅਤੇ ਆਰਥਿਕ ਸਾਂਝ ਆਦਿ ਸ਼ਾਮਲ ਸਨ। ਪਰ ਸਰਮਾਏਦਾਰੀ ਨੇ ਇਨ੍ਹਾਂ ਬਹੁਪੱਖੀ ਰਿਸ਼ਤਿਆਂ ਨੂੰ ਇਕ ਲਕੀਰੀ ਬਣਾ ਦਿੱਤਾ ਹੈ। ਪੈਸਾ ਹੀ ਮਨੁੱਖੀ ਰਿਸ਼ਤਿਆਂ ਦਾ ਇਕੋ-ਇਕ ਅਧਾਰ ਰਹਿ ਗਿਆ ਹੈ। ਅਸੀਂ ਸਿਰਫ਼ ਉਹ ਰਿਸ਼ਤੇ ਹੀ ਰੱਖਣਾ ਚਾਹੁੰਦੇ ਹਾਂ, ਜਿਨ੍ਹਾਂ ਵਿੱਚੋਂ ਸਾਨੂੰ ਸਿੱਧਾ ਜਾਂ ਅਸਿੱਧਾ ਆਰਥਿਕ ਲਾਭ ਮਿਲ ਰਿਹਾ ਹੈ ਜਾਂ ਮਿਲਣ ਦੀ ਆਸ ਹੈ। ਮਨੁੱਖੀ ਰਿਸ਼ਤਿਆਂ ਵਿੱਚੋਂ ਨਿੱਘ, ਅਪਣੱਤ ਅਤੇ ਹੋਰ ਮਨੁੱਖੀ ਪੱਖ ਲਗਭਗ ਅਲੋਪ ਹੋ ਗਏ ਹਨ। ਇਨ੍ਹਾਂ ਦੀ ਜਗ੍ਹਾ ਸੰਤ ਗਿਣਤੀ-ਮਿਣਤੀ ਨੇ ਲੈ ਲਈ ਹੈ। ਮਨੁੱਖੀ ਰਿਸ਼ਤਿਆਂ ਵਿੱਚੋਂ ਸਭ ਤੋਂ ਬੁਨਿਆਦੀ ਰਿਸ਼ਤਾ ਔਰਤ ਅਤੇ ਮਰਦ ਦਾ ਹੈ। ਬਾਕੀ ਰਿਸ਼ਤੇ ਇਸੇ 'ਤੇ ਅਧਾਰਤ ਹਨ। ਲਗਭਗ ਹਰ ਸਮਾਜ ਵਿੱਚ ਇਹ ਰਿਸ਼ਤਾ ਵਿਆਹ ਦੀ ਪ੍ਰਥਾ ਤੋਂ ਸ਼ੁਰੂ ਹੁੰਦਾ ਹੈ। ਸਰਮਾਏਦਾਰੀ ਨੇ ਇਸ ਸਭ ਤੋਂ ਵੱਧ ਪਵਿੱਤਰ ਅਤੇ ਬੁਨਿਆਦੀ ਰਿਸ਼ਤੇ ਦਾ ਜਿਸ ਢੰਗ ਨਾਲ ਵਪਾਰੀਕਰਨ ਅਤੇ ਮੰਡੀਕਰਨ ਕੀਤਾ ਹੈ, ਉਹ ਸਭ ਹੱਦਾਂ ਬੰਨੇ ਟੱਪ ਚੁੱਕਾ ਹੈ। ਇਸ ਦਾ ਅੰਦਾਜ਼ਾ ਕਿਸੇ ਅਖ਼ਬਾਰ ਵਿੱਚ ਵਿਆਹ ਦੇ ਇਸ਼ਤਿਹਾਰਾਂ 'ਤੇ ਨਜ਼ਰ ਮਾਰ ਕੇ ਲਾਇਆ ਜਾ ਸਕਦਾ ਹੈ। ਇਹ ਇਕ ਪਵਿੱਤਰ ਬੰਧਨ ਲਈ ਨਹੀਂ ਸਗੋਂ ਖੁੱਲ੍ਹਮ-ਖੁੱਲ੍ਹਾ ਸੌਦੇਬਾਜ਼ੀ ਲਈ ਇਸ਼ਤਿਹਾਰ ਨਜ਼ਰ ਆਉਂਦੇ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਜਿਵੇਂ ਕੁੜੀ ਜਾਂ ਮੁੰਡੇ ਨੂੰ ਮੰਡੀ ਵਿੱਚ ਉਸ ਦੀ ਬੋਲੀ ਪੁਆਉਣ ਲਈ ਉਤਾਰਿਆ ਜਾ ਰਿਹਾ ਹੈ।

ਅਖ਼ਬਾਰਾਂ ਵਿੱਚ ਵਿਆਹ ਦੇ ਇਸ਼ਤਿਹਾਰ ਪੜ੍ਹ ਕੇ ਹੈਰਾਨੀ ਹੁੰਦੀ ਹੈ ਕਿ ਇਹ ਇਸ਼ਤਿਹਾਰ ਵਿਆਹ ਵਰਗੇ ਪਵਿੱਤਰ ਰਿਸ਼ਤੇ ਲਈ ਹਨ ਜਾਂ ਕਿਸੇ ਬਿਜਨਸ ਲਈ ਹਨ। ਉਦਾਹਰਨ ਵਜੋਂ ਇਸ ਤਰ੍ਹਾਂ ਦੇ ਐਡ ਹਨ ਕਿ ੫੦ ਏਕੜ ਤੋਂ ਘੱਟ ਜ਼ਮੀਨ ਦੀ ਮਲਕੀਅਤ ਵਾਲਾ ਨਾ ਜਵਾਬ ਦਏ, ਮੁੰਡੇ ਦੀ ਆਮਦਨ ਲੱਖਾਂ ਕਰੋੜਾਂ ਰੁਪਏ ਮਹੀਨੇ ਦੀ ਹੈ। ਸਿਰਫ਼ ਵੱਡੀ ਆਮਦਨ ਵਾਲੇ ਅਤੇ ਰਸੂਖ ਵਾਲੇ ਹੀ ਜਵਾਬ ਦੇਣ, ਕਿਉਂਕਿ ਸਾਡਾ ਪਰਿਵਾਰ ਬੇਹੱਦ ਅਮੀਰ ਅਤੇ ਰਸੂਖ ਵਾਲਾ ਹੈ। ਸਿਰਫ਼ ਕਲੀਨਸ਼ੇਵਨ ਜੱਟ ਸਿੱਖ ਮੁੰਡੇ ਹੀ ਜਵਾਬ ਦੇਣ। ਵਿਆਹ ਸਿਰਫ਼ ਅਮੀਰੀ ਅਤੇ ਰਸੂਖ ਦਿਖਾਉਣ ਦੇ ਸਾਧਨ ਬਣ ਚੁੱਕੇ ਹਨ। ਮੈਰਿਜ ਪੈਲਿਸਾਂ ਵਿੱਚ ੧੦੦੦ ਤੋਂ ੫੦੦੦ ਰੁਪਏ ਪਲੇਟ ਖ਼ਰਚ ਕੇ ਲੱਖਾਂ ਕਰੋੜਾਂ ਰੁਪਏ ਬਰਬਾਦ ਕੀਤੇ ਜਾਂਦੇ ਹਨ ਪਰ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੁਆਲੇ ਲਾਵਾਂ ਲਈਆਂ ਜਾਂਦੀਆਂ ਹਨ ਤਾਂ ਬਹੁਤ

ਹੀ ਥੋੜ੍ਹੇ ਲੋਕ ਮੈਰਿਜ ਪੈਲੇਸ ਵਿੱਚੋਂ ਉੱਥੇ ਪਹੁੰਚਦੇ ਹਨ। ਵਿਆਹ-ਸ਼ਾਦੀਆਂ ਵਿੱਚੋਂ ਨਿਮਰਤਾ ਮਨੁੱਖੀ ਰਿਸ਼ਤਿਆਂ ਦੇ ਨਿੱਘ ਅਤੇ ਸਤਿਕਾਰ ਵਰਗੇ ਗੁਣ ਅਲੋਪ ਹੋ ਰਹੇ ਹਨ। ਤਲਾਕਾਂ ਵਿੱਚ ਵਾਧਾ ਹੋਈ ਜਾ ਰਿਹਾ ਹੈ ਅਤੇ ਤਲਾਕਾਂ ਵੇਲੇ ਇਕ-ਦੂਜੇ ਦਾ ਨੁਕਸਾਨ ਕਰਨ ਅਤੇ ਬਦਲਾ ਲੈਣ ਦੀ ਭਾਵਨਾ ਪ੍ਰਬਲ ਹੋ ਰਹੀ ਹੈ। ਪਹਿਲਾਂ ਤਾਂ ਕੁੜੀ ਵਾਲੇ ਵਧਾ-ਚੜ੍ਹਾ ਕੇ ਖ਼ਰਚ ਦੱਸਦੇ ਹਨ ਤਾਂ ਜੋ ਮੁੰਡੇ ਵਾਲਿਆਂ ਤੋਂ ਵੱਧ ਤੋਂ ਵੱਧ ਪੈਸੇ ਵਸੂਲ ਕੀਤੇ ਜਾਣ। ਉਸ ਤੋਂ ਬਾਅਦ ਕਈ ਵਾਰੀ ਏਨੇ ਮੁਕੱਦਮੇ ਦੂਜੇ ਪਰਿਵਾਰ ’ਤੇ ਪਾਏ ਜਾਂਦੇ ਹਨ ਕਿ ਕਈ ਵਾਰੀ ਦੁੱਧ ਪੀਂਦੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ ਜਾਂਦਾ। ਦੂਜੇ ਪਰਿਵਾਰ ਦਾ ਵੱਧ ਤੋਂ ਵੱਧ ਨੁਕਸਾਨ ਕਰਨ ਦਾ ਯਤਨ ਕੀਤਾ ਜਾਂਦਾ ਹੈ। ਨਕਲੀ ਵਿਆਹ ਕਰਾਉਣਾ ਤਾਂ ਆਮ ਜਿਹੀ ਗੱਲ ਹੈ, ਹੁਣ ਸਰਕਾਰੀ ਸਹੂਲਤਾਂ ਲੈਣ ਖ਼ਾਤਰ ਨਕਲੀ ਤਲਾਕ ਵੀ ਹੋਣੇ ਸ਼ੁਰੂ ਹੋ ਗਏ ਹਨ ਅਤੇ ਮਨੁੱਖੀ ਰਿਸ਼ਤਿਆਂ ਦਾ ਘਾਣ ਵਧੀ ਜਾ ਰਿਹਾ ਹੈ।

ਮਨੁੱਖੀ ਜਜ਼ਬਾ ਅਤੇ ਮਨੁੱਖੀ ਰਿਸ਼ਤਿਆਂ ਦਾ ਘਾਣ ਸਮੁੱਚੇ ਤੌਰ ’ਤੇ ਸਰਮਾਏਦਾਰੀ ਅਤੇ ਨਿਘਾਰ ਦੀ ਅਵਸਥਾ ਦੇ ਪ੍ਰਤੀਕ ਹਨ। ਆਪਣੀ ਵਿਆਹ ਦੀ ਅਵਸਥਾ ਵਿੱਚ ਪੱਛਮੀ ਸਰਮਾਏਦਾਰੀ ਨੂੰ ਅਮਾਨਵੀਕਰਨ ਵੱਲ ਧੱਕ ਦਿੱਤਾ ਹੈ ਪਰ ਇਹ ਅਮਾਨਵੀਕਰਨ ਦੀ ਪ੍ਰਕਿਰਿਆ ਸਿਰਫ਼ ਪੱਛਮ ਤਕ ਸੀਮਿਤ ਨਹੀਂ ਹੈ ਸਗੋਂ ਬਾਕੀ ਦੇ ਸੰਸਾਰ ’ਤੇ ਵੀ ਖਪਤਕਾਰੀ ਸੱਭਿਆਚਾਰ ਭਾਰੂ ਹੋ ਚੁੱਕਾ ਹੈ। ਬਹੁਤ ਸਾਰੇ ਮਨੁੱਖਾਂ ਦੀ ਹੋਂਦ ਸਿਰਫ਼ ਖਪਤਕਾਰ ਬਣਨ ਤੀਕ ਹੀ ਸੀਮਿਤ ਹੋ ਚੁੱਕੀ ਹੈ। ਬਹੁਤ ਸਾਰੇ ਨੇਤਾ, ਸੁਹਿਰਦ ਬੁੱਧੀਜੀਵੀ ਅਤੇ ਚੇਤੰਨ ਲੋਕ ਇਸ ਸਥਿਤੀ ਤੋਂ ਬਹੁਤ ਨਿਰਾਸ਼ ਅਤੇ ਚਿੰਤਤ ਹਨ। ਸੰਸਾਰ ਦੇ ਸਭ ਤੋਂ ਵੱਡੇ ਧਰਮ ਇਸਾਈ ਧਰਮ ਦੇ ਨੇਤਾ ਪੋਪ ਨੇ ਖਪਤਕਾਰੀ ਸੱਭਿਆਚਾਰ ਦੇ ਵਧ ਰਹੇ ਪ੍ਰਭਾਵ ਅਤੇ ਇਸ ਦੇ ਮਨੁੱਖੀ ਜਜ਼ਬੇ ਅਤੇ ਰਿਸ਼ਤਿਆਂ ’ਤੇ ਪੈ ਰਹੇ ਮਾੜੇ ਪ੍ਰਭਾਵਾਂ ਬਾਰੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਅੱਜ ਮਨੁੱਖਤਾ ਅਤੇ ਸੰਸਾਰ ਨੂੰ ਇਕ ਫ਼ਲਸਫ਼ੇ ਦੀ ਲੋੜ ਹੈ, ਜੋ ਮਨੁੱਖ ਵਿੱਚ ਮਨੁੱਖੀ ਤੱਤ ਨੂੰ ਸੁਰਜੀਤ ਕਰੇ ਅਤੇ ਟੁੱਟੇ ਹੋਏ ਮਨੁੱਖ ਨੂੰ ਜੋੜਨ ਵਾਲੀ ਪ੍ਰਕਿਰਿਆ ਬਹਾਲ ਕਰੇ। ਮੇਰੇ ਵਿਚਾਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫ਼ਲਸਫ਼ਾ ਇਸ ਕਾਰਜ ਵਿੱਚ ਸਹਾਈ ਹੋ ਸਕਦਾ ਹੈ। ਪਰ ਹਾਲੇ ਤਕ ਸਿੱਖ ਭਾਈਚਾਰਾ ਨਾ ਇਹ ਦਾਅਵਾ ਕਰ ਸਕਿਆ ਅਤੇ ਨਾ ਹੀ ਹਾਲੇ ਤਕ ਸਿੱਖਾਂ ਨੂੰ ਇਕ ਫ਼ਲਸਫ਼ੇ ਦੀ ਧਿਰ (ਸੰਸਾਰੀ ਪੱਧਰ ’ਤੇ) ਵਜੋਂ ਪੇਸ਼ ਕਰਨ ਵਿੱਚ ਸਫਲ ਹੋ ਸਕਿਆ ਹੈ।

ਮੋ: 98153-08460

(ਰੋਜ਼ਾਨਾ ਅਜੀਤ 23-04-2015 ’ਚੋਂ ਧੰਨਵਾਦ ਸਹਿਤ!)



# ਪਿੰਡ ਏਨਾ ਬੇਪਰਵਾਹ ਨਹੀਂ ਹੋ ਸਕਦਾ!

## ਗੁਰਮੀਤ ਪਲਾਹੀ

ਹੁਣ ਪਿੰਡਾਂ ਵਿੱਚ ਸੜਕਾਂ ਹਨ। ਕੱਲ੍ਹ ਦੀਆਂ ਚਿੱਕੜ ਨਾਲ ਭਰੀਆਂ ਗਲੀਆਂ ਦੀ ਥਾਂ ਪੱਕੀਆਂ ਇੱਟਾਂ ਦੀਆਂ ਗਲੀਆਂ ਹਨ। ਬਿਜਲੀ ਹੈ, ਸੋਲਰ ਲਾਈਟਾਂ ਆ ਰਹੀਆਂ ਹਨ। ਟੈਲੀਵਿਜ਼ਨ ਹੈ, ਮੋਬਾਈਲ ਗਲੀ-ਗਲੀ ਘੁੰਮ ਰਿਹਾ ਹੈ, ਪਰ ਖ਼ਾਲੀ ਸਮੇਂ ’ਚ ਨੌਜਵਾਨਾਂ ਲਈ ਸਵੈ-ਰੁਜ਼ਗਾਰ ਦਾ ਕੋਈ ਉੱਦਮ ਨਹੀਂ; ਨਾ ਸਾਧਨ ਹੈ, ਨਾ ਸਰਕਾਰੀ ਜਾਂ ਸਮਾਜਿਕ ਪ੍ਰੇਰਨਾ ਹੈ। ਖਾਦ ਹੈ, ਬੀਜ ਹਨ, ਮਿੱਟੀ ਦੀ ਜਾਂਚ ਦਾ ਪ੍ਰਬੰਧ ਹੈ।, ਮਨਰੇਗਾ ਹੈ। ਪਿੰਡ ਦੇ ਵਿਕਾਸ ਲਈ ਸਰਕਾਰੀ ਅਤੇ ਗ਼ੈਰ-ਸਰਕਾਰੀ ਰੌਲਾ-ਰੱਪਾ ਵੀ ਹੈ, ਪਰ ਪਿੰਡ ਆਪਣੀ ਪ੍ਰਵਾਹ ਹੀ ਨਹੀਂ ਕਰਦਾ।

ਪ੍ਰਾਚੀਨ ਭਾਰਤ ਵਿੱਚ ਪਿੰਡ ਆਤਮ-ਨਿਰਭਰ ਰਿਹਾ ਹੈ। ਪਿੰਡ ਦੀ ਪੰਚ ਪਰਮੇਸ਼ਵਰੀ ਨਿਆਂ-ਪ੍ਰਣਾਲੀ ਰਹੀ ਹੈ। ਆਰਥਿਕ ਤੌਰ ’ਤੇ ਆਤਮ-ਨਿਰਭਰਤਾ ਦੇ ਸਥਾਨਕ ਸਾਧਨ ਪਿੰਡ ਦੀ ਨੀਂਹ ਪੱਕੀ ਕਰਦੇ ਰਹੇ ਹਨ। ਹਰਿਆ-ਭਰਿਆ, ਖੁੱਲ੍ਹਾ-ਡੁੱਲ੍ਹਾ ਵਾਤਾਵਰਨ, ਸਾਫ਼-ਸੁਥਰਾ ਪਾਣੀ, ਹਵਾ, ਸ਼ੁੱਧ ਭੋਜਨ, ਨਰੋਆ ਭਾਈਚਾਰਾ, ਚੰਗੇ ਜੁੱਸੇ ਪਿੰਡ ਦੀ ਪਛਾਣ ਸਨ। ਪਿੰਡ, ਜਿਹੜਾ ਆਪਣੇ ਨਰੋਏ ਪੇਂਡੂ ਸਮਾਜ ਦੀਆਂ ਲੋੜਾਂ-ਥੋੜਾਂ ਪੂਰੀਆਂ ਕਰਨ ਲਈ ਸਮਰੱਥ ਸਮਝਿਆ ਜਾਂਦਾ ਸੀ, ਅੱਜ ਬੁਰੀ ਤਰ੍ਹਾਂ ਆਰਥਿਕ ਤੋਟ ਨਾਲ ਝੰਬਿਆ ਪਿਆ ਹੈ। ਪੇਂਡੂ ਮਜ਼ਦੂਰ ਲਈ ਸਾਲ ਭਰ ਕੰਮ ਨਹੀਂ, ਕਿਸਾਨ ਲੋੜੋਂ ਵੱਧ ਕਰਜ਼ੇ ਥੱਲੇ ਹੈ, ਆਤਮ ਵਿਸ਼ਵਾਸ ਗੁਆ ਚੁੱਕਾ ਹੈ ਆਤਮ-ਹੱਤਿਆ ਦੇ ਰਾਹ ਪੈ ਚੁੱਕਾ ਹੈ, ਖੇਤੀ ਮਸ਼ੀਨਰੀ ਨੇ ਪਸ਼ੂਆਂ ਨੂੰ ਵਿਹਲੇ ਕਰ ਦਿੱਤਾ ਹੈ। ਖੇਤ ਮਜ਼ਦੂਰ ਸ਼ਹਿਰਾਂ ਵੱਲ ਝਾਕਣ ਲੱਗ ਪਿਆ ਹੈ। ਕੁਝ ਪੜ੍ਹਿਆ, ਅੱਧ ਪੜ੍ਹਿਆ ਪੇਂਡੂ ਨੌਜਵਾਨ ਬੇਰੁਜ਼ਗਾਰੀ ਦੀ ਮਾਰ ਝੱਲਦਾ ਕਿਧਰੇ ਨਸ਼ੇ ਦੀ ਮਾਰ ਹੇਠ ਹੈ, ਕਿਧਰੇ ਵਿਦੇਸ਼ ਉਡਾਰੀ ਮਾਰਨ ਦੇ ਰਾਹ ਪਿਆ ਹੋਇਆ ਹੈ। ਪਿੰਡ ਇਸ ਵੇਲੇ ਔਖੇ ਸਾਹ ਲੈਂਦਾ ਜਿਵੇਂ ਹਰ ਕਿਸਮ ਦੇ ਸੰਕਟ ’ਚ ਗ੍ਰਸਿਆ, ਹਫਿਆ-ਹਫਿਆ ਦਿੱਸਦਾ ਹੈ। ਪਿੰਡ ਏਨਾ ਬੇਪਰਵਾਹ ਕਿਉਂ ਹੋ ਗਿਆ ਹੈ?

ਪਿੰਡ ਧੜੇਬੰਦੀ ਦਾ ਸ਼ਿਕਾਰ ਹੈ। ਪਿੰਡ ਨਾਜਾਇਜ਼ ਕਬਜ਼ਿਆਂ ਦੀ ਮਾਰ ਹੇਠ ਹੈ। ਵੱਡੀਆਂ ਜੁੱਠਾਂ ਵਾਲਿਆਂ ਨੇ ਪੰਚਾਇਤੀ, ਸ਼ਾਮਲਾਟੀ ਜ਼ਮੀਨਾਂ ਹੜੱਪੀਆਂ ਹੋਈਆਂ ਹਨ। ਲੱਠਮਾਰਾਂ, ਕਬਜ਼ਾਧਾਰੀਆਂ ਨੇ ਪਿੰਡ ਬੁਰੀ ਤਰ੍ਹਾਂ ਹਥਿਆਇਆ ਹੋਇਆ ਹੈ। ਪਿੰਡ ਹੁਣ ਇਕੱਠਾ ਨਹੀਂ ਬਹਿੰਦਾ, ਇਵੇਂ ਲੱਗਦਾ ਹੈ ਕਿ ਪਿੰਡ ਹੁਣ ਕਾਂਗਰਸ ਹੋ ਗਿਆ ਹੈ, ਪਿੰਡ ਹੁਣ ਅਕਾਲੀ ਬਣ ਗਿਆ ਹੈ, ਪਿੰਡ ਹੁਣ ਭਾਜਪਾਈ

ਹੋ ਗਿਆ ਹੈ, ਪਿੰਡ ਹੁਣ ਕਾਮਰੇਡ ਬਣ ਗਿਆ ਹੈ, ਪਿੰਡ ਹੁਣ ਬਸਪਾ ਜਾਂ ਆਪ ਬਣ ਗਿਆ ਹੈ। ਪਿੰਡ ਹੁਣ ਪਿੰਡ ਨਹੀਂ ਰਿਹਾ। ਪਿੰਡ ਜਾਤਾਂ, ਬਰਾਦਰੀਆਂ, ਧਰਮਾਂ ਦੀਆਂ ਵੰਡੀਆਂ ਅਤੇ ਵੱਖੋ-ਵੱਖਰੀਆਂ ਪੱਤੀਆਂ 'ਚ ਵੰਡਿਆ ਗਿਆ ਹੈ। ਕਿੱਥੇ ਗਈ ਪਿੰਡ ਦੀ ਸਾਂਝ? ਕਿੱਧਰ ਉੱਡ ਗਈ ਪਿੰਡ ਦੀ ਸ਼ਾਂਤੀ?

ਪਿੰਡ ਤਾਂ ਕਦੇ ਵੀ ਇਵੇਂ ਦਾ ਨਹੀਂ ਸੀ, ਜਿਵੇਂ ਕੁ ਦਾ ਹੁਣ ਬਣ ਗਿਆ ਹੈ। ਪਿੰਡ ਦੀ ਆਨ ਤਾਂ ਉਸ ਦੀ ਪੱਗ ਸੀ, ਪਿੰਡ ਦੀ ਸ਼ਾਨ ਤਾਂ ਉਸਦੀ ਚੁੰਨੜੀ ਸੀ। ਅੱਜ ਇਹ ਦੋਵੇਂ ਕਿੱਥੇ ਗ਼ਾਇਬ ਹਨ? ਪਿੰਡ ਪ੍ਰਧਾਨ ਪੱਤੀਆਂ ਨੇ ਖਾ ਲਿਆ ਹੈ। ਪਿੰਡ ਪ੍ਰਧਾਨ-ਪੁੱਤਰਾਂ ਨੇ ਨਿਗਲ ਲਿਆ ਹੈ। ਜੇਕਰ ਇੰਵ ਨਾ ਹੁੰਦਾ ਤਾਂ ਬੋਹੜਾਂ, ਪਿੱਪਲ਼ਾਂ ਥੱਲੇ ਬੈਠਕਾਂ ਲੱਗਣੀਆਂ ਸਨ। ਪਿੰਡ ਦੀ ਤਰੱਕੀ ਦੀਆਂ ਇੱਥੇ ਸਲਾਹਾਂ ਹੋਣੀਆਂ ਸਨ। ਇੱਥੇ ਝਗੜੇ ਨਿਬੜਨੇ ਸਨ। ਵੰਡਾਂ ਦੇ ਫ਼ੈਸਲੇ ਪਰਿਆ 'ਚ ਨਿਬੜ ਜਾਣੇ ਸਨ। ਹੁਣ ਪਿੰਡ ਦੀ ਪੱਗ ਕਚਹਿਰੀਆਂ-ਥਾਣਿਆਂ 'ਚ ਰੁਲਦੀ ਹੈ। ਪਾਰਟੀਬਾਜ਼ੀ ਨੇ, ਜਾਤਾਂ ਦੇ ਵਖਰੇਵੇਂ ਨੇ ਪਿੰਡ ਸਹਿਜ ਹੀ ਨਹੀਂ ਰਹਿਣ ਦਿੱਤਾ। ਹਰ ਪਿੰਡ 'ਚ ਮਾਰੋ-ਮਾਰੀ ਹੈ। ਦੁਸ਼ਮਣੀ-ਦਰੇਗ ਭਾਰੂ ਹੈ। ਮਿਲ ਬੈਠਣਾ ਤਾਂ ਜਿਵੇਂ ਮਨਾਂ 'ਚੋਂ ਕਿਧਰੇ ਅਲੋਪ ਹੀ ਹੋ ਗਿਆ ਹੈ। ਪਿੰਡ ਏਨਾ ਨਿਰਮੋਹਿਆ ਤਾਂ ਕਦੇ ਵੀ ਨਹੀਂ ਸੀ।

ਪਿੰਡ ਸਿਹਤ, ਸਿੱਖਿਆ ਸਹੂਲਤਾਂ ਤੋਂ ਸੱਖਣਾ ਦਿੱਸਦਾ ਹੈ। ਪਿੰਡ ਬੱਚਿਆਂ ਦੇ ਕੁਪੋਸ਼ਣ ਨਾਲ ਕਰਾਹ ਰਿਹਾ ਹੈ ਅਤੇ ਸਭ ਤੋਂ ਵੱਧ ਪਿੰਡ ਕਰਜ਼ੇ ਦਾ ਮਾਰਿਆ ਹੋਇਆ ਹੈ। ਪਿੰਡ 'ਚ ਬੈਂਕ ਹਨ, ਪਰ ੫-੧੦ ਹਜ਼ਾਰ ਦੇ ਕਰਜ਼ੇ ਲਈ ਘਰ ਗਹਿਣੇ ਰੱਖੋ ਜਾਂ ਜ਼ਮੀਨ ਦਾ ਟੋਟਾ ਬੈਂਕ 'ਚ ਰਹਿਣ ਕਰੋ। ਬੈਂਕ ਕਰਜ਼ੇ ਨਹੀਂ ਦਿੰਦੇ ਤਾਂ ਪਿੰਡਾਂ ਵਿੱਚ ਬੈਠੇ ਸੂਦਖੋਰਾਂ ਦੇ ਚੁੰਗਲ 'ਚ ਫਸੋ, ਜਿਹੜੇ ਲੋਕਾਂ ਤੋਂ ਦਸ ਰੁਪਏ ਪ੍ਰਤੀ ਸੈਂਕੜਾ ਪ੍ਰਤੀ ਮਹੀਨਾ ਵਿਆਜ ਲੈਂਦੇ ਹਨ, ਜਿਹੜਾ ੧੨੦ ਫ਼ੀ ਸਦੀ ਸਲਾਨਾ ਤਕ ਪੈਂਦਾ ਹੈ। ਸਹਿਕਾਰੀ ਬੈਂਕਾਂ ਜਾਂ ਸਹਿਕਾਰੀ ਸੁਸਾਇਟੀਆਂ ਵੀ ਉਸੇ ਰਾਹ ਤੁਰ ਪਈਆਂ ਹਨ ਜਿਹੜੇ ਰਾਹੇ ਬੈਂਕ ਤੁਰੇ ਹੋਏ ਹਨ। ਇਨ੍ਹਾਂ ਉੱਤੇ ਸਿਆਸਤਦਾਨਾਂ, ਘੜੰਮ ਚੌਧਰੀਆਂ ਨੇ ਕਬਜ਼ੇ ਕੀਤੇ ਹੋਏ ਹਨ। ਪਿੰਡ ਲਈ ਆਖ਼ਰ ਰਸਤਾ ਬਚਿਆ ਹੀ ਕਿਹੜਾ ਹੈ?

ਪਿੰਡ ਸਾਫ਼-ਸੁਥਰਾ ਨਹੀਂ ਦਿੱਸਦਾ। ਕੂੜੇ ਦੇ ਢੇਰਾਂ ਨੇ ਇਸ ਦਾ ਸੁਹੱਪਣ ਖੋਹ ਲਿਆ ਹੈ। ਅੱਧਾ ਪਿੰਡ ਹਾਲੇ ਖੁੱਲ੍ਹੇ ਅਸਮਾਨੀ ਹਨੇਰੇ-ਸਵੇਰੇ ਖੇਤਾਂ ਦੀਆਂ ਨਿਆਈਆਂ 'ਚ ਜੰਗਲ-ਪਾਣੀ ਜਾਂਦਾ ਹੈ। ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਸੁਚੱਜੇ ਵਾਤਾਵਰਣ ਦੀਆਂ ਗੱਲਾਂ ਤਾਂ ਸੁਣਦਾ ਹੈ, ਪਰ ਪੈਸੇ-ਧੇਲੇ ਖੁਣੋਂ ਘਰ 'ਚ ਲੈਟਰੀਨ ਵੀ ਉਸਾਰਨ ਦੀ ਸਮਰੱਥਾ ਨਹੀਂ ਰੱਖਦਾ। ਅੱਧੋਂ ਵਧੇਰੇ ਪਿੰਡ ਦੇ ਬੱਚਿਆਂ



ਦੀ ਪੜ੍ਹਾਈ ਦੀ ਫ਼ੀਸ ਤੇ ਸਕੂਲ ਦੀ ਵਰਦੀ ਲਈ ਜੇਬ ਖ਼ਾਲੀ ਹੈ।। ਬੁੱਢੇ-ਸਿਆਣੇ ਦਵਾਈ ਉਡੀਕਦੇ ਰਹਿੰਦੇ ਹਨ। ਕੇਲਾ, ਛੱਲੀ, ਸੇਬ, ਸੰਗਤਰਾ ਤਾਂ ਨਸੀਬ ਕਿੱਥੋਂ ਹੋਣਾ ਹੈ, ਅੰਨ ਦੀ ਬੁਰਕੀ ਵੀ ਨੀਲੇ ਕਾਰਡ ਦੀ ਬਦੌਲਤ ਔਖਿਆਂ ਹੋ ਜਾਂਦੀ ਹੈ। ਉਡੀਕ ਰਹਿੰਦੀ ਹੈ ਬੁਢਾਪਾ ਅਤੇ ਵਿਧਵਾ ਪੈਨਸ਼ਨ ਦੀ ਪਿੰਡ ਦੇ ਵੱਡੇ ਹਿੱਸੇ ਨੂੰ ਕਿ ਕਦੋਂ ਆਵੇ, ਚਲੋ ਚਾਹ-ਪਾਣੀ ਜੋਗਾ ਘਰ ਦਾ ਤੋਰਾ ਤਾਂ ਤੁਰਦਾ ਰਹੇ।

ਪਿੰਡ ਏਨਾ ਬੇਵੱਸ ਤਾਂ ਕਦੇ ਵੀ ਨਹੀਂ ਸੀ। ਪਿੰਡ ਆਪਣੀ ਕਮਾਉਂਦਾ ਸੀ, ਢਿੱਡ ਭਰ ਕੇ ਆਪਣੀ ਖਾਂਦਾ ਸੀ, ਆਪਣੀ ਪੀਂਦਾ ਸੀ, ਬੁੱਲੇ ਲੁੱਟਦਾ ਸੀ। ਪਿੰਡ ਗਾਉਂਦਾ ਸੀ, ਪਿੰਡ ਨੱਚਦਾ ਸੀ, ਪਿੰਡ ਗੁਣਗਣਾਉਂਦਾ ਸੀ। ਤੜਕ ਸਵੇਰੇ ਬਾਬੇ ਦੀ ਬਾਣੀ, ਮੰਦਰ ਦੀ ਟੱਲੀ, ਕੁੱਕੜ ਦੀ ਬਾਂਗ ਨਾਲ ਉੱਠਦਾ ਸੀ। ਰਾਤੀਂ ਚੈਨ ਦੀ ਨੀਂਦ ਸੌਂਦਾ ਸੀ। ਹੁਣ ਤਾਂ ਪਿੰਡ ਦੀ ਨੀਂਦ ਜਿਵੇਂ ਉੱਡ-ਪੁੱਡ ਹੀ ਗਈ ਹੈ। ਪਿੰਡ ਚੜ੍ਹਦੇ ਇੱਕ ਹੂਟਰ ਵੱਜਦਾ ਹੈ, ਪਿੰਡ ਨਸ਼ੇ-ਨਸ਼ਾ ਹੋ ਜਾਂਦਾ ਹੈ। ਪਿੰਡ ਦੇ ਲਹਿੰਦੇ ਚੀਕ-ਚਿਹਾੜਾ ਪੈਂਦਾ ਹੈ, ਮਾਂ ਰੋਂਦੀ ਹੈ, ਤ੍ਰੀਮਤ ਪਿੱਟ-ਸਿਆਪਾ ਪਾਉਂਦੀ ਹੈ। ਲਲਕਾਰੇ ਵਜਦੇ ਹਨ। ਫਿਰ ਚੁੱਪ ਪਸਰਦੀ ਹੈ। ਇਹੋ ਜਿਹੀ ਆਵਾਜ਼ ਤਾਂ ਪਿੰਡ ਨੇ ਪਹਿਲਾਂ ਕਦੇ ਨਹੀਂ ਸੀ ਸੁਣੀ। ਪਿੰਡ ਤਦੇ ਉਦਾਸ ਹੈ।

ਪਿੰਡ, ਪਿੰਡ ਨਹੀਂ ਰਿਹਾ। ਪਿੰਡ ਇੱਕ ਸਮੱਸਿਆ ਬਣ ਗਿਆ ਹੈ। ਉਹ ਪਿੰਡ, ਜਿਹੜਾ ਆਪਣੇ ਫ਼ੈਸਲੇ ਆਪ ਲੈਂਦਾ ਸੀ, ਉਹ ਪਿੰਡ ਜਿਹੜਾ ਕਿਸੇ ਦੀ ਟੈਂਅ ਨਹੀਂ ਸੀ ਮੰਨਦਾ। ਅੱਜ ਦਿੱਸਦੇ ਸੋਹਣੇ ਮਕਾਨਾਂ, ਹੱਥਾਂ 'ਚ ਫੜੇ ਮੋਬਾਈਲਾਂ, ਵੱਡੀ ਖੇਤੀ ਮਸ਼ੀਨਰੀ ਦੇ ਭਾਰ ਹੇਠ ਦੱਬਿਆ ਭਰਮ-ਭੈਅ 'ਚ ਜੀਵਨ ਜਿਊਣ ਲਈ ਮਜਬੂਰ ਕਰ ਦਿੱਤਾ ਗਿਆ ਹੈ। ਪਿੰਡ ਉੱਠੇਗਾ! ਪਿੰਡ ਆਪਣੀ ਸਾਰ ਆਪ ਲਏਗਾ। ਪਿੰਡ ਬਹੁਤੀ ਦੇਰ ਤਾਂ ਸੁੱਤਾ ਨਹੀਂ ਰਹਿ ਸਕਦਾ। ਪਿੰਡ ਏਨਾ ਬੇਪਰਵਾਹ ਵੀ ਨਹੀਂ ਹੋ ਸਕਦਾ।

ਮੋ: 98158-02070

(ਰੋਜ਼ਾਨਾ ਅਜੀਤ 27-03-2018 'ਚੋਂ ਧੰਨਵਾਦ ਸਹਿਤ!)

# ਪੰਜਾਬੀ ਸੱਭਿਆਚਾਰ ਨੂੰ ਢਾਹ ਲਾ ਰਹੀ ਹੈ ਲੱਚਰ ਗਾਇਕੀ

**ਐਸ.ਐਲ. ਵਿਰਦੀ ਐਡਵੋਕੇਟ**

ਪੰਜਾਬ, (ਪੰਜ+ਆਬ) ਪੰਜ ਦਰਿਆਵਾਂ ਵਾਲਾ ਇੱਕ ਵਿਸ਼ਾਲ ਸੂਬਾ ਜੋ ਕਿਸੇ ਸਮੇਂ ਅਟਕ ਤੋਂ ਦਿੱਲੀ ਤਕ ਫੈਲਿਆ ਹੋਇਆ ਸੀ, ਨੂੰ ਆਪਣੇ ਗੌਰਵਮਈ ਇਤਿਹਾਸ 'ਤੇ ਮਾਣ ਹੈ ਕਿ ਅੱਜ ਤੋਂ ੬ ਹਜ਼ਾਰ ਸਾਲ ਪਹਿਲਾਂ ਜਦੋਂ ਬਾਕੀ ਸਾਰੀ ਦੁਨੀਆਂ ਅਜੇ ਹਨੇਰੇ ਵਿੱਚ ਭਟਕ ਰਹੀ ਸੀ ਤਾਂ ਉਸ ਸਮੇਂ ਪੰਜਾਬ ਦੇ ਲੋਕ ਵਿਕਸਿਤ ਸਿੰਧੂ ਸੱਭਿਅਤਾ ਦੀ ਰੋਸ਼ਨੀ ਦਾ ਨਿੱਘ ਮਾਣ ਰਹੇ ਸਨ। ਹੜੱਪਾ, ਰੋਪੜ ਤੇ ਉੱਚਾ ਪਿੰਡ ਸੰਘੋਲ ਦੀ ਖੁਦਾਈ ਤੋਂ ਮਿਲੀਆਂ ਵਸਤਾਂ, ਬੁੱਤ ਅਤੇ ਚਿੰਨ੍ਹ ਇਸਦਾ ਪ੍ਰਤੱਖ ਪ੍ਰਮਾਣ ਹਨ। ਪੰਜਾਬ ਨੂੰ ਮਾਣ ਹੈ ਕਿ ਸੰਸਾਰ ਪ੍ਰਸਿੱਧ ਵਿਦਵਾਨ ਨਾਗਸੇਨ ਨੇ ਦੂਜੀ ਸਦੀ ਈਸਾ ਪੂਰਵ ਵਿੱਚ ਮਹਾਰਾਜਾ ਮਲਿੰਦ ਨੂੰ ਵਿਚਾਰ-ਵਟਾਂਦਰੇ ਵਿੱਚ ਹਰਾਇਆ ਅਤੇ ਇਸ ਸਮੇਂ ਕੀਤੇ ਗਏ ੩੦੪ ਬਚਨ-ਬਿਲਾਸਾਂ ਵਾਲੀ ਲਿਖੀ ਗਈ ਅਧਿਆਤਮਿਕ ਤੇ ਸੱਭਿਆਚਾਰਿਕ ਪੁਸਤਕ '**ਮਲਿੰਦ-ਪਨਹੋ**' ਵੀ ਪੰਜਾਬ ਵਿੱਚ ਲਿਖੀ ਗਈ ਹੈ। ਬੋਧ ਵਿਦਵਾਨ ਆਸੰਘ ਤੇ ਵਸੂਬੰਧੂ ਭਰਾਵਾਂ ਨੇ ਸੰਸਕ੍ਰਿਤ ਨੂੰ ਵਿਆਕਰਣੀ ਸੂਤਰਾਂ ਵਿੱਚ ਬੰਨ੍ਹਣ ਵਾਲੀ ਪੁਸਤਕ '**ਅਸ਼ਟਧਿਆਈ**' ਦੀ ਰਚਨਾ ਵੀ ਇੱਥੇ ਕੀਤੀ।

ਸੰਸਾਰ ਭਰ ਦੇ ਬੋਧ ਵਿਦਵਾਨਾਂ ਦੀ ਚੌਥੀ ਧਰਮ ਸੰਸਦ ੧੦੦ ਈ: ਵਿੱਚ ਪੰਜਾਬ ਦੇ ਜਲੰਧਰ ਵਿਖੇ ਹੋਈ ਜੋ ੬ ਮਹੀਨੇ ਚੱਲੀ। ਇਸ ਵਿੱਚ ਧੱਮ-ਪੱਦ ਦੇ ਗਿਆਨ ਭਰਪੂਰ ਤਿੰਨ ਲੱਖ ਸਲੋਕਾਂ ਨੂੰ ਤਾਂਬੇ ਦੇ ਪੱਤਰਾਂ 'ਤੇ ਉਕਾਰ ਕੇ ਰਾਜਾ ਕਨਿਸ਼ਕ ਨੇ ਪੱਥਰਾਂ ਦੇ ਬਕਸਿਆਂ 'ਚ ਇੱਥੇ ਦੱਬਿਆ ਹੋਇਆ ਹੈ, ਜੋ ਕਿ ਇਕ ਅਨਮੋਲ ਖ਼ਜ਼ਾਨਾ ਹੈ, ਜਿਸਦੀ ਖੋਜ ਹੋ ਰਹੀ ਹੈ।

ਪੰਜਾਬ ਨੂੰ ਮਾਣ ਹਾਸਲ ਹੈ ਕਿ ਸੰਸਾਰ ਦੀ ਪਹਿਲੀ ਵਿਸ਼ਵ ਯੂਨੀਵਰਸਿਟੀ 'ਤਕਸ਼ਿਲਾ' ਦੀ ਸਿਰਜਣਾ ਵੀ ਇੱਥੇ ਹੋਈ ਜਿਸ ਨੇ ਚਰਕ, ਚਾਣਕਿਆ, ਵੇਦਾਚਾਰੀਆ, ਦਿਰੜਬਲ, ਪਾਨਿਨੀ, ਵਾਗ ਭੱਟ, ਕੁਮਾਰਲ ਬੁੱਧ ਵਰਗੇ ਵਿਸ਼ਵ-ਪ੍ਰਸਿੱਧ ਵਿਦਵਾਨ ਪੈਦਾ ਕੀਤੇ। ਪਾਨਿਨੀ ਵਿਸ਼ਵ ਵਿਦਿਆਲਿਆ ਦਾ ਅਚਾਰੀਆ ਸੀ।

ਪੰਜਾਬ ਦੇ ਪੰਜਾਬੀ ਸੱਭਿਆਚਾਰ ਨਾਥ ਜੋਗੀਆਂ, ਬਾਬਾ ਫਰੀਦ, ਗੁਰੂ ਨਾਨਕ, ਵਾਰਿਸ਼ ਸ਼ਾਹ ਤੋਂ ਹੁੰਦਾ ਹੋਇਆ ਇੱਥੇ ਤਕ ਪ੍ਰਫੁੱਲਿਤ ਹੋਇਆ ਹੈ। ਦੇਸ਼ ਦੀ ਆਜ਼ਾਦੀ ਦੀ ਲੜਾਈ ਵਿੱਚ ਵੀ ਪੰਜਾਬ ਦੀ ਮਹਾਨ ਦੇਣ ਹੈ। ਪੰਜਾਬ ਦੀ ਧਰਤੀ ਦਾ ਸ਼ਾਇਦ ਹੀ ਕੋਈ ਐਸਾ ਹਿੱਸਾ ਹੋਵੇ ਜਿਹੜਾ ਮਨੁੱਖ ਦੀ ਆਜ਼ਾਦੀ, ਬਰਾਬਰੀ, ਭਾਈਚਾਰਾ ਅਤੇ ਨਿਆਂ ਲਈ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਨਾ ਹੋਵੇ। ਇਨਕਲਾਬ ਲਿਆਉਣ ਲਈ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਕਿਸਾਨ ਆਦਿ ਲਹਿਰਾਂ ਵੀ ਪੰਜਾਬ 'ਚੋਂ ਉੱਠੀਆਂ।

ਪ੍ਰੰਤੂ ਪੰਜਾਬ ਹੁਣ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨਹੀਂ ਰਿਹਾ। ਹੁਣ ਪੰਜਾਬ ਵਿੱਚ ਹਰ ਰੋਜ਼ ਵੱਖ-ਵੱਖ ਘਟਨਾਵਾਂ ਰਾਹੀਂ ਰੋਜ਼ਾਨਾ ਦਰਜਨਾਂ ਮੌਤਾਂ, ਖ਼ੂਨੀ ਵੱਢ-ਟੁੱਕ ਦੀਆਂ ਲੜਾਈਆਂ, ਕਿਸਾਨ ਮਜ਼ਦੂਰਾਂ ਦੀਆਂ ਜ਼ਹਿਰਾਂ ਖਾ ਕੇ ਆਤਮ-ਹੱਤਿਆਵਾਂ



ਕਰਨ, ਨਸ਼ਿਆਂ ਲਈ ਲੁੱਟਾਂ-ਖੋਹਾਂ, ਮੁੰਡੇ-ਕੁੜੀਆਂ ਦੇ ਤਲਾਕ, ਮਾਪਿਆਂ ਵੱਲੋਂ ਆਪਣੇ ਨਸ਼ਈ ਬੱਚਿਆਂ ਤੋਂ ਤੰਗ ਆ ਕੇ ਜਾਇਦਾਦ ਤੋਂ ਬੇਦਖ਼ਲ ਕਰਨ, ਰਿਸ਼ਵਤਖੋਰ ਤੇ ਭ੍ਰਿਸ਼ਟਾਚਾਰ, ਜ਼ੋਰ-ਜ਼ਬਰ, ਲੋਕਾਂ ਦੀਆਂ ਜਾਇਦਾਦਾਂ ਤੇ ਨਾਜਾਇਜ਼ ਕਬਜ਼ੇ, ਸ਼ਰੇਆਮ ਗੁੰਡਾਗਰਦੀ ਦਾ ਬੋਲ-ਬਾਲਾ ਦਿਨੋਂ-ਦਿਨ ਵਧ ਰਿਹਾ ਹੈ। ਹਰ ਮਨੁੱਖ ਅਸੁਰੱਖਿਅਤ ਮਹਿਸੂਸ ਕਰ ਰਿਹਾ ਹੈ। ਐਨ.ਆਰ.ਆਈ. ਦੀ ਨਵੀਂ ਪੀੜ੍ਹੀ ਦੇ ਬੱਚੇ ਪੰਜਾਬ ਆਉਣਾ ਨਹੀਂ ਚਾਹੁੰਦੇ। ਬਾਹਰਲੇ ਦੇਸ਼ਾਂ ਵਿੱਚ ਜਾ ਕੇ ਵੱਸ ਜਾਣ ਕਾਰਨ, ਪੰਜਾਬ ਸੁੰਨਾ ਹੁੰਦਾ ਜਾ ਰਿਹਾ ਹੈ ਤੇ ਦਿਨੋ-ਦਿਨ ਭਾਸ਼ਾਈ ਘੱਟ ਗਿਣਤੀ ਵੀ ਬਣਦਾ ਜਾ ਰਿਹਾ ਹੈ; ਜਦ ਕਿ ਲੰਮੇ ਸੰਘਰਸ਼ ਦੇ ਬਾਅਦ ਪੰਜਾਬ ਬਹੁਗਿਣਤੀ ਦੇ ਆਧਾਰ 'ਤੇ ਪੰਜਾਬੀ ਸੂਬਾ ਬਣਿਆ ਸੀ। ਹੁਣ ਪੰਜਾਬੀ ਭਾਸ਼ਾ ਨੂੰ ਇੱਥੇ ਹਰ ਖੇਤਰ ਵਿੱਚ ਖੋਰਾ ਲੱਗ ਰਿਹਾ ਹੈ। ਜਦੋਂ ਇਕ ਭਾਸ਼ਾ ਮਰਨ ਲੱਗਦੀ ਹੈ ਤਾਂ ਉਸਦੇ ਸੱਭਿਆਚਾਰ ਨੂੰ ਵੀ ਢਾਹ ਲੱਗਦੀ-ਲੱਗਦੀ ਕੌਮ ਵੀ ਖਿੰਡ-ਪੁੰਡ ਜਾਂਦੀ ਹੈ। ਇਨ੍ਹਾਂ ਦੁਖਦਾਈ ਘਟਨਾਵਾਂ ਪਿੱਛੇ ਸਭ ਤੋਂ ਵੱਡਾ ਕਾਰਨ ਲੱਚਰ ਗਾਇਕੀ ਹੈ।

ਪੰਜਾਬ ਵਿੱਚ ਹੁਣ ਗੁਰੂਆਂ ਦੀ ਬਾਣੀ, ਸੰਤਾਂ ਦੇ ਸ਼ਬਦ, ਸੂਫ਼ੀਆਂ ਦੇ ਦੋਹੇ, ਕਵੀਆਂ ਦੀ ਕਵੀਸ਼ਰੀ ਤੇ ਢਾਡੀਆਂ ਦੀਆਂ ਵਾਰਾਂ ਦਾ ਬੋਲ-ਬਾਲਾ ਨਹੀਂ ਸਗੋਂ ਗੀਤਾਂ 'ਚ ਸ਼ੋਰ ਸ਼ਰਾਬਾ, ਲੱਚਰਤਾ, ਹਥਿਆਰ ਤੇ ਹਿੰਸਾ ਭਾਰੂ ਹਨ। ਅਜਿਹੇ ਲੱਚਰ ਗੀਤ ਪੰਜਾਬ ਦਾ ਸਿਰ ਮਾਣ ਨਾਲ ਨਹੀਂ ਉਠਾਉਂਦੇ ਸਗੋਂ ਸ਼ਰਮ ਨਾਲ ਝੁਕਾਉਂਦੇ ਹਨ। ਅਜਿਹੇ ਲੱਚਰ ਗੀਤ ਸਥਾਪਤ ਪੰਜਾਬੀ ਸਦਾਚਾਰੀ ਸਾਹਿਤ ਤੇ ਸੱਭਿਆਚਾਰ ਨੂੰ ਵੀ ਢਾਹ ਲਾ ਰਹੇ ਹਨ। ਲੱਚਰਤਾ ਨੂੰ ਤਾਂ ਸੱਭਿਆਚਾਰ ਕਹਿਣ ਤੋਂ ਵੀ ਜੀਭ ਥਰ-ਥਰਾਉਂਦੀ ਹੈ। ਕਿਸੇ ਖ਼ਾਸ ਜਾਤੀ ਵਰਗ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਬਨਿਸਬਤ ਪੰਜਾਬੀ ਗਾਇਕੀ ਸਰਬੱਤ ਦੇ ਭਲੇ ਦੀ ਬਣੇ। ਗੀਤਕਾਰ ਤੇ ਲੇਖਕ ਗੁਰੂ ਸਾਹਿਬਾਨ ਦੇ ਉਪਦੇਸ '**ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ**' ਦੇ ਵਾਰਸ ਸਿੱਧ ਨਹੀਂ ਹੋ ਰਹੇ।

ਪੰਜਾਬ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਗਾਇਕਾਂ ਤੇ ਗੀਤਕਾਰਾਂ ਦਾ ਹੜ੍ਹ ਆਇਆ ਹੋਇਆ ਹੈ। ਪਿਛਲੇ ਕੁਝ ਸਮੇਂ ਤੋਂ ਗਾਇਕੀ ਨੂੰ ਆਧੁਨਿਕ ਬਣਾਉਣ ਦੇ ਨਾਂ 'ਤੇ ਆਪਣੇ ਨਿੱਜੀ ਮੁਫ਼ਾਦਾਂ ਲਈ ਪੰਜਾਬੀ ਗਾਇਕੀ ਨੂੰ ਲੱਚਰਤਾ ਵੱਲ ਧੱਕਿਆ ਜਾ ਰਿਹਾ ਹੈ। ਕੁੜੀਆਂ ਦੀ ਤੁਲਨਾ ਨਸ਼ਿਆਂ ਤੇ ਹਥਿਆਰਾਂ ਨਾਲ ਕਰ ਰਹੇ ਹਨ। ਕਾਲਜਾਂ ਤੇ ਯੂਨੀਵਰਸਿਟੀਆਂ ਨੂੰ ਪੜ੍ਹਾਈ ਦੇ ਕੇਂਦਰ ਵਜੋਂ ਨਹੀਂ ਸਗੋਂ ਇਨ੍ਹਾਂ ਸੰਸਥਾਵਾਂ ਨੂੰ ਆਸ਼ਕੀ ਦੇ ਅੱਡੇ ਦਿਖਾਇਆ ਜਾਂਦਾ ਹੈ। ਮੁੰਡੇ ਵੱਖ-ਵੱਖ ਗਰੁੱਪ ਬਣਾ ਕੇ ਹਥਿਆਰਾਂ ਨਾਲ ਲੈਸ ਹੋ ਕੇ ਕੁੜੀਆਂ ਪਿੱਛੇ ਆਪਸ ਵਿੱਚ ਖ਼ੂਨੀ ਲੜਾਈਆਂ ਕਰਦੇ ਦਿੱਸਦੇ ਹਨ। ਮਨ ਨੂੰ ਸਕੂਨ, ਸ਼ਾਂਤੀ ਤੇ ਸੇਧ ਦੇਣ ਵਾਲੀ ਗਾਇਕੀ ਪੰਜਾਬ 'ਚੋਂ ਗ਼ਾਇਬ ਹੈ। ਲੇਖਕ ਤੇ ਗਾਇਕ ਲੱਚਰਤਾ ਗਾ ਰਹੇ ਹਨ। ਬੱਸ! ਆਧੁਨਿਕ ਪੰਜਾਬੀ ਗਾਇਕਾਂ ਨੂੰ ਸਿਰਫ਼ ਪੈਸਾ ਤੇ ਐਸ਼ਪ੍ਰਸਤੀ ਚਾਹੀਦੀ ਹੈ।

ਪੰਜਾਬੀ ਸੱਭਿਆਚਾਰ ਵਿੱਚ ਗੀਤ-ਸੰਗੀਤ ਦਾ ਅਹਿਮ ਸਥਾਨ ਹੈ। ਪੰਜਾਬੀਆਂ ਦੇ ਹਰ ਤਿਉਹਾਰ, ਮੇਲੇ ਤੇ ਵਿਆਹ-ਸ਼ਾਦੀਆਂ ਵਿੱਚ ਗੀਤ-ਸੰਗੀਤ ਮਨੋਰੰਜਨ ਦਾ ਸਾਧਨ ਹੈ। ਗੀਤ-ਸੰਗੀਤ ਕਿਸੇ ਵੀ ਦੇਸ਼, ਸਮਾਜ, ਖਿੱਤੇ ਜਾਂ ਸੱਭਿਆਚਾਰ ਦਾ ਮੁਹਾਂਦਰਾ ਹੁੰਦੇ ਹਨ। ਮੁਹੱਬਤ, ਆਸ਼ਕੀ, ਲੜਾਈਆਂ ਤੋਂ ਇਲਾਵਾ ਵੀ ਗੀਤ ਲਿਖੇ ਜਾ ਸਕਦੇ ਹਨ। ਪੁਰਾਤਨ ਪੰਜਾਬੀ ਗਾਇਕੀ ਵੀ ਤੀਵੀਂ-ਆਦਮੀ,

ਦਿਓਰ-ਭਰਜਾਈ, ਜੀਜਾ-ਸਾਲੀ, ਭੈਣ-ਭਰਾਵਾਂ ਦੇ ਗੀਤਾਂ ਵਿੱਚ ਹਾਸਾ-ਠੱਠਾ ਤੇ ਵਿਅੰਗ ਹੁੰਦਾ ਸੀ ਪਰ ਲੱਚਰਤਾ ਨਹੀਂ ਸੀ। ਪੰਜਾਬੀਆਂ ਨੇ ਸੰਸਾਰ ਪੱਧਰ 'ਤੇ ਸਮਾਜਿਕ ਸੱਭਿਆਚਾਰਕ ਗੀਤ-ਸੰਗੀਤ ਨਾਲ ਹੀ ਆਪਣੀ ਪਛਾਣ ਬਣਾਈ ਹੋਈ ਹੈ। ਪੰਜਾਬ ਦੀਆਂ ਰਹੁ-ਰੀਤਾਂ, ਮੇਲਿਆਂ, ਤਿਉਹਾਰਾਂ, ਲੋਕ-ਬੋਲੀਆਂ, ਲੋਕ-ਕਥਾਵਾਂ ਤੇ ਲੋਕ-ਨਾਚਾਂ ਦਾ ਮੁਜ਼ਾਹਰਾ ਹੋਣਾ ਚਾਹੀਦਾ ਹੈ। ਪੰਜਾਬੀ ਸੱਭਿਆਚਾਰ ਦਾ ਹਥਿਆਰਾਂ, ਲੜਾਈਆਂ, ਮਾਰ-ਮਰਾਈ, ਹਿੰਸਾ ਨਾਲ ਕੋਈ ਸਰੋਕਾਰ ਨਹੀਂ। ਗੱਭਰੂ-ਮੁਟਿਆਰਾਂ, ਖੇਡਾਂ-ਖਿਡਾਰੀ, ਭਲਵਾਨੀ-ਕੁਸ਼ਤੀਆਂ ਤੇ ਮਨੁੱਖੀ ਪਿਆਰ ਹੀ ਪੰਜਾਬੀ ਸੱਭਿਆਚਾਰ ਦਾ ਮੁਹਾਂਦਰਾ ਹੈ। ਪੰਜਾਬ ਦਾ ਭਾਈਚਾਰਕ, ਸਦਾਚਾਰੀ ਸੁਭਾਅ ਸੰਸਾਰ ਦੇ ਸਨਮੁੱਖ ਰੱਖਣਾ ਚਾਹੀਦਾ ਹੈ। ਲੋਕ ਕਵੀ ਨੰਦ ਲਾਲ ਨੂਰਪੁਰੀ, ਲਾਲ ਚੰਦ ਯਮਲਾ ਜੱਟ, ਵਡਾਲੀ ਭਰਾ, ਸੁਰਿੰਦਰ ਕੌਰ, ਨਰਿੰਦਰ ਬੀਬਾ ਆਦਿ ਗਾਇਕਾਂ ਦੇ ਵਾਰਸ ਬਣਨਾ ਚਾਹੀਦਾ ਹੈ। ਮਹਾਨ ਯੋਧਿਆਂ ਤੇ ਸੂਰਮਿਆਂ ਦੁਆਰਾ ਲੋਕ ਹਿੱਤਾਂ ਲਈ ਕੀਤੀਆਂ ਕੁਰਬਾਨੀਆਂ ਦੀਆਂ ਗਾਥਾਵਾਂ ਨੂੰ ਗੀਤਾਂ ਰਾਹੀਂ ਗਾਇਆ ਜਾ ਸਕਦਾ ਹੈ। ਪਹਿਲਾਂ ਦੀ ਪੰਜਾਬੀ ਗਾਇਕੀ ਵਿੱਚੋਂ ਇਹ ਸਪੱਸ਼ਟ ਦਿਖਾਈ ਦਿੰਦਾ ਹੈ। ਪੰਜਾਬੀ ਲੇਖਕ ਅਤੇ ਗਾਇਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਸਮਾਜ ਨੂੰ ਸੱਭਿਅਕ ਅਤੇ ਸਦਾਚਾਰੀ ਸੱਭਿਆਚਾਰ ਸਿਰਜਦੇ ਗੀਤ ਲਿਖਣੇ ਤੇ ਗਾਉਣੇ ਚਾਹੀਦੇ ਹਨ।

ਉਪਰੋਕਤ ਪੰਜਾਬ, ਹੁਣ ਪਿਛੜ ਰਿਹਾ ਹੈ। ਪੰਜਾਬ ਦੇ ਸਿਰਫ਼ ੧੦ ਫ਼ੀ ਸਦੀ ਵੱਡੇ ਜ਼ਿਮੀਂਦਾਰਾਂ ਤੇ ਉਦਯੋਗਪਤੀਆਂ ਦਾ ਤਾਂ ਵਿਕਾਸ ਹੋ ਰਿਹਾ ਹੈ ਪਰ ਪੰਜਾਬ ਦੇ ਹੀ ੯੦ ਫ਼ੀ ਸਦੀ ਲੋਕਾਂ ਨੂੰ ਰੋਜ਼ਮਰ੍ਹਾ ਦੀਆਂ ਲੋੜਾਂ ਲਈ ਤਰ੍ਹਾਂ-ਤਰ੍ਹਾਂ ਦੇ ਜ਼ੋਖਮ ਉਠਾਉਣੇ ਪੈ ਰਹੇ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਮਾਲਵੇ ਦੇ ਛੇ ਜ਼ਿਲ੍ਹਿਆਂ ਵਿੱਚ ਕੀਤੇ ਗਏ ਸਰਵੇਖਣ ਦੀ ਰਿਪੋਰਟ ਅਨੁਸਾਰ ਸਾਲ ੨੦੦੦ ਤੋਂ ੨੦੧੫ ਦੌਰਾਨ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ੧੪,੬੬੭ ਖੁਦਕੁਸ਼ੀਆਂ ਹੋਈਆਂ, ਜਿਨ੍ਹਾਂ ਵਿੱਚੋਂ ੬,੩੭੩ ਖੇਤ ਮਜ਼ਦੂਰ ਸਨ। ਲੱਖਾਂ ਲੋਕ ਬੇਰੁਜ਼ਗਾਰ ਹਨ, ਲੱਖਾਂ ਰੋਜ਼ਾਨਾ ਅੱਧ-ਭੁੱਖੇ ਰਹਿੰਦੇ ਹਨ, ਮਾਲਕ ਵੱਧ ਤੋਂ ਵੱਧ ਕੰਮ ਲੈਣ ਲਈ ਮਜ਼ਦੂਰਾਂ ਨੂੰ ਨਸ਼ਈ ਬਣਾ ਰਹੇ ਹਨ। ਵਿੱਦਿਆ ਦੇ ਵਪਾਰੀਕਰਨ ਨੇ ਦਲਿਤ ਸ਼ੋਸ਼ਿਤ, ਮਜ਼ਦੂਰ,ਛੋਟੇ ਦੁਕਾਨਦਾਰ ਤੇ ਗ਼ਰੀਬ ਕਿਸਾਨਾਂ ਦਾ ਭਵਿੱਖ ਤਬਾਹ ਕਰ ਦਿੱਤਾ ਹੈ। ਅਖੌਤੀ ਖ਼ੁਸ਼ੀ ਲਈ ਪੈਲਿਸਾਂ ਵਿੱਚ ਨੌਜਵਾਨ ਮੁੰਡੇ-ਕੁੜੀਆਂ ਨੂੰ ਸ਼ਰਾਬਾਂ ਪਿਲਾ ਕੇ, ਡੀ. ਜੇ. ਲਾ ਲੱਚਰ ਗੀਤਾਂ 'ਤੇ ਭੰਗੜੇ ਪੁਆ ਕੇ ਮੂਰਖ ਬਣਾਇਆ ਜਾ ਰਿਹਾ ਹੈ। ਅੱਜ ਲੋੜ ਹੈ ਪੂੰਜੀਵਾਦੀ ਅਤੇ ਸਰਮਾਏਦਾਰੀ ਦੀਆਂ ਲੋਕ ਵਿਰੋਧੀ ਕਾਰਪੋਰਟ ਨੀਤੀਆਂ ਖ਼ਿਲਾਫ਼ ਸਮਾਜ ਵਿੱਚ ਜਾਗਰੂਕਤਾ ਫੈਲਾਉਣ ਵਾਲੇ ਲੋਕ ਕਵੀ ਆਲਮ, ਪਾਗਲ, ਪਾਸ਼. ਸੌਂਕੀ ਤੇ ਉਦਾਸੀ ਵਰਗੇ ਗਾਇਕਾਂ ਦੇ ਵਾਰਸ ਬਣਨ ਦੀ। ਪੰਜਾਬੀ ਗਾਇਕੀ ਲੋਕ ਰਾਜ, ਜਾਤੀ ਤੇ ਜਮਾਤੀ ਰਹਿਤ ਸਮਾਜ ਦੀ ਉਸਾਰੀ ਲਈ ਲੋਕਾਂ ਨੂੰ ਉਤਸ਼ਾਹਿਤ ਕਰਕੇ ਪੰਜਾਬ ਨੂੰ ਇਕ ਖੁਸ਼ਹਾਲ ਸੂਬਾ ਬਣਾਉਣ ਵਾਲੀ ਹੋਣੀ ਚਾਹੀਦੀ ਹੈ।

ਅੱਜ ਦੇ ਪੰਜਾਬੀ ਗਾਇਕ, ਮਜ਼ਦੂਰ ਕਿਸਾਨਾਂ ਤੇ ਹੋਰ ਮਿਹਨਤਕਸ਼ਾਂ ਨੂੰ ਰੋਟੀ ਰੋਜ਼ੀ ਲਈ ਹੱਡ-ਭੰਨਵੀਂ ਮਿਹਨਤ ਕਰਦਿਆਂ ਵਿਖਾਉਣ ਦੀ ਬਨਿਸਬਤ ਸਸਤੀ ਸ਼ੋਹਰਤ ਲਈ ਗੀਤਾਂ ਵਿੱਚ ਸਪਾਰੀਬਾਜ਼ਾਂ ਨੂੰ ਸ਼ਰੇਆਮ ਥਾਂ-ਥਾਂ ਹਥਿਆਰ ਚਲਾਉਂਦੇ, ਬੰਦੇ ਮਾਰਦੇ ਤੇ ਗੁੰਡਾਗਰਦੀ ਕਰਦੇ ਦਿਖਾਉਂਦੇ ਹਨ। ਪੈਸੇ ਦੀ ਹੋੜ 'ਚ ਗੀਤਾਂ ਦੀਆਂ



ਵੀਡੀਓਜ਼ ਮਹਿੰਗੀਆਂ ਕਾਰਾਂ ਦੀ ਮਸ਼ਹੂਰੀ ਕਰਦੇ ਹਨ। ਲੱਚਰ ਗੀਤਾਂ ਵਿੱਚ ਟੁੱਟੀ-ਫੁੱਟੀ ਅੰਗਰੇਜ਼ੀ ਭਾਰੂ ਹੁੰਦੀ ਜਾ ਰਹੀ ਹੈ ਜਦਕਿ ਪੰਜਾਬੀ ਬੋਲੀ ਭਾਸ਼ਾ ਅਤੇ ਸੱਭਿਆਚਾਰ ਐਨਾ ਵੱਡਾ ਸ਼ਬਦ ਕੋਸ਼ ਹੈ ਕਿ ਲਿਖਣ ਗਾਉਣ ਲਈ ਕਦੇ ਕੋਈ ਕਮੀ ਆ ਹੀ ਨਹੀਂ ਸਕਦੀ। ਪੰਜਾਬ ਦੀ ਮੌਜੂਦਾ ਤਰਾਸਦੀ ਲਈ ਲੱਚਰ ਗੀਤ-ਸੰਗੀਤ ਜ਼ਿੰਮੇਵਾਰ ਹੈ।

ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਸਾਹਿਤ ਸੰਗੀਤ ਵਿੱਚੋਂ ਸਮੁੱਚੇ ਸਮਾਜ ਦੀ ਹਕੀਕਤ ਦਿਸਣੀ ਚਾਹੀਦੀ ਹੈ। ਸਮਾਜ ਦੀ ਚੰਗਿਆਈ ਦੇ ਨਾਲ-ਨਾਲ ਬੁਰਾਈ ਵੀ ਸਾਹਮਣੇ ਆਉਣੀ ਚਾਹੀਦੀ ਹੈ। ਗੀਤਕਾਰਾਂ ਅਤੇ ਗਾਇਕਾਂ ਨੂੰ ਸਮਾਜ ਪ੍ਰਤੀ ਆਪਣੇ ਫ਼ਰਜ਼ ਪਛਾਣਦੇ ਹੋਏ ਸਮਾਜਿਕ ਕੁਰੀਤੀਆਂ, ਭਰੂਣ ਹੱਤਿਆਵਾਂ, ਦਾਜ-ਪ੍ਰਥਾ, ਦਿਖਾਵਾ, ਨੰਗੇਜ਼ਵਾਦ, ਫਜ਼ੂਲਖ਼ਰਚੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ, ਪ੍ਰਦੂਸ਼ਣ ਵਰਗੇ ਮਸਲਿਆਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਨਸ਼ਿਆਂ ਨੂੰ ਪ੍ਰਫੁੱਲਿਤ ਕਰਨ ਵਾਲੇ ਗੀਤਾਂ ਨੂੰ ਕਾਨੂੰਨੀ ਨੱਥ ਪੈਣੀ ਚਾਹੀਦੀ ਹੈ। ਗਾਇਕਾਂ ਨੂੰ ਗੀਤ ਸੰਗੀਤ ਦੀ ਮਿਆਰੀ ਸਿੱਖਿਆ ਹਾਸਲ ਕਰਨੀ ਚਾਹੀਦੀ ਹੈ। ਆਮ ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਨੂੰ ਖ਼ਤਮ ਕਰਨ ਲਈ ਲੋਕਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਇਸ ਨਾਲ ਲੋਕਾਂ ਵਿੱਚ ਆਪਣੇ ਹੱਕਾਂ ਪ੍ਰਤੀ ਚੇਤਨਾ ਆਵੇਗੀ। ਚੇਤਨ ਲੋਕ ਇਕੱਠੇ ਹੋਣਗੇ ਤਾਂ ਸੰਘਰਸ਼ਤ ਲਹਿਰਾਂ ਵੀ ਉੱਠਣਗੀਆਂ। ਅਤੀਤ ਤੋਂ ਪੰਜਾਬੀ ਗਾਇਕੀ ਲੋਕ ਲਹਿਰਾਂ ਉਸਾਰਦੀ ਆਈ ਹੈ।

ਸੰਸਾਰ ਪੱਧਰ 'ਤੇ ਇਨਕਲਾਬਾਂ ਦਾ ਪਿਛੋਕੜ ਵਾਚਦਿਆਂ ਇਹ ਗੱਲ ਸਪੱਸ਼ਟ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਨਕਲਾਬਾਂ ਦਾ ਆਧਾਰ ਤਿਆਰ ਕਰਨ ਵਿੱਚ ਸਾਹਿਤ, ਸੰਗੀਤ ਦਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਦੁਨੀਆਂ ਉੱਪਰ ਅੰਗਰੇਜ਼ੀ ਹਕੂਮਤ ਦਾ ਆਧਾਰ ਵੀ ਇਸਾਈ ਸਾਹਿਤ, ਸੰਗੀਤ ਸੀ। ਅਰਬ ਦੇਸ਼ਾਂ ਵਿੱਚ ਮੁਸਲਿਮ ਸਾਮਰਾਜ ਦਾ ਆਧਾਰ ਵੀ ਇਸਲਾਮਿਕ ਸਾਹਿਤ ਸੀ ਤੇ ਹੈ। ਚੰਦਰ ਗੁਪਤ ਦੇ ਇਨਕਲਾਬ ਦਾ ਆਧਾਰ ਵੀ ਬੋਧ ਸਾਹਿਤ ਤੇ ਸੰਗੀਤ ਸੀ। ਸ਼ਿਵਾ ਜੀ ਦੇ ਇਨਕਲਾਬ ਦਾ ਆਧਾਰ ਵੀ ਮਹਾਰਾਸ਼ਟਰ ਦੇ ਸੰਤਾਂ ਦੇ ਦੋਹੇ ਤੇ ਸੰਗੀਤ ਹੀ ਸੀ। ਮਹਾਰਾਜਾ ਰਣਜੀਤ ਸਿੰਘ ਸਿੱਖ ਰਾਜ ਦਾ ਆਧਾਰ ਵੀ ਗੁਰੂਆਂ ਦਾ ਸਿੱਖ ਸਾਹਿਤ ਤੇ ਸੰਗੀਤ ਸੀ। ਨੈਪੋਲੀਅਨ ਬੋਨਾਪਾਰਟ ਦੇ ਫਰਾਂਸ ਇਨਕਲਾਬ ਦਾ ਆਧਾਰ ਵੀ ਰੂਸੋ ਤੇ ਵਾਲਟੇਅਰ ਦਾ ਸਾਹਿਤ ਤੇ ਸੰਗੀਤ ਹੀ ਸੀ। ਰੂਸ ਦੇ ਇਨਕਲਾਬ ਦਾ ਆਧਾਰ ਵੀ ਮਾਰਕਸ ਤੇ ਗੋਰਕੀ ਦਾ ਸਾਹਿਤ ਤੇ ਸੰਗੀਤ ਸੀ।

ਪੰਜਾਬ ਮੁੱਢ ਕਦੀਮ ਤੋਂ ਹੀ ਆਜ਼ਾਦੀ, ਸਮਾਨਤਾ, ਭਾਈਚਾਰਾ ਤੇ ਨਿਆਂ ਲਈ ਲੜਦਾ ਰਿਹਾ ਹੈ। ਪੰਜਾਬੀ ਗੀਤ-ਸੰਗੀਤ ਨੇ ਹੀ ਪੰਜਾਬੀਆਂ ਨੂੰ ਦੇਸ਼ ਦੁਨੀਆਂ ਦੇ ਨਾਇਕ ਬਣਾ ਕੇ ਪੰਜਾਬ ਦਾ ਮਾਣ ਵਧਾਇਆ ਹੈ। ਇਸ ਲਈ ਪੰਜਾਬੀ ਗਾਇਕੀ ਨੂੰ ਅਤੀਤ ਦੇ ਸੱਭਿਆਚਾਰ ਤੋਂ ਸੇਧ ਲੈਣ ਦੀ ਲੋੜ ਹੈ।

ਸਿਵਲ ਕੋਰਟਸ, ਫਗਵਾੜਾ (ਪੰਜਾਬ)
ਮੋ: 98145-17499

(ਰੋਜ਼ਾਨਾ ਅਜੀਤ 04-03-2018 'ਚੋਂ ਧੰਨਵਾਦ ਸਹਿਤ!)

# ਬੰਜਰ ਤੇ ਖੰਡਰ ਹੁੰਦਾ ਜਾ ਰਿਹਾ ਪੰਜਾਬ

**ਬੁੱਧ ਸਿੰਘ ਨੀਲੋਂ**

ਪੰਜਾਬ ਨੂੰ ਸੱਭਿਅਤਾ ਦਾ ਪੰਘੂੜਾ ਕਿਹਾ ਜਾਂਦਾ ਹੈ ਜਿੱਥੇ ਧਰਤੀ ਸੋਨਾ ਉਗਲਦੀ ਸੀ, ਵਾਤਾਵਰਨ ਵਿੱਚ ਮਿਠਾਸ ਸੀ, ਪਾਣੀ ਇਸ ਦਾ ਅੰਮ੍ਰਿਤ ਸੀ। ਇਸ ਧਰਤੀ ਦੀ ਗੋਦ ਵਿੱਚ ਆਉਂਦਾ ਹਰ ਪ੍ਰਾਣੀ ਇੱਥੋਂ ਦਾ ਹੀ ਹੋ ਕੇ ਰਹਿ ਜਾਂਦਾ। ਇੱਥੋਂ ਦੇ ਵਾਸੀ ਇੱਕ ਦੂਜੇ ਲਈ ਜਾਨਾਂ ਵਾਰਦੇ ਸਨ। ਮੁਹੱਬਤ ਦੀ ਨਦੀ ਵਗਦੀ ਸੀ। ਸੰਗੀਤ ਦਾ ਝਰਨਾ ਸੀ। ਅਣਖੀਲੇ ਸੁਭਾਅ ਦੇ ਮਾਲਕ ਪੰਜਾਬ ਨੇ ਕਦੇ ਵੀ ਦੁਸ਼ਮਣ ਵੱਲ ਕੰਡ ਨਹੀਂ ਕੀਤੀ, ਸਗੋਂ ਹਰ ਹਮਲੇ ਨੂੰ ਹਿੱਕ ਦੇ ਜ਼ੋਰ ਨਾਲ ਪਛਾੜਿਆ। ਆਜ਼ਾਦੀ ਦੀ ਲੜਾਈ ਵਿੱਚ ਪੰਜਾਬ ਨੇ ਸਭ ਤੋਂ ਵੱਧ ਕੁਰਬਾਨੀਆਂ ਦੇ ਕੇ ਦੇਸ਼ ਨੂੰ ਬ੍ਰਿਟਿਸ਼ ਹਕੂਮਤ ਤੋਂ ਨਿਜਾਤ ਦਿਵਾਈ। ਆਜ਼ਾਦੀ ਤੋਂ ਬਾਅਦ ਭੁੱਖੇ ਮਰ ਰਹੇ ਦੇਸ਼ ਨੂੰ ਅੰਨ ਨਾਲ ਮਾਲਾਮਾਲ ਕਰਨ ਵਾਲਾ ਵੀ ਪੰਜਾਬ ਹੈ। ਦੁੱਧ ਦੀਆਂ ਨਦੀਆਂ ਵਗਾਈਆਂ। ਇਨ੍ਹਾਂ ਹੋਈਆਂ ਬੀਤੀਆਂ ਨੂੰ ਹਾਲੇ ਗਿਣਤੀ ਦੇ ਵਰ੍ਹੇ ਹੀ ਹੋਏ ਹਨ, ਪਰ ਇਸ ਦੌਰਾਨ ਪੰਜਾਬ ਇੰਨਾ ਬਦਲ ਗਿਆ ਹੈ ਜਾਂ ਬਦਲ ਦਿੱਤਾ ਗਿਆ ਹੈ ਜਿਸ ਨੂੰ ਸਮਝਣ ਦੀ ਜ਼ਰੂਰਤ ਹੈ।

ਪੰਜਾਬ ਨੂੰ ਜਿਸ ਸਾਜ਼ਿਸ਼ ਅਧੀਨ ਲਤਾੜਿਆ ਜਾ ਰਿਹਾ ਹੈ ਉਸ ਪਿੱਛੇ ਕਿਹੜੀਆਂ ਤਾਕਤਾਂ ਦੇ ਕਿਹੜੇ ਪਿੱਠੂ ਹਨ, ਇਸ ਬਾਰੇ ਵੀ ਖੋਜ ਕਰਨ ਦੀ ਲੋੜ ਹੈ। ਹਰਿਆ-ਭਰਿਆ, ਚਹਿਕਦਾ-ਮਹਿਕਦਾ ਤੇ ਟਹਿਕਦਾ ਪੰਜਾਬ ਅੱਜ ਚਾਰੇ ਪਾਸਿਓਂ ਮੁਰਝਾ ਕਿਉਂ ਰਿਹਾ ਹੈ? ਇਸਦੇ ਖੇਤਾਂ ਵਿੱਚ ਫ਼ਸਲਾਂ ਦੀ ਥਾਂ ਕਦੇ ਬੰਦੂਕਾਂ ਉੱਗਦੀਆਂ ਰਹੀਆਂ, ਹੁਣ ਖ਼ੁਦਕੁਸ਼ੀਆਂ ਉੱਗਣ ਲੱਗ ਪਈਆਂ ਹਨ।

ਪੰਜਾਬ ਦੀ ਧਰਤੀ 'ਤੇ ਫ਼ਸਲਾਂ ਤੋਂ ਬੰਦੂਕਾਂ ਉੱਗਣ ਦੇ ਸਫ਼ਰ ਉੱਤੇ ਪੰਛੀ-ਝਾਤ ਮਾਰੀਏ ਤਾਂ ਬਿਨਾਂ ਨਿਰਾਸ਼ਾ ਤੋਂ ਕੁਝ ਪੱਲੇ ਨਹੀਂ ਪੈਂਦਾ ਕਿਉਂਕਿ ਕੁਝ ਮੌਕਾਪ੍ਰਸਤ ਸਿਆਸਤਦਾਨਾਂ ਨੇ ਆਪਣੀ ਚੌਧਰ ਕਾਇਮ ਰੱਖਣ ਲਈ ਪੰਜਾਬ ਨੂੰ ਗਹਿਣੇ ਧਰਨ ਵਿੱਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਇਹ ਨਹੀਂ ਸੋਚਿਆ ਕਿ ਇਉਂ ਕਰਨ ਨਾਲ ਭਵਿੱਖ ਵਿੱਚ ਪੰਜਾਬ ਦੀ ਹਾਲਤ ਕੀ ਹੋਵੇਗੀ? ਹਜ਼ਾਰਾਂ ਗੱਭਰੂ ਮਾਰੇ ਗਏ, ਹਜ਼ਾਰਾਂ ਘਰ ਬਰਬਾਦ ਹੋ ਗਏ ਅਤੇ ਨਮੋਸ਼ੀ ਤੋਂ ਬਿਨਾਂ ਪੱਲੇ ਕੁਝ ਨਹੀਂ ਪਿਆ।

ਹੁਣ ਪੰਜਾਬ ਦੀ ਧਰਤੀ ਬੰਜਰ ਹੋ ਰਹੀ ਹੈ। ਧਰਤੀ ਹੇਠਲਾ ਪਾਣੀ ਪਹੁੰਚ ਤੋਂ ਦੂਰ ਹੋ ਰਿਹਾ ਹੈ। ਜੋ ਪਾਣੀ ਮਿਲਦਾ ਵੀ ਹੈ ਉਹ ਜ਼ਹਿਰੀਲਾ ਹੋ ਗਿਆ ਹੈ। ਇਹ ਪੀਣ ਯੋਗ ਨਹੀਂ ਰਿਹਾ। ਵਾਤਾਵਰਣ ਪ੍ਰਦੂਸ਼ਿਤ ਹੋ ਰਿਹਾ ਹੈ। ਜ਼ਹਿਰੀਲੀਆਂ ਦਵਾਈਆਂ ਦੇ ਅੰਸ਼ ਭੋਜਨ ਲੜੀ ਵਿੱਚ ਸ਼ਾਮਲ ਹੋ ਕੇ ਪੰਜਾਬੀਆਂ ਦੇ ਸਰੀਰਾਂ ਵਿੱਚ ਵੜ ਗਏ ਹਨ। ਸਿੱਟੇ ਵਜੋਂ ਪੰਜਾਬ ਦਾ ਹਰ ਸ਼ਖ਼ਸ ਕਿਸੇ ਨਾ ਕਿਸੇ ਬਿਮਾਰੀ ਦੀ ਲਪੇਟ ਵਿੱਚ ਹੈ। ਜਾਨ-ਲੇਵਾ ਬਿਮਾਰੀਆਂ ਨੇ ਰੋਜ਼ ਅਨੇਕਾਂ ਜਾਨਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਾਡੀ ਧਰਤੀ, ਪਾਣੀ ਵਾਤਾਵਰਨ ਤੇ ਖਾਣ-ਪੀਣ ਦੀਆਂ ਵਸਤਾਂ ਨੂੰ ਜ਼ਹਿਰੀਲੀਆਂ ਕਰਨ ਵਾਲੀਆਂ ਧਿਰਾਂ ਕਿਹੜੀਆਂ ਹਨ? ਇਨ੍ਹਾਂ ਦੀ ਨਿਸ਼ਾਨਦੇਹੀ ਕੌਣ ਕਰੇਗਾ?

ਪੰਜਾਬ ਦਾ ਹਰ ਸ਼ਖ਼ਸ ਕਿਸੇ ਨਾ ਕਿਸੇ ਕਾਰਨ ਦੁਖੀ ਹੈ। ਵਿਸ਼ਵੀਕਰਨ ਦੇ ਰੌਲੇ ਨੇ ਉਸਨੂੰ ਹੋਰ ਵੀ ਭੰਬਲਭੂਸੇ ਵਿੱਚ ਪਾ ਦਿੱਤਾ ਹੈ। ਉਸਦੇ ਮਨ ਵਿੱਚ



ਉੱਠਦੇ ਤਰ੍ਹਾਂ-ਤਰ੍ਹਾਂ ਦੇ ਸਵਾਲਾਂ ਦਾ ਜਵਾਬ ਕਦੇ ਵੀ ਨਹੀਂ ਮਿਲਣਾ। ਇਸਦੇ ਉਲਟ ਵਿਕਾਸ ਦੇ ਨਾਂ 'ਤੇ ਵਿਨਾਸ਼ ਕੀਤਾ ਜਾ ਰਿਹਾ ਹੈ। ਪੰਜਾਬ ਦੀ ਕਿਸਾਨੀ ਅੱਜ ਖ਼ੁਦਕੁਸ਼ੀਆਂ ਤਕ ਪੁੱਜ ਗਈ ਹੈ। ਪੰਜਾਬ ਨੂੰ ਚੁਫੇਰਿਓਂ ਲੁੱਟਿਆ ਜਾ ਰਿਹਾ ਹੈ ਅਤੇ ਅਸੀਂ ਤਮਾਸ਼ਬੀਨ ਬਣੇ ਦੇਖ ਰਹੇ ਹਾਂ।

ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਸਿਉਂਕ ਲੱਗ ਗਈ ਹੈ। ਕਿਰਤ ਦਾ ਸੰਕਲਪ ਖ਼ਤਮ ਹੋ ਰਿਹਾ ਹੈ। ਗ਼ੈਰ-ਪੰਜਾਬੀਆਂ ਦੀ ਆਮਦ ਕਾਰਨ ਪੈਦਾ ਹੋਏ ਮਾਹੌਲ ਦੇ ਸਿੱਟੇ ਆਉਣੇ ਸ਼ੁਰੂ ਹੋ ਗਏ ਹਨ। ਪੰਜਾਬੀ ਆਪਣੀਆਂ ਜ਼ਮੀਨਾਂ ਵੇਚ-ਵੇਚ ਕੇ ਵਿਦੇਸ਼ਾਂ ਨੂੰ ਦੌੜ ਰਹੇ ਹਨ। ਬੇਰੁਜ਼ਗਾਰੀ ਨਿਰੰਤਰ ਵਧ ਰਹੀ ਹੈ। ਸਰਕਾਰੀ ਕਰਮਚਾਰੀਆਂ ਨੂੰ ਆਪਣੀਆਂ ਮੰਗਾਂ ਖ਼ਾਤਰ ਧਰਨੇ ਦੇਣੇ ਪੈਂਦੇ ਹਨ।

ਲੋਕ ਪੈਸੇ ਦੀ ਦੌੜ ਦੇ ਚੱਕਰ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ। ਪੰਜਾਬ ਵਿੱਚ ਫ਼ਸਲਾਂ ਦੀ ਥਾਂ ਵੱਡੀਆਂ-ਵੱਡੀਆਂ ਇਮਾਰਤਾਂ ਦਾ ਜੰਗਲ ਉੱਗ ਆਇਆ ਹੈ। ਇਨ੍ਹਾਂ ਜੰਗਲਾਂ ਨੇ ਪ੍ਰੋ: ਪੂਰਨ ਸਿੰਘ ਦਾ ਪੰਜਾਬ ਖੋਹ ਲਿਆ ਹੈ। ਅਮੀਰ ਲੋਕ ਹੋਰ ਅਮੀਰ ਹੋ ਰਹੇ ਹਨ, ਪਰ ਗ਼ਰੀਬ ਦਾ ਜਿਊਣਾ ਦੁੱਭਰ ਹੋ ਰਿਹਾ ਹੈ, ਕਿਉਂਕਿ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਹਾਸ਼ੀਏ 'ਤੇ ਬੈਠੇ ਲੋਕ ਖਾਮੋਸ਼ ਹਨ। ਉਹ ਦੇਖ ਰਹੇ ਹਨ ਕਿ ਇਹ ਵਿਕਾਸ ਉਨ੍ਹਾਂ ਨੂੰ ਕਿੱਥੇ ਤਕ ਲੈ ਕੇ ਜਾਵੇਗਾ?

ਜ਼ਿਆਦਾਤਰ ਸਿਆਸੀ ਪਾਰਟੀਆਂ ਤਾਂ ਬਹੁਕੌਮੀ ਕੰਪਨੀਆਂ ਦੀਆਂ ਦਲਾਲ ਬਣ ਕੇ ਰਹਿ ਗਈਆਂ ਹਨ। ਇਨ੍ਹਾਂ ਕੋਲੋਂ ਦੇਸ਼ ਨੂੰ ਬਚਾਈ ਰੱਖਣ ਦੀ ਆਸ ਕਰਨੀ ਭੀ ਵੱਡੀ ਭੁੱਲ ਹੋਵੇਗੀ। ਜੋ ਕੁਝ ਲੁੱਟਿਆ ਜਾ ਸਕਦਾ ਹੈ ਬਹੁਕੌਮੀ ਕੰਪਨੀਆਂ ਲੁੱਟ ਰਹੀਆਂ ਹਨ।

ਹੱਸਦਾ-ਵੱਸਦਾ ਪੰਜਾਬ ਅੱਜ ਰੋ ਕਿਉਂ ਰਿਹਾ ਹੈ? ਇਸ ਦੀਆਂ ਅੱਖਾਂ ਦੇ ਅੱਥਰੂ ਕੌਣ ਪੂੰਝੇਗਾ? ਪੰਜਾਬੀ ਸੱਭਿਆਚਾਰ ਪ੍ਰਦੂਸ਼ਿਤ ਕਰ ਦਿੱਤਾ ਗਿਆ ਹੈ। ਸਾਡੇ ਗੀਤਕਾਰ ਤੇ ਗਾਇਕ ਦਮੜੀਆਂ ਦੇ ਲਾਲਚਵੱਸ ਆਪਣੀ ਅਣਖ ਵੇਚੀ ਜਾ ਰਹੇ ਹਨ। ਟੀ.ਵੀ. ਉੱਪਰ ਆਉਂਦੇ ਲੜੀਵਾਰ ਸਾਡੇ ਪਰਿਵਾਰਿਕ ਰਿਸ਼ਤਿਆਂ ਨਾਲ ਖਿਲਵਾੜ ਕਰ ਰਹੇ ਹਨ। ਇਲੈਕਟ੍ਰਾਨਿਕ ਮੀਡੀਆ ਅਤੇ ਮੋਬਾਈਲ ਫ਼ੋਨ ਪੰਜਾਬ ਨੂੰ ਨਸ਼ਿਆਂ ਅਤੇ ਦੇਹ ਦੀ ਮੰਡੀ ਵਿੱਚ ਤਬਦੀਲ ਕਰ ਰਹੇ ਹਨ। ਪੰਜਾਬ ਦਾ ਅਣਖੀਲਾ ਤੇ ਗੁਰੀਲਾ ਸੁਭਾਅ ਖੰਭ ਲਾ ਕੇ ਉੱਡ ਗਿਆ ਹੈ। ਅੱਜ ਸਾਨੂੰ ਸਭ ਪੰਜਾਬੀਆਂ ਨੂੰ ਸੋਚਣ ਦੀ ਲੋੜ ਹੈ ਕਿ ਕੌਣ ਹੈ ਜੋ ਪੰਜਾਬ ਨੂੰ ਖੋਖਲਾ ਕਰੀ ਜਾ ਰਿਹਾ ਹੈ? ਇਸ ਲਈ ਕਿਸੇ ਪੀਰ ਪੈਗ਼ੰਬਰ ਨੇ ਨਹੀਂ ਆਉਣਾ ਸਗੋਂ ਸਾਨੂੰ ਖ਼ੁਦ ਕੁਝ ਕਰਨਾ ਪਵੇਗਾ। ਜੇ ਅਸੀਂ ਹੁਣ ਵੀ ਨਾ ਸੰਭਲੇ ਤਾਂ ਆਉਣ ਵਾਲੀਆਂ ਨਸਲਾਂ ਸਾਨੂੰ ਕਦੇ ਵੀ ਮੁਆਫ਼ ਨਹੀਂ ਕਰਨਗੀਆਂ। ਆਓ, ਪੰਜਾਬ ਨੂੰ ਬੰਜਰ, ਖੰਡਰ ਅਤੇ ਜ਼ਹਿਰੀਲਾ ਹੋਣ ਤੋਂ ਬਚਾਈਏ।

ਸੰਪਰਕ: 94643-70823

(ਰੋਜ਼ਾਨਾ ਪੰਜਾਬੀ ਟ੍ਰਿਬਿਊਨ 20-05-2018 'ਚੋਂ ਧੰਨਵਾਦ ਸਹਿਤ!)

## ਸੱਭਿਆਚਾਰ ਵਿੱਚ ਫੈਲ ਰਿਹਾ ਹੈ ਅੱਤਵਾਦ

**ਬਲਿਹਾਰ ਸਿੰਘ ਗੋਬਿੰਦਗੜ੍ਹੀਆ**

ਵੈਸੇ ਤਾਂ ਦੁਨੀਆਂ ਦਾ ਹਰ ਦੇਸ਼ ਹੀ ਕਈ ਤਰ੍ਹਾਂ ਦੇ ਅਤਿਵਾਦ ਤੋਂ ਪੀੜਿਤ ਹੈ, ਪਰ ਆਪਣੇ ਦੇਸ਼ ਵਿੱਚ ਖ਼ੂਨੀ ਅਤਿਵਾਦ ਤੋਂ ਬਿਨਾਂ ਵੀ ਕਈ ਤਰ੍ਹਾਂ ਦੇ ਅਤਿਵਾਦ ਨੇ ਆਮ ਨਾਗਰਿਕ ਨੂੰ ਨਪੀੜ ਕੇ ਰੱਖਿਆ ਹੋਇਆ ਹੈ। ਹਰ ਰੋਜ਼ ਅਖ਼ਬਾਰਾਂ, ਚੈਨਲਾਂ ’ਤੇ ਬਣੀਆਂ ਸੁਰਖ਼ੀਆਂ ਵਿੱਚ ਖ਼ੂਨੀ ਅਤਿਵਾਦ, ਬਲਾਤਕਾਰ, ਭਰੂਣ ਹੱਤਿਆ, ਚੋਰੀ, ਡਾਕੇ, ਲੁੱਟਾਂ-ਖੋਹਾਂ, ਬੇਰੁਜ਼ਗਾਰੀ, ਨਸ਼ੇੜੀਪੁਣਾ, ਫੈਸ਼ਨਪ੍ਰਸਤੀ, ਐਸ਼ਪ੍ਰਸਤੀ, ਬਾਲ ਮਜ਼ਦੂਰੀ, ਕਰਜ਼ੇ ਦੇ ਭਾਰ ਹੇਠ ਦੱਬੇ ਮਜ਼ਦੂਰਾਂ ਕਿਸਾਨਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਦਾਜ-ਦਹੇਜ, ਵਿਦੇਸ਼ ਭੇਜਣ ਵਿੱਚ ਠੱਗੀਆਂ ਕਰਨ, ਤਰ੍ਹਾਂ-ਤਰ੍ਹਾਂ ਦੇ ਅਤਿਵਾਦ ਦੇ ਸਤਾਏ ਲੋਕਾਂ ਦੀ ਬੇਵਸੀ ਸਾਫ਼ ਵਿਖਾਈ ਦਿੰਦੀ ਹੈ। ਇਸ ਦਾ ਅਜੇ ਤਕ ਕਿਸੇ ਸਰਕਾਰ ਵੱਲੋਂ ਸਹੀ ਇਲਾਜ-ਉਪਾਅ ਨਹੀਂ ਕੀਤਾ ਗਿਆ।

ਨੌਜਵਾਨ ਦੇਸ਼ ਦਾ ਭਵਿੱਖ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਸਹੀ ਰਾਹ ਵਿਖਾ ਕੇ ਸਾਡੇ ਅਮੀਰ ਸੱਭਿਆਚਾਰ ਦੀ ਆਨ-ਸ਼ਾਨ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਦੀ ਜ਼ਿੰਮੇਵਾਰੀ ਕਲਾਕਾਰ ਲੋਕਾਂ ਸਿਰ ਆਉਂਦੀ ਹੈ। ਕਿਸੇ ਕੌਮ ਦੀ ਵਿਰਾਸਤ ਬਾਰੇ ਜਾਣਨ ਲਈ ਉਸਦਾ ਅਤੀਤ ਫਰੋਲਣ ’ਤੇ, ਉਸਦੇ ਸੱਭਿਆਚਾਰ ਬਾਰੇ ਬਾਖ਼ੂਬੀ ਜਾਣਕਾਰੀ ਮਿਲ ਜਾਂਦੀ ਹੈ। ਸਾਡੇ ਪੰਜਾਬ ਦੇ ਕੁਰਬਾਨੀਆਂ ਭਰੇ ਸੁਨਹਿਰੀ ਵਿਰਸੇ ਤੇ ਸਖ਼ਤ ਮਿਹਨਤਾਂ ਕਰ ਕੇ ਮਿੱਟੀ ਵਿੱਚ ਸੋਨਾ ਉਗਾਉਣ ਤੋਂ ਅੱਗੇ ਅਣਖ, ਗ਼ੈਰਤ, ਇੱਜ਼ਤ, ਆਬਰੂ, ਖ਼ਾਸ ਕਰਕੇ ਔਰਤ ਨੂੰ ਗੁਰੂਆਂ ਵੱਲੋਂ ਬਖ਼ਸ਼ੇ “ਜਗ ਜਣਨੀ ਦੇ ਖਿਤਾਬ’ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਵੇਖਣ ਨੂੰ ਨਹੀਂ ਮਿਲਦੀ। ਬੜੇ ਅਫ਼ਸੋਸ ਦੀ ਗੱਲ ਹੈ ਕਿ ਸਾਡੇ ਅਮੀਰ ਸੱਭਿਆਚਾਰ ਨੂੰ ਕਈ ਸਿਰ ਫਿਰੇ ਅਖੌਤੀ ਗੀਤਕਾਰਾਂ, ਗਾਇਕਾਂ, ਵੀਡੀਓ ਪ੍ਰੋਡਿਊਸਰਾਂ, ਡਾਇਰੈਕਟਰਾਂ, ਮਾਡਲਾਂ ਨੇ ਮਿੱਟੀ ਵਿੱਚ ਮਿਲਾਉਣ ਦੇ ਭਰਮ ਹੇਠ ਜੋ ਸੱਭਿਆਚਾਰਕ ਅੱਤਵਾਦ ਫੈਲਾਇਆ ਹੈ, ਇਸ ਨਾਲ ਸਾਡੇ ਵਰਤਮਾਨ ਅਤੇ ਭਵਿੱਖ ਉੱਤੇ ਬਹੁਤ ਮਾੜਾ ਅਸਰ ਪੈ ਰਿਹਾ ਹੈ।

ਦੁਨੀਆਂ ਦੇ ਵੱਡੇ-ਵੱਡੇ ਵਿਦਵਾਨਾਂ ਵੱਲੋਂ ਔਰਤ ਨੂੰ ਬਹੁਤ ਸਤਿਕਾਰ ਦਿੰਦਿਆਂ ਵਡਿਆਇਆ ਗਿਆ ਹੈ। ਆਮ ਲੋਕਾਂ ਨੇ ਹਰ ਖੇਤਰ ਵਿੱਚ ਔਰਤ ਨੂੰ ਸਵੀਕਾਰਦਿਆਂ ਦੇਸ਼ ਦੇ ਮਹਾਨ ਅਹੁਦਿਆਂ ’ਤੇ ਪਹੁੰਚਾਇਆ ਹੈ। ਹਰ ਖੇਤਰ ਵਿੱਚ ਔਰਤ, ਮਰਦਾਂ ਦੇ ਮੁਕਾਬਲੇ ਵਿੱਚ ਅੱਗੇ ਆ ਰਹੀ ਹੈ। ਪਰ ਸੱਭਿਆਚਾਰ ਦੇ ਨਾਂ ’ਤੇ ਕਲਾਕਾਰੀ ਕਰਨ ਵਾਲੇ ਸੌੜੀ ਸੋਚ ਦੇ ਮਾਲਕਾਂ ਨੇ ਗੀਤਾਂ ਵਿੱਚ ਔਰਤ ਨੂੰ ਇੱਕ ਭੋਗਣ ਵਾਲੀ ਵਸਤੂ ਬਣਾ ਕੇ ਅੱਜਕੱਲ੍ਹ ਜੋ ਆਡੀਓ-ਵੀਡੀਓ ਰਾਹੀਂ ਅੱਤ ਚੁੱਕੀ ਹੈ, ਉਹਦੇ ਤੋਂ ਹਰ ਕੋਈ ਜਾਣੂ ਹੈ। ਇਹ ਗਾਇਕ ਆਪਣੀ ਬੇਹੂਦਾ ਸ਼ਕਲ ਬਣਾ ਕੇ ਖੋਟੀ ਅਕਲ ਦਾ ਸਬੂਤ ਦਿੰਦੇ ਹੋਏ ਆਮ ਗੀਤਾਂ ਵਿੱਚ ਹੀ ਸਿਰਫ਼ ਕੁੜੀ



’ਤੇ ਟਾਂਚ ਕਰਦੇ ਉਸ ਨਾਲ ਘਟੀਆ-ਅਸ਼ਲੀਲ ਹਰਕਤਾਂ ਭਰੇ ਕਾਰਨਾਮੇ ਕਰਕੇ ਆਪਣਾ ਨਾਂ ਚਮਕਾਉਣ ਦੇ ਭੁਲੇਖੇ ਵਿੱਚ ਆਮ ਲੋਕਾਂ ਦੀਆਂ ਸੱਭਿਆਚਾਰਕ ਭਾਵਨਾਵਾਂ ਨੂੰ ਜ਼ਖ਼ਮੀ ਕਰ ਰਹੇ ਹਨ। ਇਹ ਸੱਭਿਆਚਾਰਕ ਅੱਤਵਾਦ ਫੈਲਾਉਣ ਖ਼ਾਤਰ ਜਣੇ-ਖਣੇ ਦੇ ਗਲ ਬਾਹਾਂ ਪਾਉਣ, ਉਸ ਨਾਲ ਚਿੰਬੜਨ ਤੋਂ ਅੱਗੇ ਪਤਾ ਨਹੀਂ ਕਿੱਥੋਂ ਤਕ ਗਿਰੇ ਹੋਏ ਕਿਰਦਾਰ ਨਿਭਾ ਕੇ ਦੰਦੀਆਂ ਕੱਢਦੀਆਂ, ਬੇਸ਼ਰਮੀ ਤੇ ਗਿੱਚੀ ਪਿੱਛੇ ਮੱਤ ਵਾਲੀ ਕਹਾਵਤ ਦਾ ਸਬੂਤ ਦਿੰਦੀਆਂ ਹਨ। ਸਮਝ ਨਹੀਂ ਆਉਂਦੀ ਇਹ ਸੱਭਿਆਚਾਰਕ ਅਤਿਵਾਦ ਫੈਲਾਉਣ ਵਾਲੇ ਟੋਲੇ-ਟੋਲੀਆਂ ਦਾ ਕੋਈ ਅੱਗੇ-ਪਿੱਛੇ ਸਕਾ-ਸੋਦਰਾ, ਮਾਂ-ਬਾਪ, ਭਾਈ-ਭੈਣ, ਦੂਰ ਨੇੜੇ ਦਾ ਰਿਸ਼ਤੇਦਾਰ ਹੈ ਹੀ ਨਹੀਂ; ਜੀਹਦੇ ਕਾਰਨ ਇਹ ਇੰਨੇ ਬੇਸ਼ਰਮ, ਬੇ-ਹਜਾ ਹੋ ਚੁੱਕੇ ਹਨ ਜਾਂ ਫਿਰ ਇਨ੍ਹਾਂ ਦੇ ਸਕੇ ਸ਼ਰੀਕ ਵੀ ਇਨ੍ਹਾਂ ਨੂੰ ਰੋਕਣ ਦੀ ਹਿੰਮਤ ਨਹੀਂ ਰੱਖਦੇ ਅਤੇ ਇਹ ਬਾਗੀ ਸੱਭਿਆਚਾਰਕ ਅਤਿਵਾਦੀ ਆਪਣੇ ਗੀਤਾਂ ਵਿੱਚ ਜ਼ਬਾਨੀ ਵਾਰ ਕਰਨ ਤੋਂ ਅੱਗੇ ਲੰਘਦਿਆਂ ਕਿਸੇ ਕਾਨੂੰਨ ਦੀ ਪ੍ਰਵਾਹ ਨਾ ਕਰਦਿਆਂ ਆਪਣੇ ਗੀਤਾਂ ਦੇ ਵੀਡੀਓ ਵਿੱਚ ਸ਼ਰੇਆਮ ਰਾਈਫਲਾਂ, ਡਾਗਾਂ, ਗੰਡਾਸਿਆਂ, ਕਿਰਚਾਂ, ਕਿਰਪਾਨਾਂ ਚਲਾਉਂਦੇ ਸਾਡੇ ਅਮੀਰ ਸੱਭਿਆਚਾਰ ਨੂੰ ਜ਼ਖ਼ਮੀ ਕਰਦੇ ਹੋਏ ਸਾਡੇ ਗੁਰੂਆਂ, ਪੀਰਾਂ, ਫ਼ਕੀਰਾਂ, ਯੋਧਿਆਂ, ਸ਼ਹੀਦਾਂ ਦਾ ਨਿਰਾਦਰ ਕਰਦੇ ਹੋਏ-ਹੱਦੋਂ ਅੱਗੇ ਲੰਘਦੇ ਜਾ ਰਹੇ ਹਨ।

ਸਾਡੇ ਦੇਸ਼ ਦਾ ਸੰਵਿਧਾਨ ਜਿੱਥੇ ਵਿਸ਼ਾਲ ਹੈ, ਉੱਥੇ ਹੀ ਇਹਦੇ ਸੱਭਿਆਚਾਰ ਦਾ ਮਾਣ ਮਹੱਤਵ ਬਣਾਈ ਰੱਖਣ ਲਈ ਵੀ ਕਾਨੂੰਨੀ ਧਾਰਾਵਾਂ ਹਨ, ਜਿਸ ਕਾਰਨ ਹੀ ਪੰਜਾਬ ਸਰਕਾਰ ਵੱਲੋਂ ਸੱਭਿਆਚਾਰਕ ਮਾਮਲੇ ਵਿਭਾਗ ਬਣਾ ਕੇ ਇਸਨੂੰ ਇੱਕ ਮੰਤਰੀ ਵੀ ਦਿੱਤਾ ਹੈ। ਪਰ ਕੀ ਇਹ ਮੰਤਰੀ ਸਾਹਿਬ ਇਸ ਸੱਭਿਆਚਾਰਕ ਅਤਿਵਾਦ ਤੋਂ ਬੇਖ਼ਬਰ ਹਨ? ਮੰਨਦੇ ਹਾਂ ਕਿ ਰੁਝੇਵਿਆਂ ਕਾਰਨ ਉਹ ਇਹ ਵੀਡੀਓਜ਼ ਵਗ਼ੈਰਾ ਨਹੀਂ ਵੇਖਦੇ ਪਰ ਕੀ ਕਦੇ ਵੀ ਕਿਸੇ ਨਿੱਜੀ ਜਾਂ ਸਰਕਾਰੀ ਸਟੇਜਾਂ ਤੋਂ ਉੱਤਰ ਉਨ੍ਹਾਂ ਨੇ ਕਦੇ ਸਾਡੇ ਸੱਭਿਆਚਾਰ ਨੂੰ ਛਲਣੀ ਕਰ ਰਹੇ ਅਤਿਵਾਦੀ ਕਲਾਕਾਰ ਨਹੀਂ ਵੇਖੇ? ਫਿਰ ਸੱਭਿਆਚਾਰਕ ਮੰਤਰੀ ਬਣਾਉਣ ਦਾ ਕੀ ਮਤਲਬ ਬਣਦਾ ਹੈ। ਸਿਰਫਿਰੇ ਅਖੌਤੀ ਕਲਾਕਾਰਾਂ ਨੂੰ ਆਪਣੇ ਨਿੱਜ ਲਈ ਥਲਾਂ ਵਿੱਚ ਮੱਚਦੀ ਸੱਮੀ ਦੀ ਹੂਕ ਤਾਂ ਸੁਣਦੀ ਹੈ ਪਰ ਸਮੁੱਚੀ ਕੌਮ ਲਈ ਤੱਤੀ ਤਵੀ ’ਤੇ ਬੈਠੇ ਆਪਣੇ ਸੀਸ ਤੱਤੀ ਰੇਤ ਪਵਾਉਣ ਵਾਲੇ ਸ਼ਹੀਦਾਂ ਦੇ ਸਿਰਤਾਜ ਪਵੇਂ ਪਾਤਿਸ਼ਾਹ ਦੀ ਕੁਰਬਾਨੀ ਯਾਦ ਕਰਦਿਆਂ ਜ਼ਬਾਨ ਥਥਲਾਉਂਦੀ ਹੈ। ਆਪਣੇ ਲਈ ਕੋਈ ਹੀਰ ਦੇ ਘਰ ਬਾਰਾਂ ਸਾਲ ਮੱਝਾਂ ਚਾਰਦਾ ਮਰ ਗਿਆ, ਕੋਈ ਸਕੇ ਮਾਮੇ ਦੀ ਕੁੜੀ ਨੂੰ ਰਾਤ ਨੂੰ ਕਾਇਰਾਂ ਵਾਂਗ ਕੱਢ ਕੇ ਲਿਆਇਆ ਤੇ ਅਗਲਿਆਂ ਨੇ ਜੰਡ ਹੇਠ ਵੱਢਤਾ, ਕੋਈ ਪੱਟ ਚੀਰ ਕੇ ਮਰ ਗਿਆ ਤੇ ਕੋਈ ਮਰ ਗਈ ਝਨਾਅ ’ਚ ਡੁੱਬ ਕੇ, ਇਹ ਸਾਰੇ ਆਪਣੇ ਨਿੱਜ ਸਵਾਰਥ ਲਈ ਮਰੇ ਜਿਨ੍ਹਾਂ ਦਾ ਆਮ ਲੋਕਾਂ ਦੀ ਜ਼ਿੰਦਗੀ ਜਾਂ ਦੇਸ਼ ਨਾਲ ਕੋਈ ਤਾਅਲੁਕ ਨਹੀਂ ਹੈ। ਇਨ੍ਹਾਂ ਦੀਆਂ ਉਦਾਹਰਣਾਂ ਦਿੰਦੇ ਹੋਏ ਕੋਈ ਕਹਿੰਦਾ ਹੈ ਮੈਂ ਮਿਰਜ਼ਾ ਜੱਟ ਬਣ ਜਾਊਂ, ਕੋਈ ਕਹਿੰਦਾ ਮੈਂ ਰਾਂਝਾ

ਬਣ ਜਾਊਂ, ਕੋਈ ਮਹੀਵਾਲ ਜਾਂ ਮਜਨੂੰ ਜਾਂ ਫਰਿਹਾਦ ਬਣਕੇ ਤੈਨੂੰ ਲਿਜਾਵਾਂਗਾ। ਫਿਰ ਕਈ ਇਨ੍ਹਾਂ ਦੀ ਚੁੱਕ ਵਿੱਚ ਆ ਕੇ ਆਪਣਾ ਮੱਕੂ ਠੱਪਵਾ ਬਹਿੰਦੇ ਹਨ। ਪਰ ਇਹ ਕੋਈ ਨਹੀਂ ਕਹਿੰਦਾ ਮੈਂ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਸੁਖਦੇਵ ਸਿੰਘ, ਰਾਜਗੁਰੂ ਜਾਂ ਹੋਰ ਸ਼ਹੀਦਾਂ ਦੇ ਪਾਏ ਪੂਰਨਿਆਂ 'ਤੇ ਚੱਲ ਕੇ ਉਨ੍ਹਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਫ਼ਾਂਸੀ ਦੇ ਰੱਸੇ ਚੁੰਮ ਲਊਂਗਾ।

ਸਿੱਖ ਸੱਭਿਆਚਾਰ ਦੇ ਪਹਿਲੇ ਗੁਰੂ ਸਾਹਿਬਾਂ ਤੋਂ ਲੈ ਕੇ ਦਸਮ ਪਿਤਾ ਤਕ ਦੀ ਅਣਮੁੱਲੀ ਦੇਣ ਨਾਲ ਸਿਰਜੇ ਗੌਰਵਮਈ ਪੰਜਾਬੀ ਸੱਭਿਆਚਾਰ ਅਤੇ ਅਸ਼ਲੀਲ ਲੱਚਰਤਾ ਦਾ ਘੱਟਾ ਪਾਉਣ ਵਾਲੇ ਇਨ੍ਹਾਂ ਦੋਗਲੀ ਨੀਤੀ ਵਾਲੇ ਕਲਾਕਾਰਾਂ ਨੂੰ ਸਬਕ ਸਿਖਾਉਣ ਲਈ ਇਸਤਰੀ ਜਾਗ੍ਰਿਤੀ ਮੰਚ, ਮਹਿਲਾ ਮੰਡਲ, ਧਾਰਮਿਕ ਜਥੇਬੰਦੀਆਂ, ਸਮਾਜ ਸੇਵਕ ਸੰਸਥਾਵਾਂ, ਸਾਹਿਤਕਾਰਾਂ ਤੋਂ ਅੱਗੇ ਹਰ ਚੇਤਨ ਨਾਗਰਿਕ ਨੂੰ ਸੱਭਿਆਚਾਰਕ ਅਤਿਵਾਦ ਦਾ ਮੂੰਹ ਤੋੜਵਾਂ ਜਵਾਬ ਦੇਣਾ ਚਾਹੀਦਾ ਹੈ, ਨਹੀਂ ਤਾਂ ਬੁਰੇ ਕਲਾਕਾਰ ਪੰਜਾਬੀ ਸੱਭਿਆਚਾਰ ਵਿੱਚ ਘੜਮੱਸ ਮਚਾ ਕੇ ਸਾਡੇ ਸੁਨਹਿਰੀ ਵਿਰਸੇ 'ਤੇ ਅਸ਼ਲੀਲਤਾ, ਲੱਚਰਤਾ ਦੀ ਗਰਦ ਪਾ ਕੇ ਇਸ ਨੂੰ ਧੁੰਦਲਾ ਰਚ ਕੇ, ਮਨਸੂਬੇ ਰਚ ਕੇ ਕੁਝ ਵੀ ਕਰ ਸਕਦੇ ਹਨ। ਸੱਭਿਆਚਾਰਕ ਅਤਿਵਾਦ ਨੂੰ ਸ਼ਹਿ ਤੇ ਸਹਿਯੋਗ ਦੇਣ ਵਿੱਚ ਦੂਰਦਰਸ਼ਨ ਵੀ ਜ਼ਿੰਮੇਵਾਰ ਹੈ, ਪੰਜਾਬੀ ਚੈਨਲਾਂ ਉੱਪਰ ਵਿਖਾਏ ਜਾਂਦੇ ਸੱਭਿਆਚਾਰਕ ਪ੍ਰੋਗਰਾਮ ਵਿੱਚ ਤਾਂ ਹਰ ਰੋਜ਼ ਹੀ ਏਨੀ ਮਾੜੀ ਸ਼ਬਦਾਵਲੀ ਤੇ ਫਿਲਮਾਂਕਣ ਵਿਖਾਇਆ ਜਾ ਰਿਹਾ ਹੈ ਜਿਸ ਬਾਰੇ ਲਿਖਣਾ ਵੀ ਮੁਸ਼ਕਿਲ ਹੈ।

ਸਦਕੇ ਜਾਈਏ ਰਾਗੀ, ਢਾਡੀ, ਕਵੀਸ਼ਰ, ਕਥਾ-ਵਾਚਕਾਂ ਦੇ ਜਿਹੜੇ ਸਾਡੇ ਪੰਜਾਬੀ ਵਿਰਸੇ ਦੇ ਅਮੀਰ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਨਾਮਾਤਰ ਭੇਟਾ ਦੇ ਜ਼ਰੀਏ ਇਸ ਸੱਭਿਆਚਾਰ ਵਿੱਚ ਅਤਿਵਾਦ ਫੈਲਾਉਣ ਵਾਲਿਆਂ ਨੂੰ ਸਹੀ ਰਾਹ ਅਤੇ ਸੱਭਿਅਤਾ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਆਪਣਾ ਯੋਗਦਾਨ ਪਾ ਰਹੇ ਹਨ। ਸੱਭਿਆਚਾਰ ਵਿੱਚ ਅਤਿਵਾਦ ਫੈਲਾ ਕੇ ਨਾਂ ਚਮਕਾਉਣ ਦੇ ਭੁਲੇਖੇ ਵਿੱਚ ਘਰਬਾਰ, ਜ਼ਮੀਨਾਂ ਜਾਇਦਾਦਾਂ ਵੇਚ ਕੇ ਕੁਰਾਹੇ ਪਏ ਗੀਤਕਾਰ ਗਾਇਕੋ, ਅਜੇ ਵੀ ਸਮਾਂ ਹੈ ਸੰਭਲਣ ਦਾ, ਆਪਣੇ ਸੱਭਿਆਚਾਰ ਨੂੰ ਸਹੀ ਰੂਪ ਵਿੱਚ ਪੇਸ਼ ਕਰਕੇ ਸਹੀ ਤਰੀਕੇ ਨਾਲ ਨਾਂ ਚਮਕਾਉਣ ਦਾ, ਨਹੀਂ ਤਾਂ ਜ਼ੁਲਮ ਕਰਨ ਵਾਲਿਆਂ ਦਾ ਅਤੇ ਜ਼ੁਲਮ ਕਰਨ ਵਾਲਿਆਂ ਨੂੰ ਸਬਕ ਸਿਖਾਉਣ ਵਾਲਿਆਂ ਦਾ ਨਾਂ ਦੁਨੀਆਂ ਲੈਂਦੀ ਹੈ; ਪਰ ਨੇਕੀ ਤੇ ਕਲੰਕੀ ਵਿੱਚ ਫ਼ਰਕ ਹੁੰਦਾ ਹੈ।

ਸੰਪਰਕ: 98785-20903

(ਰੋਜ਼ਾਨਾ ਸਪੋਕਸਮੈਨ 06-12-2017 'ਚੋਂ ਧੰਨਵਾਦ ਸਹਿਤ!)



# ਖ਼ਾਲੀਪਣ ਨਾਲ ਖੜਕਦੇ ਰਿਸ਼ਤੇ

**ਕੁਲਵੰਤ ਸਿੰਘ ਔਜਲਾ**

ਪੱਕੇ, ਪਾਕ ਤੇ ਪ੍ਰਾਣਵੰਤ ਰਿਸ਼ਤਿਆਂ ਦਾ ਯੁੱਗ ਬੀਤ ਗਿਆ ਲੱਗਦਾ ਹੈ। ਲੋੜਾਂ, ਲਾਲਚਾਂ ਤੇ ਆਪਸੀ ਲੈਣ-ਦੇਣ ਦੇ ਰਸਮੀ ਤੇ ਰੂਹਹੀਣ ਬੰਧਨਾਂ 'ਚ ਬੱਝੇ ਹੋਏ ਲੋਕ ਦਿਖਾਵਟੀ ਤੇ ਦੇਹਧਾਰੀ ਸਰੂਪਾਂ ਦੇ ਮੁਰੀਦ ਹੋ ਗਏ ਹਨ। 'ਲਾਈਆਂ ਤੇ ਤੋੜ ਨਿਭਾਵੀਂ" ਆਖਣ ਵਾਲੀਆਂ ਮਾਸੂਮ ਮੁਹੱਬਤਾਂ ਤੇ ਮੋਹਖਾਰੀਆਂ ਦਾ ਗਾਇਨ ਹੁਣ ਗੀਤਾਂ ਤੇ ਸੰਗੀਤਾਂ ਦਾ ਵਿਸ਼ਾ ਨਹੀਂ ਰਿਹਾ। ਨਾ ਲੱਗੀਆਂ ਦੀ ਖੁਮਾਰੀ ਤੇ ਨਾ ਟੁੱਟੀਆਂ ਦਾ ਵੈਰਾਗ। ਅੰਦਰੂਨੀ ਖ਼ਾਲੀਪਣ ਨਾਲ ਖੜਕਦੇ ਰਿਸ਼ਤਿਆਂ ਦੀ ਬਹੁਤੀ ਉਮਰ ਨਹੀਂ ਹੁੰਦੀ। ਰਿਸ਼ਤਿਆਂ ਨੂੰ ਤਾਉਮਰ ਨਿਭਾਉਣ ਤੇ ਪੁਗਾਉਣ ਲਈ ਜਿਸ ਤਰ੍ਹਾਂ ਦੀ ਜਾਨ, ਜੇਰੇ, ਜੁੱਸੇ ਤੇ ਜ਼ਿਆਰਤ ਦੀ ਜ਼ਰੂਰਤ ਹੁੰਦੀ ਹੈ, ਉਸਨੂੰ ਅਜੋਕੀ ਮਤਲਬੀ ਤੇ ਮੋਹਹੀਣ ਮੰਡੀ ਨੇ ਨਪੀੜ ਦਿੱਤਾ ਹੈ। ਸੰਬੰਧਾਂ ਵਿੱਚ ਬਜ਼ਾਰ ਆ ਜਾਣ ਨਾਲ ਰਿਸ਼ਤਿਆਂ ਦੀਆਂ ਤੰਦਾਂ, ਤਰੰਗਾਂ ਤੇ ਤੈਹਾਂ ਮਾਨਵੀ ਤੇ ਮਾਸੂਮ ਨਹੀਂ ਰਹੀਆਂ। ਸਾਂਭ-ਸੰਭਾਲ ਤੇ ਪੁੱਛ-ਗਿੱਛ ਲਈ ਬੇਹੱਦ ਸਮਝਦਾਰੀ, ਸਨੇਹ ਤੇ ਸੰਜਮ ਨਾਲ ਕੁਝ ਕੁ ਰਿਸ਼ਤੇ ਕਮਾ ਕੇ ਰੱਖਣੇ ਪੈਂਦੇ ਹਨ। ਰਿਸ਼ਤਿਆਂ ਨੂੰ ਕਮਾਉਣ ਦਾ ਕਾਰਜ ਆਪਸੀ ਮਿਲਵਰਤਣ, ਮੋਹ ਤੇ ਮਾਨਵੀਕਾਰੀ ਦੇ ਸੁਚੱਜੇ ਤੇ ਸਚਿਆਰੇ ਸੁਮੇਲ ਵਿੱਚੋਂ ਉਪਜਦਾ ਹੈ। ਗੁੜ ਜਾਂ ਸ਼ਹਿਦ ਨਾਲ ਨਵ-ਜੰਮੇ ਬੱਚੇ ਨੂੰ ਦਿੱਤੀ ਜਾਣ ਵਾਲੀ ਗੁੜ੍ਹਤੀ ਮਹਿਜ਼ ਰਸਮ ਨਹੀਂ ਹੁੰਦੀ। ਇਸ ਮਾਸੂਮ ਵਰਤਾਰੇ ਨਾਲ ਅਸੀਂ ਨਵਜੰਮੇ ਜੀਅ ਲਈ ਮਾਨਵੀ ਮਿਠਾਸ ਦੇ ਔਸ਼ਧੀ ਆਕਾਸ਼ ਦੀ ਭਵਿੱਖਮੁਖਰੇ ਕਲਪਨਾ ਦਾ ਸੁਪਨਾ ਲੈਂਦੇ ਹਾਂ। ਚੰਗੇ ਸੁਪਨੇ ਲੈਣ ਨਾਲ ਧੜਕਣਾਂ ਸੁੰਦਰ ਤੇ ਸਜੀਵ ਹੋ ਜਾਂਦੀਆਂ ਹਨ। ਨਵੀਂ, ਨਿਰਾਲੀ ਤੇ ਨਰੋਈ ਦੁਨੀਆਂ ਵਸਾਉਣ ਦਾ ਸੁਪਨਾ ਰਿਸ਼ਤਿਆਂ ਦੀ ਆਦਰਸ਼ਕ ਤੇ ਅਨੋਖੀ ਅੰਬਰਕਾਰੀ ਦਾ ਭਾਵਨਾਮੁਖੀ ਭਵਿੱਖ ਹੁੰਦਾ ਹੈ।

ਰਾਜਨੀਤਕ ਤੇ ਸਮਾਜਿਕ ਵੰਡਾਂ ਤੇ ਵਾਹਗਿਆਂ ਨੇ ਆਪਸੀ ਸੰਬੰਧਾਂ ਨੂੰ ਕੁਸੈਲਾ ਤੇ ਕਿਰਕਰਾ ਕਰ ਦਿੱਤਾ ਹੈ। ਪਿੰਡਾਂ, ਸ਼ਹਿਰਾਂ, ਮੁਹੱਲਿਆਂ ਤੇ ਅਦਾਰਿਆਂ ਵਿੱਚ ਵੰਡਾਂ ਤੇ ਵਿਤਕਰਿਆਂ ਦੇ ਆਧਾਰ 'ਤੇ ਵੱਖਰੇ-ਵੱਖਰੇ ਵਿੰਗ ਤੇ ਵਲਗਣ ਬਣ ਗਏ ਹਨ। ਲੋਕੀਂ ਆਪਣੇ-ਆਪਣੇ ਧੜਿਆਂ ਦੇ ਮਰਨਿਆਂ ਪਰਨਿਆਂ 'ਤੇ ਸ਼ਕਤੀ ਪ੍ਰਦਰਸ਼ਨ ਵਜੋਂ ਆਉਂਦੇ ਜਾਂਦੇ ਹਨ। ਨਿਰਮੋਹੇ ਤੇ ਨਿਰਦਈ ਯੁੱਗ ਨੇ ਮੌਤ ਵਰਗੀ ਸਭ ਨੂੰ ਆਉਣ ਵਾਲੀ ਤੇ ਦਾਰਸ਼ਨਿਕ ਸ਼ੈਅ ਨੂੰ ਵੀ ਸਰਬਸਾਂਝੀ ਤੇ ਸੰਸਕ੍ਰਿਤਕ ਵਰਤਾਰਾ ਨਹੀਂ ਰਹਿਣ ਦਿੱਤਾ। ਹੁਣ ਮਨੁੱਖ ਦੀ ਨਹੀਂ ਸਗੋਂ ਧੜਿਆਂ ਦੀ ਮੌਤ ਹੁੰਦੀ ਹੈ। ਵਿੱਥਾਂ ਤੇ ਵਿਵਾਦ ਇੰਨੇ ਬਾਰੀਕ ਤੇ ਬਲਸ਼ਾਲੀ ਹੋ ਗਏ ਹਨ ਜਿਵੇਂ ਘਰਾਂ ਵਿੱਚ ਪਾਕਿਸਤਾਨ ਹਿੰਦੁਸਤਾਨ ਉੱਗ ਆਏ ਹੋਣ। ਸਾਲਾਂ ਦੇ ਸਾਲ ਕਿਸੇ ਸੰਸਥਾ ਵਿੱਚ ਕੰਮ ਕਰਨ ਉਪਰੰਤ ਕਈ ਵਾਰ ਇੱਕ ਵੀ ਪੱਕਾ ਤੇ ਪ੍ਰਾਣਵੰਤ ਰਿਸ਼ਤਾ ਨਹੀਂ ਬਣਿਆ ਹੁੰਦਾ ਜੋ ਰਹਿੰਦੀ ਉਮਰ ਭਰ ਭਾਵੁਕ ਸੇਕ ਤੇ ਸ਼ਕਤੀ ਦੇ ਸਕੇ। ਸੰਸਥਾਵਾਂ ਵਿੱਚ ਮੁੜ-ਮੁੜ ਜਾਣ ਨੂੰ ਜੀਅ ਨਹੀਂ ਕਰਦਾ। ਕਿੰਨਾ ਮੋਹਖੋਰਾ ਤੇ ਮਾਨਵੀ ਸੀ ਮੇਰਾ ਬਾਪ ਜੋ ਉਮਰ ਭਰ ਲਾਇਲਪੁਰ ਦੀ ਜ਼ਰਖੇਜ਼ ਮਿੱਟੀ ਨੂੰ ਯਾਦ ਕਰਦਾ ਰਿਹਾ। ਕੱਚੇ ਕੋਠੇ ਲਿੰਬਦੀ ਆਪਣੀ ਮਾਂ ਦੇ ਪੋਟਿਆਂ 'ਚੋਂ ਮਾਨਵੀ ਮੋਹ ਦੀਆਂ ਝਨਾਵਾਂ

ਸਿੰਮਦੀਆਂ ਦੇਖੀਆਂ ਹਨ। ਅਜਿਹੇ ਲੋਕ ਤੇ ਘਰ ਹੁਣ ਨਹੀਂ ਰਹੇ। ਮਾਪੇ ਬੱਚਿਆਂ ਨੂੰ ਧੜਕਣਸ਼ੀਲ ਮਾਨਵੀ ਦਿਲ ਨਹੀਂ ਦਿੰਦੇ। ਹੁਣ ਗੁਰੂ ਤੇ ਮਾਪੇ ਬੱਚਿਆਂ ਨੂੰ ਨਕਾਰਾਤਮਕ ਸਹੂਲਤਾਂ ਤੇ ਸਰੋਕਾਰਾਂ ਲਈ ਉਤਸ਼ਾਹਿਤ ਤੇ ਉਤੇਜਿਤ ਕਰਦੇ ਹਨ। ਸਿੱਟੇ ਵਜੋਂ ਰਿਸ਼ਤਿਆਂ ਵਿੱਚ ਨੈਤਿਕਤਾ ਤੇ ਵਿਵਹਾਰਕ ਗਿਰਾਵਟ ਤੇ ਗ਼ਲੀਜ਼ਤਾ ਦਾ ਬੋਲਬਾਲਾ ਹੋ ਗਿਆ ਹੈ। ਜਦੋਂ ਮਾਨਵੀ ਮਾਪਦੰਡ, ਮਿਆਰ ਤੇ ਮਾਅਨੇ ਹੀ ਮੁੱਲਹੀਣ ਹੋ ਜਾਣ, ਉਸ ਵੇਲੇ ਰਿਸ਼ਤਿਆਂ ਦਾ ਹਸ਼ਰ ਵੀ ਹੈਰਾਨੀਜਨਕ ਹੋ ਜਾਂਦਾ ਹੈ। ਇਸ ਕਰਕੇ ਪੂਰਾ ਪੰਜਾਬ ਉਜੜਨ ਦੇ ਰਾਹ ਤੁਰਿਆ ਹੋਇਆ ਹੈ। ਵਿਦੇਸ਼ ਦੀ ਸਖ਼ਤ ਮਿਹਨਤ ਇੱਥੋਂ ਦੀ ਨੈਤਿਕ ਕੰਗਾਲੀ ਤੇ ਰਿਸ਼ਵਤਖੋਰੀ ਕੋਹਰਾਮ ਨਾਲੋਂ ਚੰਗੀ ਲੱਗਦੀ ਹੈ। ਕੰਗਾਲੀਆਂ ਤੇ ਕੋਹਰਾਮ ਰੂਹਾਂ ਤੇ ਰਿਸ਼ਤਿਆਂ ਨੂੰ ਅਲਹਿਦਾ ਤੇ ਆਤੰਕਿਤ ਕਰ ਦਿੰਦੀਆਂ ਹਨ ਤੇ ਲੋਕ ਆਖਣਾ ਸ਼ੁਰੂ ਕਰ ਦਿੰਦੇ ਹਨ ਕਿ ਹੁਣ ਕੋਈ ਕਿਸੇ ਦਾ ਸਕਾ ਨਹੀਂ ਰਿਹਾ।

ਰਿਸ਼ਤੇ ਪੌਸ਼ਟਿਕ ਖ਼ੁਰਾਕ ਤੇ ਖ਼ਾਬਗੋਈ ਵਰਗੇ ਹੁੰਦੇ ਹਨ। ਫ਼ਕੀਰ ਤੇ ਫ਼ਲਸਫ਼ਾਨਾ ਲੋਕ ਹੀ ਰਿਸ਼ਤਿਆਂ ਨੂੰ ਜੀਵਨ ਭਰ ਜਿਉਂਦਾ ਤੇ ਜਾਗ੍ਰਿਤ ਰੱਖ ਸਕਦੇ ਹਨ। ਅਸਥਾਈ ਲੋੜਾਂ ਤੇ ਲਾਲਚਾਂ ਨੇ ਰਿਸ਼ਤਿਆਂ ਦੀ ਜਾਨ ਕੱਢ ਲਈ ਹੈ। ਮਿਲ ਬੈਠਣ ਦੀ ਜਾਚ ਤੇ ਜੁਸਤਜੂ ਗਵਾਚ ਗਈ ਹੈ। ਗੁਫ਼ਤਗੂ ਦਾ ਮਹਿਫ਼ਲੀ ਮਹਾਤਮ ਮੁੱਕ ਗਿਆ ਪ੍ਰਤੀਤ ਹੁੰਦਾ ਹੈ। ਚਾਪਲੂਸਾਂ ਚੇਲਿਆਂ ਦੀ ਭੀੜ ਵਿੱਚੋਂ ਵਿਰਲਾ ਹੀ ਲੱਭਦਾ ਜੋ ਇਲਮ ਤੇ ਅਹਿਸਾਸ ਦੀ ਖੋਜ ਤੇ ਖ਼ਾਕਸਾਰੀ ਲਈ ਪ੍ਰਤੀਬੱਧ ਹੋਵੇ।

**ਮਾਂ ਕਹਿੰਦੀ ਸੀ ਸਦਾ ਨਹੀਂ ਜਗਣਾ**
**ਤਨ ਮਿੱਟੀ ਲਹੂ ਮਾਸ ਦਾ ਦੀਵਾ,**
**ਸਦਾ ਸਦਾ ਲਈ ਰਹੂ ਧੜਕਦਾ**
**ਇਲਮ ਤੇ ਅਹਿਸਾਸ ਦਾ ਦੀਵਾ।**

ਸਦੀਵੀ ਤੇ ਸਥਾਈ ਦੀ ਥਾਂ ਅਸਥਾਈ ਤੇ ਅਵਸਰਵਾਦੀ ਸੰਬੰਧ ਤੇ ਸਰੀਕੇ ਚੰਗੇ ਲੱਗਦੇ ਹਨ। ਕਿਸੇ ਨਾਲ ਰਲ ਕੇ ਲੰਬਾ ਸਮਾਂ ਕੁਝ ਚੰਗਾ ਕਰਨ ਦੀ ਤਮੰਨਾ ਤੇ ਤੇਹ ਨੂੰ ਪੁਗਾਉਣਾ ਸੌਖਾ ਨਹੀਂ ਰਿਹਾ। ਨਿੱਜਵਾਦ ਬੰਦੇ ਨੂੰ ਦੋ ਹੋਣ ਨਹੀਂ ਦਿੰਦਾ। ਸੁਚੱਜੇ ਸੁਮੇਲ ਤੇ ਸਹਿਚਾਰ ਦੀ ਥਾਂ ਹਾਜ਼ਰੀਆਂ ਹਜ਼ੂਰੀਆਂ ਤੇ ਹਜੂਮਾਂ ਦੀ ਪ੍ਰਧਾਨਤਾ ਹੈ। ਜਦੋਂ ਘਰ, ਗੁਰਦੁਆਰੇ, ਸਕੂਲ, ਦਫ਼ਤਰ ਅਤੇ ਵਿਆਹਾਂ ਵਿੱਚ ਲੋਕ ਹਾਜ਼ਰੀਆਂ ਤੇ ਹਜੂਮਾਂ ਦੀ ਪ੍ਰਧਾਨਤਾ ਹੈ। ਜਦੋਂ ਘਰ, ਗੁਰਦੁਆਰੇ, ਸਕੂਲ, ਦਫ਼ਤਰ ਅਤੇ ਵਿਆਹਾਂ ਵਿੱਚ ਲੋਕ ਹਾਜ਼ਰੀਆਂ ਲਈ ਜਾਣ ਲੱਗ ਪੈਣ ਉਦੋਂ ਦਿਲ 'ਚੋਂ ਬੋਲਣ ਦੀ ਰਵਾਇਤ ਗੁੰਗੀ ਹੋ ਜਾਂਦੀ ਹੈ:

**ਮੰਦਰ ਮਸੀਤਾਂ ਗੁਰਦੁਆਰੇ ਸੰਗਮਰਮਰੀ ਹੋ ਗਏ**
**ਘਰਾਂ ਤੋਂ ਵੱਡਾ ਘਰਾਂ ਦਾ ਆਕਾਰ ਹੋ ਗਿਆ**
**ਦੇਖ ਬਾਬਾ ਤੇਰਾ ਬੰਦਾ ਕਿੰਨਾ ਅਵਾਜ਼ਾਰ ਹੋ ਗਿਆ।**

ਸੰਪਰਕ: 01822235343



# ਸੱਭਿਆਚਾਰਕ ਵਾਵਰੋਲਿਆਂ 'ਚ ਘਿਰਿਆ ਪੰਜਾਬ

**ਡਾ: ਭੀਮ ਇੰਦਰ ਸਿੰਘ**

ਹਰੇ ਇਨਕਲਾਬ ਤੋਂ ਬਾਅਦ ਪੰਜਾਬ ਲਗਾਤਾਰ ਸੱਭਿਆਚਾਰਕ ਸੰਕਟ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਇਸ ਸੰਕਟ ਨੇ ਪੰਜਾਬੀਆਂ ਦੀ ਜ਼ਿੰਦਗੀ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕੀਤਾ ਹੈ। ਸਾਡੀ ਜੀਵਨ ਸ਼ੈਲੀ, ਭੋਜਨ, ਪਾਣੀ, ਲੋੜਾਂ, ਖੇਤੀ, ਵਪਾਰ, ਸੰਗੀਤ, ਆਦਤਾਂ ਬੁਰੀ ਤਰ੍ਹਾਂ ਸੁਚੇਤ-ਅਚੇਤ ਰੂਪ ਵਿੱਚ ਇਸ ਸੰਕਟ ਤੋਂ ਪ੍ਰਭਾਵਿਤ ਹੋ ਰਹੀਆਂ ਹਨ। ਸਿੱਟੇ ਵਜੋਂ ਪੰਜਾਬ ਦੀ ਜ਼ਰਖੇਜ਼ ਧਰਤੀ ਜਿੱਥੇ ਰਾਜਸਥਾਨ ਬਣਦੀ ਜਾ ਰਹੀ ਹੈ ਉੱਥੇ ਪੰਜਾਬੀ ਬੌਧਿਕਤਾ ਵੀ ਬੰਜਰ ਬਣਨ ਵੱਲ ਵਧ ਰਹੀ ਹੈ। ਲੰਮੇ-ਚੌੜੇ ਤਕੜੇ ਜੁੱਸੇ ਵਾਲੇ ਪੰਜਾਬੀ ਨੌਜਵਾਨਾਂ ਦਾ ਸੰਕਲਪ ਲਗਭਗ ਖ਼ਤਮ ਹੋ ਚੁੱਕਾ ਹੈ। ਭਲੇ ਵੇਲਿਆਂ ਦੇ ਪੰਜਾਬੀਆਂ ਦੇ ਨਰੋਏ ਤੇ ਬਾਘੀਆਂ ਪਾਉਣ ਵਾਲੇ ਸਰੀਰਕ ਸੰਕਲਪ ਉੱਡ-ਪੁੱਡ ਗਏ ਹਨ। ਪੰਜਾਬ ਵਿੱਚ 'ਊੜਾ' ਤੇ 'ਜੂੜਾ' ਹੁਣ ਟਾਵਾਂ-ਟਾਵਾਂ ਹੀ ਨਜ਼ਰ ਆਉਂਦਾ ਹੈ। 'ਅੰਜਨ ਮਹਿ ਨਿਰੰਜਨ' ਰਹਿਣ ਵਾਲਾ ਪੰਜਾਬੀ ਅੱਜ ਆਪਣੇ ਆਪ ਨੂੰ ਬੇਸਹਾਰਾ, ਸਾਹ-ਸਤਹੀਣ ਸਮਝਣ ਲੱਗਿਆ ਹੈ। ਕਿਸੇ ਵੇਲੇ ਬਾਬਰ ਦੇ ਜਬਰ ਤੇ ਬਸਤੀਵਾਦ ਹਕੂਮਤ ਨਾਲ ਦਸਤਪੰਜਾ ਲੈਣ ਵਾਲਾ ਪੰਜਾਬੀ ਹੁਣ ਉਦਾਸੀਨਤਾ ਤੇ ਖ਼ੁਦਕੁਸ਼ੀਆਂ ਦੇ ਆਲਮ ਵਿੱਚ ਫ਼ਨਾਹ ਹੋ ਰਿਹਾ ਹੈ।

ਅਜੋਕਾ ਸਮਾਂ ਮੰਗ ਕਰਦਾ ਹੈ ਕਿ ਇਸ ਨਵੇਂ ਸੱਭਿਆਚਾਰਕ ਸੰਕਟ ਦੀ ਸੂਖਮ ਤੇ ਪੇਚੀਦਾ ਪ੍ਰਕਿਰਿਆ ਨੂੰ ਸਮਝਿਆ ਜਾਵੇ ਅਤੇ ਇਸ ਦੇ ਯੋਗ ਹੱਲ ਲਈ ਅਗਾਂਹ ਵਧਿਆ ਜਾਵੇ। ਸਮਾਜਿਕ, ਸਿਆਸੀ, ਸੱਭਿਆਚਾਰਕ ਤੌਰ 'ਤੇ ਕੀਤੀ ਗਈ ਸਹੀ ਪਹਿਲਕਦਮੀ ਹੀ ਪੰਜਾਬ ਦੀ ਵਿਲੱਖਣ ਤੇ ਵਿਸ਼ੇਸ਼ ਸੱਭਿਆਚਾਰਕ ਤਾਸੀਰ ਨੂੰ ਮੁੜ ਸਥਾਪਿਤ ਕਰ ਸਕਦੀ ਹੈ। ਇਹ ਪਹਿਲਕਦਮੀ ਹੀ ਪੰਜਾਬੀਆਂ ਦੇ ਵਿਹਾਰ, ਵਿਚਾਰ, ਵਰਤਾਰੇ ਨੂੰ ਸਹਿਜ, ਸਰਲ ਤੇ ਸੰਕਟ ਮੁਕਤ ਬਣਾ ਸਕਦੀ ਹੈ। ਸਾਨੂੰ ਸਭ ਤੋਂ ਪਹਿਲਾਂ ਉਹ ਕਾਰਨ ਤਲਾਸ਼ਣੇ ਪੈਣਗੇ ਜੋ ਪੰਜਾਬ ਦੇ ਵਿਕਰਾਲ ਸੱਭਿਆਚਾਰਕ ਸੰਕਟ ਲਈ ਜ਼ਿੰਮੇਵਾਰ ਹਨ। ਸਾਨੂੰ ਸੱਭਿਆਚਾਰ ਰੂਪਾਂਤਰਨ ਦੇ ਬੈਰੂਨੀ ਤੇ ਅੰਤਰੀਵੀ ਪਰਿਵਰਤਨਾਂ ਨੂੰ ਪਛਾਣਨਾ ਪਵੇਗਾ ਜੋ ਸਾਡੀਆਂ ਲੋੜਾਂ, ਚਾਹਤਾਂ, ਚਿੰਤਾਵਾਂ ਨੂੰ ਨਿਯੰਤਰਤ ਤੇ ਸੋਧਿਤ ਕਰ ਰਹੇ ਹਨ। ਸਿਆਸੀ ਤਾਕਤਾਂ, ਕਾਰਪੋਰੇਟ ਮੀਡੀਆ, ਨਵ-ਸਾਮਰਾਜੀ ਸੱਭਿਆਚਾਰ, ਤਕਨੀਕੀ ਕ੍ਰਾਂਤੀ, ਇੰਟਰਨੈੱਟ, ਸੋਸ਼ਲ ਮੀਡੀਆ ਆਦਿ ਦੇ ਮਹਾਂਜਾਲ ਨੂੰ ਵੀ ਸਵਾਲਾਂ ਦੇ ਘੇਰੇ ਵਿੱਚ ਲਿਆਉਣਾ ਹੋਵੇਗਾ।

ਪੰਜਾਬ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਸ਼ੁਰੂ ਹੋਣ ਤੋਂ ਬਾਅਦ ਪੈਦਾ ਹੋਈਆਂ ਨਵੀਆਂ ਪ੍ਰਸਥਿਤੀਆਂ ਨੇ ਵਿਅਕਤੀਵਾਦ, ਇਕੱਲਤਾ, ਬੇਸਬਰੀ, ਸੁਆਰਥ, ਮੌਕਾਪ੍ਰਸਤੀ ਆਦਿ ਦੀ ਭਾਵਨਾ ਨੂੰ ਪ੍ਰਫੁੱਲਿਤ ਕੀਤਾ ਹੈ। ਕਾਰਪੋਰੇਟ ਮੀਡੀਆ ਰਾਹੀਂ ਪਰੋਸੇ ਜਾ ਰਹੇ ਸੱਭਿਆਚਾਰ ਨੇ ਹਮਲਾਵਰ ਰੁਖ਼ ਅਪਣਾ ਲਿਆ

ਹੈ। ਸ਼ਹਿਰਾਂ ਤੋਂ ਸ਼ੁਰੂ ਹੋਇਆ ਕਾਰਪੋਰੇਟ ਮੀਡੀਆ ਉਦਯੋਗ ਹੁਣ ਪਿੰਡਾਂ ਨੂੰ ਵੀ ਆਪਣੇ ਕਲਾਵੇ ਵਿੱਚ ਲੈ ਚੁੱਕਾ ਹੈ। ਕਾਰਪੋਰੇਟ ਮੀਡੀਆ ਦਾ ਸੱਭਿਆਚਾਰਕ ਖਾਸਾ ਮੁੱਖ ਤੌਰ 'ਤੇ ਅਮਰੀਕੀ ਮੀਡੀਆ ਦੀ ਸਿਧਾਂਤਕ, ਸਿਆਸੀ ਤੇ ਸੁਹਜਾਤਮਕ ਖਸਲਤ ਨਾਲ ਜੁੜਿਆ ਹੋਇਆ ਹੈ। ਇਸ ਗਠਜੋੜ ਨੇ ਸਾਡੀਆਂ ਮਨੋਬਿਰਤੀਆਂ ਤੇ ਸੱਭਿਆਚਾਰਕ ਗਤੀਵਿਧੀਆਂ ਨੂੰ ਕੰਟਰੋਲ ਕਰ ਲਿਆ ਹੈ। ਇਸ ਕੰਟਰੋਲ ਰਾਹੀਂ ਸਰਮਾਏ ਦੇ ਇਕੱਤਰੀਕਰਨ ਲਈ ਰਾਹ ਸਾਫ਼ ਕੀਤਾ ਗਿਆ ਹੈ। ਪੰਜਾਬ ਤੇ ਪੰਜਾਬੀ ਵਿੱਚ ਪ੍ਰਚੱਲਿਤ ਅਜੋਕਾ ਸੱਭਿਆਚਾਰਕ ਉਦਯੋਗ ਜਿਵੇਂ ਫ਼ਿਲਮਾਂ, ਟੀ.ਵੀ. ਚੈਨਲ, ਖ਼ਬਰਾਂ, ਇੰਟਰਨੈੱਟ ਆਦਿ ਬਹੁਤਾ ਕਰਕੇ ਛਲਾਵੇ ਤੇ ਪਰਪੰਚ ਦਾ ਰੋਲ ਅਦਾ ਕਰ ਰਹੇ ਹਨ। ਅਜਿਹਾ ਕਰਕੇ ਕਾਰਪੋਰੇਟ ਸੱਭਿਆਚਾਰਕ ਉਦਯੋਗ ਸਾਡੇ ਦੇਸੀ ਸੱਭਿਆਚਾਰਾਂ ਨੂੰ ਖ਼ਤਮ ਕਰਨ ਵੱਲ ਰੁਚਿਤ ਹੈ। ਸਿੱਟੇ ਵਜੋਂ ਸਾਡੀ ਨਵੀਂ ਪੀੜ੍ਹੀ ਵਿਭਿੰਨ ਮਾਨਸਿਕ ਵਿਗਾੜਾਂ, ਉਲਾਰਪੁਣਾ, ਵਿਹਲਪੁਣਾ ਤੇ ਹਫੜਾ-ਦਫੜੀ ਦਾ ਸ਼ਿਕਾਰ ਹੋ ਕੇ ਮਨੋਰੋਗੀ ਹੋ ਚੁੱਕੀ ਹੈ। ਬੇਗਾਨਗੀ ਦਾ ਸ਼ਿਕਾਰ ਨਵੀਂ ਪੀੜ੍ਹੀ ਪ੍ਰਾਕਿਰਤਕ, ਪਾਕੀਜ਼ਗੀ ਤੇ ਇਕਸੁਰਤਾ ਵਾਲੀ ਜ਼ਿੰਦਗੀ ਤੋਂ ਟੁੱਟ ਚੁੱਕੀ ਹੈ। ਪੰਜਾਬ ਦੀ ਨਵੀਂ ਪੀੜ੍ਹੀ ਨੂੰ ਹਥਿਆਰਾਂ, ਮਹਿੰਗੀਆਂ ਕਾਰਾਂ ਜੀਪਾਂ, ਮੋਟਰਸਾਈਕਲਾਂ ਦੇ ਨਾਲ-ਨਾਲ ਮਹਿੰਗੇ ਨਸ਼ਿਆਂ ਵੱਲ ਲਗਾ ਕੇ ਭਰਪੂਰ ਮੁਨਾਫ਼ਾ ਕਮਾਇਆ ਜਾ ਰਿਹਾ ਹੈ।

ਪਿਛਲੇ ਲੰਮੇ ਸਮੇਂ ਤੋਂ ਪੰਜਾਬੀ ਗਾਇਕੀ ਨੂੰ ਜਿਸ ਤਰ੍ਹਾਂ ਬੌਲੀਵੁੱਡ ਜਾਂ ਪੌਲੀਵੁੱਡ ਰਾਹੀਂ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਉਸ ਨੇ ਪੰਜਾਬੀ ਨੌਜਵਾਨਾਂ ਵਿੱਚ ਨੰਗੇਜ਼ਵਾਦ, ਅਸ਼ਲੀਲ ਅਤੇ ਸੁਹਜਹੀਣ ਬਿਰਤੀਆਂ ਪੈਦਾ ਕੀਤੀਆਂ ਹਨ। ਸੰਗੀਤ ਦੇ ਨਾਂ 'ਤੇ ਪੈਦਾ ਹੋ ਰਿਹਾ ਉਜੱਡਪੁਣਾ ਕੁਹਜ ਦਾ ਸੱਭਿਆਚਾਰ ਸਿਰਜ ਰਿਹਾ ਹੈ। ਇਸ ਉਜੱਡ-ਸੱਭਿਆਚਾਰ ਨੇ ਸਾਡੇ ਸਦੀਆਂ ਪੁਰਾਣੇ ਸੱਭਿਆਚਾਰ ਨੂੰ ਢਾਹ ਲਾਈ ਹੈ। ਖ਼ਪਤ ਸੱਭਿਆਚਾਰ ਤੇ ਵਸਤਾਂ ਦੇ ਉਤਪਾਦਨ ਦੀ ਪ੍ਰਕਿਰਿਆ ਦਾ ਏਕੀਕਰਨ ਹੋ ਚੁੱਕਾ ਹੈ। ਉਤਪਾਦਨ ਦੀ ਇਸ ਅਨੋਖੀ ਪ੍ਰਕਿਰਿਆ ਵਿੱਚੋਂ ਹੀ ਸਾਡੀਆਂ ਸੁਹਜਾਤਮਿਕ ਪ੍ਰਵਿਰਤੀਆਂ ਤੇ ਸ਼ੈਲੀਆਂ ਜਨਮ ਲੈ ਰਹੀਆਂ ਹਨ। ਪੂੰਜੀ ਦੇ ਬੇਰੋਕ ਵਹਾਅ ਅਤੇ ਬਹੁਕੌਮੀ ਕੰਪਨੀਆਂ ਦੇ ਪਸਾਰ ਰਾਹੀਂ ਅਤਿਅੰਤ ਲਚਕਦਾਰ ਆਰਥਿਕ ਵਿਵਸਥਾ ਨੇ ਖੰਡਿਤ ਮਾਨਸਿਕਤਾ ਸਿਰਜੀ ਹੈ। ਇਸ ਵਿਵਸਥਾ ਵਿੱਚ ਅਸੀਂ ਆਪਣੀ ਇਤਿਹਾਸਕ ਚੇਤਨਾ ਤੋਂ ਵਾਂਝੇ ਹੋ ਚੁੱਕੇ ਹਾਂ। ਇਸ ਕਰਕੇ ਸਾਡੇ ਸੁਭਾਅ ਤੇ ਸਾਰ ਨੂੰ ਸੰਚਾਲਿਤ ਕਰਨ ਵਾਲੇ ਤੱਤਾਂ ਜਿਵੇਂ ਕਿਰਤ ਦੇ ਬਦਲਦੇ ਪਰਿਪੇਖ, ਕੁਦਰਤੀ ਸਰੋਤਾਂ ਦੀ ਅੰਨ੍ਹੀ ਲੁੱਟ, ਤਕਨੀਕੀ ਵਿਕਾਸ, ਪੂੰਜੀ ਨਿਵੇਸ਼ ਆਦਿ ਨੂੰ ਵੀ ਸਮਝਣਾ ਜ਼ਰੂਰੀ ਹੈ। ਪੂੰਜੀਵਾਦ ਨੇ ਸਾਡੇ ਸੱਭਿਆਚਾਰ ਦੇ ਸਾਰੇ ਰੂਪਾਂ 'ਤੇ ਕਬਜ਼ਾ ਜਮਾਅ ਲਿਆ ਹੈ, ਜਿਸ ਕਾਰਨ ਕੰਪਿਊਟਰ, ਸੋਸ਼ਲ ਸਾਈਟਾਂ, ਸੋਸ਼ਲ ਮੀਡੀਆ ਤੇ ਸੂਚਨਾ ਤੰਤਰ ਵਧੇਰੇ ਮਹੱਤਵਪੂਰਨ ਬਣ ਗਏ ਹਨ। ਇਸ ਕਾਰਨ ਸੂਚਨਾਵਾਂ ਮਨੋਰੰਜਨ ਦਾ ਕਾਰਜ ਕਰ ਰਹੀਆਂ ਹਨ ਅਤੇ ਇਹ ਮਨੋਰੰਜਨ ਹੀ ਵਪਾਰ ਦਾ ਸਾਧਨ ਬਣ ਗਿਆ ਹੈ। ਇਸ ਮਨੋਰੰਜਨ ਨੇ



ਸਾਡੇ ਸੱਭਿਆਚਾਰ ਦੇ ਬਿੰਬਾਂ, ਚਿੰਨ੍ਹਾਂ ਤੇ ਸੁਹਜ ਨੂੰ ਨਿਰਾਰਥਕ ਬਣਾ ਦਿੱਤਾ ਹੈ। ਇਹ ਨਿਰਾਰਥਿਕਤਾ ਸਾਡੇ ਅਵਚੇਤਨ ਨੂੰ ਕੰਟਰੋਲ ਕਰ ਰਹੀ ਹੈ। ਇਹ ਕੰਟਰੋਲ ਸਾਡੀਆਂ ਸੱਭਿਆਚਾਰਕ ਵਿਲੱਖਣਤਾਵਾਂ ਨੂੰ ਖ਼ਤਮ ਕਰਨ ਅਤੇ ਸਾਡੀ ਜੀਵਨ ਸ਼ੈਲੀ ਨੂੰ ਬਦਲਣ ਵੱਲ ਵਧ ਰਿਹਾ ਹੈ। ਸਾਡੇ ਮਨਾਂ ਅੰਦਰ ਵਸਤੂਆਂ ਪ੍ਰਤੀ ਲਲ੍ਹਕ ਪੈਦਾ ਕਰਨਾ ਇਸ ਜੀਵਨ-ਸ਼ੈਲੀ ਦਾ ਮੁੱਖ ਮਕਸਦ ਹੈ। ਸਾਡੇ ਅਵਚੇਤਨ ਨੂੰ ਕਾਬੂ ਕਰਕੇ ਮੀਡੀਆ ਉਦਯੋਗ ਨੇ ਸਾਨੂੰ ਲਲਚਾਉਣ, ਪਲੋਸਣ, ਪਸਮਾਉਣ ਦਾ ਕੰਮ ਕੀਤਾ ਹੈ। ਸਾਡੇ ਸੱਭਿਆਚਾਰ ਦੇ ਅਰਥ ਸਿਰਫ਼ ਮਸਨੂਈ ਆਨੰਦ ਤੀਕ ਮਹਿਦੂਦ ਕਰ ਦਿੱਤੇ ਹਨ, ਜਿਸਨੇ ਸਾਡੇ ਅੰਦਰ ਅਜੀਬ ਕਿਸਮ ਦੇ ਆਨੰਦ ਨੂੰ ਜਨਮ ਦਿੱਤਾ ਹੈ। ਇਸ ਆਨੰਦ ਦੇ ਫੈਲਾਅ ਨੇ ਭੀੜ ਸੱਭਿਆਚਾਰ ਤੇ ਕੁਲੀਨ ਸੱਭਿਆਚਾਰ ਦੇ ਪਾੜੇ ਨੂੰ ਵੀ ਘਟਾਇਆ ਹੈ। ਹੁਣ ਉਪਭੋਗ ਦਾ ਆਨੰਦ ਤੇ ਵਿਅਕਤੀਗਤ ਘੁਮੰਡ ਇੱਕ ਦੂਜੇ ਦੇ ਪੂਰਕ ਵਿਖਾਈ ਦੇ ਰਹੇ ਹਨ। ਅਤਿ ਦਾ ਉਪਭੋਗੀ ਪੰਜਾਬੀ ਬੰਦਾ ਸਮਾਜ, ਸਿਆਸਤ ਤੇ ਹੋਰ ਅਨੇਕਾਂ ਸਮੱਸਿਆਵਾਂ ਬਾਰੇ ਸਵਾਲ ਨਹੀਂ ਉਠਾਉਂਦਾ। ਉਸਨੂੰ ਤਾਂ ਸਾਰਾ ਕੁਝ ਹੀ ਆਨੰਦਮਈ ਲੱਗਦਾ ਹੈ। ਪੰਜਾਬੀਆਂ ਵਿੱਚ ਉੱਭਰੇ ਉਪਭੋਗਤਾਵਾਦ ਦਾ ਰਹੱਸ ਇਸ ਆਨੰਦਮਈ ਵਿਵਸਥਾ ਵਿੱਚ ਹੀ ਲੁਕਿਆ ਹੋਇਆ ਹੈ।

ਸਪੱਸ਼ਟ ਹੈ ਕਿ ਪੰਜਾਬੀ ਖ਼ਪਤਵਾਦੀ ਵਿਵਸਥਾ ਅਤੇ ਵਿਸ਼ਾਲ ਸੰਚਾਰ ਕ੍ਰਾਂਤੀ ਦੀ ਗ਼ੈਰ-ਯਥਾਰਥਕ ਸਥਿਤੀ ਦਾ ਸ਼ਿਕਾਰ ਹੋ ਚੁੱਕੇ ਹਨ। ਇਸ ਕਰਕੇ ਉਹ ਭਰਮਾਂ, ਛਲਾਵਿਆਂ ਵਿੱਚ ਆ ਕੇ ਆਪਣੇ ਮੂਲ ਤੋਂ ਟੁੱਟ ਚੁੱਕੇ ਹਨ। ਇੱਕੀਵੀਂ ਸਦੀ ਵਿੱਚ ਨਵੀਂ ਮਸਨੂਈ ਦੁਨੀਆਂ ਵਿੱਚ ਵਿਚਰ ਰਹੇ ਪੰਜਾਬੀ ਲੋਕ ਤਰਕਹੀਣ ਤੇ ਰਹੱਸਮਈ ਸੁਪਨਿਆਂ ਵਿੱਚ ਜਿਊਣ ਦੇ ਆਦੀ ਹੋ ਚੁੱਕੇ ਹਨ। ਇਸੇ ਲਈ ਭ੍ਰਿਸ਼ਟ ਸਮਾਜਿਕ ਯਥਾਰਥ ਨਾਲ ਪੈਣ 'ਤੇ ਉਨ੍ਹਾਂ ਦੇ ਇਹ ਸੁਪਨੇ ਚਕਨਾਚੂਰ ਹੋ ਜਾਂਦੇ ਹਨ ਅਤੇ ਉਹ ਨਿਰਾਸਤਾ ਨੂੰ ਗਲੇ ਲਗਾ ਲੈਂਦੇ ਹਨ। ਜਦੋਂ ਇਹ ਨਿਰਾਸ਼ਾ ਗਲ-ਗਲ ਤੀਕ ਆ ਜਾਂਦੀ ਹੈ ਤਾਂ ਵਿਅਕਤੀ ਜ਼ਿੰਦਗੀ ਨੂੰ ਅਲਵਿਦਾ ਕਹਿ ਜਾਂਦਾ ਹੈ। ਸੋ, ਇਸ ਨਵੀਂ ਸੱਭਿਆਚਾਰਕ ਸਥਿਤੀ ਨੇ ਪੰਜਾਬੀਆਂ ਲਈ ਭਿਆਨਕ ਗ਼ੁਲਾਮੀ ਤੇ ਭਰਮਾਂ ਦਾ ਸੰਸਾਰ ਸਿਰਜ ਦਿੱਤਾ ਹੈ ਤੇ ਇਸ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਦਾ ਕੋਈ ਨਵਾਂ ਰਾਹ ਵੀ ਦਿਖਾਈ ਨਹੀਂ ਦਿੰਦਾ।

ਦਰਅਸਲ, ਪਿਛਲੇ ਦੋ-ਢਾਈ ਦਹਾਕਿਆਂ ਦੌਰਾਨ ਪੰਜਾਬ ਵਿੱਚ ਉਪਭੋਗਤਾਵਾਦ ਹੀ ਸਮਾਜਿਕ ਸੰਰਚਨਾ ਦਾ ਆਧਾਰ ਵਿਖਾਈ ਦਿੰਦਾ ਹੈ। ਪੰਜਾਬੀਆਂ ਦੇ ਵਿਹਾਰ ਨੂੰ ਉਪਭੋਗੀ ਵਸਤਾਂ ਰਾਹੀਂ ਨਿਯੰਤਰਤ ਕੀਤਾ ਜਾ ਰਿਹਾ ਹੈ। ਚਕਾਚੌਂਧ ਵਾਲੇ ਸੱਭਿਆਚਾਰ ਵਿੱਚ ਨੈਤਿਕਤਾ ਕਿਤੇ ਗੁਆਚ ਗਈ ਹੈ। ਬੇਲੋੜੀਆਂ ਵਸਤਾਂ ਦੀ ਉਪਭੋਗਤਾ ਸਾਡੀ ਸਮਾਜਿਕ ਹੈਸੀਅਤ ਨੂੰ ਨਿਰਧਾਰਿਤ ਕਰ ਰਹੀ ਹੈ। ਹੁਣ ਪੰਜਾਬੀਆਂ ਦਾ ਵਿਹਾਰ ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਨਿਰਧਾਰਿਤ ਨਹੀਂ ਕਰਦੀਆਂ, ਸਗੋਂ ਉਪਭੋਗੀ ਵਸਤਾਂ ਹੀ ਉਨਾਂ ਦੇ ਵਿਹਾਰ ਨੂੰ ਨਿਰਦੇਸ਼ਤ ਤੇ ਨਿਯੰਤਰਤ ਕਰਦੀਆਂ ਹਨ। ਉਪਭੋਗੀ ਸੱਭਿਆਚਾਰ ਪਹਿਲਾਂ ਲੋੜਾਂ ਪੈਦਾ ਕਰ ਰਿਹਾ ਹੈ ਤੇ ਫਿਰ ਵਸਤੂਆਂ ਦਾ ਉਤਪਾਦਨ ਕਰਕੇ ਬੇਅੰਤ ਮੁਨਾਫ਼ਾ ਕਮਾ ਰਿਹਾ

ਹੈ। ਇਸ ਕਰਕੇ ਇਸ ਸਥਿਤੀ ਨੇ ਪੰਜਾਬੀਆਂ ਨੂੰ ਭੰਬਲਭੂਸੇ ਵਾਲੀ ਸਥਿਤੀ ਵਿੱਚ ਜਿਊਣ ਲਈ ਮਜਬੂਰ ਕਰ ਦਿੱਤਾ ਹੈ।

ਉਪਭੋਗੀ ਬਿਰਤੀਆਂ ਕਾਰਨ ਹੀ ਪੰਜਾਬ ਦਾ ਬੌਧਿਕ ਤਬਕਾ ਸਿਆਸੀ ਗਤੀਵਿਧੀਆਂ ਤੋਂ ਸੱਖਣਾ ਹੋ ਚੁੱਕਾ ਹੈ। ਬੌਧਿਕਤਾ ਲਈ ਸੰਪੂਰਨਤਾ ਤੇ ਸਮੁੱਚਤਾ ਦੇ ਏਕੇ ਦੀ ਬੇਹੱਦ ਲੋੜ ਹੁੰਦੀ ਹੈ, ਪਰ ਅਜੋਕੇ ਬੌਧਿਕ ਦ੍ਰਿਸ਼ ਵਿੱਚ ਉਦੇਸ਼ ਦੀ ਕਿਰਿਆਸ਼ੀਲਤਾ ਲਗਭਗ ਖ਼ਤਮ ਹੋਣ ਕਿਨਾਰੇ ਹੈ। ਇਸ ਗ਼ੈਰ-ਬੌਧਿਕ ਮਾਹੌਲ ਅੰਦਰ ਖੰਡਿਤ ਤੇ ਤਿੜਕੀਆਂ ਚੇਤਨਾਵਾਂ ਵਧ ਫੁੱਲ ਰਹੀਆਂ ਹਨ। ਸੋ ਕਿਸੇ ਵੱਡੇ ਬਦਲਾਅ ਵਾਲੇ ਬੌਧਿਕ ਸੰਵਾਦ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਪੰਜਾਬ ਵਿੱਚ ਬੌਧਿਕ ਕੰਗਾਲੀ ਦਾ ਇਹ ਸਮਾਂ ਤਰਕਹੀਣ ਸੋਚ ਨੂੰ ਗਲਵੱਕੜੀ ਪਾ ਲੈਣ ਦਾ ਸਮਾਂ ਹੈ। ਸਾਡੀ ਖੰਡਿਤ ਚੇਤਨਾ ਮੀਡੀਆ ਨਿਯੰਤਰਤ ਘਟਨਾਵਾਂ ਦੀ ਲਪੇਟ ਵਿੱਚ ਆ ਚੁੱਕੀ ਹੈ। ਇਸ ਕਾਰਨ ਸਾਡੀਆਂ ਸੱਭਿਆਚਾਰਕ ਸਮੱਸਿਆਵਾਂ ਦੀਆਂ ਠੋਸ ਸਮਾਜਿਕ ਤੇ ਸਿਆਸੀ ਅੰਤਰ-ਦ੍ਰਿਸ਼ਟੀਆਂ ਨੂੰ ਸਮਝਿਆ ਨਹੀਂ ਜਾ ਰਿਹਾ।

ਅੱਜ ਲੋੜ ਹੈ ਕਿ ਅਸੀਂ ਸੱਭਿਆਚਾਰ ਤੇ ਸਿਆਸਤ ਦੇ ਉਨ੍ਹਾਂ ਸਾਰੇ ਅੰਤਰ-ਵਿਰੋਧਾਂ ਤੇ ਅੰਤਰ ਸੰਬੰਧਾਂ ਨੂੰ ਸਮਝੀਏ, ਜੋ ਸਾਡੇ ਰੋਜ਼ਾਨਾ ਜੀਵਨ ਦੀ ਯੋਜਨਾਬੰਦੀ ਤੈਅ ਕਰਦੇ ਹਨ। ਸਾਡੀ ਬੌਧਿਕਤਾ ਦਾ ਇਤਿਹਾਸ ਸਾਡੇ ਸਮਿਆਂ ਦੇ ਨਵੇਂ ਸੱਭਿਆਚਾਰ, ਸਿਆਸੀ ਤੇ ਸਿਧਾਂਤਕ ਇਤਿਹਾਸ ਨਾਲ ਨੇੜਿਓਂ ਜੁੜਿਆ ਹੋਇਆ ਹੈ। ਅਜੋਕੀਆਂ ਵਿਰਾਟ ਸੱਭਿਆਚਾਰਕ ਸਮੱਸਿਆਵਾਂ ਨੂੰ ਸਮਝਣ ਲਈ ਸਾਨੂੰ ਇਤਿਹਾਸ ਤੇ ਸਿਆਸਤ ਦੇ ਸੰਦਰਭਾਂ ਨੂੰ ਵੀ ਸਮਝਣਾ ਪਵੇਗਾ। ਸਾਨੂੰ ਉਨ੍ਹਾਂ ਸ਼ਕਤੀ ਸੰਰਚਨਾਵਾਂ ਨੂੰ ਵੰਗਾਰਨਾ ਹੋਵੇਗਾ ਜੋ ਕੁਹਜਮਈ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਜ਼ਿੰਮੇਵਾਰ ਹਨ। ਸਾਨੂੰ ਲਾਜ਼ਮੀ ਤੌਰ 'ਤੇ ਅਜੋਕੀ ਸਿਆਸੀ ਵਿਵਸਥਾ ਦੇ ਉਨ੍ਹਾਂ ਸਿਧਾਂਤਾਂ, ਧਾਰਨਾਵਾਂ ਤੇ ਵਿਚਾਰਾਂ ਨਾਲ ਦਸਤਪੰਜਾ ਲੈਣਾ ਪਵੇਗਾ, ਜੋ ਪੂੰਜੀਵਾਦੀ ਵਿਵਸਥਾ ਨੂੰ ਕਾਇਮ ਕਰਨ ਤੇ ਮਜ਼ਬੂਤੀ ਪ੍ਰਦਾਨ ਕਰਨ ਦੇ ਰਾਹ ਪਈ ਹੋਈ ਹੈ। ਅੱਜ ਸਾਨੂੰ ਕੌਮੀ ਤੇ ਬਹੁਕੌਮੀ ਕੰਪਨੀਆਂ ਦੀ ਲੁਕਵੀਂ ਸਿਆਸਤ ਨੂੰ ਬੇਨਕਾਬ ਕਰਨ ਦੀ ਲੋੜ ਹੈ। ਉਸ ਅਗਾਂਹਵਧੂ ਸਿਆਸਤ ਨੂੰ ਪੈਦਾ ਕਰਨ ਦੀ ਵੀ ਜ਼ਰੂਰਤ ਹੈ ਜੋ ਸਾਡੇ ਸੱਭਿਆਚਾਰਕ ਸੰਕਟ ਦਾ ਹੱਲ ਲੱਭ ਸਕੇ, ਤਾਂ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਖ਼ੁਸ਼ਹਾਲ ਭਵਿੱਖ ਵੱਲ ਵਧ ਸਕੇ।

ਸੰਪਰਕ: 98149-02040

(ਰੋਜ਼ਾਨਾ ਪੰਜਾਬੀ ਟ੍ਰਿਬਿਊਨ 12-04-2017 'ਚੋਂ ਧੰਨਵਾਦ ਸਹਿਤ!)



# ਉਹ ਜ਼ਮਾਨਾ ਹੋਰ ਸੀ

-ਬਲਵਿੰਦਰ ਸਿੰਘ ਜੰਮੂ

ਜਦੋਂ ਮਿਲ ਕੇ ਸਾਰੇ ਰਹਿੰਦੇ ਸੀ ।
ਇੱਕ ਦੂਜੇ ਕੋਲ ਬਹਿੰਦੇ ਸੀ ।
ਨਾ ਮਨ 'ਚ ਕੋਈ ਚੋਰ ਸੀ ।
ਉਹ ਜ਼ਮਾਨਾ ਹੋਰ ਸੀ ।

ਪਿਆਰ 'ਚ ਪੀਂਘਾਂ ਪਾਉਂਦੇ ਸੀ ।
ਇੱਕ ਦੂਜੇ ਨੂੰ ਗਲ ਲਾਉਂਦੇ ਸੀ ।
ਬਸ ਹਾਸਿਆਂ ਦਾ ਹੀ ਦੌਰ ਸੀ ।
ਉਹ ਜ਼ਮਾਨਾ...

ਭਾਈਆਂ ਜਿਹਾ ਪਿਆਰ ਸੀ ।
ਇੱਕ ਦੂਜੇ ਲਈ ਸਤਿਕਾਰ ਸੀ ।
ਦਿਲ ਕਰਦਾ ਸਭ ਦੀ ਗੌਰ ਸੀ ।
ਉਹ ਜ਼ਮਾਨਾ...

ਨਾ ਧਨ ਦੀ ਬਹੁਤੀ ਲੋੜ ਸੀ ।
ਨਾ ਘਰ 'ਚ ਕਿਸੇ ਦੀ ਥੋੜ ਸੀ ।
ਪ੍ਰਾਹੁਣਾਚਾਰੀ ਦਾ ਵੀ ਜ਼ੋਰ ਸੀ ।
ਉਹ ਜ਼ਮਾਨਾ...

ਨਾ ਝਗੜੇ ਨਾ ਝੇੜੇ ਸੀ ।
ਨਾ ਦਿਲਾਂ 'ਚ ਬਖੇੜੇ ਸੀ ।
ਖ਼ੁਸ਼ੀਆਂ 'ਚ ਮਨ ਲੋਰ ਸੀ ।
ਉਹ ਜ਼ਮਾਨਾ...

ਦੁੱਖ ਵੀ ਹੱਸ-ਹੱਸ ਜਰਦੇ ਸੀ ।
ਇੱਕ ਦੂਜੇ ਲਈ ਮਰਦੇ ਸੀ ।
ਪ੍ਰੀਤਾਂ ਦੀ ਪੱਕੀ ਡੋਰ ਸੀ ।
ਉਹ ਜ਼ਮਾਨਾ...

ਆਟਾ ਚੀਨੀ ਲੈ ਆਉਂਦੇ ਸੀ ।
ਇਕ ਦੂਜੇ ਦੇ ਖਾ ਆਉਂਦੇ ਸੀ ।
ਨਾ ਦਿਲ 'ਚ ਕਿਸੇ ਦੇ ਖੋਰ ਸੀ ।
ਉਹ ਜ਼ਮਾਨਾ...

ਵੱਡਿਆਂ ਦੀ ਸਰਦਾਰੀ ਸੀ ।
ਗੱਲ ਵੱਡਿਆਂ ਦੀ ਭਾਰੀ ਸੀ ।
ਗੱਲ-ਗੱਲ 'ਤੇ ਨ੍ਹੀਂ ਸ਼ੋਰ ਸੀ ।
ਉਹ ਜ਼ਮਾਨਾ...

ਸੱਚ ਦਾ ਹਰ ਥਾਂ ਨੂਰ ਸੀ ।
ਇੱਕ ਦੂਜੇ 'ਤੇ ਗਰੂਰ ਸੀ ।
ਖ਼ੁਸ਼ੀਆਂ ਦਾ ਨੱਚਦਾ ਮੋਰ ਸੀ ।
ਉਹ ਜ਼ਮਾਨਾ...

ਕੱਚੇ ਕੋਠਿਆਂ 'ਚ ਬਸੇਰਾ ਸੀ ।
ਸੁੱਖਾਂ 'ਚ ਚੜ੍ਹਦਾ ਸਵੇਰਾ ਸੀ ।
ਸਭ ਦੀ ਆਪਣੀ ਟੌਰ ਸੀ ।
ਉਹ ਜ਼ਮਾਨਾ ਹੋਰ ਸੀ ।

**ਸੰਪਰਕ : 094196-36562**



## ਸੱਭਿਆਚਾਰ

ਅੱਜ ਕਿਉਂ ਮਿਲ ਜੁਲ ਕੇ ਬਹਿੰਦੇ ਨਹੀਂ,
ਕਦੇ ਦਿਲ ਦੀ ਖੁੱਲ੍ਹ ਕੇ ਕਹਿੰਦੇ ਨਹੀਂ,
ਸੱਚੇ ਦੀ ਸੁਣ ਕੇ ਸਹਿੰਦੇ ਨਹੀਂ,
ਕਿਸੇ ਪਾਸੇ ਮੈਨੂੰ ਦਿੱਸਦਾ ਨਹੀਂ,
ਅੱਜ ਕਿੱਧਰ ਪਿਆਰ-ਦੁਲਾਰ ਗਿਆ ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਉਂ ਸੱਭਿਆਚਾਰ ਗਿਆ ।

ਅੱਜ ਰਿਸ਼ਤੇ-ਨਾਤੇ ਮੁੱਕ ਗਏ ਨੇ,
ਕਿਉਂ ਖ਼ੂਨ ਰਗਾਂ ਵਿੱਚ ਸੁੱਕ ਗਏ ਨੇ,
ਸਭ ਪੈਸੇ ਦੇ ਅੱਗੇ ਝੁੱਕ ਗਏ ਨੇ,
ਜਿੱਧਰ ਵੀ ਵੇਖੋ ਜਣਾ-ਖਣਾ,
ਨਸ਼ਿਆਂ ਦੀ ਹੱਦ ਕਰ ਪਾਰ ਗਿਆ ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਉਂ ਸੱਭਿਆਚਾਰ ਗਿਆ ।

ਕਿਤੇ ਦੀਨ ਧਰਮ ਨਾ ਦਿੱਸਦਾ ਏ,
ਮਾੜਾ ਹੀ ਇੱਥੇ ਪਿੱਸਦਾ ਏ,
ਕਾਮੇ ਦਾ ਖ਼ੂਨ ਹੀ ਰਿੱਸਦਾ ਏ,
ਅੱਜ ਰਖਵਾਲਾ ਹੀ ਇੱਜ਼ਤ ਨੂੰ,
ਕਿਉਂ ਕਰਕੇ ਤਾਰੋ-ਤਾਰ ਗਿਆ ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਉਂ ਸੱਭਿਆਚਾਰ ਗਿਆ ।

ਅੱਜ ਨੀਅਤਾਂ ਦੇ ਵਿੱਚ ਖੋਟਾਂ ਨੇ,
ਆਪਣੇ ਹੀ ਮਾਰਦੇ ਚੋਟਾਂ ਨੇ,
ਸਭ ਨੂੰ ਭਰਮਾਇਆ ਨੋਟਾਂ ਨੇ,
ਅੱਜ ਵਿਰਲਾ ਹੀ ਕੋਈ ਰਹਿ ਗਿਆ ਏ,

ਜੋ ਕਰ ਸਭ ਦਾ ਉਪਕਾਰ ਗਿਆ ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਉਂ ਸੱਭਿਆਚਾਰ ਗਿਆ ।

ਨਾ ਪਹਿਲਾਂ ਵਰਗੇ ਭਾਂਡੇ ਨੇ,
ਨਾ ਪਹਿਲਾਂ ਜਿਹੇ ਆਂਢ-ਗੁਆਂਢੇ ਨੇ,
ਸਭ ਤੱਕਦੇ ਕੱਢ-ਕੱਢ ਆਂਡੇ ਨੇ,
ਨਾ ਬਚਪਨ ਪਹਿਲਾਂ ਵਰਗਾ ਏ,
ਵੱਡਿਆਂ ਦਾ ਰੁਲ ਸਤਿਕਾਰ ਗਿਆ ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਉਂ ਸੱਭਿਆਚਾਰ ਗਿਆ ।

ਆਪਣਿਆਂ ਤੋਂ ਨਫ਼ਰਤ ਕਰਦੇ ਹਾਂ,
ਦੂਜਿਆਂ ਦਾ ਪਾਣੀ ਭਰਦੇ ਹਾਂ,
ਫੋਕੀ ਸ਼ਾਨ ਲਈ 'ਜੱਸਿਆ' ਮਰਦੇ ਹਾਂ,
ਪੈ ਰਹੇ ਵਿਤਕਰੇ ਪੁੱਤਰਾਂ ਵਿੱਚ,
ਬਾਪੂ ਹੀ ਨੋਟ ਡਕਾਰ ਗਿਆ ।
ਜੇ ਸਾਂਭ ਸਕੋ ਤਾਂ ਸਾਂਭ ਲਵੋ,
ਸਾਡੇ ਪੱਲਿਉਂ ਸੱਭਿਆਚਾਰ ਗਿਆ ।

**ਜੈ ਸਿੰਘ 'ਜੱਸਾ'**
**ਮਾਨਾਂਵਾਲਾ ਕੰਪਲੈਕਸ, ਪਿੰਗਲਵਾੜਾ, ਅੰਮ੍ਰਿਤਸਰ।**
**M: 99150-38294, 97814-01142**



## ਗ਼ਜ਼ਲ

ਵਿਹੜੇ ਵਿੱਚ ਇਕ ਰੁੱਖ ਦੀ ਛਾਂ ਸੀ,
ਇਕ ਬਾਬੇ ਦਾ ਡਰ ਹੁੰਦਾ ਸੀ।
ਆਲੀਸ਼ਾਨ ਇਮਾਰਤ ਹੈ ਹੁਣ,
ਚਿਰ ਹੋਇਆ ਉਹ ਘਰ ਹੁੰਦਾ ਸੀ।

ਸਾਂਝਾ ਚੁੱਲ੍ਹਾ, ਸਾਂਝੀ ਖੇਤੀ,
ਸਾਂਝਾਂ ਦੇ ਪ੍ਰਤੀਕ ਸੀ ਹੁੰਦੇ,
ਸਾਂਝੀ ਚਾਰ-ਦੀਵਾਰੀ ਵਾਲਾ,
ਸਾਂਝਾ ਹੀ ਇਕ ਦਰ ਹੁੰਦਾ ਸੀ।

ਤੀਆਂ ਅਤੇ ਤ੍ਰਿੰਞਣ ਭੁੱਲੇ,
ਕਿੱਟੀਆਂ ਅਤੇ ਕਲੱਬ ਆ ਗਏ,
ਤਿੜਕੇ ਮੋਹ ਦੇ ਰਿਸ਼ਤੇ ਨਾਤੇ,
ਮਾਣ ਜਿਨ੍ਹਾਂ 'ਤੇ ਕਰ ਹੁੰਦਾ ਸੀ।

ਕੇਬਲ-ਕਲਚਰ ਵਿੱਚ ਗੁਵਾਚਾ,
ਸਾਡਾ ਸੱਭਿਆਚਾਰ ਤੇ ਵਿਰਸਾ,
ਨਾਨੀ-ਦਾਦੀ ਤੋਂ ਸੁਣ ਜਿਸ ਨੂੰ,
ਜੋਸ਼ ਦਿਲਾਂ ਵਿੱਚ ਭਰ ਹੁੰਦਾ ਸੀ।

ਐਸ਼-ਪ੍ਰਸਤੀ ਦੀ ਹੈ ਮਾਰੀ,
ਹੁਣ ਤਾਂ ਦੁਨੀਆਂ ਸਾਰੀ, ਪਹਿਲਾਂ
ਕੰਮਾਂ-ਕਾਜਾਂ ਦੇ ਵਿੱਚ ਰੁੱਝਾ,
ਹਰ ਇਕ ਨਾਰੀ-ਨਰ ਹੁੰਦਾ ਸੀ।

ਰਲ ਬੈਠਣ ਦੀ ਥਾਂ ਸੀ ਜਿਹੜੇ,
ਨਾ ਪਿੱਪਲ ਨਾ ਸੱਥਾਂ ਰਹੀਆਂ,
ਜਿੱਥੇ ਬੰਦਾ ਦੁੱਖ-ਸੁਖ ਸਾਂਝਾ,
ਕਰ ਕੇ ਤਾਜ਼ਾ-ਤਰ ਹੁੰਦਾ ਸੀ।

ਬੀਤੇ ਸਮੇਂ ਦੀ ਬਣੇ ਕਹਾਣੀ,
ਚਰਖੇ, ਚੱਕੀਆਂ ਅਤੇ ਕਸੀਦੇ,
ਪੀੜ੍ਹੇ, ਮੂੜ੍ਹੇ, ਖੇਸ ਤੇ ਦਰੀਆਂ,
ਹੱਥਾਂ ਵਿੱਚ ਹੁਨਰ ਹੁੰਦਾ ਸੀ।

ਖ਼ਬਰੇ ਕਿੱਥੇ ਗਿਆ ਸਮਾਂ ਉਹ,
ਜੋ ਹੁਣ ਲੱਭਿਆਂ ਵੀ ਨਾ ਲੱਭੇ,
ਐ 'ਜਸਵਿੰਦਰ' ਪਿੰਡ ਜਦੋਂ ਕਿ,
ਸੁਰਗਾਂ ਤੋਂ ਸੁੰਦਰ ਹੁੰਦਾ ਸੀ।

# ਪਿੰਗਲਵਾੜਾ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜ ਅਤੇ ਪ੍ਰਾਪਤੀਆਂ

ਪਿੰਗਲਵਾੜਾ ਸੰਸਥਾ ਸਮਾਜ ਵੱਲੋਂ ਦੁਰਕਾਰੇ/ਤ੍ਰਿਸਕਾਰੇ, ਅਪੰਗ, ਲੂਲ੍ਹੇ-ਲੰਗੜੇ, ਅਪਾਹਿਜਾਂ, ਅਨਾਥਾਂ ਅਤੇ ਲਾਵਾਰਸਾਂ ਦਾ ਘਰ ਹੈ । ਇਸ ਸੰਸਥਾ ਦੀ ਨੀਂਹ ਮਹਾਨ ਕਰਮਯੋਗੀ ਭਗਤ ਪੂਰਨ ਸਿੰਘ ਜੀ ਨੇ ਸੰਨ 1947 ਵਿੱਚ ਰੱਖੀ ਸੀ। ਉਸ ਵੇਲੇ ਭਗਤ ਜੀ ਕੋਲ ਮਰੀਜ਼ਾਂ ਦੀ ਸੇਵਾ ਵਾਸਤੇ ਨਾ ਕੋਈ ਸੇਵਾਦਾਰ ਸੀ, ਨਾ ਕੋਈ ਰਹਿਣ ਲਈ ਸਹੀ ਇਮਾਰਤ ਸੀ ਅਤੇ ਨਾ ਹੀ ਮਰੀਜ਼ਾਂ ਦੇ ਖਾਣ-ਪੀਣ ਤੇ ਦਵਾਈ ਬੂਟੀ ਕਰਨ ਲਈ ਕਿਸੇ ਪ੍ਰਕਾਰ ਦੀ ਆਰਥਿਕ ਵਿਵਸਥਾ ਹੀ ਸੀ। ਭਗਤ ਜੀ ਇਕੱਲੇ ਹੀ ਇਸ ਸੇਵਾ ਦੇ ਕਠਿਨ ਰਾਹ ’ਤੇ ਚੱਲ ਪਏ, ਲੋਕ ਨਾਲ ਜੁੜਦੇ ਗਏ ਕਾਰਵਾਂ ਬਣਦਾ ਗਿਆ। ਉਨ੍ਹਾਂ ਦੇ ਕਦਮ ਚਿੰਨ੍ਹਾਂ ’ਤੇ ਚੱਲਦੇ ਹੋਏ ਅੱਜ ਉਨ੍ਹਾਂ ਦੀ ਸੁਯੋਗ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਅਤੇ ਪਿੰਗਲਵਾੜਾ ਟਰੱਸਟ ਦੇ ਮੈਂਬਰਾਂ ਦੀ ਮਿਹਨਤ, ਲਗਨ ਅਤੇ ਦਿਸ਼ਾ ਨਿਰਦੇਸ਼ ਅਧੀਨ ਪਿੰਗਲਵਾੜਾ ਸੰਸਥਾ ਭਾਰਤ ਵਿੱਚ ਹੀ ਨਹੀਂ ਸਗੋਂ ਦੇਸਾਂ-ਵਿਦੇਸਾਂ ਵਿੱਚ ਭੀ ਇਕ ਗੌਰਵ ਪੂਰਨ ਸੰਸਥਾ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਈ ਹੈ।

## ਪਿੰਗਲਵਾੜਾ ਇਕ ਨਜ਼ਰ ...

**ਨਿਵਾਸ ਅਤੇ ਸੰਭਾਲ:** 1792 ਤੋਂ ਵੱਧ ਨਿਵਾਸੀਆਂ ਲਈ ਰਹਿਣ ਦਾ ਪ੍ਰਬੰਧ ਅਤੇ ਬਜ਼ੁਰਗਾਂ ਵਾਸਤੇ ਆਪਣਾ ਘਰ ।

**ਇਲਾਜ ਅਤੇ ਸਹੂਲਤਾਂ :-** *ਦਵਾਈਆਂ, *ਮੈਡੀਕਲ ਲੈਬਾਰਟਰੀ, *ਓਪਰੇਸ਼ਨ ਥਿਏਟਰ, *ਕੰਨਾਂ ਦੇ Cochlear Implant ਵਾਸਤੇ ਸਪੈਸ਼ਲ ਓਪਰੇਸ਼ਨ ਥਿਏਟਰ, *ਐਂਬੂਲੈਂਸ ਅਤੇ ਟਰੌਮਾ ਵੈਨ, *ਮਸਨੂਈ ਅੰਗ ਕੇਂਦਰ, *ਫਿਜ਼ਿਓਥੈਰੈਪੀ ਸੈਂਟਰ, *ਡੈਂਟਲ ਕਲੀਨਿਕ * ਅਲਟਰਾ ਸਾਊਂਡ ਸੈਂਟਰ * ਅੱਖਾਂ ਦਾ ਕਲੀਨਿਕ, * ਮੰਦ-ਬੁੱਧੀ ਬੱਚਿਆਂ ਲਈ ਸੰਵੇਦੀ ਕੇਂਦਰ,* ਭਗਤ ਪੂਰਨ ਸਿੰਘ ਮੁੱਢਲਾ ਕੰਨ ਸੁਣਵਾਈ ਜਾਂਚ ਅਤੇ ਪੁਰਨਵਾਸ ਕੇਂਦਰ, * ਮੁੜ-ਵਸੇਬਾ ਕੇਂਦਰ, * ਆਪਣਾ ਘਰ, * ਖੇਡਾਂ ਦੇ ਕਮਰੇ, * ਯੋਗ ਲੜਕੇ-ਲੜਕੀਆਂ ਦੇ ਵਿਆਹ ।

**ਜਾਗਰੂਕਤਾ:-** *ਪ੍ਰਿੰਟਿੰਗ ਪ੍ਰੈਸ, *ਲਾਇਬ੍ਰੇਰੀ, *ਕਿਤਾਬਚੇ ਅਤੇ ਇਸ਼ਤਿਹਾਰ, *ਸੈਮੀਨਾਰ ਅਤੇ ਵਰਕਸ਼ਾਪ, * ਵਿਦੇਸ਼ੀ ਯਾਤਰਾਵਾਂ ।

**ਵਾਤਾਵਰਣ:-** *ਨਰਸਰੀ, *ਪਾਣੀ ਸਾਫ਼ ਕਰਨ ਵਾਲਾ ਪਲਾਂਟ, *ਮੀਂਹ ਦੇ ਪਾਣੀ ਦੀ ਸੰਭਾਲ, *ਦਰੱਖ਼ਤ ਲਗਾਉਣਾ, *ਕੁਦਰਤੀ ਖੇਤੀ, *ਜਾਗਰੂਕਤਾ ਮੁਹਿੰਮਾਂ।



## ਮੁਫ਼ਤ ਵਿੱਦਿਅਕ ਸਹੂਲਤਾਂ

*ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ,ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਆਦਰਸ਼ ਹਾਈ ਸਕੂਲ, ਬੁੱਟਰ ਕਲਾਂ ਕਾਦੀਆਂ, ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਕਿੱਤਾ ਸਿੱਖਲਾਈ ਕੇਂਦਰ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼, ਮਾਨਾਂਵਾਲਾ, ਅੰਮ੍ਰਿਤਸਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਅਟਾਰੀ ਅੰਮ੍ਰਿਤਸਰ।
*ਭਗਤਪੂਰਨਸਿੰਘਗੂੰਗੇਤੇਬੋਲਿਆਂਲਈਸਕੂਲ,ਬੁੱਟਰਕਲਾਂ,ਕਾਦੀਆਂ,ਗੁਰਦਾਸਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਕਟੌਰਾ, ਫਿਰੋਜ਼ਪੁਰ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਸਰਹਾਲੀ, ਤਰਨ ਤਾਰਨ।
*ਭਗਤ ਪੂਰਨ ਸਿੰਘ ਗੂੰਗੇ ਤੇ ਬੋਲਿਆਂ ਲਈ ਸਕੂਲ, ਪਿੰਡ ਕੱਕੋਂ, ਹੁਸ਼ਿਆਰਪੁਰ।
*ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੂਕੇਸ਼ਨ, ਚੰਡੀਗੜ੍ਹ।

## ਨਿਵਾਸ ਅਤੇ ਸੰਭਾਲ :

**ਪਿੰਗਲਵਾੜਾ ਸੰਸਥਾ ਦੀਆਂ 7 ਅਲੱਗ-ਅਲੱਗ ਬ੍ਰਾਂਚਾਂ ਵਿਖੇ 1792 ਤੋਂ ਵੱਧ ਵੱਖ-ਵੱਖ ਬਿਮਾਰੀਆਂ ਨਾਲ ਗ੍ਰਸਤ ਮਰੀਜ਼ਾਂ ਦੇ ਰਹਿਣ ਲਈ ਸੁਚੱਜਾ ਪ੍ਰਬੰਧ ਹੈ। ਸਮੂਹ ਬ੍ਰਾਂਚਾਂ ਵਿੱਚ ਮੌਜੂਦਾ ਰੋਗੀਆਂ ਦੀ ਗਿਣਤੀ :-**

| | | | |
|---|---|---|---|
| ਮਾਨਸਿਕ ਰੋਗੀ | -320 | ਏਡਜ਼ ਵਾਲੇ | -21 |
| ਅਧਰੰਗ/ ਪੋਲੀਏ ਵਾਲੇ | -164 | ਮਿਰਗੀ ਵਾਲੇ | -199 |
| ਮੰਦ-ਬੁੱਧੀ ਵਾਲੇ | -475 | ਕੈਂਸਰ ਵਾਲੇ | -03 |
| ਗੂੰਗੇ ਬੋਲੇ | -193 | ਸ਼ੂਗਰ ਵਾਲੇ | -100 |
| ਬਜ਼ੁਰਗ | -123 | ਸਕੂਲ ਜਾਣ ਵਾਲੇ ਬੱਚੇ | -81 |
| ਜ਼ਖ਼ਮਾਂ ਵਾਲੇ | -19 | ਛੱਡੇ ਗਏ ਬੱਚੇ | -04 |
| ਟੀ.ਬੀ. ਵਾਲੇ | -22 | ਠੀਕ ਹੋ ਚੁੱਕੇ ਰੋਗੀ | -31 |
| ਨੇਤਰਹੀਣ | -37 | | |

**31 ਅਕਤੂਬਰ 2019 ਤਕ ਕੁੱਲ ਰੋਗੀਆਂ ਦੀ ਗਿਣਤੀ** *1792

*** ਮਰੀਜ਼ਾਂ ਦੀ ਗਿਣਤੀ ਵਿੱਚ ਹਰ ਸਾਲ ਨਿਰੰਤਰ ਵਾਧਾ ਹੁੰਦਾ ਰਹਿੰਦਾ ਹੈ ਅਤੇ ਇਲਾਜ ਉਪਰੰਤ ਠੀਕ ਹੋਏ ਕਾਫ਼ੀ ਗਿਣਤੀ ਵਿੱਚ ਮਰੀਜ਼ ਘਰਾਂ ਨੂੰ ਭੇਜ ਦਿੱਤੇ ਗਏ/ਜਾਂਦੇ ਹਨ ।**

| ਬ੍ਰਾਂਚਾਂ ਦਾ ਵੇਰਵਾ : | ਰੋਗੀ |
|---|---|
| 1. ਮੁੱਖ ਬ੍ਰਾਂਚ ਅੰਮ੍ਰਿਤਸਰ (ਬੱਚਾ ਵਾਰਡ, ਮਾਤਾ ਮਹਿਤਾਬ ਕੌਰ ਵਾਰਡ, ਭਾਈ ਪਿਆਰਾ ਸਿੰਘ ਵਾਰਡ ) | 349 |
| 2. ਮਾਨਾਂਵਾਲਾ ਕੰਪਲੈਕਸ | 851 |
| 3. ਪੰਡੋਰੀ ਵੜੈਚ ਬ੍ਰਾਂਚ | 100 |
| 4. ਗੋਇੰਦਵਾਲ ਬ੍ਰਾਂਚ | 86 |
| 5. ਜਲੰਧਰ ਬ੍ਰਾਂਚ | 39 |
| 6. ਸੰਗਰੂਰ ਬ੍ਰਾਂਚ | 247 |
| 7. ਚੰਡੀਗੜ੍ਹ (ਪਲਸੌਰਾ) ਬ੍ਰਾਂਚ | 120 |
| **ਕੁੱਲ ਮਰੀਜ਼** | **1792** |

## ਇਲਾਜ ਅਤੇ ਸਹੂਲਤਾਂ :

**(ੳ) ਡਿਸਪੈਂਸਰੀ ਅਤੇ ਲੈਬਾਰਟਰੀ** : ਮਰੀਜ਼ਾਂ ਦੇ ਇਲਾਜ ਲਈ ਪਿੰਗਲਵਾੜਾ ਸੰਸਥਾ ਵਿੱਚ ਡਿਸਪੈਂਸਰੀ ਅਤੇ ਲੈਬਾਰਟਰੀ ਦੀ ਸੁਵਿਧਾ ਮੁਹੱਈਆ ਕੀਤੀ ਗਈ ਹੈ, ਜਿਸ ਦਾ **ਸਾਲਾਨਾ ਖ਼ਰਚ 1 ਕਰੋੜ 30 ਲੱਖ ਰੁਪਏ** ਹੈ ।

**(ਅ) ਸਹਾਇਕ ਸਟਾਫ਼** : ਮਾਨਸਿਕ ਰੋਗੀਆਂ ਦੀ ਸੇਵਾ-ਸੰਭਾਲ ਲਈ ਨਰਸਾਂ, ਲੈਬਾਰਟਰੀ ਟੈਕਨੀਸ਼ਨ, ਅਤੇ ਫਾਰਮਾਸਿਸਟ ਦੀਆਂ ਸੇਵਾਵਾਂ ਦਾ ਪ੍ਰਬੰਧ ਹੈ।

(ੲ) **ਅਲਟਰਾ ਸਾਊਂਡ ਕੇਂਦਰ**:- ਪਿੰਗਲਵਾੜਾ ਦੇ ਮਰੀਜ਼ਾਂ ਅਤੇ ਸੇਵਾਦਾਰਾਂ ਦੇ ਰੋਗਾਂ ਦੀ ਜਾਂਚ ਲਈ ਸੁਵਿਧਾ ਪ੍ਰਾਪਤ ਹੈ ।

**(ਸ) ਖ਼ੂਨ-ਦਾਨ ਕੈਂਪ** : ਦੁਰਘਟਨਾ-ਗ੍ਰਸਤ ਜ਼ਖ਼ਮੀਆਂ ਦੀ ਸਹਾਇਤਾ ਲਈ ਤੇ ਸੰਸਥਾ ਦੇ ਮਰੀਜ਼ਾਂ ਲਈ ਖ਼ੂਨ ਦੀ ਕਮੀ ਨੂੰ ਪੂਰਾ ਕਰਨ ਲਈ ਹਰ ਸਾਲ ਭਗਤ ਜੀ ਦੀ ਬਰਸੀ 'ਤੇ ਖ਼ੂਨਦਾਨ ਕੈਂਪ ਲਗਾਇਆ ਜਾਂਦਾ ਹੈ । ਇਹ ਖ਼ੂਨ ਸੰਸਥਾ ਦੇ ਰੋਗੀਆਂ ਲਈ ਵਰਤਿਆ ਜਾਂਦਾ ਹੈ। ਸੰਨ 2019 ਵਿੱਚ ਭਗਤ ਜੀ ਦੀ ਬਰਸੀ 'ਤੇ ਲਗਾਏ ਗਏ ਖ਼ੂਨ-ਦਾਨ ਕੈਂਪ ਵਿੱਚ 204 ਯੂਨਿਟ ਖ਼ੂਨ ਇਕੱਠਾ ਹੋਇਆ ।

**(ਹ) ਬਣਾਵਟੀ ਅੰਗ ਕੇਂਦਰ** : ਲੋੜਵੰਦ ਅੰਗਹੀਣਾਂ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਭਗਤ ਜੀ ਦੀ ਯਾਦ ਨੂੰ ਸਮਰਪਿਤ ਇਕ ਬਣਾਵਟੀ ਅੰਗ ਕੇਂਦਰ ਸਥਾਪਿਤ ਕੀਤਾ ਗਿਆ ਹੈ ਜਿੱਥੇ ਅੰਗਹੀਣਾਂ ਨੂੰ ਬਣਾਵਟੀ ਅੰਗ ਮੁਫ਼ਤ ਲਗਾਏ ਜਾਂਦੇ ਹਨ । ਨਵੰਬਰ 2003 ਤੋਂ ਹੁਣ ਤਕ 13668 ਲੋੜਵੰਦ ਲਾਭ ਉਠਾ ਚੁੱਕੇ ਹਨ ।

**(ਕ) ਐਂਬੂਲੈਂਸਾਂ** :- ਮੁੱਢਲੀਆਂ ਡਾਕਟਰੀ ਸਹੂਲਤਾਂ ਨਾਲ ਲੈਸ ਐਂਬੂਲੈਂਸਾਂ ਸੜਕ ਦੁਰਘਟਨਾਵਾਂ ਦੇ ਪੀੜਿਤਾਂ ਦੀ ਸਹਾਇਤਾ ਲਈ ਹਮੇਸ਼ਾਂ ਉਪਲਭਦ ਰਹਿੰਦੀਆਂ



ਹਨ। ਇਹ ਐਂਬੂਲੈਂਸਾਂ ਪਿੰਗਲਵਾੜੇ ਦੇ ਰੋਗੀਆਂ ਨੂੰ ਹਸਪਤਾਲ ਲਿਜਾਣ ਲਈ ਤਿਆਰ ਰਹਿੰਦੀਆਂ ਹਨ ।

**(ਖ) ਭਗਤ ਪੂਰਨ ਸਿੰਘ ਮੁੱਢਲਾ ਬਹਿਰਾਪਣ ਜਾਂਚ ਕੇਂਦਰ** :- ਨਵ-ਜਨਮੇ ਅਤੇ ਵੱਡੇ ਬੱਚਿਆਂ ਦੇ ਕੰਨਾਂ ਦਾ ਮੁੱਢਲਾ ਬਹਿਰਾਪਣ ਜਾਂਚ ਕਲੀਨਿਕ ਕੇਂਦਰ ਮਾਨਾਂਵਾਲਾ ਕੰਪਲੈਕਸ ਵਿੱਚ ਸਥਾਪਿਤ ਕੀਤਾ ਗਿਆ ਹੈ। ਇਸ ਵਿੱਚ ਬੱਚਿਆਂ ਦੇ ਸੁਣਨ ਦਾ ਟੈਸਟ (Bera Test) ਵੀ ਬਿਨਾਂ ਕਿਸੇ ਫ਼ੀਸ ਦੇ ਕੀਤਾ ਜਾਂਦਾ ਹੈ। ਲੋੜ ਪੈਣ 'ਤੇ ਸਪੈਸ਼ਲ ਓਪਰੇਸ਼ਨ ਥਿਏਟਰ ਵਿੱਚ ਕੰਨਾਂ ਦੀ ਸਰਜਰੀ ਅਤੇ Cochlear Implant ਕੀਤੇ ਜਾਂਦੇ ਹਨ ।

**(ਗ) ਸਪੈਸ਼ਲ ਓਪਰੇਸ਼ਨ ਥਿਏਟਰ** :- ਹਰ ਤਰ੍ਹਾਂ ਦੇ ਓਪਰੇਸ਼ਨ ਲਈ ਮਾਨਾਂਵਾਲਾ ਕੰਪਲੈਕਸ ਵਿਖੇ ਆਧੁਨਿਕ ਓਪਰੇਸ਼ਨ ਥਿਏਟਰ ਦੀ ਸੁਵਿਧਾ ਪ੍ਰਾਪਤ ਹੈ।

**(ਘ) ਦੰਦਾਂ ਦਾ ਕਲੀਨਿਕ** :- ਮਰੀਜ਼ਾਂ ਦੇ ਦੰਦਾਂ ਦੀ ਸੰਭਾਲ ਅਤੇ ਇਲਾਜ ਲਈ ਦੰਦਾਂ ਦਾ ਕਲੀਨਿਕ ਮੇਨ ਬ੍ਰਾਂਚ, ਮਾਨਾਂਵਾਲਾ ਬ੍ਰਾਂਚ, ਪਲਸੌਰਾ ਬ੍ਰਾਂਚ ਅਤੇ ਸੰਗਰੂਰ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਙ) ਫਿਜ਼ਿਓਥਰੈਪੀ ਕੇਂਦਰ** :- ਸੰਨ 2005 ਤੋਂ ਮਾਨਾਂਵਾਲਾ ਕੰਪਲੈਕਸ ਵਿੱਚ ਫਿਜ਼ਿਓਥਰੈਪੀ ਕੇਂਦਰ ਸਥਾਪਿਤ ਕੀਤਾ ਗਿਆ ਹੈ, ਜਿਸ ਵਿੱਚ ਆਧੁਨਿਕ ਮਸ਼ੀਨਾਂ ਤੇ ਸਾਧਨਾਂ ਰਾਹੀਂ ਪਿੰਗਲਵਾੜੇ ਦੇ ਮਰੀਜ਼ ਅਤੇ ਗ਼ਰੀਬ ਜ਼ਰੂਰਤਮੰਦ ਮੁਫ਼ਤ ਲਾਭ ਲੈ ਰਹੇ ਹਨ। ਹਰ ਰੋਜ਼ ਤਕਰੀਬਨ 90 ਤੋਂ 100 ਮਰੀਜ਼ਾਂ ਦੀ ਫਿਜ਼ਿਓਥਰੈਪੀ ਕੀਤੀ ਜਾਂਦੀ ਹੈ। ਇਹ ਕੇਂਦਰ ਸੰਗਰੂਰ ਅਤੇ ਪਲਸੌਰਾ ਬ੍ਰਾਂਚ ਵਿੱਚ ਵੀ ਸਥਾਪਿਤ ਕੀਤੇ ਗਏ ਹਨ।

**(ਚ) ਮੰਦਬੁੱਧੀ ਬੱਚਿਆਂ ਲਈ ਸੰਵੇਦੀ-ਕੇਂਦਰ (Sensory Room)** :- ਮਾਨਾਂਵਾਲਾ ਕੰਪਲੈਕਸ ਵਿਖੇ ਮੰਦਬੁੱਧੀ ਬੱਚਿਆਂ ਦੇ ਸਹੀ ਵਿਕਾਸ ਲਈ ਇਕ ਆਧੁਨਿਕ Sensory Room ਸਥਾਪਿਤ ਕੀਤਾ ਗਿਆ ਹੈ।

**(ਛ) ਅੱਖਾਂ ਦਾ ਜਾਂਚ ਕੇਂਦਰ** :- ਪਿੰਗਲਵਾੜਾ ਦੇ ਨੇਤਰਹੀਣ ਜਾਂ ਲੋੜਵੰਦ ਗ਼ਰੀਬ ਵਿਅਕਤੀਆਂ ਲਈ ਅੱਖਾਂ ਦਾ ਜਾਂਚ ਕੇਂਦਰ ਸਥਾਪਿਤ ਕੀਤਾ ਗਿਆ ਹੈ।

**(ਜ) ਪੁਨਰਵਾਸ ਕੇਂਦਰ** :- ਮਰੀਜ਼ਾਂ ਦੇ ਠੀਕ ਹੋਣ ਉਪਰੰਤ ਉਨ੍ਹਾਂ ਦੇ ਮੁੜ ਵਸੇਬੇ (Rehabilitation) ਲਈ ਕੇਂਦਰ ਹੈ।

**(ਝ) ਯੋਗ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਤੇ ਮੁੜ ਵਸੇਬਾ** :- ਪਿੰਗਲਵਾੜੇ ਵਿਖੇ ਪਲ ਕੇ ਜੁਆਨ ਹੋਏ ਲਾਵਾਰਸ ਲੜਕੇ ਲੜਕੀਆਂ ਦੀਆਂ ਸ਼ਾਦੀਆਂ ਅਤੇ ਉਨ੍ਹਾਂ ਨੂੰ ਕਮਾਉਣ ਜੋਗੇ ਬਣਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕੀਤਾ ਜਾਂਦਾ ਹੈ ਤਾਂ ਕਿ ਪਿੰਗਲਵਾੜੇ ਤੋਂ ਬਾਹਰ ਜਾ ਕੇ ਜੇ ਉਹ ਆਮ ਸਮਾਜ ਵਿੱਚ ਵਿਚਰਨ ਤਾਂ ਉਹ ਆਮ

ਨਾਗਰਿਕਾਂ ਵਾਲਾ ਜੀਵਨ ਜਿਊਣ ਦੇ ਕਾਬਲ ਹੋਣ।

## ਮੁਫ਼ਤ ਵਿੱਦਿਅਕ ਅਤੇ ਕਿੱਤਾ ਸਿਖਲਾਈ ਸੁਵਿਧਾਵਾਂ :-

**(ੳ) ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :** ਇੱਥੇ ਗ਼ਰੀਬ ਅਤੇ ਆਸ ਪਾਸ ਦੇ ਪਿੰਡਾਂ ਦੇ ਲੋੜਵੰਦ ਅਤੇ ਝੁੱਗੀ-ਝੌਂਪੜੀ ਵਾਲੇ 768 ਬੱਚਿਆਂ ਨੂੰ ਸਿੱਖਿਆ, ਸਟੇਸ਼ਨਰੀ, ਸਕੂਲ ਦੀ ਵਰਦੀ ਆਦਿ ਮੁਫ਼ਤ ਦਿੱਤੀ ਜਾਂਦੀ ਹੈ। ਸੰਸਥਾ ਦੀ ਇਹ ਸੁਹਿਰਦ ਸੋਚ ਹੈ ਕਿ ਇਹ ਬੱਚੇ ਆਪਣੇ ਆਪ ਨੂੰ ਹੀਣੇ ਨਾ ਸਮਝਣ ਅਤੇ ਇਕ ਅੱਛਾ ਨਾਗਰਿਕ ਬਣਕੇ ਸਮਾਜ ਵਿੱਚ ਵਿਚਰਣ । ਇਨ੍ਹਾਂ ਬੱਚਿਆਂ ਵਿੱਚੋਂ ੬੫ ਬੱਚੇ ਪਿੰਗਲਵਾੜਾ ਸੰਸਥਾ ਵਿੱਚ ਪਲੇ ਹਨ ।

**(ਅ) ਭਗਤ ਪੂਰਨ ਸਿੰਘ ਕਿੱਤਾ ਸਿਖਲਾਈ ਕੇਂਦਰ ਮਾਨਾਂਵਾਲਾ ਕੰਪਲੈਕਸ :-** ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਸਿਲਾਈ ਕੇਂਦਰ, ਕਢਾਈ ਕੇਂਦਰ, ਮੋਮਬੱਤੀਆਂ ਬਣਾਉਣਾ, ਕੁਰਸੀਆਂ ਬੁਣਨਾ ਸਿਖਾਉਣਾ, ਯੋਗ ਅਧਿਆਪਕਾਂ ਦੁਆਰਾ ਚੱਲ ਰਹੇ ਹਨ।

**(ੲ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-**ਇਹ ਸਕੂਲ 2005 ਤੋਂ ਚੱਲ ਰਿਹਾ ਹੈ, ਜਿਸ ਵਿੱਚ 210 ਬੱਚੇ ਆਧੁਨਿਕ ਉਪਕਰਣਾਂ ਰਾਹੀਂ ਸਿੱਖਿਆ ਪ੍ਰਾਪਤ ਕਰ ਰਹੇ ਹਨ।

**(ਸ) ਭਗਤ ਪੂਰਨ ਸਿੰਘ ਸਪੈਸ਼ਲ ਐਜੁਕੇਸ਼ਨ ਸਕੂਲ, ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ :-**ਪਿੰਗਲਵਾੜਾ ਦੇ 210 ਮੰਦਬੁੱਧੀ ਬੱਚਿਆਂ ਨੂੰ ਆਪਣੇ ਪੈਰਾਂ 'ਤੇ ਖੜ੍ਹਾ ਕਰਨ ਹਿੱਤ ਇਸ ਸਕੂਲ ਦੀ ਸਥਾਪਨਾ ਕੀਤੀ ਗਈ ਹੈ। ਸਪੈਸ਼ਲ ਵਿਧੀਆਂ ਤੇ ਉਪਕਰਣਾਂ ਰਾਹੀਂ ਇਨ੍ਹਾਂ ਬੱਚਿਆਂ ਨੂੰ ਟ੍ਰੇਨਿੰਗ ਦਿੱਤੀ ਜਾਂਦੀ ਹੈ।

**(ਹ) RCI ਦੇ ਅਧੀਨ :-**

**ਭਗਤ ਪੂਰਨ ਸਿੰਘ ਇੰਸਟੀਚਿਊਟ ਫਾਰ ਸਪੈਸ਼ਲ ਨੀਡਜ਼:** ਇਸ ਇੰਸਟੀਚਿਊਟ ਵਿੱਚ ਗੂੰਗੇ ਅਤੇ ਮੰਦ-ਬੁੱਧੀ ਬੱਚਿਆਂ ਲਈ ਅਧਿਆਪਕਾਂ ਨੂੰ ਸਿਖਲਾਈ ਦੇਣ ਵਾਸਤੇ ਡਿਪਲੋਮਾ ਕੋਰਸ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ 69 ਬੱਚੇ ਮੁਫ਼ਤ ਵਿੱਦਿਆ ਲੈ ਰਹੇ ਹਨ ।

**(ਕ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਅਟਾਰੀ, ਅੰਮ੍ਰਿਤਸਰ:-** ਇਸ ਵਿੱਚ 13 ਬੱਚੇ ਸਿੱਖਿਆ ਲੈ ਰਹੇ ਹਨ ।

**(ਖ) ਭਗਤ ਪੂਰਨ ਸਿੰਘ ਆਦਰਸ਼ ਸਕੂਲ, ਬੁੱਟਰ ਕਲਾਂ, (ਕਾਦੀਆਂ) ਜ਼ਿਲ੍ਹਾ ਗੁਰਦਾਸਪੁਰ :-** ਇਹ ਸਕੂਲ ਵੀ ਭਗਤ ਪੂਰਨ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਹੈ। ਇੱਥੇ ਵੀ ਸੁਯੋਗ, ਸਮਰਪਿਤ ਅਤੇ ਅਨੁਭਵੀ ਅਧਿਆਪਕਾਂ ਦੀ ਛਤਰ-ਛਾਇਆ ਹੇਠ 436 ਬੱਚੇ ਮੁਫ਼ਤ ਵਿੱਦਿਆ ਪ੍ਰਾਪਤ ਕਰ ਰਹੇ ਹਨ।



**(ਗ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਬੁੱਟਰ ਕਲਾਂ ਕਾਦੀਆਂ ਗੁਰਦਾਸਪੁਰ:-** ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਘ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ, ਕਟੌਰਾ, ਫਿਰੋਜ਼ਪੁਰ :-** ਇਹ ਸਕੂਲ ਸਾਲ 2016 ਤੋਂ ਚਲ ਰਿਹਾ ਹੈ, ਜਿਸ ਵਿੱਚ 17 ਬੱਚੇ ਸਿੱਖਿਆ ਲੈ ਰਹੇ ਹਨ ।

**(ਙ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਸਰਹਾਲੀ, ਤਰਨ ਤਾਰਨ:-** ਇਸ ਵਿੱਚ 11 ਬੱਚੇ ਸਿੱਖਿਆ ਲੈ ਰਹੇ ਹਨ ।

**(ਚ) ਭਗਤ ਪੂਰਨ ਸਿੰਘ ਸਕੂਲ ਆਫ਼ ਸਪੈਸ਼ਲ ਐਜੁਕੇਸ਼ਨ, ਪਲਸੋਰਾ, (ਚੰਡੀਗੜ੍ਹ) :-** ਇੱਥੇ 35 ਮੰਦਬੁੱਧੀ ਬੱਚਿਆਂ ਨੂੰ ਵਿਸ਼ੇਸ਼ ਵਿਧੀਆਂ ਤੇ ਉਪਕਰਣਾਂ ਰਾਹੀਂ ਸਿੱਖਿਅਤ ਕਰਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਯੋਗ ਬਣਾਉਣ ਦਾ ਉਪਰਾਲਾ ਕੀਤਾ ਜਾਂਦਾ ਹੈ।

**(ਛ) ਭਗਤ ਪੂਰਨ ਸਿੰਘ ਗੂੰਗੇ ਬਹਿਰੇ ਬੱਚਿਆਂ ਦਾ ਸਕੂਲ ਪਿੰਡ ਕੱਕੋਂ ਹੁਸ਼ਿਆਰਪੁਰ:-** ਇਸ ਵਿੱਚ 9 ਬੱਚੇ ਸਿੱਖਿਆ ਲੈ ਰਹੇ ਹਨ ।

**(ਜ) ਕੰਪਿਊਟਰ ਸਿੱਖਿਆ :- ਸੂਚਨਾ ਅਤੇ ਟੈਕਨਾਲੋਜੀ ਦੇ ਵਿਸਥਾਰ ਨੂੰ ਦੇਖਦੇ ਹੋਏ ਅਤੇ ਆਧੁਨਿਕ ਭਾਰਤ ਦੀ ਲੋੜ ਅਨੁਸਾਰ ਸਕੂਲ ਦੇ ਬੱਚਿਆਂ ਲਈ ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ ਵਿਖੇ ਕੰਪਿਊਟਰ ਸਿੱਖਿਆ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।**

**(ਝ) ਹੋਸਟਲ ਦਾ ਪ੍ਰਬੰਧ :-** ਪਿੰਗਲਵਾੜਾ ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਪੜ੍ਹਨ ਵਾਲੇ ਲਗਭਗ 198 ਲੜਕੇ ਲੜਕੀਆਂ ਲਈ ਵੱਖਰੇ-ਵੱਖਰੇ ਹੋਸਟਲਾਂ ਦਾ ਪ੍ਰਬੰਧ ਕੀਤਾ ਗਿਆ ਹੈ।

**ਵਾਤਾਵਰਨ ਜਾਗਰੂਕਤਾ :-** ਭਗਤ ਪੂਰਨ ਸਿੰਘ ਜੀ ਵਾਤਾਵਰਣ ਦੀ ਸੰਭਾਲ ਲਈ ਬਹੁਤ ਚਿੰਤਤ ਰਹਿੰਦੇ ਸਨ। ਇਸ ਲਈ, ਧਰਤੀ ਨੂੰ ਮਾਰੂਥਲ ਬਣਨ ਤੋਂ ਰੋਕਣ ਲਈ ਅਤੇ ਮਿੱਟੀ ਖੁਰਨ (Soil Erosion) ਤੋਂ ਬਚਾਉਣ ਲਈ ਪਿੰਗਲਵਾੜਾ ਵੱਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।

**(ੳ) ਨਰਸਰੀ :-** ਪਿੰਗਲਵਾੜੇ ਵੱਲੋਂ ਇਕ ਨਰਸਰੀ ਤਿਆਰ ਕੀਤੀ ਗਈ ਹੈ, ਜਿਸ ਵਿੱਚ ਹਰ ਸਾਲ ਲਗਪਗ 60,000 ਪੌਦੇ ਤਿਆਰ ਕੀਤੇ ਜਾਂਦੇ ਹਨ ਅਤੇ ਵੱਖ-ਵੱਖ ਸੰਸਥਾਵਾਂ ਨੂੰ ਮੁਫ਼ਤ ਵੰਡੇ ਜਾਂਦੇ ਹਨ।

**(ਅ) ਕੁਦਰਤੀ ਖੇਤੀ :-** ਜ਼ਹਿਰ ਮੁਕਤ ਫ਼ਸਲਾਂ ਤੇ ਸਬਜ਼ੀਆਂ ਪੈਦਾ ਕਰਨ ਲਈ ਪਿੰਗਲਵਾੜਾ ਸੰਸਥਾ ਵੱਲੋਂ ਕੁਦਰਤੀ ਖੇਤੀ ਦਾ ਫਾਰਮ ਤਿਆਰ ਕੀਤਾ ਗਿਆ

ਹੈ। ਇੱਥੇ ਕਣਕ, ਛੋਲੇ, ਗੰਨੇ ਤੋਂ ਇਲਾਵਾ ਹਰ ਪ੍ਰਕਾਰ ਦੀਆਂ ਮੌਸਮੀ ਸਬਜ਼ੀਆਂ ਬੀਜੀਆਂ ਜਾਂਦੀਆਂ ਹਨ ਜੋ ਕਿ ਪਿੰਗਲਵਾੜੇ ਦੇ ਨਿਵਾਸੀਆਂ ਲਈ ਵਰਤੀਆਂ ਜਾਂਦੀਆਂ ਹਨ।

**(ੲ) ਜਾਗਰੂਕਤਾ ਮੁਹਿੰਮ** :- ਇਸ ਮੁਹਿੰਮ ਅਧੀਨ ਵਾਤਾਵਰਣ ਜਾਗਰੂਕਤਾ ਲਈ ਸੈਮੀਨਾਰਾਂ ਤੇ ਵਰਕਸ਼ਾਪਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ।

**(ਸ) ਪਾਣੀ ਸ਼ੁੱਧੀਕਰਣ ਪਲਾਂਟ**:- ਇਸ ਉਪਕਰਣ ਰਾਹੀਂ ਪਾਣੀ ਸਾਫ਼ ਕਰਕੇ ਪੀਣ ਵਾਲੇ ਤੇ ਰਸੋਈ ਵਿੱਚ ਵਰਤੇ ਜਾਣ ਵਾਲੇ ਪਾਣੀ ਦੀ ਸੁਵਿਧਾ ਪੈਦਾ ਕੀਤੀ ਗਈ ਹੈ। ਇਹ ਪਲਾਂਟ ਮਾਨਾਂਵਾਲਾ ਕੰਪਲੈਕਸ ਵਿੱਚ ਹੈ।

**(ਹ) ਮੀਂਹ ਦੇ ਪਾਣੀ ਨੂੰ ਧਰਤੀ ਵਿੱਚ ਭੇਜਣਾ (Water Harvesting)**

**(ਕ) ਸੋਲਰ ਪਾਵਰ ਊਰਜਾ**

**ਪੂਰਨ ਪ੍ਰਿੰਟਿੰਗ ਪ੍ਰੈਸ** :- ਇਹ ਛਾਪਾਖ਼ਾਨਾ ਮਾਨਾਂਵਾਲਾ ਕੰਪਲੈਕਸ ਵਿਖੇ ਸਥਿਤ ਹੈ, ਜਿਸ ਵਿੱਚ ਸਮਾਜਿਕ ਬੁਰਾਈਆਂ ਦੇ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਸਾਹਿਤ ਛਾਪਿਆ ਜਾਂਦਾ ਹੈ। ਇੱਥੋਂ ਹਰ ਪ੍ਰਕਾਰ ਦਾ ਧਾਰਮਿਕ, ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਸਿਹਤ ਸੰਬੰਧੀ ਸਾਹਿਤ ਛਾਪ ਕੇ ਜਨਸਾਧਾਰਣ ਵਿੱਚ ਭਗਤ ਜੀ ਦੇ ਵੇਲੇ ਤੋਂ ਵੰਡਿਆ ਜਾ ਰਿਹਾ ਹੈ। ਹਰ ਤਰ੍ਹਾਂ ਦੀ ਸਮਾਜਿਕ ਚੇਤਨਾ ਪੈਦਾ ਕਰਨ ਵਾਲੇ ਕਿਤਾਬਚੇ, ਕਿਤਾਬਾਂ, ਜੀਵਨੀਆਂ ਅਤੇ ਇਸ਼ਤਿਹਾਰ ਇਸ ਪ੍ਰੈਸ ਰਾਹੀਂ ਲਗਾਤਾਰ ਛਾਪੇ ਜਾਂਦੇ ਹਨ। ਪਿੰਗਲਵਾੜੇ ਦੀ ਪੂਰਨ ਪ੍ਰਿੰਟਿੰਗ ਪ੍ਰੈਸ ਦਾ ਤੇ ਪਬਲੀਸਿਟੀ ਦਾ ਸਾਲਾਨਾ ਖ਼ਰਚਾ ਲਗਪਗ 1 ਕਰੋੜ 50 ਲੱਖ ਰੁਪਏ ਹੈ।

## ਹੋਰ ਸਮਾਜ ਕਲਿਆਣ ਸੰਬੰਧੀ ਕਾਰਜ:-

**(ੳ) ਕੁਦਰਤੀ ਆਫ਼ਤਾਂ ਤੋਂ ਪੀੜਿਤ ਲੋਕਾਂ ਦੀ ਸਹਾਇਤਾ** :- ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਭੂਚਾਲ, ਜਵਾਰ ਭਾਟਾ, ਸੁਨਾਮੀ ਲਹਿਰਾਂ ਤੋਂ ਪ੍ਰਭਾਵਿਤ ਲੋਕਾਂ ਦੀ ਪਿੰਗਲਵਾੜਾ ਸੰਸਥਾ ਵੱਲੋਂ ਸਮੇਂ-ਸਮੇਂ 'ਤੇ ਹਰ ਸੰਭਵ ਸਹਾਇਤਾ ਕੀਤੀ ਜਾਂਦੀ ਹੈ।

**(ਅ) ਲਾਵਾਰਸ ਲਾਸ਼ਾਂ ਦਾ ਸਸਕਾਰ**:- ਪਿੰਗਲਵਾੜਾ ਵੱਲੋਂ ਲਾਵਾਰਸ ਲਾਸ਼ਾਂ ਦਾ ਅੰਤਿਮ ਸਸਕਾਰ ਪੂਰੇ ਸਤਿਕਾਰ ਸਹਿਤ ਕੀਤਾ ਜਾਂਦਾ ਹੈ।

**(ੲ) ਬਿਰਧਾਂ ਦੀ ਦੇਖਭਾਲ**:- ਪਿੰਗਲਵਾੜਾ ਦੀ ਸੰਗਰੂਰ ਸ਼ਾਖਾ ਵਿੱਚ ਇਕ ਬਿਰਧ ਘਰ 2002 ਤੋਂ ਚਲ ਰਿਹਾ ਹੈ ਤੇ ਇਕ ਬਿਰਧ ਘਰ ਮਾਨਾਂਵਾਲਾ ਬ੍ਰਾਂਚ ਅੰਮ੍ਰਿਤਸਰ ਵਿਖੇ ਬਣਾਇਆ ਗਿਆ ਹੈ, ਜਿਸ ਵਿੱਚ 92 ਬਿਰਧ ਰੱਖਣ ਦਾ ਤੇ ਸੇਵਾ-ਸੰਭਾਲ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।



**(ਸ) ਅਜਾਇਬ ਘਰ ਅਤੇ ਦਸਤਾਵੇਜ਼ੀ ਫ਼ਿਲਮਾਂ**:- ਕਠਿਨ ਮਾਰਗ ਦੇ ਪਾਂਧੀ ਭਗਤ ਪੂਰਨ ਸਿੰਘ ਜੀ ਦੀ ਜੀਵਨੀ 'ਤੇ ਅਧਾਰਤ ਤਸਵੀਰਾਂ ਦਾ ਇਕ ਸੰਗ੍ਰਹਿ ਅਜਾਇਬ ਘਰ ਦੇ ਰੂਪ ਵਿੱਚ ਪਿੰਗਲਵਾੜਾ ਸੰਸਥਾ ਦੀ ਮੁੱਖ-ਬ੍ਰਾਂਚ ਅੰਮ੍ਰਿਤਸਰ ਵਿਖੇ ਸਥਾਪਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਭਗਤ ਜੀ ਦੇ ਜੀਵਨ ਸੰਬੰਧੀ ਵੱਖ-ਵੱਖ ਬੁੱਧੀਜੀਵੀਆਂ ਦੁਆਰਾ ਦਸਤਾਵੇਜ਼ੀ ਫ਼ਿਲਮਾਂ ਤਿਆਰ ਕਰਵਾਈਆਂ ਗਈਆਂ ਹਨ; ਜਿਵੇਂ:

(i) ਇਕ ਮਿਸਾਲ (Pingalwara Presentation)

(ii) Pingalwara-Home for Homeless

(iii) Pingalwara-A selfless Home (Documentry by Gurmeet Sodhi a famous American Media personality)

(iv) ਪਿੰਗਲਵਾੜਾ ਦਸਤਾਵੇਜੀ ਫ਼ਿਲਮ ਸ਼ੁਭ ਕਰਮਨ ।

(v) Pingalwara Educational Endeavours

(vi) ਕਿਰਤੀ ਅਤੇ ਸੱਭਿਆਚਾਰਕ ਮੇਲਾ ਫਿਲਮ ।

(vii) ਕੁਦਰਤੀ ਖੇਤੀ (Natural Farming)

(viii) ਪਾਣੀ ਦੀ ਸਮੱਸਿਆ

(ix) ਦਰਖ਼ਤ

**(x) ਏਹੁ ਜਨਮ ਤੁਮ੍ਹਾਰੇ ਲੇਖੇ (ਫ਼ਿਲਮ)**: ਭਗਤ ਪੂਰਨ ਸਿੰਘ ਜੀ ਦੇ ਸੰਘਰਸ਼ਮਈ ਜੀਵਨ 'ਤੇ ਅਧਾਰਤ ਇਕ ਪੰਜਾਬੀ ਫੀਚਰ ਫ਼ਿਲਮ "ਏਹੁ ਜਨਮ ਤੁਮ੍ਹਾਰੇ ਲੇਖੇ" ਪਿੰਗਲਵਾੜਾ ਸੰਸਥਾ ਦੁਆਰਾ ਬਣਾਈ ਗਈ, ਜੋ 30 ਜਨਵਰੀ 2015 ਨੂੰ ਦੇਸ਼ ਵਿਦੇਸ਼ ਵਿੱਚ ਪ੍ਰਦਰਸ਼ਿਤ ਹੋਈ। ਇਸ ਫ਼ਿਲਮ ਦੇ ਨਿਰਮਾਣ ਦਾ ਉਦੇਸ਼ ਭਗਤ ਜੀ ਦੁਆਰਾ ਦੁਖੀ ਤੇ ਬੇਸਹਾਰਾ ਮਾਨਵਤਾ ਲਈ ਕੀਤੇ ਗਏ ਕੰਮਾਂ ਤੋਂ ਜਾਣੂ ਕਰਵਾਉਣਾ ਸੀ, ਤਾਂ ਕਿ ਭਗਤ ਜੀ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾਸਰੋਤ ਬਣ ਸਕੇ।

(xi) ਪਿੰਗਲਵਾੜਾ ਦੇ ਬੱਚਿਆਂ ਦੁਆਰਾ ਗੁਰਬਾਣੀ ਕੀਰਤਨ ਦੀ DVD-Video ਡਾ. ਓਮ ਗੌਰੀ ਦੱਤ ਸ਼ਰਮਾ, ਡਿਪਟੀ ਡਾਇਰੈਕਟਰ ਜਲੰਧਰ ਦੂਰਦਰਸ਼ਨ ਦੁਆਰਾ ਮਿਤੀ 09-07-2016 ਨੂੰ ਰਿਲੀਜ਼ ਕੀਤੀ ਗਈ ।

**(xii) ਭਗਤ ਪੂਰਨ ਸਿੰਘ ਸਮਾਰਕ**:- ਭਗਤ ਜੀ ਦੇ ਜਨਮ ਸਥਾਨ ਪਿੰਡ ਰਾਜੇਵਾਲ ਰੋਹਣੋਂ, ਜ਼ਿਲ੍ਹਾ ਲੁਧਿਆਣਾ ਵਿੱਚ "ਭਗਤ ਪੂਰਨ ਸਿੰਘ ਸਮਾਰਕ" ਬਣਾਇਆ ਗਿਆ ਹੈ ਜਿਹੜਾ ਭਗਤ ਜੀ ਦੀ ਪਹਿਲੀ ਜਨਮ ਸ਼ਤਾਬਦੀ 4 ਜੂਨ

2004 ਨੂੰ ਸਮਰਪਿਤ ਹੈ।

**(xiii) ਗਊਸ਼ਾਲਾ** :- ਮਾਨਾਂਵਾਲਾ ਕੰਪਲੈਕਸ, ਅੰਮ੍ਰਿਤਸਰ ਵਿਖੇ ਇਕ ਗਊਸ਼ਾਲਾ ਬਣਾਈ ਗਈ ਹੈ, ਜੋ ਲਗਪਗ 165 ਦੁਧਾਰੂ ਪਸ਼ੂਆਂ ਦੀ ਦੇਖ ਰੇਖ ਕਰ ਰਹੀ ਹੈ। ਗਊਆਂ ਦਾ ਤਾਜ਼ਾ ਦੁੱਧ ਪਿੰਗਲਵਾੜੇ ਦੇ ਮਰੀਜ਼ਾਂ ਨੂੰ ਦਿੱਤਾ ਜਾਂਦਾ ਹੈ।

## ਜ਼ਰੂਰੀ ਸੂਚਨਾ

**1.** ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, ਰਜਿਸਟਰਾਰ ਆਫ਼ ਕੰਪਨੀਜ਼ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਦੇ ਪੱਤਰ ਨੰ: 130 ਆਫ਼ 1956-57 ਅਤੇ ਸੋਧ ਨੰ. ਅ 28/4540 ਮਿਤੀ 07-07-1998 ਦੁਆਰਾ ਰਜਿਸਟਰਡ ਹੈ।

2. ਪਿੰਗਲਵਾੜੇ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਇਨਕਮ ਟੈਕਸ ਦੀ ਧਾਰਾ 80 ਜੀ ਅਨੁਸਾਰ ਇਨਕਮ ਟੈਕਸ II ਅੰਮ੍ਰਿਤਸਰ, ਪੱਤਰ ਨੰ. CIT-II/ASR/ITO (Tech.) 2011-12/4730 ਮਿਤੀ 11/12 ਜਨਵਰੀ, 2012 ਅਧੀਨ ਟੈਕਸ ਵਿੱਚ ਛੋਟ ਪ੍ਰਾਪਤ ਹੈ।

3. ਪਿੰਗਲਵਾੜਾ ਸੰਸਥਾ ਦਾ PAN ਨੰ. AAATA 2237R ਹੈ। ਪਿੰਗਲਵਾੜਾ ਦਾ FCRA (Foreign contribution Regulation Act) ਨੰ. 115210002 ਹੈ।

4. ਪਿੰਗਲਵਾੜਾ ਸੰਸਥਾ ਦਾ ਰੋਜ਼ਾਨਾ ਖ਼ਰਚ ਲਗਪਗ ਸੱਤ ਲੱਖ ਰੁਪਏ ਹੈ, ਜੋ ਕਿ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਭਗਤ ਜੀ ਦੁਆਰਾ ਦਿੱਤੀ ਗਈ ਪ੍ਰੇਰਨਾ ਅਨੁਸਾਰ ਹੁੰਦਾ ਹੈ।

5. ਵਿਦੇਸ਼ਾਂ ਵਿੱਚ ਵੀ ਪਿੰਗਲਵਾੜਾ ਸੰਸਥਾ ਦੇ ਦਫ਼ਤਰ:- ਇਸ ਤੋਂ ਇਲਾਵਾ ਕੈਨੇਡਾ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਓਂਟਾਰੀਓ" ਅਤੇ ਇੰਗਲੈਂਡ ਵਿਖੇ "ਪਿੰਗਲਵਾੜਾ ਸੋਸਾਇਟੀ ਆਫ਼ ਯੂ.ਕੇ" ਪਿੰਗਲਵਾੜਾ ਦੇ ਦਫ਼ਤਰ ਸਥਾਪਿਤ ਹਨ।

ਵਾਹਿਗੁਰੂ ਜੀ ਦਾ ਖ਼ਾਲਸਾ ॥ ਵਾਹਿਗੁਰੂ ਜੀ ਦੀ ਫ਼ਤਹਿ ॥

ਡਾ: ਇੰਦਰਜੀਤ ਕੌਰ

ਪ੍ਰਧਾਨ

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ:), ਅੰਮ੍ਰਿਤਸਰ।



**Details of Banks for sending Donation through Online/ Cheque/Draft may be sent in favour of: All India Pingalwara Charitable Society (Regd.), Amritsar' (PAN No.: AAATA 2237R)**
(The donations made to Pingalwara are exempt from Income Tax under Section 80G of I.T. Act. 1961)

| S.No. | Name of Account | Name of the Bank | Account No. | Swift/IFS Code |
|---|---|---|---|---|
| | | **(FOR FOREIGN CONTRIBUTORS)** | | |
| | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010002890 | ORBCINBBASR |
| | | **(FOR INLAND CONTRIBUTORS)** | | |
| 1. | All India Pingalwara Charitable Society (Regd.), Amritsar. | Oriental Bank of Commerce, Sharifpura, Amritsar. | 01562010003720 | ORBC 0100156 |
| 2. | All India Pingalwara Charitable Society (Regd.), Amritsar. | State Bank of India, Town Hall, Amritsar. | 10978255668 | SBIN0000609 |
| 3. | All India Pingalwara Charitable Society (Regd.), Amritsar. | Bank of India, City Centre, Amritsar. | 630510100026147 | BKID0006305 |
| 4. | All India Pingalwara Charitable Society (Regd.), Amritsar. | Axis Bank Ltd., City Centre Amritsar. | 685010100009799 | UTIB0000685 |
| 5. | All India Pingalwara Charitable Society (Regd.), Amritsar. | Punjab National Bank, Hall Bazar, Amritsar. | 0018002100097336 | PUNB0001800 |
| 6. | All India Pingalwara Charitable Society (Regd.), Amritsar. | ICICI Bank Ltd., Lawrence Road, Amritsar. | 006601012522 | ICIC0000066 |
| 7. | All India Pingalwara Charitable Society (Regd.), Amritsar. | HDFC Bank Ltd., Mall Road, Amritsar. | 01151000246510 | HDFC0000115 |
| 8. | All India Pingalwara Charitable Society (Regd.), Amritsar. | HDFC Bank Ltd., Ghanta Ghar, Golden Temple, Amritsar. | 13131000082013 | HDFC0001313 |

| | | | | |
|---|---|---|---|---|
| 9. | All India Pingalwara Charitable Society (Regd.), Amritsar. | Punjab & Sind Bank, Hall Bazar, Amritsar. | 00011000096048 | PSIB000A001 |
| 10. | All India Pingalwara Charitable Society (Regd.), Amritsar. | Bank of Baroda, Town Hall, Amritsar. | 01010100015572 | BARBOAMRITS |
| 11. | All India Pingalwara Charitable Society (Regd.), Amritsar. | Oriental Bank of Commerce, Sec-47 C, Chandigarh. | 12332011000560 | ORBC0101233 |
| 12. | All India Pingalwara Charitable Society (Regd.), Amritsar. | Punjab & Sind Bank, Sangrur. | 00671000012150 | PSIB0000067 |
| 13. | All India Pingalwara Charitable Society (Regd.), Amritsar. | State Bank of India, Patiala Gate, Sangrur. | 33530846863 | SBIN0001759 |
| 14. | All India Pingalwara Charitable Society (Regd.), Amritsar. | Punjab & Sind Bank, Gole Market, New Delhi. | 07621000007388 | PSIB0000762 |


**(IN UK)**
**S. GURBAKHSH SINGH**
**63 Peacock street, Gravesend, Kent, (U.K.)**
**DA12 IEG, Ph. 1474568574**

**(IN CANADA)**
**BIBI ABNASH KAUR KANG**
**(Pingalwara Soceity of Ontario (Regd.)**
**124 Blackmere Cir,**
**Brampton, ONT., L6W 4CI,**
**Canada**
**Ph: 905-450-9664, 416-674-3341**
**Email-abnash6@yahoo.com**

**(IN USA)**
**JASWANT SAWHNEY CHARITABLE TRUST**
**In Association with**
**All India Pingawara Charitable Society (Regd.)**
**7713 Toburk CT,**
**HANOVER, MD 21076-1643 U.S.A.**
**BIBI JATINDER KAUR DUSAJ**
**Ph. 410-551-8010**
**E-mail-kaurg 2004@yahoo.com**




## ਦਾਨੀ ਸੱਜਣਾਂ ਲਈ ਭਗਤ ਜੀ ਦੀਆਂ ਅਸੀਸਾਂ

"ਵਾਹਿਗੁਰੂ ਆਪ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਨ, ਗੁਰਸਿੱਖੀ ਦੇ ਨਿੱਤਨੇਮ ਦਾ ਪਾਠ ਕਰਨ, ਗੁਰਦੁਆਰੇ ਜਾ ਕੇ 'ਆਸਾ ਦੀ ਵਾਰ' ਦਾ ਕੀਰਤਨ ਸੁਣਨ ਦਾ ਬਲ ਬਖ਼ਸ਼ੇ। ਗੁਰੂ ਦੀ ਗੋਲਕ ਦਾ ਦਸਵੇਂ ਹਿੱਸੇ ਦਾ ਦਸਵੰਧ ਕੱਢਣ ਦੀ ਆਦਤ ਪਾਵੇ । ਸਾਂਸ-ਸਾਂਸ ਵਾਹਿਗੁਰੂ ਦਾ ਨਾਮ ਸਿਮਰਨ ਦੀ ਆਦਤ ਪਾਵੇ । "

—ਭਗਤ ਪੂਰਨ ਸਿੰਘ ਸੰਸਥਾਪਕ ਪਿੰਗਲਵਾੜਾ, ਅੰਮ੍ਰਿਤਸਰ